# ਗੋਰਖ ਦਾ ਟਿੱਲਾ
# (ਨਾਵਲ)

# ਸ਼ਿਵਚਰਨ ਜੱਗੀ ਕੁੱਸਾ

## ਕਾਂਡ ਪਹਿਲਾ

ਜਦ ਪ੍ਰੀਤ ਆਸਟਰੀਆ ਪੁੱਜਿਆ ਤਾਂ ਇਹ ਦੁਨੀਆਂ ਉਸ ਲਈ ਬਿਲਕੁਲ ਹੀ ਨਵੀਂ ਸੀ। ਅਜ਼ਨਬੀ ਮਾਹੌਲ! ਪਰ ਛੋਟੇ ਵੱਡੇ ਲਹਿ-ਲਹਾਉਂਦੇ ਪਹਾੜਾਂ ਨੇ ਉਸ ਦਾ ਮਨ ਮੋਹ ਲਿਆ ਸੀ। ਬੱਦਲਾਂ ਅਤੇ ਅਸਮਾਨ ਨਾਲ ਇੱਕ-ਮਿੱਕ ਹੋਈਆਂ ਪਹਾੜੀਆਂ ਉਸ ਨੂੰ ਕਾਦਰ ਦੀ ਕੁਦਰਤ ਦੇ ਵੱਧ ਨਜ਼ਦੀਕ ਜਾਪਦੀਆਂ।

ਪ੍ਰੀਤ ਨੂੰ ਉਸ ਦੇ ਦੂਰੋਂ ਲੱਗਦੇ ਮਾਮੇਂ ਅਤੇ ਮਾਮੀਂ ਨੇ ਰਾਹਦਾਰੀ ਭੇਜ ਕੇ ਮੰਗਵਾਇਆ ਸੀ। ਮਾਮਾ ਦਿਲ ਦਾ ਰਲਾਉਟਾ, ਲਹਿਰੀ ਬੰਦਾ ਸੀ। ਪਰ ਮਾਮੀਂ ਮੋਢਿਆਂ ਉਤੋਂ ਦੀ ਥੁੱਕਣ ਵਾਲੀ ਪੂਰੀ ਚਤਰ ਔਰਤ! ਉਹ ਅੱਖਾਂ ਨਾਲ ਮਿਰਚਾਂ ਭੋਰਨ ਵਾਲੀ ਅਤੇ ਅੰਬਰ ਨੂੰ ਟਾਕੀ ਲਾਉਣ ਵਾਲੀ ਤੀਵੀਂ ਸੀ। ਪੜ੍ਹੀ ਲਿਖੀ ਤਾਂ ਉਹ ਐਸੀ ਵੈਸੀ ਹੀ ਸੀ। ਪਰ
ਯੂਰਪ ਦਾ ਪਾਣੀ ਉਸ ਨੂੰ ਘਿਉ ਵਾਂਗੂੰ ਲੱਗਿਆ ਸੀ। ਆਸਟਰੀਆ ਦੇ 'ਪਾਹ' ਨੇ ਉਸ ਨੂੰ ਅਨੋਖੇ ਤੱਲਖ-ਤਰੀਕਿਆਂ ਨਾਲ ਦਸਤ-ਪੰਜਾ ਲੈਣਾ ਸਿਖਾ ਦਿੱਤਾ ਸੀ।

ਉਹ ਮਾੜੀ-ਮਾੜੀ ਗੱਲ ਤੋਂ ਪੱਟਾਂ 'ਤੇ ਥਾਪੀਆਂ ਮਾਰਨ ਲੱਗ ਜਾਂਦੀ, ਖੁਰਗੋ ਪੱਟਦੀ! ਪਰ ਮਾਮਾ ਪੜ੍ਹਿਆ ਲਿਖਿਆ ਅਤੇ ਸਮਝਦਾਰ ਹੋਣ ਕਰਕੇ ਸਾਰਾ ਕੁਝ ਅੱਖੋਂ-ਪਰੋਖੇ ਕਰ ਛੱਡਦਾ।

ਜਦ ਮਾਮਾ ਡਿਊਟੀ 'ਤੇ ਚਲਿਆ ਜਾਂਦਾ ਤਾਂ ਮਾਮੀਂ, ਪ੍ਰੀਤ ਨੂੰ ਆਪਣੀ ਭੈਣ ਲਾਡੀ ਦੀਆਂ ਫ਼ੋਟੋਆਂ ਕੱਢ ਕੇ ਦਿਖਾਉਂਦੀ। ਪ੍ਰੀਤ ਫ਼ੋਟੋ ਦੇਖਦਾ ਤਾਂ ਉਹ ਪ੍ਰੀਤ ਦੇ ਚਿਹਰੇ ਦਾ ਪ੍ਰਤੀਕਰਮ ਘੋਖਦੀ। ਉਸ ਦਾ ਦਿਲ ਪੜ੍ਹਨ ਦਾ ਯਤਨ ਕਰਦੀ। ਪਰ ਪ੍ਰੀਤ ਦਾ ਦਿਲ ਤਾਂ ਕਿਸੇ 'ਹੋਰ ਰੂਹ' ਵਿਚ ਜੜਿਆ ਹੋਇਆ ਸੀ! ਉਹ ਓਪਰੀ ਜਿਹੀ ਨਜ਼ਰ ਨਾਲ ਮਾਮੀਂ ਦੀ ਭੈਣ ਲਾਡੀ ਦੀ ਫ਼ੋਟੋ ਦੇਖਦਾ ਤਾਂ ਮਾਮੀਂ ਬੜੇ ਰੋਹਬ ਨਾਲ ਆਖਦੀ:

-"ਬੀ ਏ 'ਚ ਪੜ੍ਹਦੀ ਐ---!"

ਪ੍ਰੀਤ ਮੁਸਕਰਾ ਪੈਂਦਾ।

-"ਨੱਕ 'ਤੇ ਮੱਖੀ ਨਹੀਂ ਬੈਠਣ ਦਿੰਦੀ - ਬਾਹਲੀ ਨਖਰੇ ਆਲੀ ਐ-ਕਾਲਜ 'ਚ ਕਿਸੇ ਮੁੰਡੇ ਨੂੰ ਖੰਘਣ ਨਹੀਂ ਦਿੰਦੀ!" ਉਹ ਹੋਰ ਸਿਫ਼ਤ ਕਰਦੀ।

-"ਪਿੰਡੇ ਤੋਂ ਮੱਖੀ ਤਿਲ੍ਹਕਦੀ ਐ ਕੁੜੀ ਦੇ-ਬੇਬੇ ਨੇ ਦੁੱਧ ਮੱਖਣਾਂ ਨਾਲ ਪਾਲੀ ਐ-।"

-"------।" ਪ੍ਰੀਤ ਚੁੱਪ ਚਾਪ ਸੁਣੀਂ ਜਾਂਦਾ। ਮਾਮੀਂ ਸਿਫ਼ਤਾਂ ਕਰਦੀ, ਜਿਵੇਂ ਮੰਡੀ 'ਤੇ ਦਲਾਲ ਖਰੀਦਦਾਰਾਂ ਕੋਲ ਸਿੰਗ ਚੋਪੜਿਆਂ ਵਾਲੀ ਬੁੱਢੀ ਮੱਝ ਦੀਆਂ ਕਰਦੈ। ਰੰਗਲੇ ਧਲ੍ਹਿਆਰੇ ਪਾ ਕੇ!

-"ਪੜ੍ਹਨ ਨੂੰ ਵੀ ਬਹੁਤ ਸ਼ਿਆਰ੍ਹ ਐ--!" ਉਹ ਹੋਰ ਪੜੁੱਲ ਸੁੱਟਦੀ।

-"ਵਾਹ---!" ਆਖ ਕੇ ਪ੍ਰੀਤ ਫ਼ੋਟੋ ਵਾਪਿਸ ਕਰ ਦਿੰਦਾ। ਉਸ ਨੂੰ ਲਾਡੀ ਮੁੰਨੀ ਭੇਡ ਵਰਗੀ ਲੱਗਦੀ। ਫ਼ੋਕੀਆਂ ਸਿਫ਼ਤਾਂ ਨੂੰ ਉਹ ਸੁਣ ਨਹੀਂ ਸਕਦਾ ਸੀ। ਲਾਡੀ ਦੀਆਂ ਅੱਖਾਂ ਚੁੱਚੀਆਂ, ਹੜਬਾਂ ਅੰਦਰ ਨੂੰ ਵੜੀਆਂ ਹੋਈਆਂ। ਚਾਰ ਕੁ ਵਿਰਲੇ ਜਿਹੇ ਵਾਲਾਂ ਦੀ ਗੁੱਤ, ਸੁੱਕੀਆਂ ਜਿਹੀਆਂ ਛਾਤੀਆਂ 'ਤੇ ਸੁੱਟੀ ਹੋਈ। ਉਸ ਨੂੰ ਲਾਡੀ ਦੀ ਫ਼ੋਟੋ ਤੋਂ ਕਿਸੇ ਵੇਲਾ ਵਿਹਾ ਚੁੱਕੀ ਵੇਸਵਾ ਜਾਂ ਖੁਸਰੇ ਦਾ ਭੁਲੇਖਾ ਪੈਂਦਾ। ਉਸ ਦੀ ਪਟੜੇ ਵਰਗੀ ਛਾਤੀ ਤੋਂ ਘਿਰਣਾਂ

ਆਉਂਦੀ!

ਜਦ ਉਹ ਆਪਣੇ ਅੰਦਰੋਂ 'ਹਰਜੀਤ' ਦੇ ਦਰਸ਼ਣ ਕਰਦਾ ਤਾਂ ਉਸ ਦੀ ਭਟਕਦੀ ਅਤੇ ਤੜਪਦੀ ਰੂਹ ਸ਼ਰਸ਼ਾਰ ਹੋ ਜਾਂਦੀ। ਕਿੱਥੇ ਲਾਡੀ ਅਤੇ ਕਿੱਥੇ ਹਰਜੀਤ? ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ? ਕਿੱਥੇ ਫ਼ੁੱਲ ਦੀ ਖਿੜਦੀ ਕਲੀ ਤੇ ਕਿੱਥੇ ਡੰਡਾ-ਥੋਰ੍ਹ! ਕਿੱਥੇ ਹਰਜੀਤ ਦਾ ਮਾਖਿਓਂ ਮਿੱਠਾ ਚਿਹਰਾ ਤੇ ਕਿੱਥੇ ਲਾਡੀ ਦਾ ਨਚੋੜੀ ਸੁੱਥਣ ਵਰਗਾ ਮੂੰਹ? ਕਿੱਥੇ ਹਰਜੀਤ ਦੀ ਗਿੱਧਾ ਪਾਉਂਦੀ ਛਾਤੀ ਤੇ ਕਿੱਥੇ ਇਹਦੀ ਫੰਡਰ ਮੱਝ ਵਰਗੀ ਹਿੱਕ---!

ਪ੍ਰੀਤ ਅਜ਼ੀਬ ਜਿਹੀ ਉਧੇੜ-ਬੁਣ ਵਿਚ ਹੀ ਉਲਝਿਆ ਰਹਿੰਦਾ। ਦਿਮਾਗ ਗੇੜੀਂ ਪਿਆ ਫਿਰਦਾ।

ਜਦੋਂ ਮਾਮਾ ਡਿਊਟੀ ਤੋਂ ਘਰ ਆ ਜਾਂਦਾ ਤਾਂ ਮਾਮੀਂ, ਲਾਡੀ ਦੀਆਂ ਫ਼ੋਟੋ ਸੰਭਾਲ ਕੇ ਅਲਮਾਰੀ ਵਿਚ ਰੱਖ ਦਿੰਦੀ। ਮਾਮੇਂ ਨੂੰ ਕਿਸੇ ਵੀ ਗੱਲ ਦਾ ਇਲਮ ਨਹੀਂ ਸੀ। ਉਹ ਹਰ ਪੱਖੋਂ ਨਾਵਾਕਿਫ਼ ਸੀ। ਪਰ ਮਾਮੀਂ ਨੂੰ ਇਤਨਾ ਜ਼ਰੂਰ ਅਹਿਸਾਸ ਸੀ ਕਿ ਪ੍ਰੀਤ ਦਾ ਮਾਮਾ ਜੋਗਿੰਦਰ, ਪ੍ਰੀਤ ਅਤੇ ਲਾਡੀ ਦੇ ਰਿਸ਼ਤੇ 'ਤੇ ਕਦੇ ਸਹਿਮਤ ਨਹੀਂ ਹੋਵੇਗਾ! ਕਿਉਂਕਿ ਉਸ ਨੇ, ਉਸ ਦੇ ਅਨਪੜ੍ਹ ਟੱਬਰ ਦੇ ਕਈ ਵਾਰ 'ਤਰਾਰੇ' ਦੇਖੇ ਸਨ। ਸਾਰ ਪ੍ਰੀਵਾਰ ਹੀ ਉੱਖੜੀ ਕੁਹਾੜੀ ਵਾਂਗ ਮੱਥੇ 'ਚ ਵੱਜਦਾ ਸੀ!

ਮਾਮਾ ਰਾਤ ਨੂੰ ਘੁੱਟ ਲਾ ਕੇ ਪ੍ਰੀਤ ਨਾਲ ਲਾਡ ਕਰਦਾ। ਹੱਸਦਾ-ਖੇਡਦਾ। ਉਸ ਦਾ ਦਿਲ ਲੁਆਈ ਰੱਖਦਾ। ਟੋਟਕੇ ਸੁਣਾਉਂਦਾ। ਘਰਵਾਲੀ 'ਤੇ ਵਿਅੰਗ ਕਸਦਾ। ਸਰਬਜੀਤ ਨੂੰ ਹਾਸੇ ਨਾਲ ਛੇੜਦਾ!

ਪ੍ਰੀਤ ਦਾ ਕਮਰਾ ਮਾਮੇਂ ਦੇ ਘਰ ਦੇ ਪਿਛਲੇ ਪਾਸੇ ਸੀ। ਰਾਤ ਨੂੰ ਜਦ ਕਦੇ ਅਸਮਾਨ ਪੂਰਾ ਸਾਫ਼ ਹੁੰਦਾ, ਚੰਦ-ਚਾਨਣੀ ਰਾਤ ਹੁੰਦੀ ਤਾਂ ਪਹਾੜੀ ਇਲਾਕੇ ਵਿਚ ਪ੍ਰੀਤ ਨੂੰ ਅੱਚਵੀ ਲੱਗ ਜਾਂਦੀ। ਉਹ ਗਰਮ ਕੱਪੜੇ ਅਤੇ ਪਹਾੜੀ-ਬੂਟ ਪਾ ਕੇ ਬਾਹਰ ਨਿਕਲ ਜਾਂਦਾ ਅਤੇ ਹਰਜੀਤ ਦੀ ਯਾਦ ਨੂੰ ਕਲਾਵੇ ਮਾਰਦਾ। ਚੰਦ ਚਾਨਣੀਂ ਰਾਤ ਵਿਚ ਪਹਾੜੀ ਮੌਸਮ ਉਸ ਨੂੰ ਹਰਜੀਤ ਦੇ ਵੱਧ ਨਜ਼ਦੀਕ ਕਰ ਦਿੰਦਾ। ਉਹ ਖਿੜੀ ਰਾਤ ਵਿਚ ਜੋਬਨ ਮੱਤੇ ਚੰਦਰਮਾ ਵੱਲ ਦੇਖਦਾ, "ਹਾਏ---!" ਕਹਿੰਦਾ। ਕਈ ਯਾਦਾਂ ਤਾਜ਼ੀਆਂ ਹੋ ਜਾਂਦੀਆਂ ਅਤੇ ਹਰਜੀਤ ਦਾ ਵਿਛੋੜਾ ਉਸ ਨੂੰ ਬਿੱਛੂ ਵਾਂਗ ਡੰਗ ਮਾਰਦਾ। ਉਹ ਬੇਵੱਸ ਹੋ ਕੇ ਕਿਸੇ ਪੱਥਰ 'ਤੇ ਬੈਠ ਜਾਂਦਾ।

ਨਜ਼ਦੀਕ ਵਗਦਾ ਝਰਨਾ ਕੋਈ ਗ਼ੈਬੀ ਨਾਦ ਛੇੜਦਾ ਰਹਿਦਾ। ਪਰ ਪ੍ਰੀਤ ਆਪਣੇ ਹੀ ਖਿਆਲਾਂ ਜਾਂ ਹਰਜੀਤ ਦੇ ਖ਼ਾਬਾਂ-ਖਿਆਲਾਂ ਵਿਚ ਗੁਆਚਿਆ ਰਹਿੰਦਾ। ਇੱਕ-ਮਿੱਕ ਹੋਇਆ ਰਹਿੰਦਾ।

ਪਹਿਰ ਦੇ ਤੜਕੇ ਜਦ ਗਿਰਜਾ-ਘਰ ਦੇ ਘੰਟੇ ਵੱਜਦੇ ਤਾਂ ਉਹ ਆ ਕੇ ਪੈਂਦਾ। ਸਵੇਰੇ ਦੇਰ ਨਾਲ ਉਠਦਾ। ਹਰਜੀਤ ਦੇ ਸੁਪਨਿਆਂ ਦਾ ਨਿੱਘ ਮਾਣਦਾ।

ਮਾਮਾ ਪ੍ਰੀਤ ਨੂੰ ਬੱਚਿਆਂ ਵਾਂਗ ਸਮਝਦਾ।

ਮਾਮੀਂ ਨਿੱਤ ਉਸ ਨੂੰ ਬੋਰ ਕਰਦੀ। ਲਾਡੀ ਦੇ ਗਧੀਗੇੜ 'ਚ ਹੀ ਉਲਝਾਈ ਰੱਖਦੀ!

ਪਰ ਪ੍ਰੀਤ ਮਾਮੇ ਦੇ ਮੂੰਹ ਨੂੰ ਸਾਰਾ ਕੁਝ ਹਿੱਕ 'ਤੇ ਜਰਦਾ। ਜ਼ਮੀਰ ਦੀ ਸੰਘੀ ਘੁੱਟੀ ਰੱਖਦਾ।

ਮਾਮੇ ਅਤੇ ਮਾਮੀਂ ਦੇ ਕੋਈ ਬੱਚਾ ਨਹੀਂ ਹੋਇਆ ਸੀ। ਇਸ ਲਈ ਮਾਮੀਂ ਨੂੰ ਕੋਈ ਕੰਮ ਨਹੀਂ ਸੀ, ਆਹਰ ਨਹੀਂ ਸੀ। ਕੰਮ ਉਹ ਕੋਈ ਕਰ ਕੇ ਰਾਜ਼ੀ ਨਹੀਂ ਸੀ। ਰੋਟੀ-ਟੁੱਕ ਤੋਂ ਵਿਹਲੀ ਹੋ ਕੇ ਉਹ ਪ੍ਰੀਤ ਦੁਆਲੇ ਹੀ ਹੋਈ ਰਹਿੰਦੀ। ਆਪਣੇ ਪ੍ਰੀਵਾਰ ਦੀਆਂ 'ਸਿਫ਼ਤਾਂ' ਦੱਸਦੀ।

-"ਇਕ ਵਾਰੀ ਪ੍ਰੀਤ! ਮੇਰੇ ਵੱਡੇ ਬਾਈ ਬਿੱਲੂ ਤੋਂ ਦੇਸੀ ਸ਼ਰਾਬ ਫੜੀ ਗਈ-ਤੇ ਭਾਈ ਠਾਣੇਦਾਰ ਉਹਨੂੰ ਹੱਥਕੜੀ ਲਾ ਕੇ ਠਾਣੇ ਲੈ ਗਿਆ-ਤਿੰਨ ਦਿਨ ਠਾਣੇ 'ਚ ਉਹਨੂੰ ਕੁੱਟੀ ਗਏ-ਪਰ ਮਾਂ ਦਾ ਸ਼ੇਰ ਮੰਨਿਆਂ ਈ ਨ੍ਹੀ-ਐਡਾ ਤਾਂ ਉਹ ਤਕੜੈ---! ਕਰੜੇ ਹੱਡ ਦਾ---!"

-"------।" ਪ੍ਰੀਤ ਬਿੱਲੂ ਦੀ 'ਸੂਰਮਗਤੀ' 'ਤੇ ਹੱਸ ਪਿਆ।

-"ਫੇਰ ਭਾਈ ਖੇਤ 'ਚ ਪਾਣੀ ਲਾਉਂਦੇ ਨੇ ਵਾਰੀ ਪਿੱਛੇ ਕਿਸੇ ਦਾ ਸਿਰ ਪਾੜ ਦਿੱਤਾ, ਕਿਤੇ-ਅਗਲਿਆਂ ਨੇ ਛੱਬੀ ਦਾ ਪਰਚਾ ਬਣਵਾਤਾ-ਠਾਣੇਦਾਰ ਦੇ ਪੈਰਾਂ 'ਚ ਬੱਗੇ ਸ਼ੇਰ ਨੇ ਪੂਰਾ ਹਜਾਰ ਰੁਪਈਆ ਜਾ ਸਿੱਟਿਆ-ਕਹਿੰਦਾ ਅਖੇ ਠਾਣੇਦਾਰਾ ਜਿਹੜਾ ਕੰਮ ਹੋਣਾ ਸੀ-ਉਹ ਤਾਂ ਗਿਆ, ਹੋ-ਆਹ ਚੱਕ ਤੇ ਮਿੱਟੀ ਪਾਅ--! ਫਾਰਗ ਹੋਈਏ---!"

-"------।"

-"ਤੇ ਅੱਗਿਓਂ ਠਾਣੇਦਾਰ ਵੀ ਪੂਰਾ ਇਮਾਨਦਾਰ ਨਿੱਕਲਿਆ-ਤੇ ਚੱਲ ਮੇਰੇ ਭਾਈ!"

-"-----।"

-"ਤੇ ਆਹ ਹੁਣੇਂ ਜਿਹੇ ਦੀ ਗੱਲ ਐ-ਕਿਸੇ ਕਾਲਜ ਦੇ ਮੁੰਡੇ ਨੇ ਆਪਣੀ ਲਾਡੀ ਨੂੰ ਕੁਛ ਆਖਤਾ-ਲਾਡੀ ਨੇ ਬਿੱਲੂ ਨੂੰ ਦੱਸਤਾ-ਤੇ ਭਾਈ ਬਿੱਲੂ ਤਾਂ ਸਾਹਣ ਮਾਂਗੂੰ ਭੂਛਰ ਗਿਆ! ਰੈਂਗੜਾ ਲੈ ਕੇ ਮੁੰਡੇ ਦੇ ਉਹ ਤਾਉਣੀਂ ਚਾਹੜੀ ਤੇ ਡਰਦਾ ਕਾਲਜ ਈ ਛੱਡ ਕੇ ਭੱਜ ਗਿਆ-ਐਨਾ ਭੈੜ੍ਹੈ ਬੇਹ ਹੋਣਾ-ਡਰ ਤਾਂ ਟੁੱਟ ਪੈਣੇਂ ਦੇ ਅੰਦਰ ਭੋਰਾ ਵੀ ਨ੍ਹੀ---!"

ਪ੍ਰੀਤ ਮਨ ਮਾਰ ਕੇ ਸੁਣਦਾ ਰਹਿੰਦਾ।

ਜਦ ਸ਼ਾਮ ਨੂੰ ਮਾਮਾ ਘਰ ਆ ਜਾਂਦਾ ਤਾਂ ਪ੍ਰੀਤ ਦੇ ਮਨ ਨੂੰ ਕੁਝ ਸ਼ਾਂਤੀ ਆਉਂਦੀ। ਕੰਮ ਪ੍ਰੀਤ ਨੂੰ ਅਜੇ ਕੋਈ ਮਿਲਿਆ ਨਹੀਂ ਸੀ। ਇੰਡੀਆ ਤੋਂ ਲੱਗਿਆ ਵੀਜ਼ਾ ਵੀ 'ਐਕਸਟੈਂਡ' ਕਰਵਾਉਣ ਵਾਲਾ ਰਹਿੰਦਾ ਸੀ। ਮਾਮੇ ਅਤੇ ਮਾਮੀ ਨੂੰ, ਪ੍ਰੀਤ ਨੂੰ ਕੰਮ 'ਤੇ ਲਾਉਣ ਦੀ ਕੋਈ ਕਾਹਲੀ ਵੀ ਨਹੀਂ ਸੀ।

ਇਕ ਰਾਤ ਪ੍ਰੀਤ ਦੇ ਸਿਰ ਉਪਰੋਂ ਹੀ ਪਾਣੀ ਲੰਘ ਗਿਆ। ਉਹ ਹੋ ਗਿਆ, ਜਿਸ ਬਾਰੇ ਉਸ ਨੇ ਕਦੇ ਚਿੱਤ ਵਿਚ ਹੀ ਨਹੀਂ ਚਿਤਵਿਆ ਸੀ! ਸੁਪਨੇ ਵਿਚ ਵੀ ਸੋਚਿਆ ਨਹੀਂ ਸੀ!

ਮਾਮਾ ਤਿੰਨ ਦਿਨਾਂ ਲਈ ਆਪਣੀ ਫ਼ਰਮ ਵੱਲੋਂ ਜਰਮਨ ਚਲਾ ਗਿਆ। ਤਿੰਨ ਰਾਤਾਂ ਪ੍ਰੀਤ ਨੂੰ ਆਪਣੀ ਮਾਮੀ ਕੋਲ ਹੀ ਪੈ ਜਾਣ ਦੀ ਹਦਾਇਤ ਕਰ ਗਿਆ।

ਪ੍ਰੀਤ ਦੇ ਮਨ ਵਿਚ ਕੋਈ ਡਰ, ਕੋਈ ਸ਼ੰਕਾ ਨਹੀਂ ਸੀ।

ਉਹ ਆਪਣਾ ਰਾਤ ਨੂੰ ਪਾਉਣ ਵਾਲਾ ਕੁੜਤਾ-ਪਜਾਮਾ ਕਮਰੇ ਵਿਚੋਂ ਇੱਧਰ ਚੁੱਕ ਲਿਆਇਆ।

ਮਾਮੀ ਰਸੋਈ ਵਿਚ ਮੁਰਗਾ ਬਣਾ ਰਹੀ ਸੀ।

-"ਪ੍ਰੀਤ---!" ਮਾਮੀ ਦੀ ਅਵਾਜ਼ ਸੀ। ਵੰਝਲੀ ਵਰਗੀ ਮਿੱਠੀ ਅਵਾਜ਼!

-"ਹਾਂ ਮਾਮੀ ਜੀ---?"

-"ਵੇ ਆ ਜਾਹ ਉਰ੍ਹੇ-ਐਥੇ ਅੱਡ ਹੋਣ ਵਾਲਿਆਂ ਮਾਂਗੂੰ ਕਾਹਤੋਂ ਬੈਠੈਂ?"

ਪ੍ਰੀਤ ਰਸੋਈ ਵਿਚ ਚਲਾ ਗਿਆ।

-"ਦੱਸੋ-ਮਾਮੀ ਜੀ?"

-"ਵੇ ਕੋਈ ਸੁਣਾ ਗੱਲ ਬਾਤ-ਤੂੰ ਤਾਂ ਕੁੜੀਆਂ ਮਾਂਗੂੰ ਸੰਗਦਾ ਰਹਿੰਨੈ।"

-"ਗੱਲ ਮਾਮੀ ਜੀ ਕੋਈ ਆਉਂਦੀ ਹੀ ਨਹੀਂ-ਸੁਣਾਵਾਂ ਕੀ?"

ਮਾਮੀ ਉੱਚੀ-ਉੱਚੀ ਹੱਸ ਪਈ।

-"ਵੇ ਤੂੰ ਤਾਂ ਕੁੜੀਆਂ ਨਾਲੋਂ ਵੀ ਗਿਆ ਗੁਜਰਿਆ ਵਿਐਂ-ਕਾਲਜਾਂ 'ਚ ਪੜ੍ਹਦਾ ਰਿਹੈਂ-ਕਾਲਜ ਦੇ ਮੁੰਡੇ ਤਾਂ ਹੁੰਦੇ ਈ ਬੜੇ ਘਤਿੱਤੀ ਐ-ਇੱਲਤ ਫਿੱਲਤ ਕਰਨੋਂ ਜਮਾ ਈ ਬਾਜ ਨਹੀਂ ਆਉਂਦੇ-ਤੂੰ ਭਾਈ ਪਤਾ ਨਹੀਂ ਕਿਹੋ ਜਿਹੇ ਕਾਲਜ 'ਚ ਪੜ੍ਹਿਐਂ?" ਮਾਮੀ ਨੇ ਨੱਕ ਚਾਹੜ੍ਹਿਆ। ਬੁੱਲ੍ਹ ਟੇਰੇ।

-"-----।" ਪ੍ਰੀਤ ਮੁਸਕਰਾ ਪਿਆ।

-"ਬੱਸ ਕੁੜੀਆਂ ਮਾਂਗੂੰ ਦੰਦ ਜਿਹੇ ਕੱਢ ਕੇ ਦਿਖਾਦੂ-ਦਿਲ ਦੀਆਂ ਪ੍ਰੀਤ ਦਿਲ ਵਿਚ ਈ ਰਹਿ ਗਈਆਂ-ਅਸੀਂ ਗੱਲਾਂ ਕਰਦੇ ਹੁੰਦੇ ਸੀ-ਮੈਂ ਤੇ ਤੇਰਾ ਮਾਮਾ-ਬਈ ਪ੍ਰੀਤ ਆਊਗਾ-ਸਾਡਾ ਦਿਲ ਲੁਆਈ ਰੱਖੂਗਾ-ਪਰ ਤੂੰ ਤਾਂ ਊਂਈ ਘੁੱਗੂ ਜਿਆ ਬਣ ਕੇ ਬੈਠਾ ਰਹਿੰਨੈਂ-ਜੇ ਸਾਡੇ ਕੋਈ ਜੁਆਕ ਜੱਲਾ ਵੀ ਹੋ ਜਾਂਦਾ-ਫੇਰ ਵੀ ਬੰਦੇ ਦਾ ਦਿਲ ਲੱਗਿਆ ਰਹਿੰਦੈ-ਹੁਣ ਲਾਵਾਰਸਾਂ ਮਾਂਗੂੰ ਬੈਠੇ ਰਹਿੰਨੇ ਐਂ-ਇੰਡੀਆ ਹੁੰਦੇ ਵੀਹ ਢਾਣਸ ਹੋ ਜਾਂਦੇ ਐ-ਉੱਥੇ ਤਾਂ ਨਰਸਾਂ ਈ ਕੋਈ ਨਾ ਕੋਈ ਬੰਨ੍ਹ ਸੁੱਬ ਕਰ ਦਿੰਦੀਐਂ-ਵੇ ਤੂੰ ਕਦੇ ਦਾਰੂ-ਦੂਰੂ ਨਹੀ ਪੀਤੀ?"

-"ਨਹੀ ਮਾਮੀ ਜੀ-ਦਾਰੂ ਕਿੱਥੇ-!"

-"ਨਹੀਂ ਪੀਂਦਾ ਤਾਂ ਹੋਵੇਂਗਾ?"

-"-----।" ਪ੍ਰੀਤ ਚੁੱਪ ਸੀ।

-"ਸਹੁੰ ਖਾ ਮੇਰੀ ਬਈ ਕਦੇ ਨਹੀ ਪੀਤੀ?" ਮਾਮੀ ਨੇ ਜਿਵੇਂ ਪ੍ਰੀਤ ਦੇ ਗਲ ਅੰਗੂਠਾ ਦੇ ਲਿਆ ਸੀ।

-"ਨਹੀਂ ਜੀ-ਕਦੇ ਫ਼ੰਕਸ਼ਨ ਫ਼ੁੰਕਸ਼ਨ 'ਤੇ ਤਾਂ ਪੀ-ਪੂ ਲਈਦੀ ਸੀ-ਊਂ ਆਮ ਨਹੀਂ!"

-"ਲੈ ਅੱਜ ਪੀ ਲੈ ਘੁੱਟ ਕੁ-ਨਾਲੇ ਠੰਢ ਐ-ਗੱਲਾਂ ਬਾਤਾਂ ਕਰਾਂਗੇ-ਨਾਲੇ ਤੇਰੀ ਸੰਗ ਜਿਹੀ ਖੁੱਲ੍ਹ ਜਾਊ-ਮੈਨੂੰ

ਦੇਖ ਕੇ ਉਂਈਂ ਠੱਕੇ ਦੀ ਮਾਰੀ ਬੱਕਰੀ ਮਾਂਗੂੰ 'ਕੱਠਾ ਜਿਆ ਹੋਈ ਜਾਂਦਾ ਰਹਿੰਨੈਂ।" ਮਾਮੀ ਨੇ ਗਿਰਝ ਵਰਗੀ ਬੋਤਲ ਪ੍ਰੀਤ ਅੱਗੇ ਲਿਆ ਰੱਖੀ। ਬੋਤਲ, ਤੋਪ ਵਾਂਗ ਪ੍ਰੀਤ ਵੱਲ ਝਾਕ ਰਹੀ ਸੀ।

-"ਏਥੇ ਤਾਂ ਬੁੜ੍ਹੀਆਂ ਵੀ ਪੀਂਦੀਐਂ!"

-"ਮਾਮੀ ਜੀ ਮੂਡ੍ਹ ਹੀ ਨਹੀਂ-ਪੀਣੀ ਵੀ ਕਿਸੇ ਖੁਸ਼ੀ 'ਤੇ ਚੰਗੀ ਲੱਗਦੀ ਐ।"

-"ਫਿੱਟੇ ਮੂੰਹ ਵੇ ਤੇਰੇ! ਪੀਣ ਨੂੰ ਕਿਹੜੇ ਮੂਡ੍ਹ ਦੀ ਲੋੜ ਹੁੰਦੀ ਐ? ਤੇਰਾ ਮਾਮਾ ਨਿੱਤ ਈ ਡੱਫ਼ਦੈ-ਉਹਨੂੰ ਤਾਂ ਕਦੇ ਮੂਡ੍ਹ ਦੀ ਲੋੜ ਈ ਨਹੀਂ ਪਈ?" ਮਾਮੀ ਨੇ ਦਾਰੂ ਦਾ ਅੱਧਾ ਗਿਲਾਸ ਭਰ ਕੇ ਪ੍ਰੀਤ ਦੀਆਂ ਨਾਸਾਂ ਅੱਗੇ ਕਰ ਦਿੱਤਾ। ਵਿਸਕੀ ਦੀ ਖੁਸ਼ਬੂ, ਕਲੋਲ ਵਾਂਗ ਸਿਰ ਨੂੰ ਗਈ।

-"ਬਾਹਰਲੀ ਦਾਰੂ ਐ-ਕਿਹੜਾ ਇੰਡੀਆ ਆਲੀ ਐ ਬਈ ਰੱਦੀ ਹੋਊ-ਲੈ ਫੜ ਜਮਾਂ ਖਰਾਬ ਨਹੀਂ ਕਰਦੀ।" ਮਾਮੀ ਨੇ ਸਕਾਚ ਦਾ ਗਿਲਾਸ ਉਸ ਦੇ ਹੱਥ ਥੰਮਾ ਦਿੱਤਾ। ਬੱਚੇ ਦੇ ਹੱਥ ਖਿਡੌਣੇ ਫੜਾਉਣ ਵਾਂਗ!

-"ਤੀਮੀ ਦੇ ਹੱਥ ਦਾ ਪੈੱਗ ਕਿਤੋਂ ਮਿਲਦੈ? ਵੇ ਮੈਂ ਤੈਥੋਂ ਕੋਈ ਬਾਹਲੀ ਵੱਡੀ ਨ੍ਹੀ-ਮਾਮੀ ਤਾਂ ਅੱਧੀ ਭਰਜਾਈ ਅਰਗੀ ਹੁੰਦੀ ਐ-ਦੇਖ ਲੈ ਲਾਟ ਵਰਗੀ ਪਈ ਆਂ ਕਿ ਨਹੀਂ?" ਮਾਮੀ ਕੋਈ 'ਅਦਾ' ਦਿਖਾ ਕੇ ਹੱਸ ਪਈ।

ਪ੍ਰੀਤ ਵੀ ਗ਼ਮ ਗਲਤ ਕਰਨ ਲਈ ਸੋਢਾ ਪਾ ਕੇ ਗਿਲਾਸ ਡੀਕ ਗਿਆ। ਟੁੱਟਦੇ ਤਾਰੇ ਵਾਂਗ ਲੀਕ ਜਿਹੀ ਪਾਉਂਦੀ ਦਾਰੂ ਹੇਠ ਨੂੰ ਉਤਰੀ। ਸਰੀਰ ਵਿਚ ਨਿੱਘ ਭਰ ਗਿਆ। ਨਾੜਾਂ ਵਿਚ ਸ਼ਕਤੀ ਜਿਹੀ ਆ ਗਈ।

ਮਾਮੀ ਨੇ ਉਸ ਨੂੰ ਖਾਣ ਲਈ ਮੁਰਗਾ ਦੇ ਦਿੱਤਾ।

ਪ੍ਰੀਤ ਦੇ ਦਿਮਾਗ ਦਾ ਬੋਝ ਨਸ਼ੇ ਕਾਰਨ ਹਲਕਾ-ਹਲਕਾ ਜਿਹਾ ਹੋਣਾ ਸ਼ੁਰੂ ਹੋ ਗਿਆ। ਅੱਖਾਂ ਵਿਚ ਲੋਰ ਡੋਲਣ ਲੱਗ ਪਈ। ਬਿਜਲੀ ਦਾ ਚਾਨਣ ਚੰਗਾ-ਚੰਗਾ ਲੱਗਣ ਲੱਗ ਪਿਆ। ਉਸ ਨੇ ਪਰਦਾ ਚੁੱਕ ਕੇ ਬਾਹਰ ਪਹਾੜੀਆਂ ਦੀ ਧੁੰਨੀ ਵੱਲ ਨੂੰ ਨਜ਼ਰ ਮਾਰੀ। ਪਰਬਤ ਦੇ ਦਰੱਖਤ ਉਸ ਨੂੰ ਲੋਰੀਆਂ ਦਿੰਦੇ ਜਾਪੇ। ਪਵਣ ਚਵਰ ਕਰਦੀ ਮਹਿਸੂਸ ਹੋਈ। ਅਸਮਾਨ ਉਸ ਨੂੰ ਕਲਾਵੇ ਵਿਚ ਲੈਂਦਾ ਪ੍ਰਤੀਤ ਹੋਇਆ। ਉਸ ਦਾ ਦਿਲ ਹਲਕਾ ਹੋਇਆ, ਖਿੜ ਉਠਿਆ। ਉਸ ਨੇ ਹਰਜੀਤ ਦੀ ਯਾਦ ਨੂੰ ਕਲਾਵਾ ਮਾਰਿਆ। ਦਿਲ ਚਾਂਭੜਾਂ ਪਾ ਉਠਿਆ ਅਤੇ ਮਨ ਨੇ ਕਲੋਲ ਕੀਤੀ!

-"ਮਾਮੀ ਜੀ-ਇਕ ਹੋਰ ਪਾ ਲਵਾਂ?" ਉਹ ਵਾਪਿਸ ਮੁੜ ਕੇ, ਬੋਤਲ ਵੱਲ ਨੂੰ ਅਹੁਲਿਆ।

-"ਜਿੰਨੀ ਮਰਜੀ ਐ ਪੀ-ਖੁੱਲ੍ਹੀ ਛੁੱਟੀ!" ਮਾਮੀ ਨੇ ਇਕ ਤਰ੍ਹਾਂ ਉਸ ਦੀ ਮੁਹਾਰ ਖੋਲ੍ਹ ਦਿੱਤੀ।

-"ਮਾਮਾ ਜੀ ਨੂੰ ਕੀ ਦੱਸਾਂਗੇ?"

-"ਕੱਲ੍ਹ ਨੂੰ ਇਕ ਬੋਤਲ ਲਿਆ ਕੇ ਰੱਖ ਦਿਆਂਗੇ-ਤੂੰ ਆਬਦਾ ਰਾਂਝਾ ਰਾਜੀ ਕਰ! ਬਾਕੀ ਦੀਆਂ ਗੱਲਾਂ ਮੇਰੇ 'ਤੇ ਛੱਡ-ਰੰਗਰਲੀਆਂ ਮਨਾ-ਐਸ਼ਾਂ ਕਰ-!" ਉਸ ਨੇ ਪ੍ਰੀਤ ਦੇ ਸਾਰੇ ਸੰਸੇ ਹੀ ਨਵਿਰਤ ਕਰ ਦਿੱਤੇ।

-"ਮੌਜਾਂ ਕਰ-ਬੁੱਲੇ ਵੱਢ! ਮੈਂ ਤਾਂ ਤੇਰਾ ਬਥੇਰਾ ਖਿਆਲ ਰੱਖਦੀ ਐਂ-ਬੱਸ ਤੂੰ ਈ ਦੂਰ ਦੂਰ ਰਹਿੰਨੈਂ!"

ਪ੍ਰੀਤ ਨੇ ਅੱਧਾ ਗਿਲਾਸ ਹੋਰ ਅੰਦਰ ਸੁੱਟ ਲਿਆ। ਹੁਣ ਉਹ ਵਾਹਵਾ 'ਰੰਗਾਂ' ਵਿਚ ਹੋ ਗਿਆ ਸੀ। ਉਹ 'ਬਾਬੂ' ਬਣਿਆਂ ਰਸੋਈ ਵਿਚ ਬੈਠਾ ਸੀ।

-"ਪ੍ਰੀਤ---!" ਮਾਮੀ ਨੇ ਗੱਲ ਤੋਰੀ।

-"ਹਾਂ ਜੀ---?" ਉਸ ਦੇ ਚਿਹਰੇ 'ਤੇ ਲਾਲੀ ਦੁੜਕੀ।

-"ਕਾਲਜ 'ਚ ਪੜ੍ਹਦਾ ਰਿਹੈਂ-ਕਦੇ ਕਿਸੇ ਕੁੜੀ ਨਾਲ ਚੱਕਰ-ਚੁੱਕਰ ਨਹੀਂ ਚਲਾਇਆ?" ਮਾਮੀ ਨੇ ਗਰਮ ਲੋਹਾ ਦੇਖ ਕੇ ਸੱਟ ਮਾਰੀ।

ਪ੍ਰੀਤ ਚੁੱਪ ਰਿਹਾ।

-"ਵੇ ਤੂੰ ਕਦੇ ਇਸ਼ਕ ਮੁਸ਼ਕ ਨਹੀਂ ਕੀਤਾ?"

-"-----।" ਪ੍ਰੀਤ ਦੇ ਜ਼ਖਮੀ ਅਹਿਸਾਸਾਂ ਦਾ ਖਰੀਂਢ ਉੱਚੜ ਗਿਆ। ਆਤਮਾ ਦੋਫ਼ਾੜ ਹੋ ਗਈ।

-"ਕਿੰਨਾ ਸੋਹਣਾ ਸੁਨੱਖਾ ਤੂੰ ਮੁੰਡੈਂ?"

-"-----।"

-"ਜੇ ਮੈਂ ਤੇਰੇ ਨਾਲ ਪੜ੍ਹਦੀ ਹੁੰਦੀ-ਮੈਂ ਤਾਂ ਤੇਰੇ ਨਾਲ ਜਰੂਰ ਫ਼ਸ ਜਾਂਦੀ-ਤੂੰ ਫ਼ਸਦਾ ਚਾਹੇ ਨਾ ਫ਼ਸਦਾ-ਤੇਰੇ ਅਰਗੇ ਨਾਲ ਤਾਂ ਮੈਂ ਬਲਾਤਕਾਰ ਵੀ ਕਰ ਦਿੰਦੀ।" ਮਾਮੀ ਹੱਸ ਪਈ। ਪਰ ਪ੍ਰੀਤ ਉੱਚੀ-ਉੱਚੀ ਰੋਣ ਲੱਗ

ਪਿਆ। ਮਾਮੀ ਨੇ ਪ੍ਰੀਤ ਨੂੰ ਜੱਫ਼ੀ ਪਾ ਲਈ। ਬੜੇ ਹੀ ਅਨੋਖੇ ਅੰਦਾਜ਼ ਨਾਲ!

-"ਵੇ ਬੇਵਕੂਫ਼ਾ! ਤੂੰ ਰੋਣ ਕਿਉਂ ਲੱਗ ਪਿਆ? ਹੈਂ! ਮੇਰੇ ਕੋਲ ਦੁੱਖ ਖੋਹਲ-ਕਹਿੰਦੇ ਹੁੰਦੇ ਐ ਦਾਰੂ ਗੱਲਾਂ ਨੂੰ ਤੇ ਘਿਉ ਮੱਲਾਂ ਨੂੰ- ਤੂੰ ਦਿਲ ਖੋਹਲ ਕੇ ਦੱਸ-ਮੈਂ ਤੈਨੂੰ ਚਿੜੀਆਂ ਦਾ ਦੁੱਧ ਲਿਆ ਦਿਆਂ-ਰੋ ਨਾ!" ਮਾਮੀ ਉਸ ਦਾ ਦਿਲ ਫ਼ਰੋਲ ਲੈਣਾ ਚਾਹੁੰਦੀ ਸੀ। ਪ੍ਰੀਤ ਮਸਾਂ ਹੀ ਉਸ ਦੀ ਮਾਰ ਹੇਠ ਆਇਆ ਸੀ। ਮਸਾਂ ਹੀ, ਚੁਗ ਕੇ ਪਤੀਲੇ ਵਿਚ ਪਾਏ ਮਸਾਲੇ ਨੂੰ ਹੁਣ ਉਹ ਰਗੜ ਦੇਣਾ ਚਾਹੁੰਦੀ ਸੀ।

-"ਮੈਂ ਹਰਜੀਤ ਬਿਨਾ ਨਹੀਂ ਰਹਿ ਸਕਦਾ ਮਾਮੀ ਜੀ-ਹਰਜੀਤ ਬਿਨਾ ਨਹੀਂ ਰਹਿ ਸਕਦਾ---!" ਉਹ ਹੋਰ ਉੱਚੀ-ਉੱਚੀ ਭੁੱਬਾਂ ਮਾਰਨ ਲੱਗ ਪਿਆ।

-"ਇਹ ਹਰਜੀਤ ਕੌਣ ਐਂ? ਇਹ ਵੀ ਦੱਸ?" ਮਾਮੀ ਦਾ ਸੁਆਦ ਕਿਰਕਿਰਾ ਹੋ ਗਿਆ। ਸ਼ਰਾਬ ਪਿਆਈ ਅਜਾਈਂ ਜਾਂਦੀ ਦਿਸੀ। ਪਰ ਉਹ ਪ੍ਰੀਤ ਦੇ ਦਿਲ ਦੀ ਆਖਰੀ ਤਹਿ ਤੱਕ ਪਹੁੰਚਣਾ ਚਾਹੁੰਦੀ ਸੀ। ਅੱਜ ਮੌਕਾ ਸੀ। ਪ੍ਰੀਤ ਦੇ ਮਾਮੇ ਦੇ ਆਏ ਤੋਂ ਫਿਰ ਹੱਥ ਪੱਲੇ ਕੱਖ ਨਹੀਂ ਆਉਣਾ ਸੀ। ਲਾਡੀ ਦੇ ਰਸਤੇ ਵਿਚ ਇਹ ਹਰਜੀਤ ਕਿਹੜੀ 'ਕੁੱਤੀ' ਆ ਫ਼ਸੀ ਸੀ?

-"ਹਰਜੀਤ ਮੇਰੇ ਨਾਲ ਡੀ ਐੱਮ ਕਾਲਜ 'ਚ ਮੋਗੇ ਪੜ੍ਹਦੀ ਸੀ-ਮੈਂ ਉਸ ਭੋਲੀ ਕੁੜੀ ਨਾਲ ਗੱਦਾਰੀ ਕੀਤੀ ਐ ਮਾਮੀ ਜੀ! ਮੈਂ ਦਗੇਬਾਜ਼ ਉਸ ਨੂੰ ਦਗ਼ਾ ਦੇ ਕੇ ਤੁਰ ਆਇਆ-ਇਕੱਠਿਆਂ ਨੇ ਜਿਉਣ ਤੇ ਇਕੱਠਿਆਂ ਨੇ ਮਰਨ ਦੇ ਵਾਅਦੇ ਕੀਤੇ ਸੀ-ਮਰਦੇ ਦਮ ਤੱਕ ਤੋੜ ਨਿਭਾਉਣ ਦੇ ਕੌਲ-ਕਰਾਰ ਹੋਏ ਸੀ-ਪਰ ਮੈਂ ਡਰਾਕਲ, ਧੋਖੇਬਾਜ਼ ਉਸ ਮਾਲੂਕ ਜਿੰਦੜੀ ਨੂੰ ਆਉਣ ਲੱਗਾ ਦੱਸ ਕੇ ਵੀ ਨਹੀਂ ਆਇਆ-ਇਹ ਹੀ ਕਸੂਰ ਹਰ ਦਮ ਮੇਰੇ ਦਿਲ 'ਤੇ ਨਾਸੂਰ ਵਾਂਗੂੰ ਚਸਕਦਾ ਰਹਿੰਦੈ-ਹਾਏ---!" ਪ੍ਰੀਤ ਦੇ ਹੰਝੂ 'ਧਰਲ-ਧਰਲ' ਵਹੀ ਜਾ ਰਹੇ ਸਨ।

ਮਾਮੀ ਉਸ ਨੂੰ ਕਿਸੇ ਅੰਦਾਜ਼ ਨਾਲ ਜੱਫ਼ੀ 'ਚ ਘੁੱਟੀ ਖੜ੍ਹੀ ਸੀ। ਉਸ ਨੇ ਚੁੱਪ ਕਰਵਾਉਣ ਦੇ ਬਹਾਨੇ ਕਈ ਵਾਰ ਪ੍ਰੀਤ ਦਾ ਮੂੰਹ ਅਤੇ ਬੁੱਲ੍ਹ ਚੁੰਮੇਂ ਸਨ, ਉਸ ਦੇ ਮੋਢੇ ਨਾਲ ਛਾਤੀਆਂ ਘਸਾਈਆਂ ਸਨ। ਪਰ ਪ੍ਰੀਤ ਇਸ ਨੂੰ ਸਿਰਫ਼ ਹਮਦਰਦੀ ਵਜੋਂ ਹੀ ਲੈ ਰਿਹਾ ਸੀ। ਨਿਰੋਲ ਦਿਲਾਸੇ ਵਜੋਂ!

-"ਤੂੰ ਰੋ ਖੁੱਲ੍ਹ ਕੇ-ਦਿਲ ਹੌਲਾ ਕਰ!"

ਮਾਮੀ ਨੇ ਗਿਲਾਸ ਭਰ ਕੇ ਪ੍ਰੀਤ ਅੱਗੇ ਕੀਤਾ ਤਾਂ ਪ੍ਰੀਤ ਸ਼ਰਬਤ ਦੇ ਪਾਣੀ ਵਾਂਗ ਸੂਤ ਗਿਆ। ਹੁਣ ਦਾਰੂ ਉਸ ਨੂੰ ਕੌੜੀ ਨਹੀਂ ਲੱਗੀ ਸੀ। ਗਰਮ ਪਾਣੀ ਵਿਚ ਕੋਸਾ ਪਾਣੀ ਪਾਉਣ ਵਾਂਗ, ਕੋਈ ਬਹੁਤਾ ਫ਼ਰਕ ਨਹੀਂ ਪਿਆ ਸੀ।

ਉਹ ਰੋ-ਧੋ ਕੇ ਸਾਂਅਵਾਂ ਜਿਹਾ ਹੋ ਕੇ ਬੈਠ ਗਿਆ। ਸ਼ਾਇਦ ਅੰਦਰਲਾ ਹੜ੍ਹ ਅੱਖਾਂ ਰਾਹੀਂ ਰੁੜ੍ਹ ਗਿਆ ਸੀ। ਦਿਲ 'ਤੇ ਪਿਆ ਮਣਾਂ-ਮੂੰਹੀਂ ਬੋਝ ਖਾਰੇ ਹੰਝੂਆਂ ਰਸਤੇ ਖੁਰ ਗਿਆ ਸੀ। ਅੰਦਰਲੀ ਭੜ੍ਹਾਸ ਕੱਢ ਕੇ ਉਹ ਹੌਲਾ ਫੁੱਲ ਵਰਗਾ ਹੋ ਗਿਆ ਸੀ।

ਉਸ ਨੇ ਟਿਸ਼ੂ ਲੈ ਕੇ ਨੱਕ ਸੁਣਕਿਆ।

-"ਹੁਣ ਤੂੰ ਦੁੱਖ ਸੁਣਾ ਲਿਆ-ਹੁਣ ਤੂੰ ਨਹਾ ਲੈ-ਜੇ ਪੈੱਗ ਸ਼ੈੱਗ ਹੋਰ ਪੀਣੈਂ ਤਾਂ ਪੀ ਲੈ-ਦੇਖ ਕੀ ਹਾਲਤ ਕਰ ਲਈ ਤੂੰ ਆਬਦੀ।" ਮਾਮੀ ਨੇ ਫਿਰ ਉਸ ਦੇ ਮੂੰਹ ਅਤੇ ਬੁੱਲ੍ਹਾਂ ਨੂੰ ਚੁੰਮਿਆਂ।

ਉਸ ਨੇ ਇਕ ਪੈੱਗ ਹੋਰ ਲਾ ਲਿਆ ਅਤੇ ਬੱਚੇ ਵਾਂਗ ਆਖੇ ਜਿਹੇ ਲੱਗ ਕੇ ਨਹਾਉਣ ਚਲਾ ਗਿਆ।

ਜਦ ਨਹਾ ਕੇ ਮੁੜਿਆ ਤਾਂ ਉਸ ਦਾ ਚਿਹਰਾ ਹੋਰ ਨਿੱਖਰਿਆ ਹੋਇਆ ਸੀ।

-"ਕਿੰਨਾ ਸੋਹਣਾ ਲੱਗਦੈਂ ਤੂੰ-ਐਂਮੇ ਬਿਗਾਨੀਆਂ ਕੁੜੀਆਂ ਪਿੱਛੇ ਦਿਲ ਨਹੀਂ ਹੌਲਾ ਕਰੀਦਾ ਹੁੰਦਾ-ਚਾਰ ਦਿਨ ਐਸ਼ ਕਰੀ ਤੇ ਚੱਲ ਮੇਰੇ ਭਾਈ!"

ਮਾਮੀ ਨੇ ਫਿਰ ਲਾਡੀ ਦੀਆਂ ਫ਼ੋਟੋਆਂ ਪ੍ਰੀਤ ਅੱਗੇ ਲਿਆ ਸੁੱਟੀਆਂ। ਬਲਦ ਨੂੰ ਸੁੱਕੀ ਕੜਬ ਸੁੱਟਣ ਵਾਂਗ! ਮੌਲੇ ਨੂੰ ਤੂੜੀ ਪਾਉਣ ਵਾਂਗ!

-"ਦੇਖ! ਤੇਰੀ ਤੇ ਲਾਡੀ ਦੀ ਜੋੜੀ ਕਿੰਨੀ ਸਜੂ-ਦੁਨੀਆਂ ਖੜ੍ਹ-ਖੜ੍ਹ ਕੇ ਦੇਖੂ-ਸਿਆਣੇ ਕਹਿੰਦੇ ਹੁੰਦੇ ਐ-ਜੋੜੀਆਂ ਜੱਗ ਥੋੜ੍ਹੀਆਂ ਤੇ ਨਰੜ ਬਥੇਰੇ!" ਉਸ ਨੇ ਫਿਰ ਘਰਾਟ-ਰਾਗ ਚਾਲੂ ਕਰ ਲਿਆ।

-"ਮਾਮੀ ਜੀ-!"

-"ਹਾਂ ਜੀ?"

-''ਇਕ ਗੱਲ ਆਖਾਂ?''
-''ਸੌ ਆਖੋ ਜੀ।''
-''ਇਜਾਜ਼ਤ ਐ?''
-''ਬਿਲਕੁਲ ਜੀ।''
-''ਮੈਂ ਵਿਆਹ ਹੀ ਨਹੀਂ ਕਰਵਾਉਣਾ।''
-''ਤੈਨੂੰ ਕਹਿੰਦਾ ਕੌਣ ਐਂ?''
-''-----।'' ਪ੍ਰੀਤ ਚੁੱਪ ਹੋ ਗਿਆ।
-''ਤੂੰ ਖਾ ਪੀ-ਮੈਂ ਵੀ ਨਹਾ ਲਵਾਂ।'' ਉਹ ਬਾਥਰੂਮ ਜਾਂਦੀ ਹੋਈ ਬੋਤਲ ਪ੍ਰੀਤ ਅੱਗੇ ਰੱਖ ਗਈ।
ਪ੍ਰੀਤ ਨੇ ਨਿੱਕੇ-ਨਿੱਕੇ ਕਈ ਪੈੱਗ ਸੜ੍ਹਾਕ ਧਰੇ।
ਜਦੋਂ ਮਾਮੀ ਨਹਾ ਕੇ ਮੁੜੀ ਤਾਂ ਉਸ ਦੇ ਸਿਰਫ਼ ਗਾਊਨ ਹੀ ਪਾਇਆ ਹੋਇਆ ਸੀ। ਮੱਛਰਦਾਨੀ ਵਰਗੇ ਗਾਊਨ ਹੇਠੋਂ ਉਸ ਦਾ ਗਦਰਾਇਆ ਸਰੀਰ ਲਿਸ਼ਕਾਰੇ ਮਾਰਦਾ, ਦੁਹਾਈਆਂ ਦੇ ਰਿਹਾ ਸੀ! ਕਾਲੇ ਕੇਸ ਗੋਰੇ ਮੁੱਖ 'ਤੇ ਘਟਾਵਾਂ ਵਾਂਗ ਖਿੱਲਰੇ ਹੋਏ ਸਨ। ਉਹ ਉਮਰ ਦੀ ਵੀ ਕੋਈ ਤੀਹਾਂ ਕੁ ਸਾਲਾਂ ਦੀ ਹੀ ਸੀ। ਅੱਥਰੀ ਘੋੜੀ ਵਾਂਗ ਫੁਰਤੀਲੀ! ਬੱਚੇ ਤੋਂ ਰਹਿਤ ਸਰਬਜੀਤ ਦਾ ਅਜੇ ਵਿਗੜਿਆ ਹੀ ਕੀ ਸੀ? ਉਹ ਤਾਂ ਬੇਕਾਬੂ ਹੋਏ ਰਾਕਟ ਵਾਂਗ ਕਿਸੇ ਪਾਸੇ ਨੂੰ ਉੱਡਣ ਲਈ ਤਿਆਰ ਸੀ!
-''ਕੱਪੜੇ ਬਦਲ ਲੈਣੇ ਸੀ।'' ਮਾਮੀ ਬੋਲੀ।
ਪ੍ਰੀਤ ਨੇ ਪਿਛਲੇ ਕਮਰੇ ਵਿਚ ਜਾ ਕੇ ਕੁੜਤਾ-ਪਜਾਮਾ ਪਾ ਲਿਆ। ਉਹ ਸਾਊ ਪੁੱਤਰ ਵਾਂਗ, ਸ਼ਰਾਬੀ ਹੋਇਆ ਵੀ ਹੁਕਮ ਵਜਾ ਰਿਹਾ ਸੀ।
ਅਸਲ ਵਿਚ ਇਹ ਪ੍ਰੀਤ ਦੇ ਸਕੇ ਮਾਮਾ ਅਤੇ ਮਾਮੀ ਨਹੀਂ ਸਨ। ਜੋਗਿੰਦਰ ਪ੍ਰੀਤ ਦੀ ਮਾਂ ਦਾ, ਕਿਸੇ ਬੜੀ ਦੂਰ ਦੀ ਰਿਸ਼ਤੇਦਾਰੀ ਵਿਚੋਂ ਭਰਾ ਲੱਗਦਾ ਸੀ । ਪ੍ਰੀਤ ਦੇ ਇਸ ਮਾਮੇ ਜੋਗਿੰਦਰ ਸਿੰਘ ਦੇ ਚਾਚੇ ਦੀ ਭੈਣ, ਪ੍ਰੀਤ ਦੇ ਚਾਚੇ ਨੂੰ ਮੰਗੀ ਹੋਈ ਸੀ। ਪ੍ਰੀਤ ਦੀ ਦਾਦੀ ਇਸ ਰਿਸ਼ਤੇ 'ਤੇ ਨੱਕ ਬੁੱਲ੍ਹ ਮਾਰਦੀ ਸੀ। ਪਰ ਪ੍ਰੀਤ ਦੀ ਮਾਂ ਅਤੇ ਬਾਪ ਦੇ ਉਦਮ ਅਤੇ ਸਹਿਯੋਗ ਸਦਕਾ ਇਹ ਰਿਸ਼ਤਾ ਸਿਰੇ ਚੜ੍ਹ ਗਿਆ ਸੀ। ਜਿਸ ਕਰਕੇ ਜੋਗਿੰਦਰ ਸਿੰਘ ਨੇ ਪ੍ਰੀਤ ਦੀ ਮਾਂ ਨੂੰ ਸ਼ੁਕਰਾਨੇ ਵਜੋਂ ਆਪਣੀ 'ਧਰਮ-ਭੈਣ' ਬਣਾ ਲਿਆ ਸੀ। ਥੋੜੇ ਚਿਰ ਬਾਅਦ ਹੀ ਜੋਗਿੰਦਰ ਸਿੰਘ 'ਬਾਹਰ' ਆ ਗਿਆ ਸੀ। ਵਿਆਹ ਕਰਵਾਉਣ ਤੋਂ ਬਾਅਦ ਉਸ ਦੇ ਘਰਵਾਲੀ ਸਰਬਜੀਤ ਵੀ ਆ ਗਈ ਸੀ। ਅਤੇ ਜੋਗਿੰਦਰ ਸਿੰਘ ਨੇ ਪ੍ਰੀਤ ਦੀ ਮਾਂ ਦਾ ਇੱਕ ਤਰ੍ਹਾਂ ਨਾਲ 'ਕਰਜ਼' ਉਤਾਰਨ ਲਈ ਪ੍ਰੀਤ ਨੂੰ ਆਪਣੇ ਕੋਲ ਬੁਲਾ ਲਿਆ ਸੀ। ਉਹ, ਪ੍ਰੀਤ ਦੀ ਮਾਂ ਕਰਮ ਕੌਰ ਦੀ ਇੱਜ਼ਤ ਆਪਣੀਆਂ ਸਕੀਆਂ ਭੈਣਾਂ ਨਾਲੋਂ ਵੱਧ ਕਰਦਾ ਸੀ। ਜਾਨ ਵਾਰਦਾ ਸੀ।
ਮਾਮੀ ਨੇ ਪ੍ਰੀਤ ਅੱਗੇ ਰੋਟੀ ਪਰੋਸ ਦਿੱਤੀ।
ਪ੍ਰੀਤ ਕੁੱਕੜ ਦੀਆਂ ਟੰਗਾਂ ਚੂੰਡਦਾ ਸੋਫ਼ੇ 'ਤੇ ਹੀ ਢੇਰੀ ਹੋ ਗਿਆ। ਉਹ 'ਪਾਸ' ਵੱਜੇ ਟਰੱਕ ਵਾਂਗ ਟੇਢਾ ਹੋਇਆ ਪਿਆ ਸੀ।
ਉਸ ਦੇ ਘੁਰਾੜ੍ਹੇ ਸ਼ੁਰੂ ਹੋ ਗਏ ਸਨ।
ਮੁਸਕਰਾਉਂਦੀ ਮਾਮੀ ਨੇ ਖਾਣੇ ਦੇ ਮੇਜ਼ ਤੋਂ ਚੀਜ਼ਾਂ ਚੁੱਕ ਲਈਆਂ ਅਤੇ ਪ੍ਰੀਤ ਨੂੰ ਡਬਲ-ਬੈੱਡ 'ਤੇ ਪਾ ਦਿੱਤਾ।
ਅੱਧੀ ਕੁ ਰਾਤ ਨੂੰ ਪ੍ਰੀਤ ਨੂੰ ਮਹਿਸੂਸ ਹੋਇਆ ਕਿ ਉਸ ਨਾਲ ਕੋਈ ਨਗਨ ਪਿਆ ਸੀ। ਕੂਲੇ-ਕੂਲੇ ਅੰਗ ਸੇਕ ਮਾਰ ਰਹੇ ਸਨ। ਪਰ ਨਸ਼ੇ ਦੇ ਮਧੋਲੇ ਪ੍ਰੀਤ ਨੂੰ ਕੋਈ ਖ਼ਾਸ ਸਮਝ ਨਾ ਪਈ। ਉਹ ਸੁਪਨੇ ਵਿਚ 'ਹਰਜੀਤ' ਨਾਲ ਕਲੋਲਾਂ ਕਰਦਾ, ਸੁਆਦ-ਸੁਆਦ ਜਿਹਾ ਹੋਇਆ ਪਿਆ, ਘੁੱਟਾਂ ਜਿਹੀਆਂ ਅੰਦਰ ਲੰਘਾ ਰਿਹਾ ਸੀ। ਇਸ ਨਸ਼ੇ ਅਤੇ ਮਦਹੋਸ਼ੀ ਦਾ ਫ਼ਾਇਦਾ ਉਠਾਉਂਦੀ, ਪ੍ਰੀਤ ਦੀ ਮਾਮੀ ਸਰਬਜੀਤ ਉਸ ਨਾਲ 'ਹਮ-ਬਿਸਤਰ' ਹੋ ਰਹੀ ਸੀ। ਹਰਜੀਤ ਨਾਲ ਸੁਪਨੇ ਵਿਚ ਹੇਲ-ਮੇਲ ਪ੍ਰੀਤ, ਜਲਾਲ ਵਿਚ ਮਸਤਾਨਾ ਹੋਇਆ, ਸਿੱਧਾ ਸਲੋਟ ਅਹਿਲ ਪਿਆ ਸੀ ਅਤੇ ਮਾਮੀ ਸਰਬਜੀਤ ਉਸ ਉਪਰ ਝੁਕੀ ਹੋਈ 'ਪ੍ਰਵਾਨ' ਚੜ੍ਹੀ ਪਈ ਸੀ। ਉਸ ਦਾ ਦਿਲ 'ਠੱਕ-ਠੱਕ' ਵੱਜ ਰਿਹਾ ਸੀ। ਉਸ ਦੇ ਗਰਮ ਸਾਹਾਂ ਵਿਚੋਂ ਅੱਗ ਵਰ੍ਹਦੀ ਸੀ। ਲਾਟ ਨਿਕਲਦੀ ਸੀ।
ਜਦੋਂ ਸੁਆਦ, ਮਦਹੋਸ਼ੀ ਅਤੇ ਮਸਤੀ ਦੀ ਲਹਿਰ ਵਿਚ ਪ੍ਰੀਤ ਦੇ ਅੰਦਰੋਂ 'ਕੁਝ' ਫੁੱਟਿਆ ਤਾਂ ਉਸ ਦੀ ਅੱਖ ਖੁੱਲ੍ਹ ਗਈ। ਮਾਮੀ ਉਸ ਉਪਰ 'ਅਮਰ-ਵੇਲ' ਵਾਂਗ 'ਛਾਈ' ਹੋਈ ਸੀ। ਜਦੋਂ ਪ੍ਰੀਤ ਨੇ ਹਿੱਲ ਕੇ ਹੇਠੋਂ ਨਿਕਲਣ ਦੀ

ਕੋਸ਼ਿਸ਼ ਕੀਤੀ ਤਾਂ ਹੁੰਦੜਹੇਲ ਮਾਮੀ ਨੇ ਉਸ ਨੂੰ ਸਿਕੰਜੇ ਵਾਂਗ ਜਕੜ ਲਿਆ ਅਤੇ ਮੂੰਹ 'ਤੇ ਦੰਦੀ ਭਰ ਲਈ। ਉਸ ਨੇ ਪ੍ਰੀਤ ਨੂੰ ਉਤਨਾ ਚਿਰ ਨਾ ਹਿੱਲਣ ਦਿੱਤਾ, ਜਿੰਨਾ ਚਿਰ ਉਹ ਨਿਢਾਲ ਨਹੀਂ ਹੋ ਗਿਆ ਸੀ। 'ਸ਼ਾਂਤ' ਹੋਣ 'ਤੇ ਮਾਮੀ ਉਸ ਦੇ ਨਾਲ ਲੇਟ ਗਈ। ਪਰ ਪ੍ਰੀਤ ਪੂਰਾ ਜੋਰ ਲਾ ਕੇ ਬੈੱਡ ਉਪਰੋਂ ਉਠ ਖੜ੍ਹਾ ਹੋਇਆ। ਉਹ ਪੂਰਨ ਤੌਰ 'ਤੇ ਨਿਰਵਸਤਰ ਸੀ। ਉਸ ਨੇ ਹਨ੍ਹੇਰੇ ਵਿਚ ਹੀ, ਲੱਭ ਕੇ ਕੱਪੜੇ ਪਾਏ। ਬੱਤੀ ਜਗਾਈ। ਮਾਮੀ ਕਿਸੇ ਵਿਲੱਖਣਤਾ ਭਰੀ ਤੱਕਣੀਂ ਨਾਲ ਤੱਕ ਕੇ ਮੁਸਕੁਰਾਈ। ਉਹ ਹੌਲੀ ਫੁੱਲ ਹੋ ਗਈ ਸੀ। ਮਾਨਸਿਕਤਾ 'ਤੇ ਪਿਆ ਮਣਾਂਮੂੰਹੀਂ ਭਾਰ, ਤਰਲ ਬਣ ਵਹਿ ਗਿਆ ਸੀ!

ਪ੍ਰੀਤ ਨੇ ਤੁਰੰਤ ਬੱਤੀ ਬੰਦ ਕਰ ਦਿੱਤੀ। ਉਸ ਦਾ ਦਿਲ, ਦੁਰਮਟ ਵਾਂਗ ਛਾਤੀ ਵਿਚ ਵੱਜ ਰਿਹਾ ਸੀ।

ਨਸ਼ੇ, ਘਬਰਾਹਟ, ਬੇਵਸੀ ਅਤੇ ਲਾਚਾਰੀ ਜਿਹੀ ਵਿਚ ਉਹ ਆਵਾਕ ਖੜ੍ਹਾ ਸੀ। ਉਸ ਤੋਂ ਇੱਕ ਜੁੱਗੀ-ਪਾਪ ਹੋ ਗਿਆ ਸੀ!

ਮਾਮੀ ਨੇ ਉਠ ਕੇ ਉਸ ਨੂੰ ਗਲਵਕੜੀ ਵਿਚ ਲੈ ਲਿਆ।

-"ਪੂਰੇ ਦਾ ਪੂਰਾ ਮਰਦ ਐਂ ਤੂੰ---!" ਉਸ ਨੇ ਪ੍ਰੀਤ ਨੂੰ ਥਾਪੀ ਦਿੱਤੀ। ਜਿਵੇਂ ਧਾਰ ਕੱਢਣ ਪਿੱਛੋਂ ਮੱਝ ਨੂੰ ਦੇਈਦੀ ਹੈ!

-"ਸਹੁੰ ਮਹਾਰਾਜ ਦੀ-ਅੱਜ ਤਪਦਾ ਬਦਨ ਸ਼ਾਂਤ ਹੋਇਐ-ਨਹੀਂ ਤਾਂ ਜਾਣੀਂ ਦੀ ਸਰੀਰ ਤਪਦਾ ਰਹਿੰਦਾ ਸੀ-ਸਾਰੀ ਸਾਰੀ ਰਾਤ ਮੱਚੀ ਜਾਂਦੀ ਰਹਿੰਦੀ ਸੀ ਮੈਂ-ਨੀਂਦ ਈ ਨਹੀਂ ਸੀ ਆਉਂਦੀ-ਅੱਜ ਤਾਂ ਨਜਾਰਾ ਈ ਆ ਗਿਐ!" ਉਹ ਸਿਫ਼ਤਾਂ ਦੇ ਪੜੁੱਲ ਬੰਨ੍ਹੀ ਜਾ ਰਹੀ ਸੀ।

ਪ੍ਰੀਤ ਨੇ ਉਸ ਨੂੰ ਆਪਣੇ ਆਪ ਨਾਲੋਂ ਤੋੜ ਕੇ ਜਿਹੇ ਪਰ੍ਹਾਂ ਕਰ ਦਿੱਤਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਅਜਿਹੀ ਬੇਲੱਜ ਔਰਤ ਨੂੰ ਕੀ ਕਹੇ? ਜਿਸ ਨੇ ਸਾਰੀ ਸ਼ਰਮ-ਹਯਾ, ਲੋਕ-ਲਾਜ, ਰਿਸ਼ਤੇ-ਨਾਤੇ ਸਿਰਫ਼ ਇਕ ਕਾਮ ਦੀ ਪੂਰਤੀ ਲਈ ਵਗਾਹ ਮਾਰੇ ਸਨ। ਉਸ ਕਾਲੇ ਮੂੰਹ ਵਾਲੀ ਔਰਤ ਨੂੰ ਬੰਦਾ ਕਹੇ ਤਾਂ, ਕੀ ਕਹੇ?

ਪ੍ਰੀਤ ਅੱਗੇ ਇਕ ਪਰਬਤ-ਔਕੜ ਆ ਖੜ੍ਹੀ ਹੋਈ। ਮਾਮੇ ਜੋਗਿੰਦਰ ਸਿੰਘ ਨੂੰ ਕੀ ਮੂੰਹ ਦਿਖਾਏਗਾ? ਉਸ ਦੇ ਮੱਥੇ ਕਿਵੇਂ ਲੱਗੇਗਾ? ਜਦ ਮਾਮੇ ਨੂੰ ਪਤਾ ਲੱਗੇਗਾ, ਉਹ ਮੇਰੇ ਮੂੰਹ ਨਾਲ ਕੀ ਕਰੇਗਾ? ਪਰ ਮੈਂ ਕਿਹੜਾ ਜਾਣ-ਬੁੱਝ ਕੇ ਇਹ ਕੁਕਰਮ ਕੀਤਾ ਹੈ? ਕਮਜ਼ਾਤ, ਬੇਈਮਾਨ, ਇਹ ਤੀਵੀਂ ਹੀ ਜਦ ਮੇਰੇ ਦੀਨ-ਈਮਾਨ ਨਾਲ ਖੇਡ-ਖਿਲਵਾੜ੍ਹ ਕਰ ਗਈ, ਫਿਰ ਮੇਰਾ ਕੀ ਕਸੂਰ? ਰੱਬ ਵੱਲੋਂ ਮੈਂ ਸੱਚਾ-ਸੁੱਚਾ ਹਾਂ! ਪਾਪਾਂ ਦੀ ਭਾਗਣ ਉਹ ਔਰਤ, ਜਿਸ ਦੇ ਮਨ ਵਿਚ ਪਾਪ ਸੀ!

ਜੇ ਮੈਂ ਅੱਜ ਸ਼ਰਾਬ ਨਾ ਪੀਂਦਾ, ਇਹ ਕੰਮ ਹੁੰਦਾ ਹੀ ਨਹੀਂ ਸੀ। ਸੌ ਕੁਕਰਮਾ ਦੀ ਜੜ੍ਹ ਸ਼ਰਾਬ! ਸ਼ਰਾਬ ਦੇ ਨਸ਼ੇ ਵਿਚ ਬੰਦਾ ਵੀਹ ਖ਼ੁਨਾਮੀਆਂ ਕਰਦਾ ਰਹਿੰਦੈ। ਫ਼ੱਕਰ-ਫ਼ਕੀਰਾਂ ਨੇ ਇਸ ਦਾ ਨਾਂ ਐਂਵੇਂ ਨਹੀ 'ਸ਼ਰ-ਆਬ' ਰੱਖਿਆ! ਸ਼ਰਾਰਤ ਦਾ ਪਾਣੀ! ਸੌ ਪੁਆੜਿਆਂ ਦਾ ਕਾਰਨ ਸਿਰਫ਼ ਸ਼ਰਾਬ! ਉਸ ਨੂੰ ਗੁਰਦੁਆਰੇ ਦੇ ਗਰੰਥੀ ਦੇ ਸ਼ਰਾਬ ਪ੍ਰਤੀ ਆਖੇ ਗੁਰਬਾਣੀ ਵਿਚੋਂ ਸ਼ਬਦ ਯਾਦ ਆਏ:

"ਮਾਣਸੁ ਭਰਿਆ ਆਣਿਆ।।
ਮਾਣਸੁ ਭਰਿਆ ਆਇ।।
ਜਿਤੁ ਪੀਤੈ ਮਤਿ ਦੂਰਿ ਹੋਇ।।
ਬਰਲੁ ਪਵੈ ਵਿਚਿ ਆਇ।।
ਆਪਣਾ ਪਰਾਇਆ ਨ ਪਛਾਣਈ।।
ਖਸਮਹੁ ਧਕੇ ਖਾਇ।। (554)

ਸਾਰੇ ਕੁਕਰਮਾਂ ਦਾ ਰੋਗ ਸ਼ਰਾਬ! ਜਿਹੜੀ ਆਪਣੇ ਅਤੇ ਪਰਾਏ ਦੀ ਪਹਿਚਾਣ ਵੀ ਨਹੀਂ ਰਹਿਣ ਦਿੰਦੀ।

ਉਹ ਅਜ਼ੀਬ ਜਿਹੀ ਉਧੇੜਬੁਣ ਵਿਚ ਰੁੜ੍ਹਿਆ ਜਾ ਰਿਹਾ ਸੀ। ਉਸ ਦੇ ਦਿਮਾਗ ਦੀਆਂ ਨਾੜਾਂ 'ਟੱਸ-ਟੱਸ' ਕਰੀ ਜਾ ਰਹੀਆਂ ਸਨ ਅਤੇ ਲੱਤਾਂ 'ਥਰਨ-ਥਰਨ' ਕੰਬੀ ਜਾ ਰਹੀਆਂ ਸਨ।

ਉਸ ਦੀ ਸੋਚ ਦੀ ਤੰਦ ਉਦੋਂ ਟੁੱਟੀ ਜਦੋਂ ਮਾਮੀ ਨੇ ਬੱਤੀ ਜਗਾਈ। ਉਸ ਨੂੰ ਇੰਜ ਮਹਿਸੂਸ ਹੋਇਆ

ਹੋਇਆ  ਜਿਵੇਂ ਉਹ ਸਾਰੇ ਜੱਗ-ਜਹਾਨ ਅੱਗੇ ਨਿਰਵਸਤਰ ਖੜ੍ਹਾ ਸੀ। ਉਸ ਦੀਆਂ ਅੱਖਾਂ ਉਪਰ ਨਹੀਂ ਹੋ ਰਹੀਆਂ ਸਨ। ਜਿਵੇਂ ਉਹ ਧਰਤੀ ਵਿਚ ਹੀ ਗਰਕ ਹੁੰਦਾ ਜਾ ਰਿਹਾ ਸੀ।

-''ਜਿਹੜਾ ਤੀਮੀ ਆਦਮੀ 'ਚ ਪਰਦਾ ਹੁੰਦੈ ਪ੍ਰੀਤ! ਉਹ ਆਪਾਂ ਪਾਸੇ ਕਰ ਹੀ ਦਿੱਤੈ-ਹੁਣ ਦੱਸ ਆਪਣਾ ਕੀ ਓਹਲਾ ਰਹਿ ਗਿਆ?'' ਉਹ ਕੰਬਲ ਹੇਠ ਬਿਲਕੁਲ ਨਗਨ ਪਈ ਸੀ। ਪਰਦਾ ਲਾਹੀ ਹੋਈ ਮੱਕੀ ਦੀ ਛੱਲੀ ਵਰਗੀ!

-''ਮਾਮੀ ਜੀ! ਜਿਹੜਾ ਕੁਝ ਅੱਜ ਹੋ ਗਿਆ-ਨਿਰਾ ਹੀ ਅਨਰਥ ਹੋਇਐ-ਚਾਹੇ ਇਹ ਮੇਰੀ ਰਜ਼ਾਮੰਦੀ ਨਾਲ ਨਹੀਂ ਹੋਇਆ-ਪਰ ਫਿਰ ਵੀ ਹੋਇਆ ਪਾਪ-ਇਹ ਕਿਹੜੇ ਜੁੱਗਾਂ ਜੁਗੰਤਰਾਂ ਵਿਚ ਲਾਹਾਂਗੇ?''

-''ਪ੍ਰੀਤ! ਪੁੰਨ ਸਿਰਫ਼ ਰੱਬ ਦਾ ਨਾਂ ਐਂ-।'' ਸਰਬਜੀਤ ਕੌਰ ਨੇ ਪ੍ਰੀਤ ਦੀ ਗੱਲ ਵਿਚੋਂ ਹੀ ਕੱਟ ਕੇ ਆਖਿਆ।

-''ਸਿਰਫ਼ ਰੱਬ ਦਾ ਹੀ ਨਾਂ---!''

-''-----।''

-''ਮੇਰੇ ਆਉਣ ਤੋਂ ਪਹਿਲਾਂ ਤੇਰੇ ਮਾਮੇ ਦੀ ਇਕ ਮੇਮ ਰੱਖੀ ਹੋਈ ਸੀ-ਮੇਮ ਕੋਲੇ ਇਹਦਾ ਇਕ ਮੁੰਡਾ ਵੀ ਐ-ਤਕਰੀਬਨ ਗਿਆਰਾਂ ਸਾਲ ਦਾ-ਇਹ ਅਜੇ ਵੀ ਮੁੰਡੇ ਦੇ ਬਹਾਨੇ ਉਸ ਕੁੱਤੀ ਨੂੰ ਮਿਲਣ ਜਾਂਦੈ-ਤੇ ਮੈਂ ਜੁਆਕ ਨੂੰ ਤਰਸਦੀ ਫਿਰਦੀ ਆਂ।''

-''ਪਰ ਮਾਮੀ ਜੀ! ਇਸ ਮਾਮਲੇ ਵਿਚ ਮੈਨੂੰ ਬਲੀ ਦਾ ਬੱਕਰਾ ਕਿਉਂ ਬਣਾਇਆ? ਮੇਰਾ ਕਸੂਰ ਕੀ ਸੀ?'' ਪ੍ਰੀਤ ਇਕ ਬੱਜਰ-ਬੋਝ ਹੇਠ ਦੱਬੀਦਾ ਜਾ ਰਿਹਾ ਸੀ।

-''-----।'' ਮਾਮੀ ਨਿਰੁੱਤਰ ਹੋ ਗਈ। ਉਹ ਕਹਿਣਾ ਚਾਹੁੰਦੀ ਸੀ ਕਿ ਤੇਰਾ ਕਸੂਰ ਇਹ ਸੀ, ਕਿ ਤੂੰ ਜੁਆਨ ਸੀ! ਤਕਰੀਬਨ ਮੇਰਾ ਹਾਣੀ!!

ਮਾਮੀ ਸਰਬਜੀਤ ਨੂੰ ਚੁੱਪ ਦੇਖ ਕੇ ਪ੍ਰੀਤ ਨੇ ਅੱਗੋਂ ਸ਼ੁਰੂਆਤ ਕੀਤੀ।

-''ਮਾਮੀ ਜੀ---!''

-''ਹਾਂ ਜੀ---?''

-''ਹੁਣ ਮੇਰੀ ਇਕੋ ਇਕ ਬੇਨਤੀ ਹੈ।''

-''ਬੋਲ----?''

-''ਜਿਹੜੀ ਵਾਰਦਾਤ ਹੋ ਚੁੱਕੀ ਐ-ਉਸ ਦਾ ਮਾਮਾ ਜੀ ਤੱਕ ਤਾਂ ਕੀ? ਕਿਸੇ ਹੋਰ ਤੱਕ ਵੀ ਭਿਣਕ ਨਾ ਪੁੱਜੇ।''

-''ਇਕ ਸ਼ਰਤ 'ਤੇ!'' ਮਾਮੀ ਕੰਬਲ ਹੇਠੋਂ 'ਡਲੀ' ਵਾਂਗ ਉਠ ਕੇ ਨਿਧੜਕ ਉਸ ਦੇ ਸਾਹਮਣੇਂ ਖੜ੍ਹ ਗਈ। ਬਿਲਕੁਲ ਨਿਰਵਸਤਰ! ਨਿਰਲੱਜ!! ਉਸ ਨੇ ਉਂਗਲ ਤੀਰ ਵਾਂਗ ਖੜ੍ਹੀ ਕੀਤੀ ਹੋਈ ਸੀ।

-''ਬੋਲੋ--?'' ਪ੍ਰੀਤ ਇਸ ਰਾਜ਼ ਨੂੰ ਦਫ਼ਨ ਕਰਨ ਲਈ, ਹਰ ਸ਼ਰਤ ਮੰਨਣ ਲਈ ਤਿਆਰ ਸੀ।

-''ਜਾਂ ਤਾਂ ਮੇਰੀ ਭੈਣ ਲਾਡੀ ਦਾ ਰਿਸ਼ਤਾ ਲੈ ਲਾ-।''

-''ਤੇ ਜਾਂ---?'' ਪ੍ਰੀਤ ਕਾਹਲਾ ਪਿਆ ਹੋਇਆ ਸੀ।

-''ਤੇ ਜਾਂ ਮੇਰੀਆਂ ਰਾਤਾਂ ਇਉਂ ਈ ਨਿੱਘੀਆਂ ਕਰਨੀਆਂ ਪੈਣਗੀਆਂ।'' ਉਸ ਨੇ ਪ੍ਰੀਤ ਨੂੰ ਗਲਵਕੜੀ ਪਾ ਲਈ। ਪ੍ਰੀਤ ਦਾ ਦਿਲ ਫੜੇ ਕਬੂਤਰ ਵਾਂਗ 'ਫ਼ੜੱਕ-ਫ਼ੜੱਕ' ਵੱਜੀ ਜਾ ਰਿਹਾ ਸੀ। ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਉਸ ਨੂੰ ਮਾਮੀ ਨੇ ਨਹੀਂ, ਕਿਸੇ 'ਦਿਉ' ਨੇ ਜੱਫ਼ਾ ਮਾਰਿਆ ਹੋਇਆ ਸੀ। ਉਸ ਨੂੰ ਪੁਰਾਣੀ ਕਹਾਵਤ ਯਾਦ ਆਈ: ਹੱਥ ਭੂਰਾ ਦੇਖ ਪਾਇਆ ਤੇ ਭੂਰਾ ਭਾਲੂ ਬਣ ਬੈਠਾ, ਪਾਈਆਂ ਘੁੱਟ ਜੱਫ਼ੀਆਂ!

ਉਸ ਨੂੰ ਮਾਮੀ ਕੋਲੋਂ ਭੈਅ ਆਇਆ।

-''ਤੇ ਨਹੀਂ ਫੇਰ ਤੁਸੀਂ ਕੀ ਕਰੋਂਗੇ?'' ਉਸ ਨੇ ਤਸਵੀਰ ਦਾ ਇਕੋ ਪਾਸਾ ਹੀ ਦੇਖਣਾ ਚਾਹਿਆ ਤਾਂ ਮਾਮੀ ਹੱਸ ਪਈ। ਪ੍ਰੀਤ ਨੂੰ ਇੰਜ ਮਹਿਸੂਸ ਹੋਇਆ ਕਿ ਮਾਮੀ ਨਹੀਂ ਕੋਈ 'ਕਚੀਲ੍ਹ', ਕੋਈ ਚੜੇਲ ਹੱਸੀ ਸੀ।

-''ਪ੍ਰੀਤ! ਜਦੋਂ ਤੀਮੀਂ ਪਰਦੇ ਲਾਹ ਮਾਰਦੀ ਐ ਨਾ? ਤਾਂ ਫੇਰ ਲੰਡੇ ਲਾਟ ਦੀ ਪ੍ਰਵਾਹ ਨਹੀਂ ਕਰਦੀ-ਘੁੰਡ ਹੇਠ ਸੌ ਸ਼ਰਮਾਂ-ਪਰ ਜਦੋਂ ਘੁੰਡ ਈ ਚੁੱਕ ਦਿੱਤਾ ਤਾਂ ਛੜਾ ਜੇਠ ਵੀ ਕੱਖ ਮਾਹਨਾ ਨਹੀਂ ਰੱਖਦਾ।''

-''-----।'' ਪ੍ਰੀਤ ਅਵਾਕ ਰਹਿ ਗਿਆ। ਸੜੇ ਖੰਭਾਂ ਵਾਲੇ ਪੰਛੀ ਵਾਂਗ ਬੇਵੱਸ!

-"ਤੇਰਾ ਮਾਮਾ ਮੈਥੋਂ ਪੂਰੇ ਪੰਦਰਾਂ ਸਾਲ ਵੱਡਾ ਐ-ਮੇਰੇ ਮਾਪਿਆਂ ਨੇ ਤਾਂ ਬਾਹਰਲਾ ਪ੍ਰਾਹੁਣਾ ਦੇਖ ਕੇ ਲਾਲਚ ਨੂੰ ਵਿਆਹ ਦਿੱਤੀ-ਪਰ ਤੇਰੇ ਮਾਮੇ ਨੇ ਕੀ ਸੋਚਿਆ?"

-"-----।" ਪ੍ਰੀਤ ਚੁੱਪ ਸੀ।

-"ਤੀਮੀਂ ਨੂੰ ਪੈਸੇ ਅਤੇ ਅਰਾਮ ਐਸ਼ ਦੇ ਨਾਲ-ਨਾਲ ਸਰੀਰਕ ਤ੍ਰਿਪਤੀ ਵੀ ਚਾਹੀਦੀ ਐ-ਆਪਦੇ ਸੱਤੂ ਤਾਂ ਇਹ ਮੇਮਾਂ 'ਤੇ ਮੁਕਾਈ ਬੈਠੈ-ਤੇ ਹੁਣ ਮੈਨੂੰ ਕੀ ਦਿਊ?"

-"-----।"

-"ਮੈਂ ਹੁਣ ਤੀਹਾਂ ਵਰ੍ਹਿਆਂ ਦੀ ਆਂ ਪ੍ਰੀਤ! ਤੇ ਇਹ ਹੋਇਆ ਵਿਐ ਪੰਤਾਲੀਆਂ ਦਾ-ਹੈ ਸਾਡਾ ਕੋਈ ਮੇਲ?"

-"-----।"

-"ਇਹਨੂੰ ਤਾਂ ਮੇਰਾ ਸ਼ੁਕਰਗੁਜ਼ਾਰ ਹੋਣਾ ਚਾਹੀਦੈ-ਜਿਹੜੀ ਮੈਂ ਕੰਧਾਂ ਕੋਠੇ ਨਹੀਂ ਟੱਪੀ-ਆਪਦੇ ਆਪ ਵਿਚ ਸੜਦੀ ਬਲਦੀ ਰਹੀ ਆਂ-ਪਰ ਇਹਦੀ ਇੱਜ਼ਤ ਸਾਂਭ-ਸਾਂਭ ਕੇ ਰੱਖੀ-ਕਿਸੇ ਗੱਲੋਂ ਕਾਣਾ ਨਹੀਂ ਹੋਣ ਦਿੱਤਾ-ਨਹੀਂ ਤੀਮੀਂ ਨੇ ਖੇਹ ਖਾਣੀ ਹੋਵੇ ਤਾਂ ਬਥੇਰੇ ਕੁੱਤੇ ਬਿੱਲੇ ਫਿਰਦੇ ਐ।"

-"-----।" ਪ੍ਰੀਤ ਇਕ ਫ਼ੌਲਾਦੀ ਚੁੱਪ ਸਾਧੀ ਖੜ੍ਹਾ ਸੀ। ਉਸ ਦੀ ਮਾਮੀ ਕੋਈ ਝੂਠ ਗੱਲ ਵੀ ਨਹੀਂ ਕਹਿ ਰਹੀ ਸੀ। ਮਾਮੀ ਸਰਬਜੀਤ ਇਕ ਆਪਹੁਦਰੇ, ਇਕ ਮਤਲਬ-ਪ੍ਰਸਤ ਜ਼ਮਾਨੇਂ ਦਾ ਸੱਚ, ਨਗਨ ਹੋਇਆ ਸਾਹਮਣੇ ਖੜ੍ਹਾ ਸੀ।

-"ਹੁਣ ਤੂੰ ਹੀ ਦੱਸ ਪ੍ਰੀਤ! ਮੈਂ ਕਿੰਨੀ ਕੁ ਝੂਠੀ ਅਤੇ ਕਿੰਨੀ ਕੁ ਸੱਚੀ ਹਾਂ? ਕਿੰਨੀ ਕੁ ਖੁਸ਼ ਤੇ ਕਿੰਨੀ ਕੁ ਦੁਖੀ ਐਂ?"

-"-----।"

-"ਤੇਰੇ ਨਾਲ ਕਾਮ-ਭੁੱਖ ਪੂਰੀ ਕਰ ਲਈ-ਤੇਰੀਆਂ ਨਜ਼ਰਾਂ ਵਿਚ ਗੁਨਾਂਹਗਾਰ ਬਣ ਗਈ-ਪਰ ਸਮਾਜ਼ ਤੇਰੇ ਮਾਮੇ ਜਾਂ ਮੇਰੇ ਮਾਂ-ਪਿਉ ਦੇ ਮੂੰਹ ਛਿੱਤਰ ਕਿਉਂ ਨਹੀਂ ਦਿੰਦਾ? ਜਿਹਨਾਂ ਨੇ ਪੰਦਰਾਂ ਸਾਲ ਦੀ ਉਮਰ ਦਾ ਫ਼ਰਕ ਵੀ ਨਹੀਂ ਗੌਲਿਆ?"

-"ਪਰ ਮਾਮੀ ਜੀ! ਆਪਣੇ ਮਾਂ ਬਾਪ ਦਾ ਜਾਂ ਮਾਮਾ ਜੀ ਦਾ ਬਦਲਾ ਮੈਥੋਂ ਕਿਉਂ ਲੈਂਦੇ ਹੋ?" ਉਸ ਨੇ ਆਖਰੀ ਦੁਹਾਈ ਦਿੱਤੀ।

-"ਬਦਲਾ ਤੈਥੋਂ ਮੈਂ ਬਿਲਕੁਲ ਨਹੀਂ ਲੈਂਦੀ ਪ੍ਰੀਤ! ਜੇ ਇਕ ਭੁੱਖਾ ਇਨਸਾਨ ਕਿਸੇ ਦੀ ਰੋਟੀ ਚੁੱਕ ਕੇ ਖਾ ਲਵੇ-ਉਸ ਨੂੰ ਐਡੀ ਚੋਰੀ ਨਹੀਂ ਮੰਨਿਆ ਜਾਂਦਾ-ਜਿੰਨਾ ਕਿਸੇ ਦੇ ਘਰੇ ਪਾੜ ਲਾਉਣ ਨੂੰ ਮੰਨਿਆ ਜਾਂਦੈ-ਤੂੰ ਵਿਆਹਿਆ ਵਰਿਆ ਨਹੀਂ-ਕਿਸੇ ਦੀ ਅਮਾਨਤ ਨਹੀਂ-ਇਸ ਕਰਕੇ ਮੈਂ ਕਿਸੇ ਦੇ ਘਰੇ ਪਾੜ ਨਹੀਂ ਲਾਇਆ-ਸਿਰਫ਼ ਆਪਣੀ ਭੁੱਖ ਮਿਟਾਉਣ ਲਈ ਇਕ ਤਰ੍ਹਾਂ ਨਾਲ ਰੋਟੀ ਹੀ ਚੁੱਕ ਕੇ ਖਾਧੀ ਐ।"

-"-----।" ਪ੍ਰੀਤ ਨਿੱਸਲ ਹੋ ਗਿਆ।

-"ਬੱਸ! ਹੁਣ ਤੂੰ ਇਹਨੂੰ ਧਮਕੀ ਸਮਝ ਲੈ-ਸਮਝੌਤਾ ਸਮਝ ਲੈ-ਮੇਰੀ ਬੇਨਤੀ ਸਮਝ ਲੈ ਤੇ ਚਾਹੇ ਮੇਰੀ ਮਜ਼ਬੂਰੀ ਸਮਝ ਲੈ।"

-"-----।"

-"ਤੇਰੇ ਮੇਰੇ ਅੰਦਰ ਜਾਂ ਤੇਰੇ ਮੇਰੇ ਵਿਚ ਜੋ ਸ਼ਰਮ ਹਯਾ ਦੀ ਕੰਧ ਸੀ-ਉਹ ਹਟ ਗਈ ਐ-ਸੱਚਾਈ ਤੂੰ ਸੁਣ ਈ ਲਈ ਐ-ਪਾਪ ਇਕ ਵਾਰੀ ਕਰ ਲਿਆ-ਚਾਹੇ ਸੌ ਵਾਰੀ ਕਰ ਲਿਆ-ਇਕ ਬਰਾਬਰ ਐ-ਡਾਕਟਰ ਕਿਸੇ ਦੀ ਜਾਨ ਬਚਾਉਣ ਲਈ ਚੀਰ-ਫ਼ਾੜ ਕਰੇ, ਪਾਪ ਨਹੀਂ! ਬੰਦਾ ਤਾਂ ਇਕ ਵਾਰੀ ਨਹਾ ਲਿਆ ਦੁੱਧ ਧੋਤਾ ਬਣ ਜਾਂਦੈ-ਕਿਸੇ ਦੀ ਭੜ੍ਹਕੀ ਕਾਮ-ਵਾਸ਼ਨਾ ਦੀ ਸਰੀਰਕ ਤ੍ਰਿਪਤੀ ਕਰਨੀ ਸੌ ਪੁੰਨ ਵਰਗਾ ਇਕ ਪਾਪ ਐ ਪ੍ਰੀਤ!"

-"-----।"

-"ਇਹ ਕੋਈ ਧਮਕੀ ਜਾਂ ਡਰਾਵਾ ਨਹੀਂ ਪ੍ਰੀਤ! ਤੇਰੇ ਮੇਰੇ ਸੰਨ੍ਹ ਇਕ ਚੁੱਪ ਸਮਝੌਤਾ ਐ-ਸਿਰਫ਼ ਇਕ ਚੁੱਪ ਸਮਝੌਤਾ---!" ਉਸ ਨੇ ਪ੍ਰੀਤ ਨੂੰ ਫਿਰ ਬੈੱਡ 'ਤੇ ਸੁੱਟ ਲਿਆ। ਗਿੱਦੜ ਦੇ ਮੱਕੀ ਦੇ ਦੋਧੇ ਤੋਂ ਛਿੱਲੜ ਲਾਹੁੰਣ ਵਾਂਗ, ਉਸ ਦੇ ਸਾਰੇ ਕੱਪੜੇ ਲਾਹ ਮਾਰੇ। ਜਿਵੇਂ ਬਾਂਦਰ ਕੇਲਾ ਛਿੱਲ ਕੇ ਛਿੱਲੜ ਪਰ੍ਹੇ ਮਾਰਦੈ, ਇੰਜ ਪਰ੍ਹੇ ਵਗਾਹ ਦਿੱਤੇ।

ਪ੍ਰੀਤ ਪੱਥਰ ਵਾਂਗ ਚੁੱਪ ਸੀ।

ਕਸੂਤਾ ਫ਼ਸਿਆ ਹੋਇਆ ਸੀ।

ਉਸ ਨੇ ਆਪਣੀ ਜ਼ਮੀਰ ਦੀ ਅਵਾਜ਼ ਕਸੀਸ ਵੱਟ ਕੇ ਘੁੱਟੀ ਹੋਈ ਸੀ। ਚੜ੍ਹਦੀ ਜਵਾਨੀ ਵਾਲੇ ਸਰੀਰ ਨੂੰ ਮਾਮੀ ਸਾਰੀ ਰਾਤ ਬੇਕਿਰਕੀ ਨਾਲ ਹਲਾਲ, ਜ਼ਿਬਾਹ ਕਰਦੀ ਰਹੀ ਸੀ। ਉਹ ਸਾਰੀ ਰਾਤ ਜਾੜ੍ਹ ਘੁੱਟੀ ਛੱਤ ਵੱਲ ਹੀ ਦੇਖਦਾ ਰਿਹਾ ਸੀ।

ਹੱਡਾਂਰੋੜੀ ਦੇ ਕੁੱਤੇ ਦੇ ਹੱਡ ਚੂੰਡਣ ਵਾਂਗ, ਮਾਮੀ ਨੇ ਉਸ ਨੂੰ ਥਾਂ-ਥਾਂ ਤੋਂ ਚੂੰਡ ਧਰਿਆ ਸੀ।

ਪ੍ਰੀਤ ਦਾ ਸਰੀਰ ਨਿਰਬਲ ਹੋਇਆ ਪਿਆ ਸੀ। ਉਠਣ ਦੀ ਹਿੰਮਤ ਨਹੀਂ ਸੀ। ਸਾਰਾ ਸਾਹ-ਸਤ ਨਿਕਲ ਗਿਆ ਸੀ।

ਸਵੇਰ ਹੋਈ ਤਾਂ ਮਾਮੀ 'ਟਪੂੰ-ਟਪੂੰ' ਕਰਦੀ ਫਿਰਦੀ ਸੀ। ਪੂਰੀ ਖੁਸ਼। ਪਰ ਪ੍ਰੀਤ, ਕੀੜਿਆਂ ਵਾਲੇ ਕੁੱਤੇ ਵਾਂਗ ਪਿਆ ਸੀ।

ਮਾਮੀ ਨੇ ਉਸ ਨੂੰ ਅੰਡੇ ਅਤੇ ਦੁੱਧ ਉਬਾਲ ਕੇ ਦਿੱਤਾ। ਟੋਸਟ-ਬਰੈੱਡ ਗਰਮ ਕਰਕੇ ਦਿੱਤੀ।

ਪਰ ਪ੍ਰੀਤ ਦੀ ਕਿਸੇ ਵੀ ਚੀਜ਼ ਨੂੰ ਵੱਢੀ ਰੂਹ ਨਹੀਂ ਕਰਦੀ ਸੀ। ਉਸ ਦਾ ਦਿਲ ਧਾਹਾਂ ਮਾਰਨ ਨੂੰ ਕਰਦਾ ਸੀ। ਪਰ ਉਹ ਚੁੱਪ ਸੀ। ਬਿਲਕੁਲ ਖ਼ਮੋਸ਼! ਕਿਸੇ ਸਰਾਪੇ ਚੇਲੇ ਵਾਂਗ ਅਵਾਕ!

ਆਸਰਾ ਦੇ ਕੇ ਮਾਮੀ ਨੇ ਉਸ ਨੂੰ ਬੈੱਡ ਤੋਂ ਉਠਾਇਆ। ਮੌਲੇ ਬਲਦ ਨੂੰ ਪੂਛੋਂ ਫੜ ਕੇ ਉਠਾਉਣ ਵਾਂਗ। ਉਸ ਦਾ ਸਾਰਾ ਸਰੀਰ ਚਸਕਾਂ ਮਾਰ ਰਿਹਾ ਸੀ। ਜਿਵੇਂ ਉਸ ਦਾ ਸਰੀਰ ਕੋਹਲੂ ਵਿਚ ਪੀੜਿਆ ਗਿਆ ਸੀ। ਪੇਂਜੇ ਵਿਚ ਦਿੱਤਾ ਗਿਆ ਸੀ।

ਉਸ ਨੇ ਇਕ ਅੰਡਾ ਅਤੇ ਇਕ ਟੋਸਟ ਖਾ ਲਿਆ। ਅੱਧਾ ਕੁ ਗਿਲਾਸ ਦੁੱਧ ਦਾ ਪੀ ਲਿਆ। ਸਰੀਰ ਨੇ ਕੁਝ ਕੁ ਬਲ ਫੜਿਆ।

ਮਾਮੀ ਨਹਾਉਣ ਚਲੀ ਗਈ।

ਪ੍ਰੀਤ ਸੋਚੀਂ ਪੈ ਗਿਆ।

ਇਹ ਕੰਮ ਇੰਜ ਕਿਤਨਾ ਕੁ ਚਿਰ ਚੱਲੇਗਾ? ਉਸ ਨੂੰ ਅਹਿਸਾਸ ਹੋ ਰਿਹਾ ਸੀ ਜਿਵੇਂ ਉਹ ਕਿਸੇ ਨਿਰਦਈ ਦੈਂਤ ਦੇ ਜੰਗਲ-ਰਾਜ ਵਿਚ ਆ ਫ਼ਸਿਆ ਸੀ। ਔਰਤਾਂ ਨਾਲ ਤਾਂ ਜ਼ਬਰ-ਜਨਾਂਹ ਸੁਣਿਆਂ ਸੀ, ਪਰ ਇਹ ਜ਼ਿਆਦਤੀ ਮਰਦ ਤਾਂ ਨਾਲ ਵੀ---? ਰੱਬਾ ਮੇਰਿਆ! ਕਸੂਰ ਤਾਂ ਕੋਈ ਕੀਤਾ ਨਹੀਂ, ਫਿਰ ਐਡੀ ਵੱਡੀ ਸਜ਼ਾ? ਕੀ ਕਰਾਂ? ਵਾਪਿਸ ਇੰਡੀਆ ਮੁੜ ਜਾਵਾਂ? ਪਰ ਮਾਮਾ ਅਤੇ ਬੇਬੇ 'ਕਾਰਨ' ਪੁੱਛਣਗੇ, ਕੀ ਦੱਸੇਂਗਾ? ਇਹ ਹੀ ਕਿ ਮਰਦ-ਪ੍ਰਧਾਨ ਸਮਾਜ਼ ਦੀ ਸਤਾਈ ਹੋਈ ਇਕ ਔਰਤ ਛਾਂਟਾ ਲੈ ਕੇ ਮੇਰੇ ਦੁਆਲੇ ਹੋ ਗਈ? ਇੰਡੀਆ ਵਾਪਿਸ ਜਾਣ ਨਾਲ ਇਹ ਕਲੰਕ ਧੋਤਾ ਨਹੀਂ ਜਾਣਾ! ਦਿਲ ਦਾ ਬੋਝ ਕਿਤੇ ਸੁੱਟਿਆ ਨਹੀਂ ਜਾਣਾ! ਇਹ ਤਾਂ 'ਅਮਰ-ਵੇਲ' ਵਾਂਗ ਤੇਰੇ ਉਪਰ ਹੀ ਛਾਇਆ ਰਹੂ!

ਸਮਾਜ਼ ਤੋਂ ਭੱਜ ਕੇ ਜਾਵੇਂਗਾ ਕਿੱਥੇ? ਇਹ ਦੁਨੀਆਂ ਬਹੁਤ ਹੀ ਛੋਟੀ ਹੈ! ਅਤੇ ਕਲੰਕਿਤ ਸਮਾਜ਼ ਦਾ ਪਾਸਾਰ ਹਰ ਥਾਂ, ਕੋਹੜ ਵਾਂਗ ਪਸਰਿਆ ਹੋਇਆ ਹੈ! ਜਿੱਥੇ ਵੀ ਜਾਵੇਂਗਾ ਖ਼ੂਨ ਦੇ ਸੋਹਿਲੇ ਹੀ ਸੁਣਨ ਨੂੰ ਮਿਲਣਗੇ! ਦੜ ਵੱਟ ਕੇ ਜ਼ਮਾਨਾ ਕੱਟ ਲੈ! ਕਦੇ ਤਾਂ ਭਲੇ ਦਿਨ ਆਉਣਗੇ ਹੀ! ਜਿੰਨਾਂ ਸਮਾਜ ਤੋਂ ਭੱਜੇਂਗਾ, ਉਤਨਾ ਹੀ ਡਰਾਵੇਗਾ!

-''ਰੱਬਾ ਮੇਰਿਆ! ਮੈਨੂੰ ਬਖਸ਼ ਹੀ ਲੈ!! ਮੈਂ ਨਿਰਦੋਸ਼ ਹਾਂ---!!!'' ਉਸ ਦੇ ਮੂੰਹੋਂ ਅਚਨਚੇਤ ਹੀ ਨਿਕਲਿਆ। ਉਸ ਦੀ ਸੁਰਤ ਪਰਤੀ।

ਮਾਮੀ ਅੰਦਰ ਨਹਾ ਰਹੀ ਸੀ।

ਪਾਣੀ ਦਾ ਖੜਕਾ ਬਾਹਰ ਤੱਕ ਸੁਣ ਰਿਹਾ ਸੀ। ਪ੍ਰੀਤ ਨੇ ਸ਼ੁਕਰ ਮਨਾਇਆ ਕਿ ਕਿਸੇ ਨੇ ਸੁਣਿਆਂ ਨਹੀਂ ਸੀ। ਉਹ ਨਾਸ਼ਤੇ ਵਾਲੇ ਮੇਜ਼ 'ਤੇ ਮੁੜ੍ਹਕੋ-ਮੁੜ੍ਹਕੀ ਹੋਇਆ ਬੈਠਾ ਸੀ। ਘੋਰ ਉਦਾਸ!

ਉਸ ਨੇ ਉਠ ਕੇ ਮੂੰਹ 'ਤੇ ਛਿੱਟੇ ਮਾਰੇ।

ਮਾਮੀ ਨਹਾ ਕੇ ਬਾਹਰ ਆ ਗਈ।

ਉਸ ਦਾ ਮੂੰਹ ਤਰੇਲ ਧੋਤੇ ਫੁੱਲ ਵਰਗਾ ਸੀ। ਕੱਤੇ ਦੀ ਸਵੇਰ ਵਾਂਗ ਉਹ ਤਾਜ਼ੀ-ਤਾਜ਼ੀ ਲੱਗਦੀ ਸੀ। ਗੇਂਦੇ

ਦੇ ਫੁੱਲ ਵਾਂਗ ਖਿੜੀ ਹੋਈ। ਹਲਕੀ ਫੁੱਲ।

-"ਪ੍ਰੀਤ---!"

-"ਹਾਂ ਜੀ---?"

-"ਨਹਾ ਲੈ!"

-"ਮਾਮੀ ਜੀ---!"

-"ਹਾਂ ਜੀ---?" ਉਹ ਉਸ ਦੇ ਸਾਹਮਣੇ ਤਸਵੀਰ ਵਾਂਗ ਖੜ੍ਹ ਗਈ।

-"ਮੈਨੂੰ ਇਕ ਪੈੱਗ ਦਿਓ।" ਉਸ ਨੇ ਇਕ ਪਾਸੇ ਮੂੰਹ ਘੁਮਾਉਂਦਿਆਂ ਕਿਹਾ।

-"ਕਿਉਂ-ਸ਼ਰਮ ਲੱਗਦੀ ਐ?"

-"-----।" ਪ੍ਰੀਤ ਚੁੱਪ ਰਿਹਾ।

-"ਅਜੇ ਤਾਂ ਸਾਙਰਾ ਐ?"

-"ਕੁਛ ਨਹੀਂ ਹੁੰਦਾ।"

-"ਦੁੱਧ ਪੀ ਕੇ ਹਟਿਐਂ-ਥੋੜਾ ਅੜਕ ਲੈ-ਨਹਾ ਕੇ ਲਾ ਲਵੀਂ-ਨਹੀਂ ਤੰਗ ਹੋਵੇਂਗਾ-ਮੈਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ।"

ਉਹ ਨਹਾਉਣ ਚਲਾ ਗਿਆ।

## ਕਾਂਡ 2

ਪੂਰੀਆਂ ਤਿੰਨ ਰਾਤਾਂ ਪ੍ਰੀਤ ਨਾਲ ਇਹੀ ਵਿਹਾਰ ਹੁੰਦਾ ਰਿਹਾ।

ਕਦੇ ਮਾਮੀ ਦਿਨੇਂ ਵੀ ਉਸ ਨੂੰ ਮਰੇ ਕੱਟੇ ਵਾਂਗ ਧੂਹ ਕੇ ਬੈੱਡ-ਰੂਮ ਵਿਚ ਲੈ ਗਈ ਸੀ। ਪ੍ਰੀਤ ਦਾਰੂ ਨਾਲ ਕਮਲਾ ਹੋਇਆ, ਹਿੱਕ 'ਤੇ ਪੱਥਰ ਧਰ ਕੇ ਤਮਾਮ ਕੁਕਰਮ ਜਰਦਾ ਰਿਹਾ। ਜਿਵੇਂ ਮਾਮੀ ਸਰਬਜੀਤ ਆਖਦੀ ਰਹੀ, ਉਹ ਕਰਦਾ ਰਿਹਾ। ਉਸ ਨੂੰ ਜਾਪਦਾ ਕਿ ਉਹ ਤਾਂ ਇਕ ਗੁਲਾਮ ਸੀ ਅਤੇ ਮਾਮੀ ਸਰਬਜੀਤ ਉਸ ਦੀ ਖ਼ਰੀਦਦਾਰ! ਇਕ ਤਰ੍ਹਾਂ ਨਾਲ ਮਾਲਕ! ਉਸ ਨੂੰ ਉਸ ਦਾ ਹਰ ਹੁਕਮ ਮੰਨਣਾ ਹੀ ਪੈਣਾ ਸੀ। ਇਹਨਾਂ ਨੇ ਉਸ ਨੂੰ 'ਬਾਹਰ' ਬੁਲਾਇਆ ਸੀ। ਇਹਨਾਂ ਦਾ ਪ੍ਰੀਤ ਉਪਰ ਅਹਿਸਾਨ ਸੀ। ਉਸ ਨੂੰ ਇਸ ਅਹਿਸਾਨ ਦਾ ਬਦਲਾ ਕਿਸੇ ਤਰੀਕੇ ਨਾਲ ਮੋੜਨਾ ਹੀ ਪੈਣਾ ਸੀ। ਆਗਿਆ ਮੰਨਣੀ ਅਤੇ ਹੁਕਮ ਵਜਾਉਣੇ ਹੀ ਪੈਣੇ ਸਨ। ਕਰਜ਼ ਉਤਾਰਨਾ ਹੀ ਪੈਣਾ ਸੀ।

ਤਿੰਨ ਦਿਨ ਅਤੇ ਤਿੰਨ ਰਾਤਾਂ ਵਿਚ ਪ੍ਰੀਤ ਜਿਵੇਂ ਇਸ ਸਭ ਕਾਸੇ ਦਾ ਆਦੀ ਹੋ ਗਿਆ ਸੀ। ਉਹ ਮਾਮੀ ਦਾ ਰੁਕ ਦੇਖ ਕੇ ਸਾਊ ਮੱਝ ਵਾਂਗ ਸਿੱਧਾ-ਸਲੋਟ ਬੈੱਡ ਉਪਰ ਜਾ ਪੈਂਦਾ ਅਤੇ ਮਾਮੀ ਸਰਕਾਰੀ ਸਾਹਣ ਵਾਂਗ ਉਪਰ ਆ ਚੜ੍ਹਦੀ। ਦਿਨ ਨਾ ਰਾਤ ਦੇਖਦੀ, ਬੱਸ! ਜਦੋਂ ਦਿਲ ਕਰਦਾ, ਮੰਗਵੇਂ ਸਾਈਕਲ ਵਾਂਗ ਦਬੱਲ ਲੈਂਦੀ!

ਅੱਧਾ-ਅੱਧਾ ਘੰਟਾ ਉਹ ਵਿਗੜੇ ਗਧੇ ਵਾਂਗ ਉਪਰ ਹੀ ਹਿਣਕਦੀ ਰਹਿੰਦੀ। ਪ੍ਰੀਤ ਦੀਆਂ ਸਿਫ਼ਤਾਂ ਕਰਦੀ। ਕਾਮੁਕ ਲਹਿਰਾਂ ਵਿਚ ਬੇਸੁੱਧ ਹੋਈ ਉਸ ਨੂੰ ਬੋਲ ਕਬੋਲ ਵੀ ਕਰਦੀ। ਪ੍ਰੀਤ ਕੰਨ ਅਤੇ ਅੱਖਾਂ ਮੀਟ ਕੇ ਸੁਣਦਾ ਰਹਿੰਦਾ। ਇਹਨਾਂ ਨੇ ਉਸ ਨੂੰ ਇੱਥੇ ਬੁਲਾਇਆ ਸੀ। ਮਾਮੀ ਦਾ ਇਹ ਕਲਯੁੱਗੀ ਹੱਕ ਸੀ। ਉਸ ਨੂੰ ਅਹਿਸਾਨ ਦਾ ਅਹਿਸਾਨ ਚੁਕਾਉਣਾ ਹੀ ਪੈਣਾ ਸੀ। ਮਾਮੀ ਉਸ ਨੂੰ ਥਾਪੀਆਂ ਦਿੰਦੀ। ਪ੍ਰੀਤ 'ਪੂਰਾ-ਮਰਦ' ਸੀ। ਜਿਸ ਨੇ ਸਰਬਜੀਤ ਦੇ ਜੁੱਗੜਿਆਂ ਦੇ ਦੁੱਖ ਤੋੜ ਦਿੱਤੇ ਸਨ। ਉਸ ਨੂੰ ਕਾਮ ਦੇ ਭੰਵਰ ਵਿਚ ਲੋਟ-ਪੋਟਣੀਆਂ ਖਾਂਦੀ ਨੂੰ ਸਹਾਰਾ ਦਿੱਤਾ ਸੀ। ਕਿਨਾਰਾ ਦਿਖਾਇਆ ਸੀ। ਉਹ ਤਾਂ ਬੁੱਢੇ ਖੰਘਰ, ਘਰਵਾਲੇ ਜੋਗਿੰਦਰ ਸਿੰਘ ਦੇ ਟੰਬਿਆਂ ਵਰਗੇ ਹੱਡਾਂ ਨਾਲ ਹੀ

ਮੱਥਾ ਮਾਰ-ਮਾਰ, ਮੱਥਾ ਭੰਨਦੀ ਰਹੀ ਸੀ। ਸਰੀਰ ਵਿਚ ਚਿੱਬ ਪੈ ਗਏ ਸਨ। ਕੋਮਲ ਅਤੇ ਮਾਲੂਕ ਪ੍ਰੀਤ ਉਸ ਨੂੰ ਰੇਗਿਸਤਾਨ ਵਿਚ ਇਕ ਸੁਆਤੀ-ਬੂੰਦ ਬਣ ਕੇ ਮਿਲਿਆ ਸੀ। ਰੋਹੀ-ਬੀਆਬਾਨ ਦੀ ਕਾਲੀ ਬੋਲੀ ਰਾਤ ਵਿਚ ਭਟਕਦੀ ਲਈ ਇਕ ਆਸਰਾ ਬਣਿਆ ਸੀ। ਉਹ ਸ਼ੁਕਰਾਨੇ ਵਜੋਂ ਪ੍ਰੀਤ ਨੂੰ ਵਾਰ-ਵਾਰ ਗਲਵਕੜੀ ਪਾਉਂਦੀ। ਮੂੰਹ ਚੁੰਮਦੀ ਅਤੇ ਕਦੇ-ਕਦੇ ਵੇਗ ਵਿਚ ਆ ਕੇ ਦੰਦੀਆਂ ਵੀ ਵੱਢਣ ਲੱਗ ਜਾਂਦੀ। ਰਿਣੀਂ ਹੋਈ ਉਸ ਦੇ ਅੱਗੇ ਵਿਛ-ਵਿਛ ਜਾਂਦੀ। ਦੁੱਧ ਅਤੇ ਅੰਡੇ ਥੋਕ ਵਿਚ ਪ੍ਰੀਤ ਦੇ ਅੰਦਰ ਸੁੱਟੀ ਰੱਖਦੀ। ਅਥਾਹ ਸੇਵਾ ਵਿਚ ਜੁਟੀ ਰਹਿੰਦੀ।

ਚੌਥੇ ਦਿਨ ਜਦ ਮਾਮਾ ਜੋਗਿੰਦਰ ਸਿੰਘ ਪਰਤਿਆ ਤਾਂ ਪ੍ਰੀਤ ਨੇ ਕੁਝ ਰਾਹਤ ਮਹਿਸੂਸ ਕੀਤੀ।

ਜੋਗਿੰਦਰ ਸਿੰਘ ਦੀ ਦਾਰੂ ਪੀਤੀ ਹੋਈ ਸੀ। ਉਹ ਨਸ਼ੇ ਵਿਚ ਕੱਚਾ-ਪੱਕਾ ਜਿਹਾ, ਗਧੇ ਵਾਂਗ ਫ਼ਰਾਟੇ ਜਿਹੇ ਮਾਰਦਾ ਸੀ।

-"ਸਰਬਜੀਤ---!" ਉਸ ਨੇ ਅਵਾਜ਼ ਮਾਰੀ। ਅਵਾਜ਼ ਮਾਰਨ 'ਤੇ ਉਸ ਦੀਆਂ ਤ੍ਰਿਸੂਲ ਵਰਗੀਆਂ ਮੁੱਛਾਂ ਨੇ ਡੰਡ-ਬੈਠਕ ਕੱਢੀ ਅਤੇ ਡਰਾਈਵਰ-ਕੱਟ ਕਰੜ-ਬਰੜੀ ਜਿਹੀ ਦਾਹੜ੍ਹੀ ਵਿਚ ਜਿਵੇਂ ਭੂਚਾਲ ਆ ਗਿਆ ਸੀ।

-"ਹਾਂ ਜੀ---?" ਸਰਬਜੀਤ ਹਾਜ਼ਰ ਸੀ।

ਅੱਜ ਉਸ ਨੂੰ ਸਰਬਜੀਤ ਕੁਝ ਬਹੁਤੀ ਹੀ ਚੁਸਤ ਅਤੇ ਫੁਰਤੀਲੀ ਨਜ਼ਰ ਆਈ। ਚਿਹਰੇ 'ਤੇ ਕਿਰੇ ਖ਼ਰਬੂਜੇ ਵਾਂਗ ਤਾਜ਼ਗੀ ਸੀ। ਕੇਸੂ ਬੁੱਲ੍ਹ ਅੱਗੇ ਨਾਲੋਂ ਵੀ ਰੱਤੇ-ਰੱਤੇ ਲੱਗੇ। ਦੋ ਗੁੱਤਾਂ ਕਰਕੇ ਉਸ ਨੇ ਛਾਤੀ 'ਤੇ ਸੁੱਟ ਰੱਖੀਆਂ ਸਨ।

ਸਰਬਜੀਤ ਉਸ ਅੱਗੇ ਗੰਗਾ-ਜਮਨਾ ਦੀ ਧਰਤੀ ਬਣੀ ਖੜ੍ਹੀ ਸੀ। ਸਰਬਜੀਤ ਦਾ ਸਰੀਰ ਜਿਵੇਂ ਪੁਲਾੜ ਵਿਚ ਉਡਾਰੀ ਭਰਨ ਲਈ ਤਿਆਰ ਸੀ। ਗੱਲ੍ਹਾਂ ਉਸ ਦੀਆਂ ਵਿਚੋਂ ਸੰਧੂਰੀ ਭਾਅ ਮਾਰਦੀ ਸੀ।

-"ਬੱਲੇ---!" ਜੋਗਿੰਦਰ ਸਿੰਘ ਅਵਾਕ ਰਹਿ ਗਿਆ। ਉਹ ਸੋਫ਼ੇ ਉਪਰ ਬੈਠਾ ਸਰਬਜੀਤ ਵੱਲ ਇੰਜ ਝਾਕ ਰਿਹਾ ਸੀ, ਜਿਵੇਂ ਕਾਣਾ ਬੋਕ ਤੁੱਕਿਆਂ ਵੱਲ ਝਾਕਦੈ!

ਸਰਬਜੀਤ ਮੁਸਕਰਾਈ। ਕਾਮ ਵੀ ਕੀ ਬਲਾ ਹੈ? ਜੇ ਅੰਦਰ ਰਿੱਝਦਾ ਰਹੇ, ਸੌ ਬਿਮਾਰੀਆਂ ਅਤੇ ਕਲੇਸ਼ਾਂ ਦਾ ਘਰ! ਜੇ ਸੰਤੁਸ਼ਟੀ ਨਾਲ ਵਹਿ ਜਾਵੇ, ਬੰਦੇ ਦੇ ਆਨੰਦ ਦੀ ਸੀਮਾਂ ਹੀ ਕੋਈ ਨਹੀਂ। ਜਿੰਨਾ ਚਿਰ ਇਹ ਜਿਲਬ ਬਣ ਕੇ ਸੀਨੇਂ 'ਤੇ ਜੰਮਿਆਂ ਰਹਿੰਦੈ, ਉਤਨਾ ਚਿਰ ਬੰਦਾ ਮੱਚਦੈ, ਕੁੜ੍ਹਦੈ, ਸੜਦੈ। ਤੇ ਜਦੋਂ ਹਾਣੀਂ ਦੇ ਸਹਿਯੋਗ-ਸੰਗ ਲਹਿਰ ਬਣ ਵਹਾਓ ਬਣ ਜਾਵੇ, ਸਾਰੇ ਜੁੱਗ ਦੇ ਗ਼ਿਲੇ-ਸ਼ਿਕਵੇ ਨਵਿਰਤ ਹੋ ਜਾਂਦੇ ਐ! ਪਰਲੋਂ ਆਉਣ ਤੋਂ ਬਾਅਦ ਹੋਂਦ 'ਚ ਆਉਂਦੀਆਂ ਸੁੰਦਰ ਝੀਲਾਂ ਵਾਂਗ, ਬੰਦੇ ਦੀ ਸੀਰਤ ਹੀ ਪਲਟਾ ਖਾ ਜਾਂਦੀ ਐ! ਜ਼ਿੰਦਗੀ ਬਦਲਾਉ ਵਿਚ ਆ ਜਾਂਦੀ ਐ! ਲੋਗੜੀ ਦਾ ਫੁੱਲ ਬਣਿਆਂ ਮਨ ਅੰਬਰੀਂ ਤਾਰੀਆਂ ਲਾਉਂਦੈ!

-"ਤੂੰ ਤਾਂ ਜਮਾਂ ਈ ਧਰਮ ਨਾਲ ਹੁਸਨ ਦੀ ਪਰੀ ਲੱਗਦੀ ਐਂ-!" ਉਸ ਨੇ ਸਰਬਜੀਤ ਨੂੰ ਉਠ ਕੇ ਕਲਾਵੇ ਵਿਚ ਲੈ ਲਿਆ। ਪਰ ਸਰਬਜੀਤ ਨੇ ਕੋਈ ਦਿਲਚਸਪੀ ਨਾ ਦਿਖਾਈ। ਬੇਪ੍ਰਵਾਹ ਹੀ ਰਹੀ। ਕਰਾਰਾ 'ਝਟਕਾ' ਛਕਣ ਤੋਂ ਬਾਅਦ ਅਲੂਣੇਂ 'ਸਾਗ' ਵੱਲ ਝਾਕਣ ਨੂੰ ਕੀ ਮਨ ਕਰਨਾ ਸੀ? ਜੋਗਿੰਦਰ ਅੱਜ ਉਸ ਨੂੰ 'ਬਿੱਜੂ' ਵਰਗਾ ਲੱਗਿਆ।

-"ਜਾਹ ਬੋਤਲ ਲਿਆ!"

ਸਰਬਜੀਤ ਬੋਤਲ ਲੈ ਆਈ।

ਜੋਗਿੰਦਰ ਨੇ ਇਕ ਕਰੜਾ ਪੈੱਗ ਮਾਰ ਲਿਆ।

-"ਪ੍ਰੀਤ ਕਿੱਥੇ ਐ?"

-"ਆਪਦੇ ਕਮਰੇ 'ਚ ਈ ਹੋਣੈਂ!"

-"ਜਾਹ ਲਿਆ ਬੁਲਾ ਕੇ ਉਹਨੂੰ!" ਜੋਗਿੰਦਰ ਨੇ ਕਿਹਾ।

-"ਬੁਲਾ ਲਿਆਉਨੀ ਆਂ-ਪਰ ਇਕ ਗੱਲ ਆਖਾਂ?" ਸਰਬਜੀਤ ਨੇ ਜੋਗਿੰਦਰ ਦੇ ਬਹੁਤਾ ਹੀ ਨੇੜੇ ਹੋ ਕੇ ਕਿਹਾ।

-"ਆਖ-।"

-"ਜੁਆਨ ਜਹਾਨ ਮੁੰਡੈ-ਇੰਡੀਆ ਤੋਂ ਨਵਾਂ-ਨਵਾਂ ਆਇਐ-ਦਿਲ ਨਹੀਂ ਲਾਉਂਦਾ-ਉਹਨੂੰ ਪੈੱਗ ਸ਼ੈੱਗ ਦੀ ਗੇੜ ਪਾਓ! ਉਹਦਾ ਦਿਲ ਲੱਗੂ ਭੋਰਾ ਮਾਸਾ।"

-"ਕਾਹਨੂੰ ਜੁਆਕ ਨੂੰ ਖਰਾਬ ਕਰਨੈਂ।" ਜੋਗਿੰਦਰ ਪੀਤੀ ਹੋਣ ਦੇ ਬਾਵਜੂਦ ਵੀ ਸੰਭਲ ਕੇ ਗੱਲ ਕਰ ਰਿਹਾ

ਸੀ।

-''ਕਾਹਦਾ ਜੁਆਕ ਐ? ਕਾਲਜ 'ਚ ਮੁਡੀਹਰ ਨਾਲ ਪੀਂਦਾ ਰਿਹੈ-ਮੈਂ ਗੱਲੀਂ ਬਾਤੀਂ ਸਾਰਾ ਭੇਦ ਲੈ ਲਿਆ-ਬਾਹਲਾ ਦਿਲ ਜਿਆ ਸਿੱਟੀ ਫਿਰਦੈ-ਪੀ ਕੇ ਬੰਦੇ ਦੀ ਜਕ ਜਿਹੀ ਖੁੱਲ੍ਹ ਜਾਂਦੀ ਐ-ਬੰਦਾ ਖੁੱਲ੍ਹ ਕੇ ਦੁਖ ਸੁਖ ਕਰ ਲੈਂਦੈ-ਜਿਹੜਾ ਕਾਲਜਾਂ 'ਚ ਪੀਂਦਾ ਰਿਹੈ-।''

-''ਇਹ ਮਾਊਂ ਜਿਆ ਸੱਚੀਂ ਕਾਲਜਾਂ 'ਚ ਪੀਂਦਾ ਰਿਹੈ?'' ਜੋਗਿੰਦਰ ਹੈਰਾਨ ਸੀ।

-''ਮੇਰਾ ਨਾਂ ਨਾ ਲਇਓ-ਪਰ ਮੈਂ ਗੱਲੀਂ ਬਾਤੀਂ ਸਾਰਾ ਕੁਛ ਈ ਪੁੱਛ ਲਿਐ-ਇਹ ਤਾਂ ਕਿਸੇ ਕੁੜੀ ਨਾਲ ਵੀ ਕੁੰਡਾ ਪਸਾਈ ਫਿਰਦਾ ਸੀ-ਪਰ ਮੇਰਾ ਨਾਂ ਬਿਲਕੁਲ ਨਾ ਲਇਓ!'' ਸਰਬਜੀਤ ਪੱਕਾ ਕਰ ਰਹੀ ਸੀ।

-''ਬੜਾ ਲੁੱਚੈ ਬਈ!'' ਜੋਗਿੰਦਰ ਹੱਸ ਪਿਆ।

-''ਖਰਾਬ ਹੋਏ ਨੂੰ ਕੋਈ ਕੀ ਖਰਾਬ ਕਰਦੂ?''

-''ਮਾਮੀ ਨੂੰ ਕੰਜਰ ਸਾਰਾ ਕੁਛ ਈ ਦੱਸ ਗਿਆ-ਪਰ ਮੇਰੇ ਕੋਲੇ ਕਦੇ ਬਾਤ ਨਹੀਂ ਪਾਈ-ਜਮਾਂ ਈ ਭੋਗ ਨਹੀਂ ਪਾਇਆ ਕੁੱਤੇ ਨੇ-।''

-''ਮੈਂ ਵੀ ਢੰਗ ਨਾਲ ਈ ਪੁੱਛਿਐ-ਸਿੱਧਾ ਮੈਨੂੰ ਵੀ ਨਹੀਂ ਦੱਸਿਆ-ਹੁਣ ਮੇਰਾ ਨਾਂ ਨਾ ਲੈ ਦੇਇਓ-ਬਈ ਮੈਂ ਦੱਸਿਐ।'' ਸਰਬਜੀਤ ਆਪਣੀ ਕਰੰਡ ਤੋਂ ਡਰਦੀ ਸੀ।

-''ਉਏ ਜਮਾਂ ਈ ਨਹੀਂ ਲੈਂਦਾ! ਤੂੰ ਮੈਨੂੰ ਸ਼ਰਾਬੀ ਸਮਝਦੀ ਐਂ? ਨਾ ਤੂੰ ਮੈਨੂੰ ਫੁੱਦੂ ਸਮਝਦੀ ਐਂ? ਨਹੀਂ ਦੱਸਦਾ-ਜਾਹ ਤੂੰ ਉਹਨੂੰ ਬੁਲਾ ਕੇ ਲਿਆ! ਮੈਂ ਫੁੱਦੂ ਬੰਦਾ ਨਹੀਂ-ਤੂੰ ਸਰਬਜੀਤ ਮੈਨੂੰ ਪਾਗਲ ਨਾ ਸਮਝ!'' ਉਸ ਨੂੰ 'ਬੈਲਨਟਾਈਨਜ਼' ਦਾ ਲੰਡਾ ਪੈੱਗ ਧਤੂਰੇ ਵਾਂਗ ਚੜ੍ਹਿਆ ਸੀ। ਜ਼ੁਬਾਨ ਮੋਟੀ ਹੋ ਗਈ ਸੀ।

ਸਰਬਜੀਤ ਤੁਰ ਗਈ।

-''ਸਰਬਜੀਤ---!'' ਜੋਗਿੰਦਰ ਨੇ ਪਿੱਛੋਂ ਅਵਾਜ਼ ਮਾਰੀ।

ਸਰਬਜੀਤ ਮੁੜ ਆਈ।

-''ਹਾਂ ਜੀ?''

-''ਇਕ ਮਿੱਠੀ ਦੇ ਦੇ।'' ਉਹ ਮਸਤ ਬੋਤੇ ਵਾਂਗ ਸਰਬਜੀਤ ਵੱਲ ਅਹੁਲਿਆ।

-''ਹੈ ਸ਼ਰਮ ਦਾ ਘਾਟਾ? ਦਿਨ ਦਿਹਾੜੇ ਈ? ਓਹੋ---! ਮੁਛਕ ਮਾਰਦੈ-ਨਹਾ ਲਓ!''

-''ਸਰਬਜੀਤ! ਮੇਰੀ ਬੁੱਕਲ 'ਚ ਬੈਠ-ਨਾਲੇ ਮੈਨੂੰ ਜੱਫ਼ੀ ਪਾ! ਮੈਂ ਫੁੱਦੂ ਬੰਦਾ ਬਿਲਕੁਲ ਨਹੀਂ, ਸਰਬਜੀਤ! ਜਾਹ ਤੂੰ ਪ੍ਰੀਤ ਨੂੰ ਬੁਲਾ ਕੇ ਲਿਆ-ਧਰਾਂ ਅੱਜ ਮੈਂ ਉਹਦੇ ਕੰਨਾਂ ਥੱਲੇ ਚਾਰ।''

ਸਰਬਜੀਤ ਫਿਰ ਤੁਰ ਗਈ।

-''ਦੇਖ ਮੇਰੇ ਸਾਲੇ ਦੀ ਕਿਵੇਂ ਚਿੱਤੜ ਹਿਲਾਉਂਦੀ ਫਿਰਦੀ ਐ।'' ਉਸ ਨੇ ਗਿਰਝ ਵਾਂਗ ਬੋਤਲ ਧੌਣੋਂ ਫੜ ਲਈ।

ਥੋੜੀ ਦੇਰ ਬਾਅਦ ਹੀ ਸਰਬਜੀਤ ਦੇ ਮਗਰ-ਮਗਰ ਪ੍ਰੀਤ ਆ ਗਿਆ।

ਜੋਗਿੰਦਰ ਸੋਫ਼ੇ ਉਪਰ ਵਾਹਵਾ ਰੰਗਾਂ ਵਿਚ ਹੋਇਆ ਬੈਠਾ ਸੀ। ਪ੍ਰੀਤ ਤੋਂ ਮਾਮੇ ਦੇ ਸਿੱਧਾ ਮੱਥੇ ਨਾ ਲੱਗਿਆ ਗਿਆ। ਉਸ ਨੇ ਨਜ਼ਰਾਂ ਝੁਕਾ ਕੇ ਉਸ ਦੇ ਗੋਡੀਂ ਹੱਥ ਲਾ ਦਿੱਤੇ।

ਮਾਮੇ ਨੇ ਉਸ ਨੂੰ ਬੱਚਿਆਂ ਵਾਂਗ ਬੁੱਕਲ ਵਿਚ ਲੈ ਲਿਆ। ਜੋਗਿੰਦਰ ਨੂੰ ਪ੍ਰੀਤ ਉਪਰ ਰਤੀ ਭਰ ਵੀ ਸ਼ੱਕ ਨਹੀਂ ਸੀ। ਉਹ ਪ੍ਰੀਤ ਨੂੰ ਬੱਚਿਆਂ ਵਾਂਗ ਹੀ ਪ੍ਰੇਮ ਅਤੇ ਲਾਡ ਕਰਦਾ ਸੀ। ਚਾਹੇ ਪ੍ਰੀਤ ਉਸ ਦਾ ਸਕਾ ਭਾਣਜਾ ਨਹੀਂ ਸੀ। ਦੂਰ ਦੀ ਰਿਸ਼ਤੇਦਾਰੀ ਵਿਚੋਂ ਸੀ। ਪਰ ਜੋਗਿੰਦਰ ਨੇ ਕਦੇ ਦਿਲ ਵਿਚ ਕੋਈ 'ਵਲ-ਫੇਰ' ਨਹੀਂ ਰੱਖਿਆ ਸੀ। ਬੱਸ! ਇਹ ਤਾਂ ਸਰਬਜੀਤ ਹੀ ਸੀ, ਜੋ ਅੱਗ ਉਤੋਂ ਦੀ ਲਿਟਦੀ ਦੀ! ਜੋ ਆਪਣੀ ਕਾਮ-ਅਗਨ ਸ਼ਾਂਤ ਕਰਨ ਲਈ ਪ੍ਰੀਤ ਦੀ ਬਲੀ ਦੇ ਰਹੀ ਸੀ। ਪ੍ਰੀਤ ਨੂੰ ਸਾਰੇ ਰਿਸ਼ਤੇ ਪਰ੍ਹੇ ਸੁੱਟ, ਅੱਗੇ ਧਰ ਲਿਆ ਸੀ। ਕੋਹਲੂ-ਬੈਲ ਬਣਾ ਲਿਆ ਸੀ।

ਸਰਬਜੀਤ ਦੀ 'ਜੀ-ਹਜ਼ੂਰੀ' ਬਗੈਰ ਪ੍ਰੀਤ ਦਾ ਛੁਟਕਾਰਾ ਨਹੀਂ ਸੀ। ਉਹ ਦੋ ਪੁੜਾਂ ਹੇਠ ਬੜੀ ਬੁਰੀ ਤਰ੍ਹਾਂ ਪਿਸ ਰਿਹਾ ਸੀ। ਬਾਗ਼ੀ ਹੁੰਦਾ ਸੀ ਤਾਂ ਗੁੱਝਾ ਭੇਦ ਮਾਮੇ ਸਾਹਮਣੇ ਨਸ਼ਰ ਹੁੰਦਾ ਸੀ। ਭੇਦ ਨਸ਼ਰ ਕਰਕੇ ਉਹ ਸਾਰੇ ਜੱਗ ਅੱਗੇ ਸ਼ਰਮਸਾਰ ਨਹੀਂ ਹੋਣਾ ਚਾਹੁੰਦਾ ਸੀ। 'ਸਤਿ-ਬਚਨ' ਵਿਚ ਹੀ ਫ਼ਾਇਦਾ ਸਮਝਦਾ ਸੀ। ਮੁੱਠੀ ਬੰਦ ਸੀ ਤਾਂ

ਰਾਜ਼, ਰਾਜ਼ ਹੀ ਸੀ। ਖੁੱਲ੍ਹ ਗਈ, ਤਾਂ ਪਰਲੋਂ ਆ ਜਾਣੀਂ ਸੀ।

-"ਕਿਵੇਂ ਚੁੱਪ ਜਿਐਂ?" ਜੋਗਿੰਦਰ ਨੇ ਪ੍ਰੀਤ ਦੀ ਸੋਚ ਤੋੜੀ।

-"ਨਹੀਂ ਜੀ-ਸੁੱਤਾ ਉਠ ਕੇ ਆਇਐਂ।" ਉਸ ਨੇ ਸੰਖੇਪ ਉੱਤਰ ਦਿੱਤਾ।

-"ਰਾਤ ਹਲਟ ਗੇੜਦਾ ਸੀ?"

-"ਨਹੀਂ-ਹਲਟ ਤਾਂ ਕੀ ਗੇੜਨਾ ਸੀ ਜੀ।" ਪ੍ਰੀਤ ਨੂੰ ਕੋਈ ਟਿਕਾਣੇ ਦਾ ਉੱਤਰ ਨਾ ਆਇਆ। ਉਹ ਕੀ ਦੱਸਦਾ? ਕਿ ਪਿਛਲੀਆਂ ਤਿੰਨ ਰਾਤਾਂ ਉਸ ਨੇ ਕਿਹੜੀ ਕੱਸੀ ਦੀ ਵਾਰੀ 'ਤੇ ਲਾਈਆਂ ਸਨ? ਜੋਗਿੰਦਰ ਨੂੰ ਕੀ ਪਤਾ ਸੀ ਬਈ ਉਹ ਕਿਹੜੀ ਕੋਹਲੂ-ਘਾਣੀ ਵਿਚ ਪੀੜਿਆ ਜਾ ਰਿਹਾ ਸੀ? ਮਾਮੇ ਨੂੰ ਕੀ ਪਤਾ ਸੀ ਕਿ ਪ੍ਰੀਤ ਨੂੰ ਕਿਹੜੀ ਕੱਚੀ ਕਚ੍ਹੀਲ ਚਿੰਬੜ ਗਈ ਸੀ?

-"ਸਰਬਜੀਤ---!"

-"ਹਾਂ ਜੀ---?"

-"ਲਿਆ ਬਈ ਇਕ ਹੋਰ ਗਿਲਾਸ -ਅੱਜ ਪ੍ਰੀਤ ਦੀ ਵੀ ਸੰਗ ਜਿਹੀ ਖੋਲ੍ਹੀਏ-ਬਾਧੂ ਐਮੇ ਈ 'ਕੱਠਾ ਜਿਆ ਹੋਈ ਜਾਂਦੈ-ਠੰਡ ਦੀ ਮਾਰੀ ਬੱਕਰੀ ਮਾਂਗੂੰ---।"

ਸਰਬਜੀਤ ਗਿਲਾਸ ਲੈ ਆਈ।

-"ਮਾਮਾ ਜੀ ਮੈਂ ਨਹੀਂ ਪੀਣੀਂ-ਤੁਸੀਂ ਲਾਓ ਰੰਗ-।"

-"ਗੱਲ ਸੁਣ ਕੇ ਉਏ ਕੁੱਤਿਆ-ਆਬਦੀ ਮਾਮੀਂ ਦੀਆਂ ਕੀ ਮਾਲਸ਼ਾਂ ਕਰਦਾ ਰਿਹੈਂ-ਬਾਹਲੀ ਈ ਨਿੱਖਰੀ ਫਿਰਦੀ ਐ? ਜਾਣੀਂ ਦੀ ਪਿੰਡੇ ਤੋਂ ਮੱਖੀ ਤਿਲ੍ਹਕਦੀ ਐ ਸਾਲੀ ਦੇ।" ਉਸ ਨੇ ਪ੍ਰੀਤ ਦੀ ਗੱਲ ਵੱਲੋਂ ਬੇਧਿਆਨਾ ਹੋ ਕੇ ਸਰਬਜੀਤ 'ਤੇ ਸ਼ਿਸ਼ਤ ਗੱਡ ਲਈ। ਉਹ ਕਮੰਡਲੀ ਮੱਝ ਵਾਂਗ ਸਰਬਜੀਤ ਵੱਲ ਝਾਕ ਰਿਹਾ ਸੀ।

-"ਲੈ ਸੁਣ ਲੈ ਪ੍ਰੀਤ! ਦਾਰੂ ਮੇਰੇ 'ਤੇ ਈ ਖਿੜਨੀ ਸ਼ੁਰੂ ਹੋ ਗਈ।"

-"ਤੂੰ ਭੌਂਕ ਨਾ-ਹਾਂ ਬਈ ਪੁੱਤਰਾ! ਬੋਲ ਕਿੰਨੀ ਕੁ ਪਾਵਾਂ? ਅੱਜ ਤੇਰੀ ਮੇਰੀ ਕੋਈ ਲਿਹਾਜ ਨਹੀਂ-ਅੱਜ ਤਾਂ ਪੀਣੀਂ ਈ ਪਊ!" ਜੋਗਿੰਦਰ ਨੇ ਪ੍ਰੀਤ ਨੂੰ ਪੈੱਗ ਪਾ ਦਿੱਤਾ।

ਪ੍ਰੀਤ ਕੁਝ ਨਾ ਬੋਲਿਆ।

-"ਲੈ! ਕਰ ਰੱਬ ਨੂੰ ਯਾਦ ਤੇ ਸਿੱਟ ਅੰਦਰ!"

-"ਮੈਂ ਜੀ---?"

-"ਤੇ ਹੋ ਤੇਰੀ ਮਾਮੀਂ? ਤੂੰ ਕਰ ਹਿੰਮਤ!" ਜੋਗਿੰਦਰ ਨੇ ਗਿਲਾਸ ਚੁੱਕ ਲਿਆ।

-"ਬੋਢਲ ਕੱਟਾ ਤੂੰ ਹੋਇਆ ਪਿਐਂ---!"

ਦੋਹਾਂ ਨੇ ਪੈੱਗ ਖਾਲੀ ਕਰ ਦਿੱਤੇ।

-"ਹੁਣ ਮੈਂ ਹੈਗਾਂ ਹਫ਼ਤਾ ਵਿਹਲਾ-ਹੁਣ ਤੇਰੇ ਵੀਜ਼ੇ ਦੇ ਮਗਰ ਪੈਨੇਂ ਐਂ।" ਜੋਗਿੰਦਰ ਨੇ ਕਾਜੂਆਂ ਨੂੰ ਵਾਢਾ ਧਰ ਲਿਆ।

ਪ੍ਰੀਤ ਦੇ ਦਿਲ ਦੀ ਹੋ ਗਈ।

ਸਰਬਜੀਤ ਕਿਚਨ ਵਿਚ ਸੀ।

-"ਮਾਮਾ ਜੀ-ਕਰੋ ਕਿਰਪਾ!" ਪ੍ਰੀਤ ਨੇ ਸ਼ੁਕਰਾਨੇ ਵਜੋਂ ਜੋਗਿੰਦਰ ਦੇ ਗੋਡੇ ਘੁੱਟਣੇਂ ਸ਼ੁਰੂ ਕਰ ਦਿੱਤੇ। ਪ੍ਰੀਤ ਨੂੰ ਆਪਣੀ ਖ਼ਲਾਸੀ ਹੁੰਦੀ ਜਾਪੀ।

ਅਗਲੇ ਦਿਨ ਪ੍ਰੀਤ ਦੇ ਵੀਜ਼ੇ ਬਾਰੇ ਭੱਜ-ਨੱਠ ਸ਼ੁਰੂ ਹੋ ਗਈ। ਸਰਕਾਰੀ ਅਦਾਰਿਆਂ ਨੇ ਜੋ 'ਫ਼ਾਰਮਿਲਟੀਜ਼' ਮੰਗੀਆਂ, ਜੋਗਿੰਦਰ ਬੜੀ ਫੁਰਤੀ ਨਾਲ ਹਾਜ਼ਰ ਕਰਦਾ ਰਿਹਾ। ਉਸ ਵੱਲੋਂ ਕੀਤੀ ਹਿੰਮਤ ਰੰਗ ਲਿਆਈ। ਪ੍ਰੀਤ ਨੂੰ ਵਰਕ-ਪ੍ਰਮਿਟ ਅਤੇ ਇਕ ਸਾਲ ਦਾ ਪੱਕਾ ਵੀਜ਼ਾ ਮਿਲ ਗਿਆ।

ਪ੍ਰੀਤ ਨੇ ਪਿੰਜਰੇ ਵਿਚੋਂ ਅਜ਼ਾਦ ਹੋਏ ਪੰਛੀ ਵਾਂਗ ਖੰਭ ਜਿਹੇ ਝਿਣਕੇ। ਜੇਹਲ ਵਿਚੋਂ ਰਿਹਾਅ ਹੋਏ ਕੈਦੀ ਵਾਂਗ ਉਸ ਨੇ ਆਪਣੇ ਆਪ ਨੂੰ ਹਲਕਾ-ਹਲਕਾ ਜਿਹਾ ਮਹਿਸੂਸ ਕੀਤਾ। ਹੁਣ ਉਸ ਦੇ ਮਨ ਉਪਰ ਕੋਈ ਖ਼ਾਸ ਬੋਝ ਨਹੀਂ ਸੀ। ਹੁਣ ਉਸ ਨੇ ਕਿਸੇ ਹੋਟਲ ਜਾਂ ਫ਼ੈਕਟਰੀ ਵਿਚ ਕੰਮ 'ਤੇ ਲੱਗ ਜਾਣਾ ਸੀ। ਰਹਾਇਸ਼ ਵੀ ਉਥੇ ਹੀ ਕਰ ਲੈਣੀ ਸੀ। ਮਾਮੀਂ ਦੀ 'ਧੰਗੇੜ' ਝੱਲਣ ਦੀ ਨੌਬਤ ਹੀ ਖ਼ਤਮ ਹੋ ਜਾਣੀ ਸੀ। ਉਹ ਦਿਲੋਂ ਅਥਾਹ ਖੁਸ਼ ਸੀ।

ਉਸ ਨੇ ਮਾਂ ਕਰਮ ਕੌਰ ਨੂੰ ਖੁਸ਼ਖ਼ਬਰੀ ਦੀ ਚਿੱਠੀ ਪਾ ਦਿੱਤੀ। ਹੋਰ ਰਿਸ਼ਤੇਦਾਰਾਂ ਨੂੰ 'ਪੱਕੇ' ਹੋਣ ਬਾਰੇ ਲਿਖ ਦਿੱਤਾ।

ਜੋਗਿੰਦਰ ਪ੍ਰੀਤ ਲਈ ਜੰਗੀ-ਪੱਧਰ 'ਤੇ ਕੰਮ ਲੱਭ ਰਿਹਾ ਸੀ। ਉਸ ਦੇ ਯਾਰ-ਦੋਸਤ ਵੀ ਪੂਰਾ ਸਹਿਯੋਗ ਦੇ ਰਹੇ ਸਨ।

ਪ੍ਰੀਤ ਲਈ ਕੰਮ ਮਿਲ ਗਿਆ।

ਜੋਗਿੰਦਰ ਦੇ ਸ਼ਹਿਰ ਤੋਂ ਤਕਰੀਬਨ ਵੀਹ ਕੁ ਕਿਲੋਮੀਟਰ ਦੂਰ ਕਿਸੇ ਨਿੱਕੇ ਜਿਹੇ ਪਿੰਡ ਵਿਚ, ਪਹਾੜੀ ਉਪਰ ਬਣੇਂ ਸੀਜ਼ਨ-ਹੋਟਲ ਵਿਚ ਬਰਤਨ ਧੋਣ ਦਾ ਕੰਮ ਸੀ।

ਹੋਟਲ ਵਿਚ ਬਰਤਨ ਧੋਣ ਦਾ ਕੰਮ ਸੁਣ ਕੇ ਪ੍ਰੀਤ ਕੁਝ ਖਿੜਕਿਆ। ਪਰ ਜੋਗਿੰਦਰ ਦੇ ਦੋਸਤ ਦੇ ਦਿਲ ਧਰਾਉਣ 'ਤੇ ਉਸ ਦੀ ਧੜਕਦੀ ਕੌਡੀ ਸ਼ਾਂਤ ਹੋ ਗਈ ਧਰਨ ਟਿਕਾਣੇਂ ਆ ਗਈ।

-"ਪ੍ਰੀਤ! ਨਿੱਕਿਆ, ਸਾਰੇ ਈ ਭੰਡੌੜ ਧੋ-ਧੋ ਕੇ ਈ ਅੱਗੇ ਵਧੇ ਐ-ਆਸਟਰੀਆ ਦੇ ਸਫ਼ਰ ਦੀ ਸ਼ੁਰੂਆਤ ਈ ਭਾਂਡੇ ਧੋਣ ਤੋਂ ਹੁੰਦੀ ਐ-ਸਮਝ ਲੈ ਸਿਖ਼ਰ ਚੜ੍ਹਨ ਦੀ ਪਹਿਲੀ ਪੌੜੀ ਹੀ ਇਹ ਐ।" ਸ਼ਿੰਗਾਰਾ ਮਾਨ ਬੋਲਿਆ ਸੀ। ਉਹ ਪ੍ਰੀਤ ਦੇ ਪੱਕੇ ਹੋਣ ਦੀ ਖ਼ੁਸ਼ੀ ਵਿਚ ਪੀ ਰਹੇ ਸਨ। ਕੁੱਕੜਾਂ ਦੀਆਂ ਟੰਗਾਂ ਚੱਬੀਆਂ ਜਾ ਰਹੀਆਂ ਸਨ।

-"ਇਕ ਪ੍ਰਾਬਲਮ ਹੋਰ ਵੀ ਐ-।" ਜੀਤਾ ਦਾਰੂ ਨਾਲ ਭਰੇ ਗਿਲਾਸ ਨੂੰ 'ਹੈਂਡ-ਗਰਨੇਡ' ਵਾਂਗ ਫੜੀ ਬੈਠਾ ਸੀ। ਉਹ ਘੁੱਟੇ ਜਿਹੇ ਨੱਕ 'ਚੋਂ ਗਰਾਰੀ ਦਾ ਦੰਦਾ ਅੜਨ ਵਾਂਗ, ਰੁਕ-ਰੁਕ ਕੇ ਜਿਹੇ ਬੋਲਦਾ ਸੀ।

-"ਇਕ ਤਾਂ ਤੈਨੂੰ ਇਸ ਮੁਲਕ ਦੀ ਬੋਲੀ ਨਹੀਂ ਆਉਂਦੀ-ਉਹ ਜਾਣੇਂ, ਜੇ ਇੱਥੇ ਅੰਗਰੇਜ਼ੀ ਚੱਲਦੀ ਹੁੰਦੀ ਤਾਂ ਆਪਣੇਂ ਬੰਦੇ ਮਾੜਾ ਮੋਟਾ ਮੂੰਹ ਅੰਗਰੇਜੀ ਨੂੰ ਮਾਰ ਈ ਲੈਂਦੇ ਐ-ਪਰ ਜਰਮਨ ਭਾਸ਼ਾ ਸਾਲੀ ਹੈ ਬਹੁਤ ਔਖੀ-ਬੰਦਾ 'ਡਾਂਕੇ-ਪੀਤੇ' 'ਚ ਈ ਰੁਲਿਆ ਫਿਰਦਾ ਰਹਿੰਦੈ।" ਉਸ ਨੇ ਉਂਗਲ ਤੀਰ ਵਾਂਗ ਖੜ੍ਹੀ ਕੀਤੀ।

-"ਮਾਰ ਤਾਂ ਜਰਮਨ ਭਾਸ਼ਾ ਤੋਂ ਈ ਖਾਨੇਂ ਐਂ-ਜੇ ਐਥੇ ਕਿਤੇ ਪੰਜਾਬੀ ਚੱਲਦੀ ਹੁੰਦੀ-ਮੈਂ ਤਾਂ ਸਮਝਲਾ ਜੱਜ ਬਣਿਆਂ ਹੁੰਦਾ।" ਨਾਗਰੇ ਨੇ ਕਿਹਾ ਤਾਂ ਸਾਰੇ ਹੱਸ ਪਏ।

-"ਗੱਲ ਹੋਰ ਐ-।" ਡਾਲੀ ਰੰਧਾਵਾ ਅਮਲੀਆਂ ਵਾਂਗ ਬੋਲਿਆ। ਉਹ ਬੋਤਲ ਨੂੰ ਬੁੱਕਲ ਵਿਚ ਜੁਆਕ ਵਾਂਗ ਬੋਚੀ ਬੈਠਾ ਸੀ।

-"ਇਸ ਬੋਲੀ ਦੀ ਮੈਨੂੰ ਤਾਂ ਪੰਦਰਾਂ ਸਾਲਾਂ 'ਚ ਸਮਝ ਨਹੀਂ ਆਈ-ਮਸਾਂ ਵੇਲਾ ਪੂਰਾ ਈ ਕਰੀਦੈ।"

-"ਚਲੋ ਯਾਰ-ਖਿੱਚੋ ਫੇਰ ਚੱਲੀਏ-ਅੱਧੀ ਰਾਤ ਹੋ ਗਈ-ਕੱਲ੍ਹ ਨੂੰ ਕੰਮ 'ਤੇ ਵੀ ਜਾਣੈਂ।" ਮਾਸਟਰ ਨੇ ਕਿਹਾ। ਉਹ ਸੈਂਖੀ ਨੂੰ 'ਸਰੜ-ਸਰੜ' ਕਰਕੇ ਚੂੰਡ ਰਿਹਾ ਸੀ।

ਰੋਟੀ ਖਾਧੀ ਗਈ।

ਅੱਧੀ ਰਾਤੋਂ ਬਾਅਦ ਜਾ ਕੇ ਮੇਲਾ ਵਿਛੜ ਗਿਆ।

ਅਗਲੇ ਦਿਨ ਪ੍ਰੀਤ ਨੇ ਆਪਣੇ ਕੱਪੜੇ-ਲੱਤੇ ਅਟੈਚੀ ਵਿਚ ਪਾ ਲਏ। ਰਹਾਇਸ਼ ਪ੍ਰੀਤ ਨੂੰ ਹੋਟਲ ਵਿਚ ਹੀ ਮਿਲ ਗਈ ਸੀ।

ਤਿਆਰੀ ਹੋ ਗਈ।

ਜੋਗਿੰਦਰ ਨੇ ਕਾਫ਼ੀ ਸਾਰੇ 'ਹਵਾਈ-ਡਾਕ' ਵਾਲੇ ਲਫ਼ਾਫ਼ੇ ਪ੍ਰੀਤ ਨੂੰ ਦਿੱਤੇ।

-"ਭੈਣ ਜੀ ਹੋਰਾਂ ਨੂੰ ਚਿੱਠੀ ਪਾਉਂਦਾ ਰਹੀਂ-।" ਉਸ ਨੇ ਕਿਹਾ। ਤਾਕੀਦ ਕੀਤੀ।

-"ਸਾਨੂੰ ਵੀ ਫ਼ੋਨ ਫ਼ਾਨ ਕਰਦਾ ਰਹੀਂ-ਕਿਤੇ ਭੁੱਲ ਨਾ ਜਾਈਂ।" ਸਰਬਜੀਤ ਨੇ ਕਿਸੇ ਵਿਸ਼ੇਸ਼ ਅਦਾ ਵਿਚ ਕਿਹਾ।

-"ਪ੍ਰੀਤ----!"

-"ਹਾਂ ਮਾਮਾ ਜੀ?"

-"ਐਡਰੈੱਸ ਹੋਟਲ ਦਾ ਈ ਲਿਖ ਦੇਈਂ ਪਿੰਡ ਨੂੰ-ਕੰਮ ਕਾਰ ਬਾਰੇ ਬਹੁਤਾ ਕੁਛ ਨਾ ਅਜੇ ਲਿਖੀਂ-ਅੱਗੇ ਗੁਰੂ ਆਪੇ ਭਲੀ ਕਰੂ-ਤੇ ਇਕ ਗੱਲ ਹੋਰ ਐ-।"

-"-----!" ਪ੍ਰੀਤ ਨੇ ਸੁਆਲੀਆ ਨਜ਼ਰਾਂ ਉਪਰ ਚੁੱਕੀਆਂ।

-"ਤੈਨੂੰ ਬਵੰਜਾ ਹਫ਼ਤੇ ਮਤਲਬ ਇਕ ਸਾਲ ਤਕਰੀਬਨ ਇਕ ਥਾਂ ਕੰਮ ਕਰਨਾ ਪੈਣੈਂ-ਇਹ ਕਾਨੂੰਨ ਐਂ-

ਨਹੀਂ ਤੇਰਾ ਵਰਕ ਪ੍ਰਮਿਟ ਰੀਨਿਊ ਨਹੀਂ ਹੋਣਾ-ਇਸ ਕਰਕੇ ਸ਼ੇਰਾ! ਦਿਲ ਲਾ ਕੇ ਕੰਮ ਕਰੀਂ।" ਮਾਮੇ ਨੇ ਉਸ ਨੂੰ ਥਾਪੜ ਕੇ ਜਿਹੇ ਕਿਹਾ।

-"-----।" ਪ੍ਰੀਤ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

-"ਹੋਟਲ ਲਾਈਨ ਵਿਚ ਇਕ ਹੋਰ ਪੰਗਾ ਐ-ਬਈ ਦੋ ਦੋ ਮਹੀਨੇ ਛੁੱਟੀ ਨਹੀਂ ਮਿਲਦੀ-।"

-"ਕਾਹਨੂੰ ਡਰਾਈ ਜਾਨੇਂ ਐਂ ਜੁਆਕ ਨੂੰ? ਆਪਾਂ ਆਪ ਜਾ ਕੇ ਮਿਲ ਆਇਆ ਕਰਾਂਗੇ।" ਸਰਬਜੀਤ ਗੱਲ ਵੱਲੋਂ ਭੱਜ ਕੇ ਵਿਚ ਹੋਈ ਸੀ।

-"ਐਧਰੋਂ ਸਾਡੀ ਫ਼ਰਮ੍ਹ ਦਾ ਵੀ ਸੀਜ਼ਨ ਸ਼ੁਰੂ ਹੋ ਜਾਣੈਂ-ਤੈਨੂੰ ਪਤਾ ਈ ਐ ਬਈ ਮੇਰੇ ਕੋਲ ਕਿੰਨ੍ਹਾ ਕੁ ਟਾਈਮ ਹੁੰਦੈ ਫੇਰ?"

-"ਤੁਸੀਂ ਡਰਾਓ ਨਾ ਪ੍ਰੀਤ ਨੂੰ-ਜੇ ਥੋਡੇ ਕੋਲੇ ਟਾਈਮ ਨਾ ਹੋਇਆ ਤਾਂ ਮੈਂ 'ਕੱਲੀ ਜਾ ਕੇ ਮਿਲ ਆਇਆ ਕਰੂੰ!" ਉਹ ਇੱਲ੍ਹ ਵਾਂਗ ਪ੍ਰੀਤ ਵੱਲ ਝਾਕੀ।

-"ਇਹ ਵੀ ਠੀਕ ਐ।"

-"ਜੁਆਕ ਨੂੰ 'ਕੱਲੇ ਨੂੰ ਥੋੜੋ ਸਿੱਟਣੈਂ?"

-"ਪ੍ਰੀਤ! ਬੱਚੂ, ਜਮਾਂ ਈ ਨਾ ਓਦਰੀਂ-ਜੇ ਮੇਰੇ ਕੋਲ ਨਾ ਵੀ ਟਾਈਮ ਹੋਇਆ ਤਾਂ ਸਰਬਜੀਤ ਤੈਨੂੰ ਮਿਲ ਆਇਆ ਕਰੂ-ਜੇ ਛੁੱਟੀ ਮਿਲੀ ਤਾਂ ਬੱਸ ਫ਼ੜ ਕੇ ਐਥੇ ਆ ਜਾਇਆ ਕਰੀਂ-ਮੈਂ ਸਾਰਾ ਕੁਛ ਤੈਨੂੰ ਸਮਝਾ ਕੇ ਆਊਂ।" ਮਾਮੇ ਨੇ ਦਿਲਾਸਾ ਦਿੱਤਾ।

ਪ੍ਰੀਤ ਚੁੱਪ ਹੀ ਰਿਹਾ।

ਤੁਰਨ ਲੱਗੇ ਪ੍ਰੀਤ ਨੇ ਦੁਨੀਆਦਾਰੀ ਵਜੋਂ ਮਾਮੀਂ ਸਰਬਜੀਤ ਦੇ ਗੋਡੇ ਜਿਹੇ ਫ਼ੜਨੇ ਚਾਹੇ। ਪਰ ਸਰਬਜੀਤ ਨੇ ਉਸ ਦੇ ਹੱਥ ਰਾਹ ਵਿਚ ਹੀ ਬੁੱਚ੍ਹ ਲਏ। ਕਾਂ ਦੇ, ਬੱਚੇ ਦੇ ਹੱਥ 'ਚੋਂ ਟੁੱਕ ਖੋਹਣ ਵਾਂਗ!

-"ਸਰਬਜੀਤ---!" ਜੋਗਿੰਦਰ ਬੋਲਿਆ।

-"ਹਾਂ ਜੀ---?"

-"ਤੂੰ 'ਕੱਲੀ ਕੀ ਕਰੇਂਗੀ? ਤੂੰ ਵੀ ਕਾਰ ਵਿਚ ਨਾਲ ਹੀ ਬੈਠੀ ਚੱਲ?"

-"ਚਲੋ!" ਉਹ ਤੱਟ-ਫੱਟ ਹੀ ਬੋਲੀ।

-"ਮੈਂ ਮਾੜੀ ਮੋਟੀ ਤਿਆਰ ਹੋ ਜਾਂ।"

-"ਹੋ ਜਾਹ-ਪਰ ਰੰਗ ਤਾਂ ਤੇਰਾ ਬੈਂਗਣੀਂ ਹੀ ਉੱਘੜ੍ਹਨੈਂ!"

-"ਦੇਖ ਲੈ ਪ੍ਰੀਤ! ਅੱਜ ਤਾਂ ਪੀਤੀ ਵੀ-ਵੀ ਨਹੀਂ-ਤੇਰਾ ਮਾਮਾ ਫੇਰ ਸ਼ੁਰੂ ਹੋ ਗਿਆ।" ਉਹ ਕਿਸੇ ਖੁਸ਼ੀ ਵਿਚ ਫ਼ਟਾ-ਫ਼ੱਟ ਤਿਆਰ ਹੋ ਰਹੀ ਸੀ।

_"ਇਹ ਤਾਂ ਜੀ ਇਹਨਾਂ ਦਾ ਸੁਭਾਅ ਈ ਐ!" ਅੱਜ ਪ੍ਰੀਤ ਵੀ ਖ਼ਲਾਸੀ ਪਾ ਕੇ ਕੁਝ ਖੁਸ਼ ਸੀ।

-"ਨਾਲੇ ਇਹ ਵੀ ਟਿੱਚਰਾਂ ਕੀਹਨੂੰ ਕਰਨ?"

ਪ੍ਰੀਤ ਦਾ ਹੋਟਲ ਨਿੱਕੀਆਂ-ਨਿੱਕੀਆਂ ਪਹਾੜੀਆਂ ਵਾਲੇ ਇਲਾਕੇ ਵਿਚ ਸੀ। ਬੱਦਲਾਂ ਦੀਆਂ ਬਦਲੋਟੀਆਂ ਜਿਵੇਂ ਅੰਬਰੋਂ ਉੱਤਰ ਪਹਾੜੀਆਂ ਦੀਆਂ ਟੀਸੀਆਂ ਚੁੰਮ ਰਹੀਆਂ ਸਨ। ਅਤੀ-ਅੰਤ ਤਾਜ਼ੀ ਹਵਾ ਨਾਸਾਂ ਨੂੰ ਛੇੜਦੀ ਸੀ। ਵਲਦਾਰ ਕਾਲੀ ਸ਼ਾਹ ਸੜਕ ਸੱਪ ਵਾਂਗ ਉਪਰ ਨੂੰ ਚੜ੍ਹਦੀ ਸੀ। ਪ੍ਰੀਤ ਕੁਦਰਤ ਦੇ ਅਲੌਕਿਕ ਨਜ਼ਾਰੇ ਨੂੰ ਤੱਕਦਾ ਮੰਤਰ-ਮੁਗਧ ਹੁੰਦਾ ਜਾ ਰਿਹਾ ਸੀ। ਉਸ ਦੀ ਰੂਹ ਕੁਦਰਤ ਨਾਲ ਇਕ-ਮਿੱਕ ਹੁੰਦੀ ਜਾ ਰਹੀ ਸੀ। ਦੂਰ ਪਹਾੜੀ ਤੋਂ ਡਿੱਗਦਾ ਕੁਦਰਤੀ ਝਰਨਾ ਨਜ਼ਰ ਪਿਆ ਤਾਂ ਪ੍ਰੀਤ ਦੇ ਮਨ ਅੰਦਰ ਹਰਜੀਤ ਮੂਰਤ ਬਣ ਉੱਤਰ ਪਈ। ਉਹ ਰੱਬ, ਕਾਦਰ ਦੀ ਰਹਿਮਤ ਦਾ ਕਾਇਲ ਹੋਇਆ ਬੈਠਾ ਸੀ। ਕੁਦਰਤ, ਸਰਿਸ਼ਟੀ ਅਤੇ ਬਨਸਪਤੀ ਵਿਚ ਅਭੇਦ!

ਉਹ ਸਾਰੇ ਹੋਟਲ ਪੁੱਜ ਗਏ।

ਹੋਟਲ ਦੀ ਮਾਲਕਣ ਇਕ ਗੋਰੀ ਸੀ। ਬੜੀ ਹੀ ਅੱਛੀ ਅਤੇ ਸਪੱਸ਼ਟ ਔਰਤ। ਇਹ ਆਸਟਰੀਅਨ ਗੋਰੀ ਮਾਲਕਣ ਇਕ ਬ੍ਰਿਟਿਸ਼ ਗੋਰੇ ਨਾਲ ਵਿਆਹੀ ਹੋਈ ਸੀ।

ਉਸ ਨੇ ਪ੍ਰੀਤ ਦਾ ਪਾਸਪੋਰਟ ਅਤੇ ਵਰਕ-ਪ੍ਰਮਿਟ ਲੈ ਲਿਆ। ਕਮਰੇ ਦੀ ਚਾਬੀ ਉਹਨਾਂ ਨੂੰ ਫੜਾ ਦਿੱਤੀ। ਰਹਾਇਸ਼ ਲਈ ਪ੍ਰੀਤ ਨੂੰ ਇਕੱਲੇ ਨੂੰ ਕਮਰਾ ਮਿਲਿਆ ਸੀ। ਨਹੀਂ ਤਾਂ ਕਾਮੇਂ ਇਕ-ਇਕ ਕਮਰੇ ਵਿਚ, ਦੋ-ਦੋ

ਇਕੱਠੇ ਰਹਿੰਦੇ ਸਨ।

ਗੋਰੀ ਮਾਲਕਣ ਉਹਨਾਂ ਨੂੰ ਪ੍ਰੀਤ ਦਾ ਕਮਰਾ ਦਿਖਾਉਣ ਤੁਰ ਪਈ।

ਕਮਰਾ ਬੜਾ ਵਧੀਆ ਅਤੇ ਸਾਰੀਆਂ ਸਹੂਲਤਾਂ ਨਾਲ ਭਰਪੂਰ ਸੀ। ਕਮਰੇ ਦੇ ਨਾਲ ਕੋਨੇ 'ਤੇ ਬਾਥਰੂਮ ਸੀ। ਸਟਾਫ਼ ਦੇ ਕੱਪੜੇ ਹੋਟਲ ਵੱਲੋਂ ਧੋਤੇ ਅਤੇ ਪ੍ਰੈਸ ਕੀਤੇ ਮਿਲਦੇ ਸਨ। ਸਟਾਫ਼ ਦੇ ਕਮਰਿਆਂ ਦੀ ਸਫ਼ਾਈ ਇਕ ਗੋਰੀ ਮਾਈ ਕਰਦੀ ਸੀ। ਖਾਣਾ ਪ੍ਰੀਤ ਨੂੰ ਹੋਟਲ ਦੀ ਕੰਟੀਨ ਵਿਚ ਖਾਣਾ ਪੈਣਾ ਸੀ। ਨਾਸ਼ਤਾ, ਦੁਪਿਹਰ ਦਾ ਖਾਣਾ ਅਤੇ ਸ਼ਾਮ ਦਾ ਖਾਣਾ ਬਿਲਕੁਲ ਮੁਫ਼ਤ! ਟੈਲੀਵੀਯਨ ਸਹੂਲਤ ਵੀ ਮੁਫ਼ਤ ਸੀ।

ਪ੍ਰੀਤ ਦਾ ਕਮਰਾ ਸਰਬਜੀਤ ਨੇ ਕੁਝ ਜ਼ਿਆਦਾ ਹੀ ਹਸਰਤ ਨਾਲ ਦੇਖਿਆ। ਪਰਬਤ ਦੀ ਚੋਟੀ ਵੱਲ ਖੁੱਲ੍ਹਦੀ ਖਿੜਕੀ ਦੇ ਪਰਦੇ ਹਟਾ ਕੇ ਬਾਹਰ ਵੱਲ ਨਜ਼ਰ ਮਾਰੀ। ਦੂਰ ਤੱਕ ਪ੍ਰਕਿਰਤੀ ਹੀ ਵਿਛੀ ਪਈ ਸੀ। ਪਰਬਤ, ਸੂਰਜ, ਧੁੱਪ, ਹਰਿਆਲੀ ਸਭ ਆਪਣੇ-ਆਪਣੇ ਹੁਕਮਾਂ ਵਿਚ ਬੱਝੇ ਖੜ੍ਹੇ, ਡਿਊਟੀ ਭੁਗਤਾ ਰਹੇ ਸਨ। ਖੁਸ਼ੀ ਬਿਖ਼ੇਰ ਰਹੇ ਸਨ। ਕੁਦਰਤ ਦਿਆਲ ਹੋਈ, ਇਸ ਇਲਾਕੇ 'ਤੇ ਝੁਕੀ ਖੜ੍ਹੀ ਸੀ।

ਗੋਰੀ ਮਾਲਕਣ ਦਾ ਨਾਂ 'ਰੋਜ਼ੀ' ਸੀ।

ਉਹ ਉਹਨਾਂ ਨੂੰ ਸਾਰਾ ਕੁਝ ਸਮਝਾ ਕੇ ਤੁਰ ਗਈ। ਤੀਜੇ ਦਿਨ ਪ੍ਰੀਤ ਨੇ ਕੰਮ ਸ਼ੁਰੂ ਕਰਨਾ ਸੀ। ਅਗਲੇ ਦਿਨ ਉਸ ਦੀ 'ਰਜਿਸਟਰੇਸ਼ਨ' ਬਗੈਰਾ ਰੋਜ਼ੀ ਨੇ ਕਰਵਾ ਦੇਣੀ ਸੀ।

-"ਰੋਜ਼ੀ ਤੇਰੇ 'ਤੇ ਥੋੜ੍ਹੀ ਜ਼ਿਆਦਾ ਈ ਦਿਆਲੂ ਐ-ਡਬਲ ਬੈੱਡ ਦਾ ਕਮਰਾ ਤੈਨੂੰ 'ਕੱਲੇ ਨੂੰ ਈ ਬਖਸ਼ ਦਿੱਤਾ, ਪ੍ਰੀਤ!" ਸਰਬਜੀਤ ਉਸ ਦੇ ਡਬਲ-ਬੈੱਡ ਉਪਰ ਹੀ ਬੈਠੀ ਬੋਲੀ।

-"ਕਿਸੇ ਦੀ ਬਲੀ ਕਿਸਮਤ ਦਾ ਕੋਈ ਸਾਨੀ ਐਂ?" ਪ੍ਰੀਤ ਦੀ ਜਗਾਹ ਜੋਗਿੰਦਰ ਬੋਲਿਆ।

-"ਲਿਆ ਤੇਰੀ ਅਲਮਾਰੀ ਵਿਚ ਤੇਰੇ ਕੱਪੜੇ ਟੰਗ ਦਿਆਂ।" ਸਰਬਜੀਤ ਨੇ ਕਿਹਾ।

-"ਨਹੀਂ ਜੀ-ਰਹਿਣ ਦਿਓ-ਆਪੇ ਟੰਗ ਲਊਂਗਾ ਮੈਂ-ਕਾਹਨੂੰ ਤਕਲੀਫ਼ ਕਰਦੇ ਹੋ?" ਪ੍ਰੀਤ ਨੇ ਰੋਕਿਆ।

-"ਬੈਠੀ ਕਿਹੜਾ ਇਹੇ ਵਧਦੀ ਐ? ਟੰਗ ਲੈਣਦੇ!" ਜੋਗਿੰਦਰ ਨੇ ਆਖਿਆ।

ਸਰਬਜੀਤ ਅਟੈਚੀ ਖੋਲ੍ਹ ਕੇ ਪ੍ਰੀਤ ਦੇ ਕੱਪੜੇ ਅਲਮਾਰੀ ਵਿਚ ਟੰਗਣ ਲੱਗ ਪਈ।

-"ਜੇ ਕੋਈ ਤਕਲੀਫ਼ ਹੋਵੇ-ਜਦੋਂ ਮਰਜ਼ੀ ਐ ਫ਼ੋਨ ਮਾਰ ਲਿਆ ਕਰੀਂ।" ਜੋਗਿੰਦਰ ਨੇ ਤਾਕੀਦ ਕੀਤੀ। ਅਪਣੱਤ ਜ਼ਾਹਿਰ ਕੀਤੀ।

-"ਜਕਾਅ ਜਮਾ ਨਾ ਮੰਨੀ-ਚਾਹੇ ਅੱਧੀ ਰਾਤੋਂ ਫ਼ੋਨ ਕਰ ਲਿਆ ਕਰੀਂ।" ਸਰਬਜੀਤ ਨੇ ਕਿਹਾ।

ਕੁਝ ਹਦਾਇਤਾਂ ਅਤੇ ਕੁਝ ਸਲਾਹਾਂ ਜਿਹੀਆਂ ਦੇ ਕੇ ਉਹ ਤੁਰ ਪਏ।

ਜਦ ਸਰਬਜੀਤ ਅਤੇ ਮਾਮੇ ਜੋਗਿੰਦਰ ਦੀ ਕਾਰ ਤੁਰੀ ਤਾਂ ਪ੍ਰੀਤ ਦੇ ਦਿਲ ਨੂੰ ਹੌਲ ਜਿਹਾ ਪੈ ਗਿਆ। ਇਕ ਬਿਗਾਨੇਂ ਦੇਸ਼, ਇਕ ਅਜ਼ਨਬੀ ਇਲਾਕੇ ਅਤੇ ਓਪਰੇ ਜਿਹੇ ਗੋਰੇ ਲੋਕਾਂ ਵਿਚ ਉਹ ਇਕੱਲਾ ਹੀ ਰਹਿ ਗਿਆ ਸੀ। ਨਾ ਕੋਈ ਜਾਣਦਾ, ਨਾ ਬੁੱਝਦਾ ਸੀ। ਇਹਨਾਂ ਲੋਕਾਂ ਦੀ ਜਰਮਨ ਭਾਸ਼ਾ ਨਹੀਂ ਆਉਂਦੀ ਸੀ। ਪ੍ਰੀਤ ਮਾੜੀ ਮੋਟੀ ਅੰਗਰੇਜ਼ੀ ਜਾਣਦਾ ਸੀ। ਪਰ ਆਸਟਰੀਅਨ ਲੋਕ ਅੰਗਰੇਜ਼ੀ ਬਹੁਤ ਘੱਟ ਬੋਲਦੇ ਸਨ। ਵੱਧ ਤੋਂ ਵੱਧ ਗੁਜ਼ਾਰੇ ਜੋਕਰੀ! ਸਿਰਫ਼ 'ਹਮਕੋ-ਤੁਮਕੋ' ਹੀ! ਸਿਰਫ਼ ਗੋਰੀ ਮਾਲਕਣ ਰੋਜ਼ੀ ਹੀ ਇੰਗਲੈਂਡ ਦੇ ਗੋਰੇ 'ਜੌਨ' ਨਾਲ ਵਿਆਹੀ ਹੋਣ ਕਰਕੇ 'ਫ਼ਰਾਟੇਦਾਰ' ਅੰਗਰੇਜ਼ੀ ਬੋਲਦੀ ਸੀ। ਪਰ ਫ਼ਰਾਟੇਦਾਰ ਅੰਗਰੇਜ਼ੀ ਪ੍ਰੀਤ ਦੇ ਵੱਸ ਦਾ ਰੋਗ ਨਹੀਂ ਸੀ। ਉਹ ਤਾਂ ਸਿਰਫ਼ 'ਯੂ-ਮੀ' ਵਾਲਾ ਹੀ ਸੀ!

ਪ੍ਰੀਤ ਦੇ ਕੰਮ ਦਾ ਸਿਲਸਲਾ ਸ਼ੁਰੂ ਹੋਇਆ।

ਉਹ ਸਵੇਰੇ ਅੱਠ ਵਜੇ ਕੰਮ ਸ਼ੁਰੂ ਕਰਦਾ। ਦੋ ਵਜੇ ਉਸ ਨੂੰ ਛੁੱਟੀ ਹੋ ਜਾਂਦੀ। ਫਿਰ ਚਾਰ ਵਜੇ ਤੋਂ ਲੈ ਕੇ ਰਾਤ ਨੌਂ ਵਜੇ ਤੱਕ ਮਸ਼ੀਨ 'ਤੇ ਬਰਤਨ ਧੋਂਦਾ ਰਹਿੰਦਾ। ਵੱਡੇ ਪਤੀਲੇ ਉਸ ਨੂੰ ਹੱਥ ਨਾਲ ਧੋਣੇਂ ਪੈਂਦੇ।

ਉਹ ਪਤੀਲਿਆਂ ਵਿਚ ਹੀ ਅੱਕਲਕਾਨ ਹੋਇਆ ਰਹਿੰਦਾ। ਰਾਤ ਨੂੰ ਉਸ ਨੂੰ ਬਰਤਨਾਂ ਦੇ ਹੀ ਸੁਪਨੇ ਆਉਂਦੇ। ਕਾਲਜ ਵਿਚ ਅਤੇ ਪਿੰਡ ਦੀਆਂ ਗਲੀਆਂ ਵਿਚ ਬਿਤਾਏ ਦਿਨਾਂ ਵੱਲ ਸੋਚ-ਸੋਚ ਕੇ ਉਹ ਝੂਰਦਾ। ਕਦੇ-ਕਦੇ ਰਾਤ ਨੂੰ ਸੁੱਤਾ ਪਿਆ ਪ੍ਰੀਤ ਤ੍ਰਭਕ ਕੇ ਉਠਦਾ। ਕਦੇ-ਕਦੇ ਉਸ ਨੂੰ ਸਾਰੀ-ਸਾਰੀ ਰਾਤ ਨੀਂਦ ਨਾ ਪੈਂਦੀ। ਹਰਜੀਤ ਉਸ ਦੀ ਹਿੱਕ 'ਤੇ ਚੜ੍ਹੀ ਰਹਿੰਦੀ। ਕਦੇ ਸੁੱਤੇ ਪਏ ਦੀ ਛਾਤੀ 'ਤੇ ਸਿਰ ਧਰੀ ਪਈ ਹੁੰਦੀ। ਕਦੇ ਕੁਤਕੁਤੀਆਂ ਕੱਢਦੀ, ਚੂੰਢੀਆਂ ਵੱਢਦੀ, ਗਲਵਕੜੀ ਪਾਉਂਦੀ ਅਤੇ ਕਦੇ-ਕਦੇ ਗ਼ਿਲਾ-ਸ਼ਿਕਵਾ ਵੀ ਕਰਦੀ। ਨਿਹੋਰੇ

ਦਿੰਦੀ। ਕਦੇ ਰੋਣ ਵੀ ਲੱਗ ਜਾਂਦੀ। ਹਾਉਕੇ ਭਰਦੀ। ਉਸ ਦੀ ਭੋਲੀ, ਸਿਸਕਦੀ ਸੂਰਤ ਦੇਖ ਕੇ ਪ੍ਰੀਤ ਦਾ ਕੀਰਨਾ ਨਿਕਲਣ ਵਾਲਾ ਹੋ ਜਾਂਦਾ। ਹਰਜੀਤ ਬੜੀ ਦਲੇਰ ਅਤੇ ਖੁੱਲ੍ਹ-ਦਿਲੀ ਚੁਲਬੁਲੀ ਕੁੜੀ ਸੀ।

ਹੌਲੀ-ਹੌਲੀ ਪ੍ਰੀਤ ਗੋਰਿਆਂ ਵਿਚ ਰਚਦਾ-ਮਿਚਦਾ ਗਿਆ। ਭਲੇ ਵੇਲੇ ਸਨ। ਇਸ ਇਲਾਕੇ ਵਿਚ ਉਹ ਇਕੱਲਾ ਹੀ ਇੰਡੀਅਨ ਸੀ। ਜਿਸ ਕਰਕੇ ਗੋਰੇ ਲੋਕ ਉਸ ਨੂੰ ਬਹੁਤ ਹੀ ਪ੍ਰੇਮ ਕਰਦੇ। ਜਦ ਉਹ ਦੁਪਿਹਰੇ ਦੋ ਘੰਟਿਆਂ ਦੀ ਛੁੱਟੀ ਵਿਚ, ਪਹਾੜੀ ਉਪਰੋਂ ਹੇਠ ਉੱਤਰ ਮਾੜੀ-ਮੋਟੀ ਖ਼ਰੀਦਾ-ਫ਼ਰੋਖ਼ਤੀ ਲਈ ਆਉਂਦਾ ਤਾਂ ਗੋਰੇ ਲੋਕ ਉਸ ਨੂੰ ਫੜ-ਫੜ, ਖਿੱਚ-ਖਿੱਚ ਕੇ ਕੌਫ਼ੀ ਜਾਂ ਚਾਹ ਪਿਆਉਂਦੇ। ਉਹਨਾਂ ਦੀ ਪ੍ਰੀਤ ਨੂੰ ਥੋੜੀ-ਬਹੁਤ ਸਮਝ ਲੱਗਦੀ, ਕਦੇ ਬਿਲਕੁਲ ਹੀ ਸਮਝ ਨਾ ਪੈਂਦੀ। ਉਹ ਸਿਰਫ਼ 'ਯੈਅ-ਯੈਅ' ਜਾਂ 'ਯੈੱਸ-ਯੈੱਸ' ਕਰਦਾ ਧੂੜ ਵਿਚ ਟੱਟੂ ਰਲਾਈ ਰੱਖਦਾ।

ਲੋੜ ਕਾਢ ਦੀ ਮਾਂ ਹੈ। ਜਦ ਪ੍ਰੀਤ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਜਰਮਨ ਭਾਸ਼ਾ ਦੀ ਸਖਤ ਜ਼ਰੂਰਤ ਹੈ, ਇਸ ਬਿਨਾ ਉਸ ਦਾ ਗੁਜ਼ਾਰਾ ਨਹੀਂ ਤਾਂ ਉਸ ਨੇ ਜਰਮਨ ਬੋਲੀ ਵੱਲ ਵੱਧ ਤੋਂ ਵੱਧ ਤਵੱਜੋਂ ਦੇਣੀ ਸ਼ੁਰੂ ਕਰ ਦਿੱਤੀ। ਸੁਣਿਆਂ-ਸਮਝਿਆ ਲਿਖਣਾ ਅਤੇ ਯਾਦ ਕਰਨਾ ਸ਼ੁਰੂ ਕਰ ਦਿੱਤਾ।

ਹਾਣੀਂ ਕੁੜੀਆਂ ਉਸ ਨੂੰ ਬਦੋਬਦੀ ਡਿਸਕੋ ਲਿਜਾਣ ਲੱਗ ਪਈਆਂ। ਡਿਸਕੋ ਵਿਚ ਲੋਕ ਪ੍ਰੀਤ ਨੂੰ 'ਦਾਹਵਤ' ਦੇ ਕੇ ਖੁਸ਼ ਹੁੰਦੇ। ਖੁਆਉਣ-ਪਿਆਉਣ ਵਿਚ ਮਾਣ ਅਤੇ ਖੁਸ਼ੀ ਮਹਿਸੂਸ ਕਰਦੇ।

ਪ੍ਰੀਤ ਕਦੇ-ਕਦੇ ਮਾਮੇ ਜੋਗਿੰਦਰ ਨੂੰ ਫ਼ੋਨ ਕਰਦਾ। ਪਿੰਡ ਮਾਂ-ਬਾਪ ਨੂੰ ਚਿੱਠੀ ਲਿਖ ਦਿੰਦਾ। ਪਿੰਡੋਂ ਚਿੱਠੀ ਆ ਜਾਂਦੀ ਤਾਂ ਪ੍ਰੀਤ ਦਸ-ਦਸ ਵਾਰ ਚਿੱਠੀ ਨੂੰ ਪੜ੍ਹਦਾ।

ਜੋਗਿੰਦਰ ਅਤੇ ਕਦੇ ਸਰਬਜੀਤ ਵੀ ਉਸ ਨੂੰ ਫ਼ੋਨ ਕਰਦੀ।

ਪ੍ਰੀਤ ਦੇ ਦਿਨ ਤੀਆਂ ਵਾਂਗ ਲੰਘ ਰਹੇ ਸਨ। ਜੋਗਿੰਦਰ ਦੇ ਆਖਣ 'ਤੇ ਰੋਜ਼ੀ ਨੇ ਪ੍ਰੀਤ ਦੀਆਂ ਦੀਆਂ ਦੋ ਤਨਖਾਹਾਂ ਉਸ ਦੇ ਮਾਂ-ਬਾਪ ਨੂੰ ਪਿੰਡ ਭੇਜ ਦਿੱਤੀਆਂ ਸਨ। ਹੋਟਲ ਵਿਚ ਪ੍ਰੀਤ ਦਾ ਕੋਈ ਖ਼ਾਸ ਖਰਚਾ ਨਹੀਂ ਸੀ। ਖਾਣਾ-ਪੀਣਾ, ਬਿਜਲੀ-ਪਾਣੀ, ਰਹਾਇਸ਼, ਗੱਲ ਕੀ ਸਾਰਾ ਖਰਚਾ ਹੋਟਲ ਸਿਰੋਂ ਸੀ। ਤਨਖਾਹ ਜੇਬ ਵਿਚ ਸੀ।

ਪੇਂਡੂ, ਭੋਲਾ-ਭਾਲਾ ਅਤੇ ਜਜ਼ਬਾਤੀ ਲੜਕਾ ਪ੍ਰੀਤ ਗੋਰੇ-ਗੋਰੀਆਂ ਦੀ ਸੰਗਤ ਵਿਚ ਵੜ, ਘਤਿੱਤੀ ਬਣ ਤੁਰਿਆ! ਆਪਣੇ ਕਮਰੇ ਵਿਚ ਉਹ ਕਈ ਗੋਰੀਆਂ ਨਾਲ 'ਹਮ-ਬਿਸਤਰ' ਹੋ ਚੁੱਕਾ ਸੀ। ਹਰ ਰੋਜ ਨਵੀਂ ਕਮਾਦੀ ਵਿਚ ਮੂੰਹ ਮਾਰਨ ਦੀ ਉਸ ਨੂੰ 'ਬਾਣ' ਪੈ ਗਈ ਸੀ। ਗੋਰਿਆਂ ਦੇ ਨਿਰਵਸਤਰ ਅਤੇ ਕੋਰੇ ਸਮਾਜ਼ ਨੂੰ ਉਹ ਇਕ ਪੱਖੋਂ ਜ਼ਰੂਰ ਅਪਣਾ ਚੁੱਕਿਆ ਸੀ। ਅੱਖ ਅਤੇ ਨੰਗੇਜ਼ ਦੀ ਸ਼ਰਮ ਉਹ ਘੱਟੋ-ਘੱਟ ਗੋਰੀਆਂ ਵੱਲੋਂ ਚੁੱਕ ਬੈਠਾ ਸੀ ਅਤੇ ਖੁੱਲ੍ਹਾ-ਬਹਾਰ ਤੁਰ ਪਿਆ ਸੀ। ਸ਼ਰਮ-ਹਯਾ ਪੱਖੋਂ ਬੇਪ੍ਰਵਾਹ ਗੋਰੀਆਂ ਵੀ ਬੜੇ ਮਾਣ ਨਾਲ 'ਇੰਡੀਅਨ-ਮੁੰਡੇ' ਦੇ ਬੈੱਡ ਦਾ ਸ਼ਿੰਗਾਰ ਬਣਦੀਆਂ। ਲੱਜ਼ਤ ਲੈਂਦੀਆਂ।

ਦੋ ਮਹੀਨੇ ਤੋਂ ਉਪਰ ਦਾ ਸਮਾਂ ਬੜੀ ਫੁਰਤੀ ਨਾਲ ਬੀਤ ਗਿਆ। ਦਿਨੇ ਕੰਮ ਵਿਚ ਅਤੇ ਰਾਤ ਨੂੰ ਅਯਾਸ਼ ਜ਼ਿੰਦਗੀ ਵਿਚ! ਵਕਤ ਦਾ ਪਤਾ ਹੀ ਨਾ ਚੱਲਿਆ। ਪ੍ਰੀਤ ਆਪਣੀ ਜ਼ਿੰਦਗੀ ਜਿਉਣ ਵਿਚ ਪੂਰੀ ਤਰ੍ਹਾਂ ਮਸਤ ਸੀ। ਮਘਨ ਸੀ।

ਇਕ ਦਿਨ ਮਾਮੇ ਜੋਗਿੰਦਰ ਦਾ ਫ਼ੋਨ ਆਇਆ। ਉਹ ਬੜਾ ਖੁਸ਼ ਸੀ। ਉਹ ਦਾਰੂ ਨਾਲ 'ਤੋਤਾ' ਬਣਿਆਂ ਫ਼ੋਨ 'ਤੇ ਹੀ ਲਲਕਾਰੇ ਮਾਰੀ ਜਾ ਰਿਹਾ ਸੀ। ਪਰ ਪ੍ਰੀਤ ਨੂੰ ਕੋਈ ਖ਼ਾਸ ਸਮਝ ਨਹੀਂ ਪਈ ਸੀ ਕਿ ਮਾਮਾ ਕਿਹੜੀ ਖੁਸ਼ੀ ਵਿਚ ਖੁਰਗੋ ਪੱਟੀ ਜਾ ਰਿਹਾ ਸੀ? ਉਹ ਇਤਨਾ ਜ਼ਰੂਰ ਸਮਝ ਗਿਆ ਸੀ ਕਿ ਖੁਸ਼ੀ ਕੋਈ ਜ਼ਿਆਦਾ ਹੀ ਵੱਡੀ ਸੀ। ਜਿਸ ਕਰਕੇ ਮਾਮਾ ਜੋਗਿੰਦਰ ਲਾਚੜਿਆ, ਕੰਧੋਲੀਆਂ ਢਾਹ ਰਿਹਾ ਸੀ।

-"ਮਾਮਾ ਜੀ! ਕੋਈ ਗੱਲ ਤਾਂ ਦੱਸੋ-ਮੈਂ ਵੀ ਲਲਕਰਾ ਮਾਰਨ ਜੋਗਾ ਹੋਜਾਂ---!" ਪ੍ਰੀਤ ਬੋਲਿਆ।

-"ਪਹਿਲਾਂ ਵਧਾਈਆਂ ਆਖ!"

-"ਆਖ ਦਿੱਤਾ!"

-"ਵਧਾਈਆਂ ਕਹਿ ਕੁੱਤਿਆ---!" ਉਹ ਖੁਸ਼ੀ ਵਿਚ ਉੱਲਰ-ਉੱਲਰ ਪੈਂਦਾ ਸੀ।

-"ਵਧਾਈਆਂ ਜੀ---!"

-"ਦੱਸ ਸਿਆਂ---?"

-"ਮੈਖਿਆ-ਮੂੰਹੋਂ ਫੁੱਟੋ! ਪਰਦਾ ਉਠਾਓ ਤੇ ਜਲਵਾ ਦਿਖਾਓ----!!" ਪ੍ਰੀਤ ਹੱਸ ਪਿਆ।

-"ਤੇਰੀ ਮਾਮੀਂ ਸੂਣ ਆਲੀ ਐ----!" ਜੋਗਿੰਦਰ ਨੇ ਖੁਸ਼ਖ਼ਬਰੀ ਦੱਸੀ ਤਾਂ ਪ੍ਰੀਤ ਦੇ ਦਿਮਾਗ ਵਿਚ ਬੰਬ ਫ਼ਟ ਗਿਆ। ਉਸ ਦਾ ਸਰੀਰ ਇਕ ਦਮ ਝੂਠਾ ਪੈ ਗਿਆ। ਉਸ ਦੇ ਹੱਥੋਂ ਟੈਲੀਫ਼ੋਨ ਦਾ ਰਿਸੀਵਰ ਡਿੱਗਣ ਵਾਲਾ ਹੋ ਗਿਆ ਸੀ।

-"ਹੁਣ ਆਪਣੇਂ ਘਰੇ ਦੁੱਧ ਆਮ ਹੋ ਜਾਣੈਂ-ਤੇ ਮੈਂ ਬਣ ਜਾਣੈਂ ਬਾਪੂ-ਤੂੰ ਬਣ ਜਾਣੈਂ ਵੱਡਾ ਵੀਰ! ਬੱਲੇ ਬੱਲੇ ਬਈ ਛੜਿਆਂ ਦੀ ਸੂਈ ਬੱਕਰੀ-ਛੜਾ ਚੱਕ ਕੇ ਲੋਰੀਆਂ ਦੇਵੇ---!" ਮਾਮਾ ਬਰੜਾਹਟ ਕਰੀ ਜਾ ਰਿਹਾ ਸੀ।

ਪ੍ਰੀਤ ਕੁਝ ਕੁ ਸੰਭਲਿਆ।

ਖਿੜਕਣਾ ਬੇਵਕੂਫ਼ੀ ਸੀ।

ਆਪਣੇ ਪੈਰੀਂ ਆਪ ਕੁਹਾੜ੍ਹਾ ਮਾਰਨਾ ਸੀ?

ਹਰਫ਼ਲ ਜਾਣ 'ਤੇ ਤਾਂ ਮਾਮੇਂ ਦੇ ਸਿਰ ਹੋ ਜਾਣ ਦਾ ਡਰ ਸੀ!

-"ਬੱਲੇ-ਬੱਲੇ! ਬਈ ਆਹ ਤਾਂ ਮਾਮਾ ਜੀ ਤਬੀਅਤਾਂ ਈ ਖੁਸ਼ ਕਰ ਦਿੱਤੀਆਂ ਤੁਸੀਂ-ਵਾਹ ਜੀ ਵਾਹ--!!" ਪ੍ਰੀਤ ਮੌਕਾ ਸਾਂਭ ਕੇ ਕਮਲਿਆਂ ਵਾਂਗ ਬੋਲਣ ਲੱਗ ਪਿਆ। ਬਿਲਕੁਲ ਸਿੱਧਰਿਆਂ ਵਾਂਗ! ਪਰ ਸਿਰ ਵਿਚੋਂ ਉਸ ਦੇ 'ਭੜ੍ਹਦਾਅ' ਨਿਕਲ ਰਹੀ ਸੀ। ਮੱਥੇ ਉਪਰ ਤਾਉਣੀ ਆਈ ਪਈ ਸੀ।

-"ਆਪਾਂ ਪਾਰਟੀ ਕਰਨੀ ਐਂ ਸਾਰਿਆਂ ਨੂੰ-ਮੈਂ ਤੈਨੂੰ ਰੋਜ਼ੀ ਤੋਂ ਛੁੱਟੀ ਦੁਆ ਕੇ ਲੈਜੂੰ।"

-"ਪਾਰਟੀਆਂ ਦੀ ਕਾਹਦੀ ਗੱਲ ਕਰਦੇ ਓਂ ਮਾਮਾ ਜੀ? ਪਾਰਟੀਆਂ ਦੀ ਤਾਂ ਲਿਆ ਦਿਆਂਗੇ ਆਪਾਂ ਨ੍ਹੇਰੀ! ਉੜਾ ਦਿਆਂਗੇ ਪੱਚਰੇ---!!" ਪ੍ਰੀਤ ਬਾਂਵਰਿਆਂ ਵਾਂਗ ਬੋਲੀ ਜਾ ਰਿਹਾ ਸੀ।

-"ਪਾਰਟੀ ਤੂੰ ਕਰੇਂਗਾ ਜਾਂ ਮੈਂ ਕਰਾਂ?"

-"ਮਾਮਾ ਜੀ! ਪਾਰਟੀ ਆਲੀਆਂ ਤਾਂ ਮੇਲ ਦਿਆਂਗੇ ਕੜੀਆਂ! ਝੀਥਾਂ ਕਰ ਦਿਆਂਗੇ ਬੰਦ---!"

-"ਠੀਕ ਐ---!"

-"ਥੋਡਾ ਮੇਰਾ ਕੁਛ ਵੰਡਿਐ?"

-"ਲੈ ਆਬਦੀ ਮਾਮੀਂ ਜੀ ਨਾਲ ਗੱਲ ਕਰ ਲੈ-ਦੇ ਦੇਹ ਇਹਨੂੰ ਵੀ ਵਧਾਈਆਂ!" ਜੋਗਿੰਦਰ ਨੇ ਫ਼ੋਨ ਸਰਬਜੀਤ ਨੂੰ ਫੜਾ ਦਿੱਤਾ।

-"ਹਾਂ ਪ੍ਰੀਤ---?" ਉਧਰੋਂ ਅਵਾਜ਼ ਆਈ।

-"ਹਾਂ ਜੀ ਵਧਾਈਆਂ---!" ਪ੍ਰੀਤ ਦਾ ਮਨ ਸਰਬਜੀਤ ਨੂੰ 'ਮਾਮੀਂ ਜੀ' ਆਖਣ ਨੂੰ ਉੱਕਾ ਹੀ ਨਹੀਂ ਕਰਦਾ ਸੀ। ਉਸ ਦੀ ਨਜ਼ਰ ਵਿਚ ਸਰਬਜੀਤ ਮਤਲਬ-ਪ੍ਰਸਤ ਸੀ, ਵਿਭਚਾਰਨ ਸੀ।

-"ਤੈਨੂੰ ਵੀ ਵਧਾਈਆਂ!" ਉਹ ਕਿਸੇ ਵਿਸ਼ੇਸ਼ ਅੰਦਾਜ਼ ਵਿਚ ਬੋਲੀ ਸੀ।

-"ਤੂੰ ਤਾਂ ਬੜਾ ਕਰਮਾਂ ਆਲਾ ਪੈਰ ਸਾਡੇ ਘਰ ਪਾਇਐ-ਗਿਆਰ੍ਹਾਂ ਸਾਲਾਂ ਮਗਰੋਂ ਮੇਰੀ ਸੁਣੀ ਗਈ-ਇਹਦੀਆਂ ਵਧਾਈਆਂ ਸਭ ਤੋਂ ਵੱਧ ਤੈਨੂੰ ਐਂ-ਵਧਾਈਆਂ ਦਾ ਸਾਰਾ ਈ ਹੱਕਦਾਰ ਤੂੰ ਐਂ!" ਆਖ ਸਰਬਜੀਤ ਨੇ ਪ੍ਰੀਤ ਦੇ ਹਾਲ-ਚਾਲ ਦੀ ਹੋਰ ਵੀ ਜੱਖਣਾਂ ਪੱਟ ਦਿੱਤੀ।

-"ਚਲੋ ਜੀ-ਮੈਂ ਪਰਾਟੀ 'ਤੇ ਆਊਂਗਾ।" ਕਹਿ ਕੇ ਪ੍ਰੀਤ ਨੇ ਖਹਿੜਾ ਛੁਡਾ ਲਿਆ।

ਪ੍ਰੀਤ ਵਾੜ ਦੇ ਝਾਫ਼ੇ ਵਿਚ ਫ਼ਸ ਗਿਆ ਸੀ। ਜਿਹੜੀ ਗੱਲ-ਬਾਤ ਉਹ ਖ਼ਤਮ ਹੋਈ ਸਮਝ ਰਿਹਾ ਸੀ, ਉਹ ਤਾਂ ਕੱਚੇ 'ਪ੍ਰੇਤ' ਵਾਂਗ ਉਸ ਦੇ ਨਾਲ-ਨਾਲ ਹੀ ਚੱਲ ਰਹੀ ਸੀ। ਬਿਪਤਾ ਮੁੱਕੀ ਨਹੀਂ, ਸਗੋਂ ਸ਼ੁਰੂ ਹੋਈ ਸੀ।

ਉਸ ਨੂੰ ਸਾਰੀ ਰਾਤ ਨੀਂਦ ਨਾ ਆਈ।

ਸਾਰੀ ਰਾਤ ਸੋਚਾਂ ਨੇ ਘੇਰੀ ਰੱਖਿਆ।

ਉਹ ਬੜਾ ਹੀ ਕਸੂਤਾ ਫ਼ਸ ਗਿਆ ਸੀ। ਉਸ ਬਿੱਲੇ ਵਾਂਗ, ਜਿਸ ਦੇ ਅੱਗੇ ਕੰਡਿਆਲੀ ਵਾੜ ਅਤੇ ਮਗਰ ਗਿੱਦੜਮਾਰ ਖੜ੍ਹੇ ਹੋਣ! ਕੀ ਕਰਾਂ? ਉਹ ਬਿਖ਼ਰੀਆਂ ਸੋਚਾਂ ਦੇ ਤੰਦ ਇਕੱਠੇ ਕਰੀ ਜਾ ਰਿਹਾ ਸੀ। ਤਿੜਕੇ ਸੁਪਨਿਆਂ ਦੇ ਕੰਕਰ ਚੁਗ ਰਿਹਾ ਸੀ। ਇਸ ਪਾਰਟੀ ਉੱਪਰ ਜਾਵਾਂ ਕਿ ਨਾ ਜਾਵਾਂ? ਛੁੱਟੀ ਨਾ ਮਿਲਣ ਦਾ ਬਹਾਨਾ ਮਾਰ ਦਿਆਂ? ਪਰ ਮਾਮੇਂ ਨੇ ਰੋਜ਼ੀ ਨੂੰ ਫ਼ੋਨ ਕਰਕੇ ਛੁੱਟੀ ਦੁਆ ਲੈਣੀ ਸੀ। ਪਾਰਟੀ 'ਤੇ ਤਾਂ ਹਰ ਹਾਲਤ ਜਾਣਾ ਪੈਣਾ ਸੀ। ਪਾਰਟੀ ਉਪਰ ਨਾ ਪੁੱਜਣ 'ਤੇ ਮਾਮੇਂ ਨੇ ਨਿਰਾਸ਼ ਅਤੇ ਦੁਖੀ ਹੋਣਾ ਸੀ।

ਪ੍ਰੀਤ ਮਾਮੇਂ ਨੂੰ ਦੁਖੀ ਕਰਨਾ ਨਹੀਂ ਚਾਹੁੰਦਾ ਸੀ।

ਪਰ ਮਾਮੀਂ ਦੇ ਮੱਥੇ ਲੱਗਣਾ ਉਸ ਨੂੰ ਜ਼ਹਿਰ ਪੀਣ ਬਰਾਬਰ ਲੱਗ ਰਿਹਾ ਸੀ।

## ਕਾਂਡ 3

ਜੱਕਾਂ-ਤੱਕਾਂ ਕਰਦਾ ਅਤੇ ਝਿਜਕ ਜਿਹੀ ਮਹਿਸੂਸ ਕਰਦਾ ਪ੍ਰੀਤ ਪਾਰਟੀ 'ਤੇ ਪੁੱਜ ਗਿਆ।

ਮਾਮੇਂ ਮਾਮੀਂ ਨੇ ਆਪਣਾ ਮਕਾਨ ਬੜੇ ਹੀ ਸਲੀਕੇ ਨਾਲ ਸਜ਼ਾਇਆ ਹੋਇਆ ਸੀ। ਥਾਂ-ਥਾਂ 'ਤੇ ਪੌਦੇ ਅਤੇ ਫੁੱਲ ਰੱਖੇ ਹੋਏ ਸਨ। ਗੁਬਾਰੇ ਭਰ ਕੇ ਛੱਤ ਨਾਲ ਟੰਗੇ ਹੋਏ ਸਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਲੜੀਆਂ ਲਾਈਆਂ ਹੋਈਆਂ ਸਨ। ਮਾਮੇਂ ਨੇ ਪੀਣ ਲਈ ਭਾਂਤ-ਭਾਂਤ ਦੀਆਂ ਚੀਜ਼ਾਂ ਦਾ ਸਟਾਕ ਮੰਗਵਾਇਆ ਹੋਇਆ ਸੀ। ਖਾਣ ਲਈ 'ਕੇਟਰਿੰਗ-ਸਰਵਿਸ' ਵਾਲਿਆਂ ਨੂੰ ਆਰਡਰ ਦਿੱਤਾ ਹੋਇਆ ਸੀ।

ਕਿਸੇ ਚੀਜ਼ ਦੀ ਕਮੀ ਨਹੀਂ ਸੀ।

-"ਆ ਗਿਆ ਬਈ ਪ੍ਰੀਤ ਸਿਆਂ?" ਮਾਮੇ ਨੇ ਲਾਚੜ ਕੇ ਕਿਹਾ। ਜੱਫ਼ੀ ਪਾਈ।

-"ਤੁਹਾਡਾ ਹੁਕਮ ਹੋਵੇ-ਤੇ ਮੈਂ ਨਾ ਆਵਾਂ?" ਪ੍ਰੀਤ ਨੇ ਪੂਰਾ ਆਪਣਾਪਨ ਦਰਸਾਇਆ।

-"ਮਾਮੀਂ ਜੀ ਨਹੀਂ ਦੀਂਹਦੇ?" ਪ੍ਰੀਤ ਨੇ ਚੁਫ਼ੇਰੇ ਨਜ਼ਰ ਮਾਰੀ।

-"ਬੁੱਢੀ ਘੋੜੀ ਖੁਰੀਆਂ ਲਗਵਾਉਣ ਭੇਜੀ ਐ।" ਮਾਮਾ ਹੱਸਿਆ।

-"ਸਮਝਿਆ ਨਹੀਂ।" ਪ੍ਰੀਤ ਬੋਲਿਆ।

-"ਬਿਊਟੀ ਪਾਰਲਰ ਗਈ ਐ-ਕਲੀ ਕਰਵਾਉਣ-ਮੱਝ ਨੇ ਸਿੰਗ ਨਹੀਂ ਚੋਪੜਾਉਣੇਂ? ਕਮਲਾ ਐਂ ਤੂੰ ਵੀ ਪ੍ਰੀਤ! ਅੱਜ ਭਾਂਤ ਭਾਂਤ ਦੇ ਪ੍ਰਾਹੁਣੇਂ ਤੇ ਪ੍ਰਾਹੁਣੀਆਂ ਆਉਣੀਐਂ-ਨਿੱਖਰ ਤਿੱਖਰ ਕੇ ਤਾਂ ਦਿਖਾਊਗੀ ਈ।"

-"ਜਰੂਰ ਚਾਹੀਦੈ ਜੀ-ਹੱਕ ਬਣਦੈ।"

-"ਚੱਲ ਆਪਾਂ ਉਨਾਂ ਚਿਰ ਬੀਅਰ ਸ਼ੀਅਰ ਮਾਰੀਏ-ਮਹਿਮਾਨਾਂ ਨੇ ਤਾਂ ਅਜੇ ਘੰਟੇ ਤੱਕ ਆਉਣਾ ਸ਼ੁਰੂ ਹੋਣੈਂ-ਆਪਾਂ ਆਓ ਭਗਤ ਕਰਨ ਜੋਗੇ ਤਾਂ ਹੋਈਏ।" ਮਾਮਾ ਭੂਤ ਵਾਂਗ ਫ਼ਰਿੱਜ ਨੂੰ ਜਾ ਚਿੰਬੜਿਆ।

ਉਹਨਾਂ ਦੋ ਬੀਅਰਾਂ ਅੱਗੜ-ਪਿੱਛੜ ਖ਼ਤਮ ਕਰ ਦਿੱਤੀਆਂ।

ਮਾਮੀਂ ਵੀ ਆ ਗਈ।

ਕਾਲੇ ਸੂਟ ਵਿਚ ਉਹ ਬੜੀ ਹੀ ਫ਼ੱਬਦੀ ਸੀ। ਬੱਚਾ ਠਹਿਰਿਆ ਕਰਕੇ ਉਹ ਸਰੀਰੋਂ ਕੁਝ ਕੁ ਭਰ ਗਈ ਸੀ। ਸਰੀਰ ਗੱਦਰ ਜਿਹਾ ਹੋ ਗਿਆ ਸੀ।

ਪ੍ਰੀਤ ਨੇ ਉਸ ਨੂੰ 'ਸਾਸਰੀਕਾਲ' ਬੁਲਾਈ।

ਉਸ ਨੇ ਪ੍ਰੀਤ ਨੂੰ ਬੁੱਕਲ ਵਿਚ ਲੈ ਲਿਆ।

-"ਪ੍ਰੀਤ---!" ਮਾਮਾ ਬੋਲਿਆ।

-"ਹਾਂ ਜੀ?"

-"ਪੈੱਗ ਸ਼ੈੱਗ ਮਾਰੀਏ-ਬੀਅਰ ਤਾਂ ਸਾਲੀ ਤੰਗ ਕਰਦੀ ਐ-ਪੀ ਜਾਓ ਤੇ ਮੂਤੀ ਜਾਓ-ਜਾਹ ਸਰਬਜੀਤ ਬੋਤਲ ਲਿਆ ਚੱਕ ਕੇ।"

-"ਕਿਤੇ ਮਹਿਮਾਨ ਆਉਣ ਤੋਂ ਪਹਿਲਾਂ ਈ ਨਾ ਠੀਕ ਠਾਕ ਹੋ ਜਾਇਓ?" ਸਰਬਜੀਤ ਬੋਲੀ।

-"ਹੈ ਗੱਲਾਂ ਕੀ ਕਰਦੀ ਐ ਭੈਣ ਦੇਣੀਂ? ਨਾ ਅੱਜ ਮੈਂ ਪਹਿਲੇ ਦਿਨ ਪੀਣ ਲੱਗਿਐਂ? ਕੁੜੀ ਯਹਾਵੇ ਦੀ ਕਨਸਲ!"

-"ਦੇਖ ਲੈ ਪ੍ਰੀਤ! ਅਜੇ ਤਾਂ ਪੀਣੀ ਐਂ! ਪੀਤੀ ਨਹੀਂ!" ਸਰਬਜੀਤ ਨੇ ਗ਼ਿਲਾ ਦਿਖਾਇਆ।
-"ਮਾਮਾ ਜੀ! ਹੁਣ ਤੁਸੀਂ ਗਾਲ੍ਹਾਂ ਕੱਢਣੋਂ ਬੰਦ ਕਰ ਦਿਓ!"
-"ਕਿਉਂ ਬਈ? ਹੁਣ ਕਰਫ਼ਿਊ ਲੱਗ ਗਿਆ?"
-"ਗੱਲ ਪ੍ਰੀਤ ਦੀ ਠੀਕ ਐ!" ਸਰਬਜੀਤ ਨੇ ਵੋਟ ਪਾਈ।
-"ਹੁਣ ਗਾਲ੍ਹਾਂ ਕੱਢਣ ਵਾਲੇ ਨੇ ਜੰਮ ਪੈਣੈਂ-ਫਿਰ ਕੀ ਕਰੋਂਗੇ? ਤੁਸੀਂ ਇਕ ਕੱਢਿਆ ਕਰੋਂਗੇ-ਉਹ ਦਸ ਮੂਹਰਿਓਂ ਸੁਣਾਇਆ ਕਰੂ!"
ਮਾਮਾ ਉੱਚੀ-ਉੱਚੀ ਹੱਸ ਪਿਆ।
-"ਇਹ ਵੀ ਠੀਕ ਐ ਬਈ-ਜ਼ਮਾਨਾ ਹੁਣ ਨਵਿਆਂ ਦੇ ਹੱਥ ਈ ਆ ਜਾਣੈਂ-ਪਰ ਪੁੱਤਰਾ! ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ-ਚਾਹੇ ਕੱਟੀਏ ਪੋਰੀਆਂ ਪੋਰੀਆਂ ਜੀ-ਜਿਹੜੇ ਪਸੂ ਨੂੰ ਰੱਸਾ ਚੱਬਣ ਦੀ ਮਾੜੀ ਆਦਤ ਪੈ ਜਾਵੇ-ਉਹਦੇ ਰੱਸੇ 'ਤੇ ਚਾਹੇ ਕੁਆਂਟਲ ਗੋਹਾ ਬੰਨ੍ਹ ਦਿਓ-ਉਹ ਫੇਰ ਵੀ ਕਿਵੇਂ ਨਾ ਕਿਵੇਂ, ਚੋਰ ਮੋਰੀ ਵਿਚ ਦੀ ਦੰਦੀ ਵੱਢ ਈ ਜਾਂਦੈ-ਓਏ ਤੂੰ ਬੋਤਲ ਨਹੀਂ ਲਿਆਉਂਦੀ ਚੱਕ ਕੇ---?"
-"ਲਿਆਉਨੀ ਐਂ ਜਨਾਬ-ਐਡੀ ਛੇਤੀ ਨ੍ਹੇਰੀ ਆਉਂਦੀ ਐ? ਅੱਗ ਈ ਮਚਾਤੀ---!"
-"ਜਦੋਂ ਪੈੱਗ ਅੰਦਰ ਨਾ ਗਿਆ ਹੋਵੇ-ਉਦੋਂ ਤਾਂ ਹਵਾ ਵਗਦੀ ਵੀ ਬੁਰੀ ਲੱਗਦੀ ਐ-ਤੇ ਤੂੰ ਨ੍ਹੇਰੀ ਦੀ ਗੱਲ ਕਰਦੀ ਐਂ? ਲਿਆ ਬੋਤਲ-ਘੁੱਟ ਲਾ ਕੇ ਵਸਦਿਆਂ 'ਚ ਹੋਈਏ-ਸੁੱਕੀ ਕੌਡੀ ਅੰਦਰ ਠੱਕ ਠੱਕ ਵੱਜੀ ਜਾਂਦੀ ਐ-ਸਹੁਰੀ ਨੂੰ ਮਾੜੀ ਮੋਟੀ ਗਿੱਲੀ ਕਰੀਏ।"
-"ਮਾਮਾ ਜੀ! ਇਹ ਕੌਡੀ ਅਜੇ ਗਿੱਲੀ ਈ ਨਹੀਂ ਹੋਈ?"
-"ਤੂੰ ਵੀ ਕੁਪੱਤੀ ਸੱਸ ਮਾਂਗੂੰ ਤਰਕਾਂ ਮਾਰਨ ਲੱਗ ਪਿਐਂ ਪ੍ਰੀਤ ਸਿਆਂ? ਹੁਣ ਤੂੰ ਨਾ ਸੌਂਕਣ ਮਾਂਗੂੰ ਮਿਹਣਿਆਂ ਦਾ ਘੁਕਾਹਟ ਪਾ ਲਈਂ।"
ਪ੍ਰੀਤ ਹੱਸ ਪਿਆ।
ਮਾਮੀਂ ਬੋਤਲ ਅਤੇ ਨਮਕੀਨ ਰੱਖ ਗਈ।
ਮਾਮੇ ਨੇ ਹਲਕਿਆਂ ਵਾਂਗ ਬੋਤਲ ਚੁੱਕੀ ਅਤੇ ਕੁੱਕੜ ਦੀ ਧੌਣ ਵਾਂਗ ਮਰੋੜ ਧਰੀ।
ਦੋ ਕਰੜੇ ਪੈੱਗ ਪਾ ਲਏ।
-"ਲੈ ਸਿੱਟ ਕੇਰਾਂ ਅੰਦਰ ਤੇ ਹੋ ਕੰਡੇ 'ਚ!"
ਉਹਨਾਂ ਗਿਲਾਸ ਖਾਲੀ ਕਰ ਦਿੱਤੇ।
ਮਾਮੇ ਨੇ ਨਮਕੀਨ ਨੂੰ ਵਾਢਾ ਧਰ ਲਿਆ।
ਬਦਾਮ ਚੱਬਦੇ ਦੀ ਉਸ ਦੀ 'ਕੁੜਕ-ਕੁੜਕ' ਦੂਰ ਤੱਕ ਸੁਣਦੀ ਸੀ। ਮੁੱਛਾਂ ਉਸ ਦੀਆਂ ਦਾਰੂ ਨਾਲ ਭਿੱਜ ਗਈਆਂ ਸਨ। ਜਦ ਉਸ ਨੇ ਉਠ ਕੇ ਖੁਸ਼ੀ ਵਿਚ ਬੱਕਰਾ ਬੁਲਾਇਆ ਤਾਂ ਦਾਰੂ ਦੇ ਛਿੱਟੇ ਦੂਰ-ਦੂਰ ਤੱਕ ਬੁੜ੍ਹਕੇ!
-"ਉਹੋ---! ਕੀ ਕਰੀ ਜਾਨੇਂ ਐਂ ਤੁਸੀਂ?" ਮਾਮੀਂ ਨੇ ਕਿਹਾ।
-"ਤੇਰੀ ਭੈਣ ਦਾ---!"
-"ਕਾਹਨੂੰ ਐਵੇਂ ਮਾਮਾ ਜੀ---!"
-"ਓਏ ਅਸੀਂ ਚੋਹਲ-ਮੋਹਲ ਵੀ ਨਾ ਕਰੀਏ? ਕੀ ਹੋ ਗਿਆ ਬੁੱਢੇ ਹੋ ਗਏ ਪੁੱਤਰਾ! ਬਾਂਦਰ ਬੁੱਢਾ ਹੋ ਜਾਊ-ਪਰ ਟਪੂਸੀਆਂ ਮਾਰਨੋਂ ਨਹੀਂ ਟਲਦਾ।"
ਮਹਿਮਾਨ ਆਉਣੇ ਸ਼ੁਰੂ ਹੋ ਗਏ।
ਵਧਾਈਆਂ ਅਤੇ ਮੁਬਾਰਕਾਂ ਦੀਆਂ ਛਹਿਬਰਾਂ ਲੱਗ ਗਈਆਂ। ਲੈਮਨ, ਕੋਕਾ ਕੋਲਾ ਅਤੇ ਬੋਤਲਾਂ ਦੇ ਡੱਟ ਖੁੱਲ੍ਹ ਗਏ। ਦਾਰੂ ਪਾਣੀਂ ਵਾਂਗ ਵਹਿਣ ਲੱਗ ਪਈ।
-"ਲੈ ਬਈ ਜੋਗਿੰਦਰ ਸਿਆਂ ਇਕ ਗੱਲ ਜਰੂਰ ਐ।" ਸਿੰਗਾਰੇ ਮਾਨ ਨੇ ਲਾਲ ਅੱਖਾਂ ਦੀ ਸ਼ਿਸ਼ਤ ਬੰਨ੍ਹਦਿਆਂ ਕਹਿਣਾ ਸ਼ੁਰੂ ਕੀਤਾ।
-"ਹੋਊ ਮੁੰਡਾ ਈ-ਚਾਹੇ ਲਿਖਵਾ ਲੈ-ਲੋਹੇ 'ਤੇ ਲਖੀਰ ਐ!"
-"ਗੱਲਾਂ ਦੇਖ ਕਿਮੇਂ ਕਰਦੈ-ਜਿਵੇਂ ਡਾਕਟਰ ਲੱਗਿਆ ਹੁੰਦੈ।" ਜੀਤੇ ਨੇ ਚਹੇਡ ਕੀਤੀ। ਹਮੇਸ਼ਾ ਜ਼ੁਕਾਮ

ਰਹਿਣ ਕਰਕੇ, ਉਹ ਨੱਕ 'ਚੋਂ 'ਭੱਗ-ਭੱਗ' ਜਿਹਾ ਕਰਕੇ ਬੋਲ ਰਿਹਾ ਸੀ।

-"ਅੱਧੀ ਬੋਤਲ ਅੰਦਰ ਚਲੀ ਗਈ-ਅਜੇ ਇਹ ਡਾਕਟਰ ਨਾਲੋਂ ਘੱਟ ਐ?" ਲਾਡੀ ਔਜਲਾ ਨੇ ਠੂਣਾ ਜੀਤੇ ਸਿਰ ਹੀ ਭੰਨਿਆ। ਸਿਰ 'ਤੇ ਰੁਮਾਲ ਬੰਨ੍ਹਿਆਂ ਕਰਕੇ ਜੀਤਾ 'ਸਾਂਈਂ ਬਾਬਾ' ਲੱਗਦਾ ਸੀ।

-"ਦਾਰੂ ਪੀ ਕੇ ਤਾਂ ਬੰਦਾ ਊਂ ਈਂ ਸਲੋਤਰੀ ਬਣ ਜਾਂਦੈ।" ਰੰਧਾਵਾ ਵੀ ਪਿੱਛੇ ਨਾ ਰਿਹਾ।

-"ਤੁਸੀਂ ਮੇਰੀ ਗੱਲ ਊਂਈਂ ਘੱਟੇ 'ਚ ਪਾ ਲਈ?" ਸ਼ਿੰਗਾਰਾ ਮਾਨ ਫਿਰ ਬੋਲਿਆ, "ਜਦੋਂ ਬੰਦਾ ਚਾਲੀਆਂ ਪੰਤਾਲੀਆਂ ਤੋਂ ਟੱਪ ਕੇ ਪਿਉ ਬਣਦੈ ਤਾਂ ਸ਼ਰਤੀਆ ਈ ਮੁੰਡਾ ਹੁੰਦੈ।"

-"ਕਿਉਂ ਫਿਰ ਉਹਦੇ 'ਚ ਹਨੂੰਮਾਨ ਬਾਬਾ ਆ ਜਾਂਦੈ?" ਗੱਲ ਰੰਧਾਵੇ ਨੂੰ ਫਿੱਟ ਨਹੀਂ ਆਈ ਸੀ।

-"ਇਹ ਕੁਦਰਤੀ ਗੇੜ ਐ।" ਸ਼ਿੰਗਾਰਾ ਆਪਣੀ ਗੱਲ ਮਨਵਾਉਣ 'ਤੇ ਤੁਲਿਆ ਹੋਇਆ ਸੀ।

-"ਮਾਨ ਸਾਹਿਬ-ਕੁਛ ਵੀ ਹੋਵੇ-ਰੱਬ ਦੀ ਦਾਤ ਐ।"

-"ਪਾਓ ਤੇ ਚੀਅਰਜ਼ ਅੱਪ ਹੋਵੋ!"

ਗਿਲਾਸ ਫਿਰ ਖੁੰਬਾਂ ਵਾਂਗ ਉਪਰ ਉਠ ਖੜ੍ਹੇ।

ਪਲੇਟਾਂ ਗੇੜੀਂ ਪੈ ਗਈਆਂ।

ਬੋਤਲ ਘੁਕ ਰਹੀ ਸੀ।

-"ਸੱਚ ਸ਼ਿੰਗਾਰੇ! ਮਾਈ ਦਾ ਕੀ ਹਾਲ ਐ?" ਜੀਤੇ ਨੂੰ ਅਚਾਨਕ ਕੁਛ ਯਾਦ ਆਇਆ।

-"ਉਹੀ ਹਾਲ ਐ ਬਾਈ।"

-"ਕੀ ਹੋ ਗਿਆ ਸੀ?" ਰੰਧਾਵਾ ਬੋਲਿਆ।

-"ਅਧਰੰਗ ਹੋ ਗਿਆ ਸੀ-ਬੜਾ ਵਿਚਾਰੀ ਦਾ 'ਲਾਜ਼ ਕਰਵਾਇਆ-ਦੇਸੀ ਦੁਆਈ ਵੀ ਦੁਆਈ ਐ-ਪਰ ਵਿਚਾਰੀ ਮੰਜੇ ਤੋਂ ਫੇਰ ਨਹੀਂ ਉਠਣ ਜੋਗੀ ਹੋਈ।" ਸ਼ਿੰਗਾਰਾ ਉਦਾਸੀ ਦੇ ਆਲਮ ਵਿਚ ਰੁੜ੍ਹ ਤੁਰਿਆ। ਉਸ ਦੀਆਂ ਅੱਖਾਂ ਭਰ ਆਈਆਂ।

-"ਇੰਡੀਆ ਮਾਰ ਆਉਨੈਂ ਚੱਕਰ?"

-"ਹਰ ਸਾਲ ਜਾਈਦੈ ਇਉਂ ਤਾਂ ਬਾਈ-ਹਰ ਹਫ਼ਤੇ ਫ਼ੋਨ ਕਰੀਦੈ-ਜੇ ਨਹੀਂ ਫ਼ੋਨ ਕਰਦੇ ਤਾਂ ਮਾਈ ਓਦਰ ਜਾਂਦੀ ਐ-ਆਬਦੀ ਵੀ ਸੁਤਾ ਬਾਈ ਓਧਰ ਈ ਰਹਿੰਦੀ ਐ-ਪਰ ਕੀ ਕਰੀਏ?"

-"-----।" ਇਕ ਚੁੱਪ ਛਾ ਗਈ।

-"ਇੰਡੀਆ ਜਾਈਦੈ ਤਾਂ ਖਿਆਲ ਐਧਰ ਨਿਆਣਿਆਂ 'ਚ ਰਹਿੰਦੈ-ਐਥੇ ਆ ਜਾਈਦੈ ਤਾਂ ਸੁਤਾ ਸਾਰੀ ਦਿਹਾੜੀ ਪਿੰਡ ਰਹਿੰਦੀ ਐ-ਕਸੂਤੇ ਜਿਹੇ ਫ਼ਸੇ ਪਏ ਐਂ-ਨਾ ਬੰਦਾ ਜੁਆਕ ਛੱਡ ਸਕਦੈ ਤੇ ਨਾ ਹੀ ਮਾਈ ਬਾਪ।"

-"ਆਪਾਂ ਤਾਂ ਗੋਰਖ ਦੇ ਟਿੱਲੇ ਦੇ ਜੋਗੀਆਂ ਵਾਂਗੂੰ ਕਸੂਤੇ ਫਸੇ ਵੇ ਐਂ-ਜੋਗ ਪੂਰਾ ਧਾਰਿਆ ਨਹੀਂ ਜਾਂਦਾ-ਨਾ ਮੋਹ ਤਿਆਗਿਆ ਜਾਂਦੈ-ਨਾ ਜੋਗੀ, ਨਾ ਤਿਆਗੀ ਤੇ ਨਾ ਈ ਗ੍ਰਹਿਸਤੀ-ਧੋਬੀ ਦੇ ਕੁੱਤੇ ਆਲੀ ਹਾਲਤ ਐ ਆਪਣੀ ਤਾਂ-ਨਾ ਘਰ ਦੇ ਨਾ ਘਾਟ ਦੇ-ਨਾ ਓਧਰ ਜੋਗੇ ਨਾ ਏਧਰ ਜੋਗੇ!"

-"ਸਾਰਿਆਂ ਦਾ ਈ ਇਹ ਹਾਲ ਐ।"

-"ਐਥੋਂ ਦੇ ਜੰਮੇਂ ਜੁਆਕ ਸਾਲੇ ਇੰਡੀਆ ਜਾ ਕੇ ਖੁਸ਼ ਨਹੀਂ-ਅਖੇ ਉਥੇ ਮਿੱਟੀ ਘੱਟਾ ਐ ਜੀ-ਗੰਦਾ ਮਾਹੌਲ ਐ ਜੀ-ਜ਼ਿੰਦਗੀ ਦੇ ਅਸੂਲ ਮਾੜੇ ਹਨ ਜੀ-ਟਰੈਫ਼ਿਕ ਦਾ ਬੁਰਾ ਹਾਲ ਐ ਜੀ-ਖਾਣ ਵਾਲੀਆਂ ਚੀਜ਼ਾਂ 'ਤੇ ਮੱਖੀਆਂ ਭਿਣਕਦੀਐਂ ਜੀ-ਉਥੇ ਜਣਾਂ ਖਣਾਂ ਬਿਨਾ ਗੱਲੋਂ ਹਾਰਨ ਮਾਰਨ ਲੱਗ ਜਾਂਦੈ ਜੀ-ਫਾਟਕ ਅੱਧਾ ਅੱਧਾ ਘੰਟਾ ਬੰਦ ਰਹਿੰਦੇ ਐ ਜੀ-ਜਿਉਣ ਦਾ ਕੋਈ ਤਰੀਕਾ ਨਹੀਂ ਜੀ-ਦੱਸੋ ਬੰਦਾ ਕੀ ਕਰੇ? ਪਿੰਡ ਪੈਂਤੀ-ਚਾਲੀ ਲੱਖ ਕੋਠੀ 'ਤੇ ਲਾ ਦਿੱਤਾ-ਇਹ ਜੁਆਕ ਸਾਲੇ ਉਥੇ ਜਾ ਕੇ ਖੁਸ਼ ਨਹੀਂ-ਕੋਠੀ 'ਚ ਸਾਲੇ ਲੰਡਰ ਕੁੱਤੇ ਈ ਮੂਤਦੇ ਐ।"

-"ਕੁੱਤਿਆਂ ਦੀ ਤਾਂ ਛੱਡ-ਹੋਰ ਸੁਣਲੈ!"

ਸਾਰੇ ਗਿੱਦੜ ਦੇ ਮਤੀਰੇ ਵੱਲ ਝਾਕਣ ਵਾਂਗ ਉਧਰ ਤੱਕਣ ਲੱਗ ਪਏ।

-"ਸਾਡੇ ਘਰੇ ਕਿਸੇ ਚੋਰ ਨੇ ਪਾੜ ਆ ਲਾਇਆ-ਜਿਹੜੇ ਚਾਰ ਭਾਂਡੇ ਸੀ-ਉਹ ਧੂਹ ਕੇ ਲੈ ਗਏ-ਮੈਂ ਸੋਚਿਆ ਸਾਲੇ ਚੋਰ ਓਪਰੇ ਹੋਣਗੇ-ਜੇ ਪਿੰਡ ਦੇ ਹੁੰਦੇ-ਪੌੜੀ ਲਾ ਕੇ ਈ ਆ ਜਾਂਦੇ-ਪਤੈ, ਬਈ ਇੱਥੇ ਤਾਂ ਕੋਈ ਰਹਿੰਦਾ ਈ ਨ੍ਹੀ।"

-''ਇਹ ਬਾਈ ਆਪਣਾ ਦੁਖਾਂਤ ਐ।'' ਰੰਧਾਵਾ ਦਿਲੋਂ ਦੁਖੀ ਸੀ।

-''ਅਸੀਂ ਤਾਂ, ਜਿਵੇਂ ਪਹਿਲਾਂ ਕਿਹੈ ਬਈ ਧੋਬੀ ਦੇ ਕੁੱਤੇ ਵਰਗੇ ਐਂ-ਕਹਿਣ ਦਾ ਭਾਵ ਨਾ ਇੰਡੀਆ ਜੋਗੇ ਨਾ ਐਥੇ ਜੋਗੇ-ਜੁਆਕ ਇੰਡੀਆ ਵੱਲ ਨੂੰ ਮੂੰਹ ਕਰਕੇ ਰਾਜੀ ਨਹੀਂ-ਅਸੀਂ ਉਥੇ ਦੀ ਮਿੱਟੀ ਨਾਲੋਂ ਟੁੱਟ ਨਹੀਂ ਸਕਦੇ-ਸੱਪ ਦੇ ਮੂੰਹ 'ਚ ਕੋਹੜ ਕਿਰਲਾ ਆਇਆ ਵਿਐ-ਖਾਂਦੈ ਕੋਹੜੀ ਛੱਡਦੈ ਕਲੰਕੀ।'' ਰੰਧਾਵੇ ਨੇ ਸੱਚੀ ਗੱਲ ਦਿਲੋਂ ਆਖ ਦਿੱਤੀ।

-''ਆਹ ਪਿੱਛੇ ਜਿਹੇ ਦੀ ਗੱਲ ਐ।''

ਸ਼ਿੰਗਾਰੇ ਮਾਨ ਨੇ ਕੁਝ ਯਾਦ ਕਰਦਿਆਂ ਕਿਹਾ।

-''ਆਪਣੇ ਪਾਰਲੀਮੈਂਟ 'ਚ ਮੰਤਰੀ ਕਿਤੇ ਛਿੱਤਰੋ-ਛਿੱਤਰੀ ਹੋ ਪਏ-ਐਧਰਲੇ ਟੀ। ਵੀ। ਵਾਲਿਆਂ ਨੇ ਇੱਕ ਦਿਨ 'ਚ ਉਹੀ ਖ਼ਬਰ ਕਈ ਵਾਰ ਦਿਖਾਈ-ਜੁਆਕ ਮੈਨੂੰ ਤਾਹਨੇ ਮਾਰੀ ਜਾਣ-ਅਖੇ, ਜਿਹੜੇ ਮੰਤਰੀ ਈ ਆਪੋ ਵਿਚ ਜੁੱਤੀਓ-ਜੁੱਤੀ ਹੋਈ ਜਾਂਦੇ ਐ-ਉਹ ਥੋਡੇ ਇੰਡੀਆ ਦਾ ਕੀ ਸੁਆਰ ਦੇਣਗੇ? ਮੈਨੂੰ ਸਹੁਰੇ ਇਉਂ ਹਨ੍ਹੋਰੇ ਦੇਣ ਜਿਮੇਂ ਪਾਰਲੀਮੈਂਟ 'ਚ ਮੇਰਾ, ਬਾਪੂ ਲੱਗਿਆ ਹੁੰਦੈ।''

ਸਾਰੇ ਹੱਸ ਪਏ।

-''ਹਾਸੇ ਆਲੀ ਗੱਲ ਵੀ ਐ ਤੇ ਹੈ ਵੀ ਨਹੀਂ-ਜੁਆਕ ਬਿਲਕੁਲ ਠੀਕ ਆਖਦੇ ਐ-ਬਈ ਜਿਹੜੇ ਆਪਸ ਵਿਚ ਜੁੜ ਕੇ ਨਹੀਂ ਬਹਿ ਸਕਦੇ-ਦੇਸ਼ ਦਾ ਕੀ ਉਹੋ --- ਮੇਰੇ ਮੂੰਹੋਂ ਕੁਛ ਹੋਰ ਨਿਕਲ ਚੱਲਿਆ ਸੀ।'' ਰੰਧਾਵੇ ਨੇ ਕਿਹਾ।

-''ਮੰਤਰੀ ਸੰਤਰੀ ਆਪਣੇ ਪਾਉਂਦੇ ਤਾਂ ਦਿਖਾਵੇ ਵਾਸਤੇ ਖੱਦਰ ਈ ਐ-ਪਰ ਦਾਰੂ ਬਾਹਰਲੀ ਪੀਂਦੇ ਐ।'' ਜੀਤੇ ਨੇ ਕਿਹਾ।

-''ਤੂੰ ਕਿਹੜਾ ਮੰਤਰੀ ਦਾ ਪੀ। ਏ। ਲੱਗਿਆ ਰਿਹੈਂ? ਵਿਚੋਂ ਈ ਛੱਡਤੀ।'' ਚੱਕ ਤਾਰੇਵਾਲੀਆ, ਰਣਜੀਤ ਘੈਂਟ ਕਾਫ਼ੀ ਦੇਰ ਬਾਅਦ ਬੋਲਿਆ ਸੀ। ਦਾਰੂ ਦੇ ਨਸ਼ੇ ਕਾਰਨ ਉਹ 'ਮੰਤਰੀ' ਬਣਿਆਂ ਬੈਠਾ ਸੀ। ਵੱਟ ਦੇ ਕੇ ਮੁੱਛਾਂ ਦੇ ਕੁੰਢ ਉਸ ਨੇ 'ਖੂੰਡੇ' ਵਾਂਗ ਉਤਾਂਹ ਕੀਤੇ ਹੋਏ ਸਨ।

-''ਤੂੰ ਅਖ਼ਬਾਰਾਂ ਨਹੀਂ ਪੜ੍ਹਦਾ?''

-''ਮਤਲਬ ਕੀ ਭਲਿਆ ਮਾਣਸਾ-ਹੁਣ ਤੂੰ ਮਤਲਬ ਕੀ, ਲੜਨੈਂ?'' ਬਾਵਾ ਸਿੰਘ ਭੱਜ ਕੇ ਗੱਲ ਦੇ ਵਿਚ ਹੋਇਆ ਸੀ।

-''ਐਮੇ ਮਤਲਬ ਕੀ, ਗੱਲ ਨ੍ਹੀ-ਮਤਲਬ ਕੀ, ਬਾਤ ਨ੍ਹੀ-ਨਿਆਣਿਆਂ ਆਲੀਆਂ ਮਤਲਬ ਕੀ ਗੱਲਾਂ, ਮਤਲਬ ਕੀ, ਇਹਨਾਂ ਦੀਆਂ।''

-''ਨਹੀਂ ਊਂ ਸੁਤੇ ਈ ਗੱਲ ਕਰਦੇ ਐਂ-ਲੜਦੇ ਨਹੀਂ!''

-''ਮਤਲਬ ਕੀ, ਭਲਿਆ ਮਾਣਸਾ-ਤੁਸੀਂ ਮਤਲਬ ਕੀ, ਖਾਓ ਪੀਓ-ਮੌਜਾਂ ਮਾਣੋਂ-ਮਤਲਬ ਕੀ, ਤੁਸੀਂ ਤਾਂ ਖਹਿਣ ਡਹਿ ਪਏ?''

ਪੈੱਗ ਫਿਰ ਪਾ ਲਏ ਗਏ।

-''ਕਿਹੜਾ ਮਹੀਨੈਂ ਹੁਣ ਭਰਜਾਈ ਨੂੰ?'' ਸ਼ਿੰਗਾਰੇ ਮਾਨ ਨੇ ਪੁੱਛਿਆ। ਗੱਲ ਹੋਰ ਪਾਸੇ ਪਾਈ।

-''ਤੀਜਾ।''

-''ਨਾ ਤੂੰ ਹੁਣ ਮਤਲਬ ਕੀ, 'ਗੂਠਾ ਲੁਆਉਣੈਂ? ਭਲਿਆ ਮਾਣਸਾ, ਮਤਲਬ ਕੀ, ਜਿਹੜਾ ਮਹੀਨਾ ਚੱਲਦੈ-ਚੱਲੀ ਜਾਣਦੇ।''

-''ਨਾਲੇ ਤੂੰ ਕਿਹੜਾ ਖੁਰੜੇ ਖਿੱਚਣੇ ਐਂ?'' ਚੱਕ ਤਾਰੇਵਾਲ ਨੇ ਫਿਰ ਵਾਰੀ ਲਈ।

-''ਸਾਡੇ ਖੁਰੜੇ ਖਿੱਚੇ ਹੋਏ ਤਾਂ ਅਸਤਰ ਈ ਜੰਮੂੰ-ਮਾਰ ਫੜਕੇ ਸੁੱਖ ਨਾਲ ਜੰਮਦਾ ਈ ਟਰੈਕਟਰ ਚਲਾਊ।''

-''ਮਤਲਬ ਕੀ, ਹੋਰ ਕੀ ਕਰੂ-ਨਾ ਹੋਰ ਕੀ ਕਰੂ? ਇਹ ਵੀ ਦੱਸ ਦੇਹ!'' ਵੱਡੀ ਸਾਰੀ ਪੱਗ ਹੇਠੋਂ ਨਿੱਕੀਆਂ-ਨਿੱਕੀਆਂ ਅੱਖਾਂ, ਬਾਵਾ ਸਿੰਘ ਨੇ ਸ਼ਿੰਗਾਰੇ ਦੀਆਂ ਅੱਖਾਂ ਵਿਚ ਪਾਉਂਦਿਆਂ ਪੁੱਛਿਆ।

-''ਹੁਣ ਸਾਰੀਆਂ ਪੁੱਛਾਂ ਮੈਂ ਅੱਜ ਈ ਦੇ ਦਿਆਂ?''

-''ਮਤਲਬ ਕੀ, ਜੇ ਪੁੱਛਣਾ ਹੋਵੇ-ਬਈ ਭਲਿਆ ਮਾਣਸਾ, ਅੱਜ ਕੀ ਗ੍ਰਹਿਣ ਲੱਗਿਐ?''

-''ਵੱਡੇ ਬਾਈ! ਸਾਰੀਆਂ ਮੁਫ਼ਤ ਨਹੀਂ ਦੱਸੀਆਂ ਜਾਂਦੀਆਂ-।''

-''ਮਤਲਬ ਕੀ, ਹੁਣ ਤੈਨੂੰ ਹੈਂ ਬਈ, ਚੈੱਕ ਕੱਟ ਕੇ ਦੇਈਏ?''

-''ਆਡਰ ਦੇ ਨਾਲ ਮਨੀਆਡਰ ਵੀ ਚਾਹੀਦਾ ਈ ਐ।''

-''ਚੱਕ ਤਾਰੇਆਲੀਆ! ਤੇਰਾ ਵੀ ਮਤਲਬ ਕੀ, ਜਵਾਬ ਨ੍ਹੀ-ਭਲਿਆ ਮਾਣਸਾ ਤੂੰ ਵੀ ਮਤਲਬ ਕੀ, ਜਾਗਦਿਆਂ ਨੂੰ ਹੈਂ ਬਈ ਪੈਂਦੀਂ ਪਾਉਨੈਂ।'' ਬਾਵਾ ਸਿੰਘ ਨੇ ਸਾਰਿਆਂ ਵੱਲ ਝਾਕ ਕੇ ਮੱਲੋਮੱਲੀ 'ਹਾਂ' ਕਰਵਾਉਣ ਦੀ ਕੋਸ਼ਿਸ਼ ਕੀਤੀ।

-''ਚੱਲੋ-ਇਹ ਗੱਲਾਂ ਤਾਂ ਛੱਡੋ!'' ਸ਼ਿੰਗਾਰਾ ਫਿਰ ਬੋਲਿਆ।

-''ਜਿਹੜਾ ਬਾਬੇ ਬਖਤੌਰੇ ਕਾ ਰੌਲਾ ਜਿਹਾ ਪਿਆ ਸੀ-ਉਹਦਾ ਕੀ ਬਣਿਆ?''

-''ਮਤਲਬ ਕੀ, ਮੈਨੂੰ ਤਾਂ ਕਿਸੇ ਰੌਲੇ ਦਾ ਪਤਾ ਨ੍ਹੀ!''

-''ਪਿਛਲੀ ਪੈਲੀ ਦਾ ਰੌਲਾ ਸੀ-ਭਰਾਵਾਂ ਨਾਲ।''

-''ਬਈ ਆਪਾਂ ਨੂੰ ਤਾਂ ਮਤਲਬ ਕੀ, ਸਹੁੰ ਐਂ-ਜੇ ਕਿਸੇ ਗੱਲ ਦਾ ਪਤਾ ਵੀ ਹੋਵੇ।''

-''ਤੈਥੋਂ ਕਿਹੜਾ ਅਸੀਂ ਪੁਲਸ ਆਲਿਆਂ ਮਾਂਗੂੰ ਕੁੱਟ ਕੇ ਮਨਵਾਉਨੇ ਐਂ?'' ਜੀਤਾ ਹੱਸਿਆ।

-''ਉਹ ਗੱਲ ਇਉਂ ਸੀ।'' ਸ਼ਿੰਗਾਰੇ ਨੇ ਗੱਲ ਦੱਸਣੀ ਸ਼ੁਰੂ ਕੀਤੀ।

-''ਇਹਨੇ ਪੈਲੀ ਭਰਾਵਾਂ ਨੂੰ ਈ ਠੇਕੇ 'ਤੇ ਦੇਈ ਰੱਖੀ-।''

-''ਮਤਲਬ ਕੀ-ਕੀਹਨੇ?''

-''ਬਾਬੇ ਬਖਤੌਰੇ ਨੇ।''

-''ਅੱਛਿਆ!''

-''ਉਹਨਾਂ ਨੇ ਠੇਕਾ ਤਾਂ ਇਹਨੂੰ ਕੀ ਸੁਆਹ ਦੇਣਾ ਸੀ? ਉਤੋਂ ਹੋਰ ਈ ਲੁੱਪਰੀ ਲਾਹੁੰਦੇ ਰਹੇ-ਕਦੇ ਕਿਹਾ ਕਰਨ ਬੋਰ ਬੈਠ ਗਿਆ ਜੀ-ਕਦੇ ਮੋਟਰ ਸੜ ਗਈ ਜੀ-ਕਿਤੇ ਟਰੈਕਟਰ ਖਰਾਬ ਹੋ ਗਿਆ ਜੀ-ਕਦੇ ਲਟਰਮ ਕਦੇ ਪਟਰਮ-ਬੱਸ ਊਂ ਈ ਲੋਦੇ ਲਾਈ ਗਏ---!''

-''ਫੇਰ---?''

-''ਫੇਰ ਜੀ ਇਹਤੋਂ ਇਹਦੇ ਘਰ ਦੀ ਵੀ ਚਾਬੀ ਫੜ ਲਈ ਵਡਿਆ ਕੇ-।''

-''ਉਹ ਕਿਵੇਂ---?''

-''ਇੰਡੀਆ ਗਿਆ ਇਹੇ-ਬੰਦਾ ਤੈਨੂੰ ਪਤਾ ਈ ਐ ਬਈ ਦਿਲ ਦਾ ਸਾਫ਼ ਐ-ਨਿਰਾ ਈ ਸਾਧੂ ਸੰਤ! ਉਹ ਹੈਗੇ ਐ ਚਤਰ, ਕਾਲੇ ਕਾਂ-ਉਹਨਾਂ ਨੇ ਇਹਨੂੰ ਦਾਰੂ ਦੂਰੂ ਚਾਰ ਦਿਨ ਚੰਗੀ ਪਿਆਈ-ਬੱਕਰੇ ਖੁਆਏ-ਤੇ ਧਿਜਾਅ ਕੇ ਮਕਾਨ ਦੀ ਵੀ ਚਾਬੀ ਲੈ ਲਈ-ਅਖੇ ਵੱਡਾ ਮੁੰਡਾ ਬਹੂ ਸਮੇਤ ਇਧਰ ਪੈ ਜਿਆ ਕਰੂ-ਤੇ ਚੱਲ ਮੇਰੇ ਭਾਈ-ਅਖੀਰ ਨੂੰ ਅਗਲਿਆਂ ਨੇ ਸਾਰੇ ਪਾਸਿਓਂ ਈ ਝੁੱਗਾ ਚੱਕਤਾ।''

-''-----।''

-''ਇਹਨੂੰ ਏਸੇ ਕਰਕੇ ਈ ਫੇਰ ਇੰਡੀਆ ਜਾਣਾ ਪੈ ਗਿਆ-ਜਾ ਕੇ ਪੰਚਾਇਤ 'ਕੱਠੀ ਕੀਤੀ-ਪੰਚਾਇਤ ਕੀਹਦੀ ਹੁੰਦੀ ਐ? ਸਿਰ ਖੜ੍ਹੇ ਦਾ ਖ਼ਾਲਸਾ! ਜਿਹੜਾ ਪਿੰਡ ਵਸਦੈ-ਉਸੇ ਦੀ ਹੀ ਪੰਚਾਇਤ ਹੁੰਦੀ ਐ-।''

-''ਇਹ ਤਾਂ ਹੈ ਈ!''

-''ਇਹਨੇ ਫੇਰ ਐਨ। ਆਰ। ਆਈ। ਵਾਲਿਆਂ ਨਾਲ ਗੱਲ ਕੀਤੀ-ਉਹ ਕਹਿੰਦੇ ਤੁਸੀਂ ਸਾਡੇ ਮੈਂਬਰ ਈ ਨਹੀਂ-ਪਹਿਲਾਂ ਮੈਂਬਰ ਬਣੋਂ-!''

-''ਫੇਰ---?''

-''ਫੇਰ-ਮੈਂਬਰ ਮੁੰਬਰ ਤਾਂ ਇਹ ਪਤਾ ਨਹੀਂ ਬਣਿਆਂ ਕਿ ਪਤਾ ਨਹੀਂ, ਨਹੀਂ ਬਣਿਆ-ਪਰ ਇਹਨੇ ਵਕੀਲ ਕਰ ਲਿਆ-ਛੁੱਟੀ ਇਹਦੇ ਕੋਲੇ ਸਾਰੀ ਈ ਮਹੀਨੇ ਕੁ ਦੀ ਈ ਸੀ-ਤਰੀਕ ਨਿਕਲੀ ਨਾ-ਤੇ ਚੱਲ ਮੇਰੇ ਭਾਈ-ਇਹ ਛੁੱਟੀ ਪੂਰੀ ਹੋਣ 'ਤੇ ਮੁੜ ਆਇਆ-ਸਾਰਾ ਕੁਛ ਵਿਚੇ ਈ ਤੁਰਿਆ ਫਿਰਦੈ।''

-''ਯਾਰ ਲੋਹੜੈ-ਬੰਦਾ ਕੀ ਕਰੇ?''

-''ਕੀਹਦੇ 'ਤੇ 'ਤਬਾਰ ਕਰੇ?''

-''ਇੰਡੀਆ ਆਲਿਆਂ ਨੂੰ ਭਲੀ ਭਾਂਤ ਪਤਾ ਹੁੰਦੈ-ਬਈ ਬਾਹਰਲਾ ਬੰਦਾ ਮਹੀਨੇ ਜਾਂ ਦੋ ਮਹੀਨੇ ਤੋਂ ਵੱਧ ਨਹੀਂ ਰਹਿ ਸਕਦਾ-ਛੁੱਟੀ ਈ ਬੰਦੇ ਕੋਲੇ ਐਨੀ ਕੁ ਹੁੰਦੀ ਐ-ਅਗਲੇ ਦੇ ਕੇ ਵਕੀਲ ਨੂੰ ਪੈਸੇ-ਤਰੀਕ ਈ ਚਾਰ ਮਹੀਨੇ 'ਤੇ ਪੁਆ ਲੈਂਦੇ ਐ-ਕੰਮ ਖ਼ਤਮ-ਨਾ ਚੋਰ ਲੱਗੇ ਤੇ ਨਾ ਕੁੱਤੀ ਭੌਂਕੇ-ਨਾ ਬੰਦਾ ਛੇਤੀ ਕੀਤੇ ਇੰਡੀਆ ਜਾਵੇ ਤੇ ਨਾ ਕੇਸ ਲੜੇ-।''

-''ਇੰਡੀਆ ਜਾਣਾ ਕਿਤੇ ਕਮਲਿਆ ਖੇਡ ਐ?''

-''ਪੰਜਾਹ ਸੱਠ ਹਜ਼ਾਰ ਰੁਪਈਆ ਤਾਂ 'ਕੱਲੀ ਜਹਾਜ ਦੀ ਟਿਕਟ 'ਤੇ ਲੱਗ ਜਾਂਦੈ-ਫੇਰ ਚਾਰ ਪੈਸੇ ਨਾਲ ਵੀ ਚਾਹੀਦੇ ਐ-ਫੇਰ ਰਿਸ਼ਤੇਦਾਰਾਂ ਆਸਤੇ ਝੱਗੇ ਦੁਪੱਟੇ ਚਾਹੀਦੇ ਐ-ਬੰਦਾ ਖੁੰਘਲ ਹੋ ਜਾਂਦੈ।''

-''ਰਿਸ਼ਤੇਦਾਰਾਂ ਦੀ ਸੁਣ ਲੈ-।'' ਜੋਗਿੰਦਰ ਨੇ ਰੰਧਾਵੇ ਦੇ ਪੱਟ 'ਤੇ ਹੱਥ ਮਾਰ ਕੇ ਕਿਹਾ। ਉਹ ਕਾਫ਼ੀ ਦੇਰ ਬਾਅਦ ਬੋਲਿਆ ਸੀ।

-''ਪਿਛਲੇ ਸਾਲ ਮੈਂ ਜਲਦੀ ਜਲਦੀ 'ਚ ਦੋ ਕੁ ਹਫ਼ਤੇ ਵਾਸਤੇ ਇੰਡੀਆ ਗਿਆ-ਹੋਰ ਤਾਂ ਕੁਛ ਮੈਂ ਤੇਜ਼ੀ 'ਚ ਖ਼ਰੀਦ ਨਾ ਸਕਿਆ-ਟੈਮ ਈ ਹੈਨੀ ਸੀ, ਖਰੀਦਾ ਫ਼ਰੋਖਤੀ ਆਸਤੇ-ਮੈਂ ਸਾਲੇ ਲਈ ਦੋ ਟੀ-ਸ਼ਰਟਾਂ ਲੈ ਗਿਆ-ਜਦੋਂ ਮੈਂ ਟੀ-ਸ਼ਰਟਾਂ ਦਿੱਤੀਆਂ ਤਾਂ ਸਾਲਾ ਚਾਪੜ ਜਿਆ, ਘਸਮੈਲਾ ਜਿਆ ਮੂੰਹ ਕਰੇ-ਅਖੇ, ਪ੍ਰਾਹੁਣਿਆਂ! ਮੈਂ ਤਾਂ ਸੋਚਿਆ ਸੀ ਬਈ ਤੂੰ ਮੇਰੇ ਲਈ ਕੋਈ ਘੜੀ ਘੁੜੀ ਜਾਂ ਵੀ। ਸੀ। ਆਰ। ਬਗੈਰਾ ਲੈ ਕੇ ਆਵੇਂਗਾ-ਅਖੇ, ਮੈਂ ਆਹ ਬੁਨੈਣਾਂ ਜੀਆਂ ਕੀ ਕਰਨੀਆਂ ਸੀ? ਇਹ ਤਾਂ ਐਥੇ ਵੀ ਵੀਹ ਵੀਹ ਰੁਪਈਏ 'ਚ ਮਿਲੀ ਜਾਂਦੀਐਂ! ਪੁੱਛਣਾ ਹੋਵੇ ਬਈ ਭੈਣ ਦਿਆ ਯਾਰਾ! ਸਾਲਿਆ ਚੱਪਣਾ ਜਿਆ-ਐਥੇ ਪੈਸੇ ਦਰੱਖਤਾਂ ਨੂੰ ਲੱਗਦੇ ਐ? ਦਿਨ ਰਾਤ ਕੰਮ ਕਰਕੇ ਬਲਦ ਮਾਂਗੂੰ ਖੱਸੀ ਹੋ ਜਾਈਦੈ-ਨਾਲੇ ਵੀ। ਸੀ। ਆਰ। ਕਿਤੇ ਇੰਡੀਆ ਤੋਂ ਮਿਲਦੇ ਨ੍ਹੀ? ਜਿਹੜਾ ਕੁਛ ਮਰਜ਼ੀ ਐ ਲੈ ਲਵੋ-ਪੈਸਾ ਹੋਣਾ ਚਾਹੀਦੈ।''

-ਇਹ ਨਹੀਂ ਬਾਈ ਜੀ ਕੋਈ ਸੋਚਦਾ-ਸਾਰੇ ਇਕੋ ਰੱਸੇ ਦੇ ਬਲਦ ਐ-।''

-''ਝੱਗੇ ਲਾਹੁਣ ਤੱਕ ਜਾਂਦੇ ਐ।''

-''ਮਤਲਬ ਕੀ, ਭਲਿਆ ਮਾਣਸਾ, ਤੂੰ ਝੱਗਿਆਂ ਦੀ ਗੱਲ ਕਰਦੈਂ? ਜੇ ਅਗਲਿਆਂ ਦਾ ਵੱਸ ਚੱਲੇ-ਉਹ ਤੇੜ ਆਲੇ ਵੀ ਲਾਹ ਲੈਣ!''

-''ਫੇਰ ਕਹਿਣਗੇ ਸਾਡਾ ਕਾਕਾ ਸਿਉਂ ਸੱਦ ਲਓ ਜੀ-ਸਾਡਾ ਭੋਲੂ ਬੁਲਾ ਲਓ ਜੀ-ਬਈ ਦੱਸੋ ਅਸੀਂ ਐਥੇ ਮਜਿਸਟਰੇਟ ਲੱਗੇ ਵੇ ਐਂ? ਕੰਮ ਕਰਕੇ ਅਸੀਂ ਜੂਨ ਪੂਰੀ ਕਰਦੇ ਆਂ!''

-''ਇੱਕ ਸਾਲੇ ਇੱਥੋਂ ਦੇ ਜੰਮੇ-ਪਲੇ ਜੁਆਕ ਚੜ੍ਹਦੇ ਚੰਦ ਐ-ਕਦੇ ਕਹਿਣਗੇ 'ਸਕੇਟਰ' ਲੈ ਕੇ ਦਿਓ-ਕਦੇ ਕਹਿਣਗੇ ਗੇਅਰਾਂ ਆਲਾ ਸਾਈਕਲ ਲੈ ਕੇ ਦਿਓ-ਸਾਨੂੰ ਸਾਲਾ ਸਾਈਕਲ ਅੱਠਵੀਂ ਜਮਾਤ 'ਚ ਜਾ ਕੇ ਜੁੜਿਆ ਸੀ-ਨਾਲੇ ਪੰਜ ਮੀਲ ਰੋਜ ਤੁਰ ਕੇ ਸਕੂਲ ਜਾਂਦੇ ਸੀ-ਪੰਜ ਮੀਲ ਤੁਰ ਕੇ ਆਉਂਦੇ ਸੀ-ਗਰਮੀ ਹੋਵੇ ਚਾਹੇ ਸਰਦੀ ਹੋਵੇ।''

-''ਲੈ ਤੂੰ ਹੋਰ ਲੈ ਲਾ।''

-''-----।''

-''ਮੇਰੀ ਉਮਰ ਹੁਣ ਚਾਲ੍ਹੀਆਂ ਦੇ ਨੇੜ ਐ-ਮੈਂ ਅਜੇ ਤੱਕ ਇੰਡੀਆ ਬੈਠੇ ਬਾਪੂ ਤੋਂ ਡਰਦੈਂ-ਪਰ ਮੇਰਾ ਮੁੰਡਾ ਦਸਾਂ ਸਾਲਾਂ ਦਾ ਐ-ਡਰਨਾ ਤਾਂ ਸਾਲੇ ਨੇ ਕੀ ਐ? ਸਗੋਂ ਅੱਗਿਓਂ ਡਰਾਉਂਦੈ---!''

-''ਵੱਡੇ ਸਾਲੇ ਘੂਰ ਕੇ ਡਰਾਉਂਦੇ ਐ, ਤੇ ਛੋਟੇ ਰੋ ਕੇ ਡਰਾਉਂਦੇ ਐ!''

-''ਆਹੀ ਗੱਲ ਬਖਤੌਰੇ ਨਾਲ ਵਾਪਰੀ।''

-''ਹਾਂ-ਇਹ ਗੱਲ ਤਾਂ ਵਿਚੇ ਈ ਰਹਿਗੀ ਸੀ।''

-''ਉਹਦੇ ਭਰਾਵਾਂ ਨੂੰ ਤਾਂ ਇਉਂ ਈ ਸੀ-ਬਈ ਸਾਡਾ ਇੱਕ ਅੱਧਾ ਮੁੰਡਾ ਬਾਹਰ ਨੂੰ ਖਿੱਚ ਲਊ-।''

-''-----।''

-''ਬਾਹਰ ਤਾਂ ਇਹਨੇ ਕੋਈ ਬੁਲਾਇਆ ਨਾ-ਤੇ ਅਗਲਿਆਂ ਨੇ ਦੂਜੇ ਪਾਸਿਓਂ ਮੁੰਨ ਲਿਆ।''

-''ਯਾਰ ਐਥੇ ਬੁਲਾ ਕੇ ਕਿਹੜਾ ਕੋਈ ਤਰ ਜਾਂਦੈ? ਜੀਹਨੂੰ ਬੁਲਾ ਲਓ-ਅਗਲਾ ਪਾਗਲ ਬਣਾਉਣ ਲੱਗ ਪੈਂਦੈ-ਭਾਵੇਂ ਪਿੱਛੋਂ ਭੁੱਖਾ ਈ ਮਰਦਾ ਆਇਆ ਹੋਵੇ-ਐਥੇ ਆ ਕੇ ਕੰਧੋਲੀਆਂ ਢਾਹੁੰਣ ਲੱਗ ਪੈਂਦੈ-ਮੈਂ ਤਾਂ ਉਥੇ ਆਹ ਸੀ ਜੀ-ਮੈਂ ਤਾਂ ਉਥੇ ਇਉਂ ਕਰ ਦੇਣਾ ਸੀ ਜੀ-।''

-''ਜਦੋਂ ਐਥੇ ਆ ਕੇ ਟੁਕੜੇ ਪੈ ਜਾਦੇ ਐ-ਤਾਂ ਬੁਲਾਉਣ ਆਲੇ ਨੂੰ ਈ ਮੱਤਾਂ ਦੇਣ ਲੱਗ ਪੈਣਗੇ।''

-''ਤੂੰ ਬਰਾੜ ਦਾ ਈ ਹਾਲ ਦੇਖ ਲੈ-ਉਹਨੇ ਕੋਈ ਪੱਚੀ ਬੰਦੇ ਮੰਗਵਾ ਦਿੱਤੇ ਹੋਣੇ ਐਂ ਇੱਥੇ-ਲੈ ਕੋਈ ਉਹਦੀ ਵੱਢੀ ਉਂਗਲੀ 'ਤੇ ਨਹੀਂ ਮੂਤਦਾ-ਨਾਲੇ ਸਾਰੇ ਉਹਨੇ ਆਬਦੇ ਪੈਸੇ ਲਾ ਕੇ ਮੰਗਵਾਏ ਐ-ਕਿਸੇ ਦਾ ਇੱਕ ਧੇਲਾ ਨਹੀਂ ਲੱਗਣ ਦਿੱਤਾ-ਐਥੇ ਆਫ਼ਰਿਆ ਫਿਰਿਆ ਕਰੇ-ਅਖੇ ਜੀ ਹਮਰੀ ਧਿਰ ਬਣਨਗੇ-ਹਮਾਰੀ ਬਾਂਹ ਬਣਨਗੇ-ਲੈ ਬਣਾ ਲੈ ਧਿਰ! ਸਾਰੇ ਈ ਦੁਸ਼ਮਣ ਬਣ ਕੇ ਬਹਿਗੇ-ਕੋਈ ਸਿੱਧੇ ਮੂੰਹ ਨਾਲ ਨਹੀਂ ਬੋਲਦਾ-।''

-''ਉਏ ਹੁਣ ਪਿੱਟਦੈ---!''

-''ਪਿੱਟਣਾ ਈ ਐਂ! ਗੁਣ ਤਾਂ ਕਿਸੇ ਕੰਜਰ ਨੇ ਉਹਦਾ ਪਾਇਆ ਨਹੀਂ-।''

-''ਗੁਣ ਕਿਹੜਾ ਪਾਉਂਦੈ? ਕਲਜੁਗ ਐ ਬਾਈ ਕਲਜੁਗ! ਜਦੋਂ ਰੱਜਵੀਂ ਰੋਟੀ ਮਿਲਣ ਲੱਗ ਪੈਂਦੀ ਐ-ਰਾਣੀ ਖਾਂ ਦੇ ਸਾਲੇ ਬਣ ਜਾਂਦੇ ਐ-ਨਾਲੇ ਬਣਾਉਂਦੇ ਐ ਮੰਗਵਾਉਣ ਵਾਲੇ ਨੂੰ ਬੇਵਕੂਫ਼---!''

-''ਹੁਣ ਬਰਾੜ ਆਖਦਾ ਹੁੰਦੈ-ਬਈ ਜਿਹੜਾ ਰਿਸ਼ਤੇਦਾਰ ਕਹੇ ਬਈ ਸਾਨੂੰ ਬੁਲਾ ਲਵੋ-ਉਹਨੂੰ ਜੁੱਤੀ ਲਾਹ ਲਓ ਤੇ ਜਾਂ ਛੱਡ ਦਿਓ ਜਮਾਂ ਈ ਖਹਿੜ੍ਹਾ-ਜਿੰਨੀ ਨ੍ਹਾਤੀ ਉਨਾਂ ਈ ਪੁੰਨ-ਬਥੇਰੇ ਬੁਲਾ-ਬੁਲਾ ਕੇ ਦੇਖ ਲਏ-ਹੁਣ ਤੌਬਾ---!''

-''ਬੰਦੇ ਨੂੰ ਵੀ ਮੱਤ ਉਦੋਂ ਈ ਆਉਂਦੀ ਐ-ਜਦੋਂ ਅਗਲਾ ਕਪਾਲ 'ਚ ਇੱਟਾਂ ਮਾਰਨ ਲੱਗ ਜਾਂਦੈ।''

-''ਲੈ, ਬਰਾੜ ਨੇ ਕਿਸੇ ਦਾ ਕਦੇ ਮਾੜਾ ਨਹੀਂ ਕੀਤਾ-ਪਹਿਲਾਂ ਬੁਲਾਏ-ਫੇਰ ਪੱਕੇ ਕਰਵਾਏ-ਮਾਰ ਫੜਕੇ ਕਾਰਾਂ ਪੱਲਿਓਂ ਪੈਸੇ ਲਾ ਕੇ, ਲੈ ਕੇ ਦਿੱਤੀਆਂ-ਵਰਤਦਾ ਉਹਦੇ ਨਾਲ ਫੇਰ ਵੀ ਕੋਈ ਨਹੀਂ।''

-''ਤੂੰ ਵਰਤਣ ਦੀ ਗੱਲ ਕਰਦੈਂ? ਉਹਨੂੰ ਕਿਸੇ ਨਾਲ ਬੋਲਣ ਦਾ ਵੀ ਭਾਅ ਨਹੀਂ!''

-''ਉਹ ਆਪ ਈ ਆਖਦਾ ਹੁੰਦੈ-ਬਈ ਜਿੰਨੇ ਪੈਸੇ ਖਰਚ ਕੇ-ਬਰਬਾਦ ਕਰਕੇ, ਮੈਂ ਆਪਣੇ ਰਿਸ਼ਤੇਦਾਰ ਐਥੇ ਮੰਗਵਾਏ ਐ-ਜੇ ਮੈਂ ਉਨੇ ਪੈਸੇ ਲਾ ਕੇ ਪਿੰਡ ਕੋਠੀ ਪਾਈ ਹੁੰਦੀ-ਤਾਂ ਦੁਨੀਆਂ ਦੂਰੋਂ ਦੂਰੋਂ ਦੇਖਣ ਆਉਂਦੀ।''

-''ਗੱਲ ਵੀ ਠੀਕ ਐ-ਰੰਨ ਗਈ ਨਾਲੇ ਕੰਨ ਪਾਟੇ-ਰਾਂਝੇ ਦੱਸ ਪਿਆਰ 'ਚੋਂ ਖੱਟਿਆ ਕੀ? ਪੈਸੇ ਖਰਚੇ ਤੇ ਨਾਲੇ ਬੋਲਣੋਂ ਵੀ ਗਿਆ।''

-''ਪਾਓ ਫੇਰ! ਆਪਾਂ ਤਾਂ ਹੋਰ ਈ ਮਾਮਲਿਆਂ 'ਚ ਉਲਝ ਗਏ---!'' ਚੱਕ ਤਾਰੇਵਾਲੀਏ ਨੇ ਕਿਹਾ ਤਾਂ ਸਾਰਿਆਂ ਨੇ ਕਬੂਤਰ ਨੂੰ ਧੌਣੋਂ ਫੜਨ ਵਾਂਗ ਗਿਲਾਸ ਬੁੱਚ੍ਹ ਲਏ।

-''ਜਾਹ ਪ੍ਰੀਤ ਸਿਆਂ-ਮੁਰਗਾ ਹੋਰ ਪੁਆ ਲਿਆ-ਆਹ ਤਾਂ ਠੰਢਾ ਹੋ ਗਿਆ।'' ਮਾਮੇ ਨੇ ਕਿਹਾ।

ਪ੍ਰੀਤ ਉਠ ਖੜ੍ਹਿਆ।

-''ਹੋਰ ਨੂੰ ਕੀ ਐ? ਤੂੰ ਆਹੀ ਮਾਈਕਰੋਵੇਵ 'ਚ ਗਰਮ ਕਰਵਾ ਲਿਆ।''

-''ਕਾਹਨੂੰ? ਹੋਰ ਈ ਪੁਆ ਲਿਆ!''

-''ਮਤਲਬ ਕੀ, ਹੋਰ ਪੁਆਉਣ ਨੂੰ ਭਲਿਆ ਮਾਣਸਾ, ਇਹਨੂੰ ਕੀ ਉੱਲੀ ਲੱਗ ਗਈ? ਤੂੰ ਹੈਂ ਬਈ, ਇਹੀ ਗਰਮ ਕਰਵਾ ਲਿਆ।''

ਪ੍ਰੀਤ ਮੀਟ ਚੁੱਕ ਤੁਰ ਗਿਆ।

-''ਪ੍ਰੀਤ ਮੁੰਡਾ ਸਾਊ ਐ ਵੈਸੇ-ਨਹੀਂ ਤਾਂ ਕਾਲਜੀਏਟ ਤਾਂ ਬਾਹਲੇ ਤੱਤੇ ਪੈਰਾਂ ਆਲੇ ਹੁੰਦੇ ਐ-ਪੈਰਾਂ ਹੇਠੋਂ ਮਿੱਟੀ ਕੱਢਣੋਂ ਨਹੀਂ ਹੱਟਦੇ---!''

-''ਮੁੰਡਾ ਕਾਲਜ ਪੜ੍ਹਨ ਲੱਗ ਪਵੇ-ਪੱਗ ਇਉਂ ਬੰਨ੍ਹਣ ਲੱਗ ਪਊ-ਜਿਵੇਂ ਕੁੱਤੇ ਦਾ ਪਿੜ ਪੱਟਿਆ ਹੁੰਦੈ-ਮਾਂ ਨੂੰ ਬੁੜ੍ਹੀ ਦੱਸਣ ਲੱਗ ਪੈਂਦੈ।''

ਸਾਰੇ ਹੱਸ ਪਏ।

-''ਮਾਮੀ ਜੀ ਕਹਿੰਦੇ ਰੋਟੀ ਬਾਰੇ ਕੀ ਵਿਚਾਰ ਐ?'' ਪ੍ਰੀਤ ਨੇ ਮੁਰਗੇ ਵਾਲੀ ਟਰੇਅ ਮੇਜ਼ 'ਤੇ ਰੱਖਦਿਆਂ ਪੁੱਛਿਆ।

-''ਮਤਲਬ ਕੀ, ਰੋਟੀ ਖਾਣ ਜੋਕਰੇ ਹੋ ਤਾਂ ਲਈਏ! ਕਿ ਬਲਦ ਮਾਂਗੂੰ ਮਰੋੜ ਕੇ ਮੂੰਹ 'ਚ ਦੇਣੀ ਐਂ?''

ਸਾਰੇ ਫਿਰ ਹੱਸ ਪਏ।

-''ਹੋਰ ਭਰਜਾਈ ਕਿਤੇ ਤੇਰੇ ਮੂੰਹ 'ਚ ਨਾ ਬੁਰਕੀਆਂ ਪਾਉਣ ਲੱਗ ਪਵੇ?''

-''ਨਾ ਬਈ-ਮਤਲਬ ਕੀ ਉਹ ਤਾਂ ਭਲਿਆ ਮਾਣਸਾ ਮੇਰੀ ਧੀਆਂ ਵਰਗੀ ਐ ਵਿਚਾਰੀ।''

ਉਹਨਾਂ ਨੇ ਪੂਰੀਆਂ ਅੱਠ ਬੋਤਲਾਂ ਬਿਲੇ ਲਾ ਦਿੱਤੀਆਂ। ਚਿਹਰੇ ਨਸ਼ੇ ਕਾਰਨ ਭੰਗਰੂਣੇਂ ਜਿਹੇ ਹੋ ਚੁੱਕੇ ਸਨ। ਜ਼ਬਾਨ ਮੂੰਹ ਅੰਦਰ 'ਡੱਕ-ਡੱਕ' ਵੱਜਣ ਲੱਗ ਪਈ ਸੀ।

'ਕੇਟਰਿੰਗ-ਸਰਵਿਸ' ਵਾਲਿਆਂ ਦੇ ਮੁਰਗੇ ਮਰੋੜਦਿਆਂ ਉਹਨਾਂ ਨੂੰ ਰਾਤ ਦੇ ਨੌਂ ਵੱਜ ਗਏ। ਘਰਵਾਲੀਆਂ ਨੇ ਘਰੋ-ਘਰੀ ਜਾਣ ਲਈ ਹਾਲ-ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ ਸੀ। ਅਗਲੇ ਦਿਨ ਸਵੇਰੇ ਕੰਮਾਂ 'ਤੇ ਵੀ ਜਾਣਾ ਸੀ।

ਬਾਹਰ ਮਾੜੀ-ਮਾੜੀ ਬਰਫ਼ ਪੈਣੀ ਸ਼ੁਰੂ ਹੋ ਗਈ ਸੀ। ਫ਼ਰਾਟੇਦਾਰ ਹਵਾ ਸੀਤ ਕੱਢਦੀ ਸੀ।

ਦੇਰ ਰਾਤ ਗਈ ਮੇਲਾ ਵਿਛੜ ਗਿਆ।

ਸਾਰਿਆਂ ਨੇ ਆਪਣਾ-ਆਪਣਾ ਹਾਲ ਸੁਣਾ ਕੇ ਦਿਲ ਹਲਕੇ ਕਰ ਲਏ ਸਨ। ਨਹੀਂ ਤਾਂ ਪ੍ਰਦੇਸ ਦਾ ਲੱਗਿਆ 'ਘੁਣ' ਰੂਹ ਨੂੰ ਕਤਰਾ-ਕਤਰਾ ਕਰਕੇ 'ਚਰ' ਰਿਹਾ ਸੀ। ਆਤਮਾ ਦਿਨ-ਬਦਿਨ ਖੋਖਲੀ ਹੋ ਰਹੀ ਸੀ। ਭਾਵਨਾਵਾਂ ਅੰਦਰੇ ਅੰਦਰ ਹੀ ਕੁਰਲਾਹਟ ਪਾ ਕੇ ਮਰ-ਮੁੱਕ ਰਹੀਆਂ ਸਨ। ਖਾਲੀ ਦਿਲ 'ਹਾੜ' ਵਾਂਗ ਬੋਲਦਾ ਸੀ। ਕੰਨ ਬੋਲੇ ਹੋ ਰਹੇ ਸਨ ਅਤੇ ਤੇਜ਼ ਬਿਜਲੀਆਂ ਦਾ ਚਾਨਣ ਦਿਮਾਗ ਚੱਟੀ ਜਾ ਰਿਹਾ ਸੀ। ਉਲੀਕੇ ਸੁਪਨੇ ਹਰ ਰੋਜ਼ ਦਮ ਤੋੜਦੇ ਸਨ ਅਤੇ ਮਾਂ-ਮਿੱਟੀ ਨਾਲ ਜੁੜਿਆ ਮਨ, ਬਿਰਹੋਂ ਵਿਚ ਵੈਰਾਗ ਦੇ ਵੈਣ ਪਾਉਂਦਾ ਸੀ। ਕੰਪਿਊਟਰੀ-ਯੁੱਗ ਵਿਚ ਬੰਦਾ ਮਸ਼ੀਨ ਨਾਲ ਮਸ਼ੀਨ ਬਣਿਆ, ਦਿਨੋ-ਦਿਨ ਖੁਰਦਾ ਜਾ ਰਿਹਾ ਸੀ ਅਤੇ ਨਵੀਂ ਪੀੜ੍ਹੀ ਫ਼ਰਾਂ ਹੇਠੋਂ ਨਿਕਲਦੀ ਜਾਂਦੀ ਸੀ।

ਪੁਰਾਣੇ ਖਣ ਢਹਿੰਦੇ ਜਾ ਰਹੇ ਸਨ ਅਤੇ ਨਵੇਂ ਚੁਬਾਰੇ ਉਸਰਦੇ ਆ ਰਹੇ ਸਨ।

-''ਭਾਂਡੇ ਟੀਂਡੇ ਕੱਲ੍ਹ ਨੂੰ ਸਾਂਭਾਂਗੇ ਬਈ-ਹੁਣ ਥੱਕੇ ਆਂ ਸੌਂ ਜਾਈਏ!'' ਮਾਮੇ ਨੇ ਆਖਰੀ ਲੰਡਾ ਪੈੱਗ ਅੰਦਰ ਸੁੱਟਦਿਆਂ ਕਿਹਾ। ਉਹ ਅਲਕ ਵਹਿੜਕੇ ਵਾਂਗ ਸੋਫ਼ੇ 'ਤੇ ਬੈਠਾ ਹੀ ਝੂਲ ਰਿਹਾ ਸੀ। ਉਸ ਦੀਆਂ ਅੱਖਾਂ ਉਤਾਂਹ ਚੜ੍ਹੀਆਂ
ਹੋਈਆਂ ਸਨ ਅਤੇ ਉਹ ਪੂਰਾ ਸ਼ਰਾਬੀ ਸੀ। ਪੂਰੇ ਭਾਰੂ ਨਸ਼ੇ ਕਾਰਨ ਉਸ ਦੀਆਂ ਅੱਖਾਂ ਮਿਚ-ਮਿਚ ਜਾਂਦੀਆਂ ਸਨ।

-''ਚਲੋ ਮਾਮਾ ਜੀ-ਥੋਨੂੰ ਪਾ ਦਿਆਂ।'' ਪ੍ਰੀਤ ਖੁਦ ਵੀ ਨਸ਼ੇ ਕਾਰਨ ਝੂਟੇ ਲੈ ਰਿਹਾ ਸੀ।

-''ਤੂੰ ਮੈਨੂੰ ਸ਼ਰਾਬੀ ਸਮਝਦੈਂ ਉਏ ਕੁੱਤਿਆ!'' ਉਸ ਨੇ ਲਾਡ ਜਿਹੇ ਨਾਲ ਆਖਿਆ। ਉਠਣ ਲੱਗਾ ਤਾਂ ਦੇਹ ਡੋਲ ਗਈ। ਉਹ 'ਧੜੰਮ' ਕਰਕੇ ਸੋਫ਼ੇ 'ਤੇ ਹੀ ਡਿੱਗ ਪਿਆ।

ਪ੍ਰੀਤ ਹੱਸ ਪਿਆ।

-''ਨਹੀਂ ਮਾਮਾ ਜੀ-ਤੁਸੀਂ ਤਾਂ ਜਮਾਂ ਈ ਸੋਫ਼ੀ ਓਂ---!''

-''ਕਰਲੈ ਪੁੱਤਰਾ ਟਿੱਚਰਾਂ-ਤੇਰੇ ਦਿਨ ਐਂ।''

-''ਆਜੋ ਫੇਰ-ਪਾਵਾਂ ਥੋਨੂੰ।''

ਪ੍ਰੀਤ ਮਾਮੇ ਦੀ ਬਾਂਹ ਫੜ, ਸਹਾਰਾ ਦੇ ਕੇ ਬੈੱਡ-ਰੂਮ ਵਿਚ ਪਾ ਆਇਆ। ਉਪਰ ਕੰਬਲ ਦੇ ਦਿੱਤਾ। ਮਾਮਾ ਪੈਣ ਸਾਰ ਹੀ ਗਧੇ ਵਾਂਗ ਫ਼ਰਾਟੇ ਜਿਹੇ ਮਾਰਨ ਲੱਗ ਪਿਆ। ਉਸ ਦੇ ਘੁਰਾੜ੍ਹੇ ਕਿਚਨ ਤੱਕ ਸੁਣਦੇ ਸਨ।

-''ਤੁਸੀਂ ਪਾਣੀ ਰੱਖ ਦਿਓ, ਮਾਮਾ ਜੀ ਕੋਲੇ-ਤੇ ਮੈਂ ਵੀ ਸੌਣ ਚੱਲਿਐਂ।'' ਪ੍ਰੀਤ ਨੇ ਰਸੋਈ ਕੋਲ ਆ ਕੇ ਮਾਮੀ ਸਰਬਜੀਤ ਨੂੰ ਕਿਹਾ।

-''ਐਧਰ ਆ ਗੱਲ ਸੁਣ!'' ਮਾਮੀ ਨੇ ਦੱਬਵੀਂ ਜਿਹੀ ਅਵਾਜ਼ ਵਿਚ ਪ੍ਰੀਤ ਨੂੰ ਕਿਹਾ।

ਪ੍ਰੀਤ ਠਠੰਬਰ ਜਿਹਾ ਗਿਆ।

ਉਸ ਨੂੰ ਆਪਣੇ ਪੈਰ ਘੁਕਦੇ ਪ੍ਰਤੀਤ ਹੋਏ।

ਉਹ ਚਾਬੀ ਦਿੱਤੇ ਖਿਡੌਣੇ ਵਾਂਗ ਰਸੋਈ ਵਿਚ ਚਲਾ ਗਿਆ।

-''ਇਕ ਪੈੱਗ ਮੇਰੇ ਵੰਡੇ ਦਾ ਵੀ ਪੀਅ---!'' ਉਸ ਨੇ ਗਿਲਾਸ ਭਰ ਕੇ ਅੱਗੇ ਕੀਤਾ ਤਾਂ ਪ੍ਰੀਤ ਬਿਨਾ ਕੁਝ ਕਹੇ ਸੁਣੇ, ਮਜ਼ਬੂਰੀ-ਵੱਸ ਗਿਲਾਸ ਅੰਦਰ ਸੁੱਟ ਗਿਆ। ਉਸ ਨੇ ਕੋਈ ਹੀਲ-ਹੁੱਜਤ ਨਹੀਂ ਕੀਤੀ ਸੀ। ਬੜਾ ਹੀ ਸਾਊ ਸੀ ਪ੍ਰੀਤ! ਉਹ ਤਾਂ ਸਰਬਜੀਤ ਦੀ ਇਕ ਤਰ੍ਹਾਂ ਨਾਲ ਕੱਠਪੁਤਲੀ ਸੀ। ਸਰਬਜੀਤ ਡੋਰ ਖਿਚਦੀ ਸੀ ਤਾਂ ਪ੍ਰੀਤ ਉਵੇਂ ਹੀ ਨੱਚਦਾ ਸੀ। ਜਾਂ ਨੱਚਣ ਲਈ ਮਜ਼ਬੂਰ ਸੀ!

-''ਮੈਂ ਉਹਨਾਂ ਕੋਲ ਪਾਣੀ ਰੱਖ ਕੇ ਆਈ।'' ਉਹ ਪਾਣੀ ਦਾ ਜੱਗ ਭਰ ਤੁਰ ਗਈ।

ਕਮਲਾ ਜਿਹਾ ਹੋਣ ਲਈ ਪ੍ਰੀਤ ਨੇ ਇਕ ਪੈੱਗ ਹੋਰ ਅੰਦਰ ਡੋਲ੍ਹ ਲਿਆ।

-"ਤੇਰਾ ਮਾਮਾ ਤਾਂ ਨਹੀਂ ਸਵੇਰ ਤੱਕ ਉਠਦਾ-ਘੁਰਾੜਿਆਂ ਦੇ ਫ਼ੱਟੇ ਈ ਚੱਕੀ ਜਾਂਦੈ।" ਉਹ ਆ ਕੇ ਬੋਲੀ।

ਪ੍ਰੀਤ ਚੁੱਪ ਸੀ।

-"ਇਕ ਗੱਲ ਦੱਸੋਂਗੇ?" ਪ੍ਰੀਤ ਨੇ ਪੁੱਛਿਆ।

ਹੁਣ ਉਹ ਸਰਬਜੀਤ ਨੂੰ 'ਮਾਮੀ' ਬਹੁਤ ਹੀ ਘੱਟ ਆਖਦਾ। ਜੇ ਆਖਦਾ ਤਾਂ ਸਿਰਫ਼ ਮਾਮੇਂ ਦੇ ਹੀ ਸਾਹਮਣੇ!

-"ਕੁਛ ਨਹੀਂ ਦੱਸਣਾ ਅਜੇ---!" ਉਹ ਪ੍ਰੀਤ ਦੇ ਬੜਾ ਹੀ ਨਜ਼ਦੀਕ ਹੋ ਕੇ ਬੋਲੀ।

-"ਤੂੰ ਉਧਰ ਆਬਦੇ ਕਮਰੇ 'ਚ ਚੱਲ-ਮੈਂ ਤੇਰੇ ਮਗਰੇ ਈ ਆਈ-ਤੇਰੀਆਂ ਸਾਰੀਆਂ ਗੱਲਾਂ ਦਾ ਜਵਾਬ ਮੈਂ ਉਥੇ ਈ ਦਿਊਂ-ਜਾਹ ਤੇ ਦਰਵਾਜੇ ਨੂੰ ਲੌਕ ਨਾ ਕਰੀਂ!"

-"ਪਰ ਮਾਮੀ ਜੀ---!"

-"ਮੈਂ ਤੇਰੇ ਮਾਮੇ ਨਾਲ ਕੋਈ ਨਵੀਂ ਨਹੀਂ ਰਹਿਣ ਲੱਗੀ-ਕਿੰਨੇ ਸਾਲਾਂ ਤੋਂ 'ਕੱਠੇ ਰਹਿੰਨੇ ਆਂ-ਉਹਦੀ ਹੁਣ ਘੱਟੋ ਘੱਟ ਚਾਰ ਘੰਟੇ ਗਰੰਟੀ ਐ-ਜਮਾਂ ਨਹੀਂ ਉਠਦਾ-ਤੂੰ ਜਾਹ---!"

ਪ੍ਰੀਤ ਜੱਕੋ-ਤੱਕੀ ਵਿਚ ਖੜ੍ਹਾ ਸੀ।

-"ਲੈ! ਇਕ ਪੈੱਗ ਹੋਰ ਮਾਰ ਲੈ-ਦਿਲ ਕਰੜਾ ਹੋਜੂ-ਕੋਹੜ੍ਹਿਆ ਮੋਕ ਮਾਰ!"

ਪ੍ਰੀਤ ਨੇ ਇਕ ਕਰੜਾ ਪੈੱਗ ਹੋਰ ਮਾਰ ਲਿਆ।

ਉਹ ਵਾਕਿਆ ਹੀ ਕਮਲਾ ਜਿਹਾ ਹੋ ਗਿਆ ਸੀ।

-"ਹੁਣ ਜਾਹ---!"

ਪ੍ਰੀਤ ਘੁੱਟਾਂਬਾਟੀ ਜਿਹੀ ਝਾਕਦਾ ਤੁਰ ਗਿਆ।

ਕਮਰੇ ਵਿਚ ਜਾ ਕੇ ਉਸ ਨੇ ਕੱਪੜੇ ਲਾਹ ਕੇ ਪਰਾਂਹ ਸੁੱਟ ਦਿੱਤੇ। ਕੁੜਤਾ-ਪਜਾਮਾ ਵੀ ਨਾ ਪਾਇਆ। ਸਿਰਫ਼ ਇਕ ਕੱਛੇ ਸਮੇਤ ਹੀ ਬੈੱਡ ਵਿਚ ਵੜ ਗਿਆ।

-"ਕਿਵੇਂ ਕਾਮ 'ਚ ਅੰਨ੍ਹੀ ਹੋਈ ਸੜੀ ਫਿਰਦੀ ਐ-ਇਹਨੂੰ ਟਿਕਾਅ ਈ ਕੋਈ ਨਹੀਂ-ਕੋਈ ਹਾਅਥ ਈ ਨਹੀਂ-ਪ੍ਰੀਤ ਸਿਆਂ ਕਿਤੇ ਐਹੋ ਜਿਆ ਕਸੂਤਾ ਫ਼ਸੇਂਗਾ-ਤੈਨੂੰ ਭੱਜਣ ਨੂੰ ਰਾਹ ਨਹੀਂ ਥਿਆਉਣਾ-ਦੁੱਲੇ ਦੀਆਂ ਕੀਤੀਆਂ ਲੱਧੀ ਦੇ ਪੇਸ਼ ਆਉਣਗੀਆਂ।" ਉਹ ਪਿਆ ਹੀ 'ਬੁੜ-ਬੁੜ' ਕਰੀ ਜਾ ਰਿਹਾ ਸੀ।

ਥੋੜੇ ਚਿਰ ਵਿਚ ਹੀ ਸਰਬਜੀਤ 'ਜਿੰਨ' ਵਾਂਗ ਆ ਵੱਜੀ। ਉਸ ਨੇ ਦਰਵਾਜਾ ਬੰਦ ਕਰਕੇ ਤਾਲਾ ਮਾਰ ਦਿੱਤਾ ਅਤੇ ਪ੍ਰੀਤ 'ਤੇ ਖਲ ਦੀ ਬੋਰੀ ਵਾਂਗ ਡਿੱਗੀ। ਉਸ ਨੇ ਪ੍ਰੀਤ 'ਤੇ ਬਾਜ਼ ਵਾਂਗ ਝਪਟ ਕੇ ਉਸ ਦੇ ਬੁੱਲ੍ਹਾਂ ਨੂੰ 'ਪੀਣਾ' ਅਤੇ ਗੱਲ੍ਹਾਂ ਨੂੰ 'ਖਾਣਾ' ਸੁਰੂ ਕਰ ਦਿੱਤਾ।

ਪ੍ਰੀਤ ਹਮੇਸ਼ਾ ਵਾਂਗ ਸਿੱਧਾ ਸਲੋਟ ਹੀ ਪਿਆ ਸੀ। ਉਸ ਨੇ ਅੱਖਾਂ ਮੀਟੀਆਂ ਹੋਈਆਂ ਸਨ ਅਤੇ ਜਾੜ੍ਹ ਘੁੱਟੀ ਹੋਈ ਸੀ। ਟੀਕਾ ਲਗਵਾਉਣ ਵਾਲਿਆਂ ਵਾਂਗ!

ਸਰਬਜੀਤ ਨੇ ਪ੍ਰੀਤ ਉਪਰ ਝੱਖੜ ਝੁਲਾਇਆ ਹੋਇਆ ਸੀ। ਉਸ ਦੇ ਅੱਗ ਵਰਗੇ ਸਾਹਾਂ 'ਚੋਂ "ਹਾਏ--!" ਦੀ ਅਵਾਜ਼ ਵੀ ਆਉਂਦੀ ਸੀ।

ਹਟ-ਹਟ ਕੇ ਤਕਰੀਬਨ ਦੋ ਘੰਟੇ ਪ੍ਰੀਤ ਉਪਰ ਝੱਖੜ ਝੁਲਦਾ ਰਿਹਾ। ਗਰਮ ਸਾਹਾਂ ਦਾ ਤੂਫ਼ਾਨ ਮੱਚਦਾ ਰਿਹਾ। ਪ੍ਰੀਤ 'ਸੀਲ' ਬਣ ਕੇ ਪਿਆ ਰਿਹਾ। ਆਖਰੀ ਜਵਾਲਾ-ਮੁਖੀ ਫ਼ਟਿਆ ਤਾਂ ਸ਼ਾਂਤੀ ਵਰਤ ਗਈ। ਪ੍ਰੀਤ ਹੇਠੋਂ ਉਪਰੋਂ 'ਭਿੱਜਿਆ' ਪਿਆ ਸੀ। ਬੈੱਡ ਉਪਰ ਇਕ ਤਰ੍ਹਾਂ ਨਾਲ 'ਚਿੱਕੜ' ਹੋਇਆ ਪਿਆ ਸੀ।

ਸਰਬਜੀਤ ਘੋੜੇ ਵਾਂਗ ਛਾਲ ਮਾਰ ਕੇ ਹੇਠਾਂ ਉਤਰੀ ਸੀ। ਇਕ ਦਮ ਤਰੋ-ਤਾਜ਼ਾ ਹੋਈ। ਹਲਕੀ-ਹਲਕੀ। ਉਹ ਫੁੱਲ ਵਾਂਗ ਖਿੜੀ ਹੋਈ ਸੀ ਅਤੇ ਪੱਤੀਆਂ ਵਾਂਗ ਹੌਲੀ।

-"ਕੱਲ੍ਹ ਨੂੰ ਮੈਂ ਬੈੱਡ ਦੀਆਂ ਚਾਦਰਾਂ ਬਦਲ ਦਿਆਂਗੀ-ਹੁਣ ਤੂੰ ਨਹਾ ਲੈ!"

-"-----।" ਪ੍ਰੀਤ ਚੁੱਪ ਸੀ।

-"ਤੂੰ ਕਿਚਨ ਵਿਚ ਕੁਛ ਪੁੱਛਣ ਲੱਗਿਆ ਸੀ?" ਉਸ ਨੇ ਕੁਝ ਯਾਦ ਕਰਦਿਆਂ ਕਿਹਾ।

-"-----।"

-"ਵੇ ਤੂੰ ਬੋਲਦਾ ਨਹੀਂ?"

-"ਊਂ ਈਂ! ਹੁਣ ਤਾਂ ਮੈਂ ਭੁੱਲ ਗਿਆ।" ਉਸ ਨੇ ਖਹਿੜ੍ਹਾ ਛੁਡਾਉਣ ਦੇ ਰੌਂਅ ਵਿਚ ਕਿਹਾ। ਇੱਕ ਤਰ੍ਹਾਂ ਨਾਲ, ਨਾਲੋਂ ਤੋੜ ਕੇ ਸੁੱਟਿਆ।

-"ਚੱਲ ਹੁਣ ਤੂੰ ਨਹਾ ਕੇ ਸੌਂ ਜਾਹ-ਜੇ ਯਾਦ ਆ ਗਿਆ ਕੱਲ੍ਹ ਨੂੰ ਪੁੱਛ ਲਈਂ!" ਉਹ ਕੱਪੜੇ ਪਾਉਂਦੀ ਕਹਿ ਰਹੀ ਸੀ।

-"-----।"

-"ਇਕ ਗੱਲ ਪਰ ਤੈਨੂੰ 'ਮੈਂ' ਦੱਸ ਜਾਨੀ ਐਂ-!" ਉਹ ਤੁਰਦੀ ਕਹਿਣ ਲੱਗੀ।

-"-----?"

-"ਜੁਆਕ ਇਹੇ ਤੇਰਾ ਈ ਐ-ਤੇਰਾ ਮਾਮਾ ਤਾਂ ਥੋਥਾ ਕਾਰਤੂਸ ਈ ਐ-ਮਿੰਟ 'ਚ ਮਿੱਸ ਮਾਰ ਕੇ ਪਰਾਂਹ ਹੁੰਦੈ---!" ਉਹ ਜਾਂਦੀ-ਜਾਂਦੀ, ਆਖ ਕੇ ਪ੍ਰੀਤ ਦੇ ਹਾਲਾਤਾਂ ਨੂੰ ਹੋ ਪੁਲੀਤਾ ਲਾ ਗਈ।

ਪ੍ਰੀਤ ਨੂੰ ਅੱਚਵੀ ਲੱਗ ਤੁਰੀ।

ਉਹ ਨਹਾਉਣਾ ਚਾਹੁੰਦਾ ਹੋਇਆ ਵੀ ਉਠ ਨਾ ਸਕਿਆ। ਸਾਰੀ ਰਾਤ 'ਕਲੰਕ' ਵਿਚ ਹੀ ਪਿਆ ਰਿਹਾ।

-"ਹਾਏ ਰੱਬਾ! ਤੂੰ ਕਿਹੜੇ ਜੁੱਗ ਦੇ ਬਦਲੇ ਲੈਨੈਂ ਮੈਥੋਂ?" ਉਸ ਨੇ ਕਈ ਵਾਰ ਧੁਖਦੀ ਚਿਤਾ ਵਾਂਗ ਹਾਉਕਾ ਲਿਆ ਸੀ। ਉਸ ਦੀ ਹਿੱਕ 'ਤੇ ਮਣਾਂ-ਮੂੰਹੀਂ ਬੱਜਰ ਬੋਝ ਸੀ। ਸਾਰੀ ਰਾਤ ਹੀ ਉਹ ਦੜ ਵੱਟੀ ਪਿਆ ਰਿਹਾ। ਉਸ ਦੇ ਜਜ਼ਬਾਤ ਧੁਆਂਖੇ ਪਏ ਸਨ। ਭਾਵਨਾਵਾਂ ਲਹੂ-ਲੁਹਾਣ ਸਨ। ਜੇ ਮੂੰਹ ਖੋਲ੍ਹਦਾ ਸੀ ਤਾਂ ਮਾਮੇ ਦਾ ਘਰ ਉਜੜਦਾ ਸੀ। ਆਪਣੀ ਮਿੱਟੀ ਵੱਖ ਪੱਟੀਦੀ ਸੀ। ਉਹ ਬੇਵੱਸ, ਮਜ਼ਬੂਰ ਸੀ। ਦੁਨੀਆਂ ਨੇ ਪਤਾ ਨਹੀਂ ਕੀ-ਕੀ ਗੱਲਾਂ ਸਿਰ ਮੜ੍ਹਨੀਆਂ ਸਨ? ਚੁੱਪ ਹੀ ਭਲੀ ਸੀ! ਧੂੰਆਂ ਰੋਲ ਹੋਣ ਦੇ ਡਰੋਂ ਉਹ ਹਰ ਜ਼ਿਆਦਤੀ, ਹਿੱਕ 'ਤੇ ਜਰ ਰਿਹਾ ਸੀ। ਦੰਦਾਂ ਵਿਚ ਜੀਭ ਲਈ ਹੋਈ ਸੀ।

## ਕਾਂਡ 4

ਅਗਲੇ ਦਿਨ ਪ੍ਰੀਤ ਚਾਹ ਪੀ ਕੇ ਕੰਮ 'ਤੇ ਚਲਾ ਗਿਆ। ਉਸ ਨੇ ਸਰਬਜੀਤ ਨਾਲ ਕੋਈ ਬਹੁਤੀ ਗੱਲ ਨਹੀਂ ਕੀਤੀ ਸੀ। ਜੋਗਿੰਦਰ ਅਜੇ ਵੀ ਸੁੱਤਾ ਪਿਆ ਸੀ। ਰਾਤ ਕੁਝ ਜ਼ਿਆਦਾ ਹੀ ਪੀ ਗਿਆ ਸੀ। ਪੂਰੀ ਰਾਤ ਵਿਚ ਉਹ ਕਈ ਵਾਰ ਬੈੱਡ ਤੋਂ ਡਿੱਗਿਆ ਸੀ। ਪਰ ਸੁਰਤ ਆਉਣ 'ਤੇ ਉਹ ਆਪ ਹੀ ਉਠ ਕੇ ਬੈੱਡ ਉਪਰ ਪੈਂਦਾ ਰਿਹਾ ਸੀ। ਸਰਬਜੀਤ
ਇਕ ਹੋਰ ਬੈੱਡ ਉਪਰ ਬੜੀ ਹੀ ਗੂੜ੍ਹੀ ਨੀਂਦ ਸੁੱਤੀ ਸੀ। ਵੇਲੇ ਸਿਰ ਉਠ ਕੇ ਉਸ ਨੇ ਘਰ ਦਾ ਸਾਰਾ ਕੰਮ ਨਬੇੜ ਲਿਆ ਸੀ। ਬਰਤਨ ਧੋ ਦਿੱਤੇ ਸਨ। ਕੱਪੜੇ ਮਸ਼ੀਨ ਵਿਚ ਪਾ ਦਿੱਤੇ ਸਨ। ਦੂਸਰੇ ਪ੍ਰੀਤ ਵਾਲੇ ਕਮਰੇ ਦੀਆਂ ਚਾਦਰਾਂ ਧੋ ਕੇ ਸੁੱਕਣੀਆਂ ਪਾ ਆਈ ਸੀ। ਰਾਤ ਦੀਆਂ ਚੂੰਡੀਆਂ ਹੱਡੀਆਂ ਹੂੰਝ ਕੇ ਉਹ ਬਾਹਰ ਗੰਦ ਦੇ ਢੋਲ ਵਿਚ ਸੁੱਟ ਆਈ ਸੀ। ਬੜੇ ਸਲੀਕੇ ਨਾਲ ਸਫ਼ਾਈ ਕਰ ਦਿੱਤੀ ਸੀ। ਉਹ ਲੰਡੇ ਚਿੜੇ ਵਾਂਗ ਟਪੂਸੀਆਂ ਮਾਰਦੀ ਫਿਰਦੀ ਸੀ।

ਟੈਲੀਫ਼ੋਨ ਖੜਕ ਪਿਆ।

ਸਰਬਜੀਤ ਨੇ "ਹੈਲੋ" ਜਾ ਆਖੀ।

-"ਮੈਂ ਬਖਤੌਰਾ ਬੋਲਦੈਂ ਭਾਈ! ਜੀਹਨੂੰ ਬਾਬਾ ਬਖਤੌਰਾ ਕਹਿੰਦੇ ਐ---!" ਉਧਰੋਂ ਅਵਾਜ਼ ਆਈ।

-"ਹਾਂ ਜੀ! ਸਾਸਰੀਕਾਲ ਜੀ!" ਸਰਬਜੀਤ ਨੇ ਕਿਹਾ।

-"ਸਾਸਰੀਕਾਲ ਭਾਈ-ਸਾਸਰੀਕਾਲ---! ਆਪਣਾ ਜੋਗਿੰਦਰ ਸਿਉਂ ਘਰੇ ਈ ਐ?"

-"ਉਹ ਜੀ ਸੁੱਤੇ ਪਏ ਐ-ਘੰਟੇ ਕੁ ਨੂੰ ਫ਼ੋਨ ਕਰ ਲਇਓ-ਮੈਂ ਜਗਾ ਦਿੰਨੀ ਐਂ-ਕੱਲ੍ਹ ਪਾਰਟੀ ਸੀ-ਦੇਰ ਤੱਕ ਜਾਗਦੇ ਰਹੇ ਐ---।"

-"ਕੋਈ ਗੱਲ ਨਹੀਂ ਭਾਈ! ਮੈਂ ਘੰਟੇ ਕੁ ਨੂੰ ਫ਼ੋਨ ਕਰ ਲਊਂ-ਬੜਾ ਜਰੂਰੀ ਕੰਮ ਐਂ ਮੈਨੂੰ-ਅੱਜ ਉਹਨੇ ਕਿਤੇ ਜਾਣਾ ਤਾਂ ਨਹੀਂ?"

-"ਉਹਨਾਂ ਨੇ ਦੋ ਦਿਨ ਕਿਤੇ ਨਹੀਂ ਜਾਣਾ ਜੀ-ਘਰੇ ਈ ਐ-ਦੋ ਛੁੱਟੀਐਂ-ਤੁਸੀਂ ਘੰਟੇ ਕੁ ਨੂੰ ਫ਼ੋਨ ਕਰ ਲਇਓ- ਉਦੋਂ ਤੱਕ ਉਠ ਕੇ ਨਹਾ ਨਹੂ ਲੈਣਗੇ---!"

-"ਠੀਕ ਐ ਭਾਈ---! ਸ਼ਾਬਾਸ਼ੇ---!"

ਫ਼ੋਨ ਕੱਟਿਆ ਗਿਆ।

ਸਰਬਜੀਤ ਨੇ ਜੋਗਿੰਦਰ ਨੂੰ ਜਗਾ ਦਿੱਤਾ।

'ਭਾਨ' ਪਈ ਹੋਣ ਕਰਕੇ ਉਹ ਟੁੱਟਿਆ ਪਿਆ ਸੀ। ਹੱਡ-ਪੈਰ ਸਾਥ ਨਹੀਂ ਦੇ ਰਹੇ ਸਨ। ਚਸਕਾਂ ਮਾਰ ਰਹੇ ਸਨ। ਜਿਵੇਂ ਕਿਸੇ ਨੇ ਛੱਲੀਆਂ ਵਾਂਗ ਕੁੱਟਿਆ ਹੋਵੇ।

ਉਸ ਨੇ ਬੁਰਸ਼ ਕੀਤਾ।

ਮੂੰਹ-ਹੱਥ ਧੋ ਕੇ ਸੋਫ਼ੇ 'ਤੇ ਆ ਕੇ ਬੈਠ ਗਿਆ। ਊਧ-ਮਧੂਣਾ ਜਿਹਾ ਹੋਇਆ।

-"ਚਾਹ ਬਣਾਵਾਂ---?"

-"ਸਰਬਜੀਤ-ਚਾਹ ਨਹੀਂ-ਦਿਲ ਨਹੀਂ ਕਰਦਾ।" ਉਸ ਨੇ ਘਸਮੈਲਾ ਜਿਹਾ ਮੂੰਹ ਕੀਤਾ।

-"ਹੋਰ ਕੀ ਪੀਣੈਂ---?"

-"ਫ਼ਰਿੱਜ 'ਚ ਬੀਅਰ ਪਈ ਐ ਕੋਈ? ਦੇਖਗਾਂ--!"

ਸਰਬਜੀਤ ਕਿਚਨ 'ਚ ਚਲੀ ਗਈ।

-"ਪਈ ਐ-ਇਕ ਕੀ ਤਿੰਨ ਪਈਐਂ।"

-"ਲਿਆ ਫੇਰ---!" ਉਹ ਚੌਂਕੜੀ ਜਿਹੀ ਮਾਰ ਕੇ ਸੋਫ਼ੇ ਉਪਰ ਬੈਠ ਗਿਆ। ਬੀਅਰ ਦੇ ਨਾਂ ਨੂੰ ਉਹ ਅੱਧਾ
ਕੁ ਤਾਂ ਵੈਸੇ ਹੀ ਠੀਕ ਹੋ ਗਿਆ ਸੀ। ਨਹੀਂ ਤਾਂ ਬਾਹੂ ਉਤਰੇ ਕੱਟਰੂ ਵਾਂਗ ਮੁਰਕੜੀ ਜਿਹੀ ਮਾਰੀ ਬੈਠਾ ਸੀ।

-"ਰਾਤ ਬੀਅਰ ਤਾਂ ਕਿਸੇ ਨੇ ਪੀਤੀ ਹੀ ਨਹੀਂ-ਸਾਰਿਆਂ ਨੇ ਸਕਾਚ ਹੀ ਪੀਤੀ ਐ।" ਸਰਬਜੀਤ ਬੋਲੀ।

-"ਚਲੋ--! ਜਿਵੇਂ ਕਿਸੇ ਦੀ ਖੁਸ਼ੀ ਸੀ-ਕਰੀ ਗਏ-ਆਪਾਂ ਖੁਸ਼ ਕਰਨ ਲਈ ਤਾਂ ਬੁਲਾਏ ਸੀ-ਪ੍ਰੀਤ ਕਦੋਂ ਕੁ ਗਿਐ।।।?" ਉਸ ਨੇ ਗਿਲਾਸ ਅੰਦਰ ਸੁੱਟਿਆ।

-"ਉਹ ਤਾਂ ਪਹਿਲੀ ਬੱਸ ਈ ਤੁਰ ਗਿਐ-ਚਿੱਤ ਅੱਜ ਉਹਦਾ ਵੀ ਢਿੱਲਾ ਜਿਆ ਈ ਲੱਗਦਾ ਸੀ।"

ਜੋਗਿੰਦਰ ਹੱਸ ਪਿਆ।

-"ਬੀਅਰ ਇਕ ਅੱਧੀ ਉਹਨੂੰ ਦੇ ਦੇਣੀ ਸੀ-ਠੀਕ ਹੋ ਜਾਂਦਾ-ਪਾਣੀ ਦੇ ਮਾਰਿਆਂ ਨੂੰ ਪਾਣੀ ਈ ਹਰਾ ਕਰਦੈ।" ਬੀਅਰ ਦਾ ਪੂਰਾ ਗਿਲਾਸ ਪੀਣ ਤੋਂ ਬਾਅਦ ਜੋਗਿੰਦਰ ਬਾਹਵਾ ਠੀਕ ਹੋ ਗਿਆ ਸੀ। ਡੋਲਦੀ ਧਰਨ ਹੌਲੀ-ਹੌਲੀ ਟਿਕਾਣੇਂ ਆਉਣ ਲੱਗ ਪਈ ਸੀ।

-"ਉਹਨੇ ਜਾ ਕੇ ਕੰਮ ਕਰਨਾ ਸੀ-ਪੀ ਕੇ ਕੰਮ ਥੋੜ੍ਹੋ ਕਰਨੈਂ?"

-"ਚੱਲ-ਮੁੰਡਾ ਖੁੰਡੈ-ਕੁਛ ਨਹੀਂ ਹੁੰਦਾ।"

-"ਸੱਚ! ਬਖਤੌਰੇ ਦਾ ਫ਼ੋਨ ਆਇਆ ਸੀ।"

-"ਕੀ ਕਹਿੰਦਾ ਸੀ---?" ਉਸ ਨੇ ਬੀਅਰ ਦਾ ਇਕ ਹੋਰ ਗਿਲਾਸ ਅੰਦਰ ਸੁੱਟਦਿਆਂ ਪੁੱਛਿਆ।

-"ਪਤਾ ਨਹੀਂ-ਕਹਿੰਦਾ ਕੋਈ ਜ਼ਰੂਰੀ ਕੰਮ ਐਂ!"

-"ਓਏ ਇਹਦਾ ਜਮੀਨ ਜਮੂਨ ਦਾ ਤੇ ਕੋਠੀ ਦਾ ਰੌਲੈ ਭਰਾਵਾਂ ਨਾਲ-ਵਿਚਾਰਾ ਸਾਊ ਬੰਦੈ-ਉਹ ਹੈਗੇ ਲੁੱਚੇ-ਇਹਨੂੰ ਬਿਦਦੇ ਕੱਖ ਨਹੀਂ-!"

-"ਹੈ ਕੀੜੇ ਪੈਣੇਂ---!"

-"ਚਲਦੀ ਦਾ ਨਾਂ ਗੱਡੀ ਐ ਸਰਬਜੀਤ ਕੁਰੇ! ਸਰਪੈਂਚ ਨੰਬਰਦਾਰ ਵੀ ਪਿੰਡ ਵਸਦਿਆਂ ਦੇ ਐ-ਇਹਦੀ

ਕੋਈ ਨਹੀਂ ਸੁਣਦਾ-ਸ਼ਿੰਗਾਰਾ ਦੱਸਦਾ ਸੀ-ਸਾਰੇ ਈ ਇਹਦੇ ਭਰਾਵਾਂ ਦੀ ਬੋਲੀ ਬੋਲਦੇ ਐ।"

-"ਹੈ ਗਲ ਜਾਣੇ---!"

-"ਉਹ ਇਹਨੂੰ ਕੀ ਲਈ ਬੈਠੇ ਐ-? ਅਗਲਿਆਂ ਨੇ ਵੋਟਾਂ ਇਹਤੋਂ ਲੈਣੀਐਂ ਕਿ ਉਹਨਾਂ ਤੋਂ? ਰੱਬ ਨੇੜੇ ਕਿ ਘਸੁੰਨ?"

ਟੈਲੀਫ਼ੋਨ ਫਿਰ ਖੜਕ ਪਿਆ।

ਜੋਗਿੰਦਰ ਨੇ ਹੀ ਚੁੱਕਿਆ।

-"ਤਕੜੈਂ ਜੋਗਿੰਦਰ ਸਿਆਂ---?" ਬਾਬੇ ਬਖਤੌਰੇ ਦੀ ਅਵਾਜ਼ ਸੀ।

-"ਚੜ੍ਹਦੀ ਕਲਾ 'ਚ ਜੀ-ਚੜ੍ਹਦੀ ਕਲਾ 'ਚ!"

-"ਵਧਾਈਆਂ ਨਾਲੇ ਤੈਨੂੰ-ਮੈਨੂੰ ਤਾਂ ਅੱਜ ਤੜਕੇ ਈ ਪਤਾ ਲੱਗਿਐ।"

-"ਥੋਨੂੰ ਵੀ!"

-"ਰੱਬ ਭਲੀ ਕਰੇ-ਚੰਗੀ ਚੀਜ਼ ਈ ਦੇਵੇ-ਉਹਦੇ ਘਰ ਦੇਰ ਐ 'ਨ੍ਹੇਰ ਨ੍ਹੀ-ਜਿਉਂਦੇ ਵਸਦੇ ਰਹੋ!"

-"ਹੋਰ ਸੁਣਾਓ---?"

-"ਕਾਹਦੀ ਸੁਣਾਉਣੀ ਐਂ ਜੋਗਿੰਦਰ ਸਿਆਂ? ਟੈਲੀਫ਼ੋਨ 'ਤੇ ਨਹੀਂ-ਅੱਜ ਘਰੇ ਈ ਐਂ?"

-"ਹਾਂ-ਘਰੇ ਈ ਐਂ।"

-"ਮੈਂ ਆਵਾਂ ਤੇਰੇ ਕੋਲੇ ਕਿ ਤੂੰ ਮੇਰੇ ਕੋਲੇ ਆਵੇਂਗਾ? ਗੱਲਾਂ ਬੈਠ ਕੇ ਕਰਨ ਆਲੀਐਂ।"

-"ਆ ਜਾਓ-ਤੁਸੀਂ ਈ ਆ ਜਾਓ-ਇਸ ਬਹਾਨੇ ਥੋਡੇ ਦਰਸ਼ਣ ਵੀ ਕਰ ਲਵਾਂਗੇ-ਊਂ ਤਾਂ ਤੁਸੀਂ ਦਰਸ਼ਣ ਨਹੀਂ ਦਿੰਦੇ।"

-"ਕਾਹਦੀ ਗੱਲ ਐ ਜੋਗਿੰਦਰ ਸਿਆਂ! ਕਾਹਦੇ ਦਰਸ਼ਣ ਐਂ? ਸਾਲ ਹੋ ਗਿਆ ਡੱਕ-ਡੱਕ ਵੱਜਦੇ ਨੂੰ-ਆਬਦਾ ਖ਼ੂਨ ਈ ਚਿੱਟਾ ਹੋ ਗਿਆ-ਸਿਆਣੇ ਕਹਿੰਦੇ ਹੁੰਦੇ ਐ-ਬਈ ਜ਼ਰ ਜ਼ੋਰੂ ਜ਼ਮੀਨ ਤਿੰਨੇ ਈ ਪੁਆੜੇ ਦੀ ਜੜ੍ਹ ਐ-ਸਕੇ ਭਰਾ

ਈ ਦੁਸ਼ਮਣ ਬਣ ਤੁਰੇ-ਲਹੂ ਜਮਾਂ ਈ ਸਪੈਦ ਹੋ ਗਿਆ---!" ਬਾਬਾ ਬਖਤੌਰਾ ਟੈਲੀਫ਼ੋਨ ਉਪਰ ਹੀ ਕੀਰਨੇ ਪਾਉਣ ਵਾਲਾ ਹੋਇਆ ਪਿਆ ਸੀ।

-"ਆ ਜਾਓ ਜਦੋਂ ਮਰਜ਼ੀ-ਤੁਹਾਡਾ ਘਰ ਐ-ਅੱਜ ਮੈਂ ਘਰੇ ਈ ਆਂ।" ਜੋਗਿੰਦਰ ਨੇ ਫ਼ੋਨ ਰੱਖ ਦਿੱਤਾ।

-"ਕੀ ਕਹਿੰਦਾ?" ਸਰਬਜੀਤ ਨੇ ਪੁੱਛਿਆ।

-"ਪੂਰੀ ਗੱਲ ਤਾਂ ਮਿਲ ਕੇ ਈ ਪਤਾ ਲੱਗੂ-ਲੋਕਾਂ ਕੋਲ ਤੁਰੀ ਗੱਲ ਵੀ ਬਾਤ ਦਾ ਬਤੰਗੜ ਬਣ ਜਾਂਦੀ ਐ।"

ਟੈਲੀਫ਼ੋਨ ਫਿਰ ਖੜਕ ਪਿਆ।

ਸਰਬਜੀਤ ਨੇ ਹੀ ਚੁੱਕਿਆ।

-"ਹਾਂ ਜੀ! ਮੈਂ ਗੁਰਦੀਸ਼ ਬੋਲਦੀ ਆਂ।" ਉਧਰੋਂ ਅਵਾਜ਼ ਆਈ।

-"ਹਾਂ ਜੀ ਭੈਣ ਜੀ-ਕੀ ਹਾਲ ਚਾਲ ਐ?"

-"ਹਾਲ ਚਾਲ ਠੀਕ ਐ ਜੀ।"

-"ਕਦੋਂ ਵਾਪਿਸ ਆਏ ਇੰਡੀਆ ਤੋਂ?"

-"ਕੱਲ੍ਹ ਈ ਆਈ ਆਂ-!"

-"ਬਾਈ ਜੀ ਵੀ ਮੁੜ ਆਏ?"

-"ਉਹ ਦੋ ਹਫ਼ਤੇ ਪਹਿਲਾਂ ਹੀ ਮੁੜ ਆਏ ਸੀ-ਅਸੀਂ ਈ ਲੇਟ ਆਏ ਐਂ।"

-"ਕਿਵੇਂ ਰਿਹਾ ਟੂਰ ਫਿਰ?"

-"ਕਾਹਦਾ ਟੂਰ ਸੀ-ਐਧਰੋਂ ਗਏ-ਪੰਜ ਘੰਟੇ ਫ਼ਲਾਈਟ ਲੇਟ-ਉਧਰੋਂ ਆਏ-ਛੇ ਘੰਟੇ ਫ਼ਲਾਈਟ ਲੇਟ-ਆਸਟਰੀਅਨ ਏਅਰਲਾਈਨਜ਼ ਦੇ ਪਾਇਲਟਾਂ ਨੇ ਹੜਤਾਲ ਕਰ ਰੱਖੀ ਸੀ-ਬੁਰਾ ਹਾਲ ਹੋ ਗਿਆ-ਐਧਰ ਆਪਣੇ ਏਅਰਪੋਰਟ ਵਾਲੇ ਤਾਂ ਖਾਣ ਪੀਣ ਲਈ ਵਾਊਚਰ ਦੇ ਦਿੰਦੇ ਐ-ਓਧਰ ਦਿੱਲੀ ਆਲੇ ਤਾਂ ਕੋਈ ਬਾਤ ਈ ਨਹੀਂ ਪੁੱਛਦੇ-।"

-"ਬੁਰਾ ਈ ਹਾਲ ਐ ਭੈਣ ਜੀ।"

-"ਏਅਰਪੋਰਟ 'ਤੇ ਸਾਫ਼ਟ ਡਰਿੰਕਸ ਵਾਲੇ ਵੀ ਘੱਟ ਨਹੀਂ-ਬੋਰਡ 'ਤੇ ਕੋਕਾ ਕੋਲਾ ਜਾਂ ਫ਼ੈਂਟਾ ਦੀ ਕੀਮਤ ਦਸ
ਰੁਪਏ ਲਿਖ ਕੇ ਲਾਈ ਹੋਈ ਐ-ਤੇ ਲੈਂਦੇ ਪੂਰੇ ਤੀਹ ਰੁਪਏ ਐ-ਜੇ ਲੋਕ ਰੌਲਾ ਰੱਪਾ ਕਰਦੇ ਐ ਤਾਂ ਬਣਾ ਸੁਆਰ ਕੇ ਪਤੈ ਕੀ ਕਹਿੰਦੇ ਐ?"

-"ਕੀ ਆਖਦੇ ਐ?"

-"ਅਖੇ ਹਮ ਕਿਹੜਾ ਆਪ ਕੋ ਪੀਨੇ ਕੇ ਲੀਏ ਮਜ਼ਬੂਰ ਕਰਤੇ ਹੈਂ? ਪੀਣੈਂ ਤਾਂ ਪੀਓ ਤੇ ਨਹੀਂ ਖਾਓ ਖਸਮਾਂ ਨੂੰ।"

ਦੋਨੋਂ ਉਚੀ-ਉਚੀ ਹੱਸ ਪਈਆਂ।

-"ਅਗਲਿਆਂ ਨੂੰ ਪਤਾ ਹੁੰਦੈ ਬਈ ਬੱਚੇ ਨਾਲ ਐ-ਫ਼ਸੇ ਤਾਂ ਮਾਰ ਖਾਣਗੇ ਈ ਖਾਣਗੇ।"

-"ਇਹ ਤਾਂ ਹੈ ਈ-ਜਿੱਥੇ ਸਾਰੇ ਮਹਿਕਮੇ ਬਾਹਰਲਿਆਂ ਨੂੰ ਛੁਲਕਦੇ ਐ-ਉਥੇ ਇਹ ਸੌਫ਼ਟ ਡਰਿੰਕਸ ਵਾਲੇ ਪਿੱਛੇ ਕਿਉਂ ਰਹਿਣ---? ਹਿੰਦੋਸਤਾਨ-ਜ਼ਿੰਦਾਬਾਦ---!"

-"ਹਿੰਦੋਸਤਾਨ ਕਿਉਂ? ਵਲੈਤੀਏ-ਜ਼ਿੰਦਾਬਾਦ--! ਜਿਹੜੇ ਉੱਨ ਲੁਹਾਉਣ ਲੱਗੇ 'ਸੀ' ਨਹੀਂ ਕਰਦੇ--।"

-"ਇਹ ਤਾਂ ਦੇਖ ਕੇ ਅਣਡਿੱਠ ਕਰਦੇ ਐ!"

-"ਬੜੇ ਈ ਸਾਊ।"

ਉਹ ਫਿਰ ਹੱਸ ਪਈਆਂ।

-"ਬਾਈ ਜੀ---?" ਗੁਰਦੀਸ਼ ਨੇ ਪੁੱਛਿਆ।

-"ਬਾਈ ਜੀ ਤੇਤੇ ਆਹ ਬੈਠੇ ਐ-ਰਾਤ ਥੋੜੀ ਜਿਹੀ ਜ਼ਿਆਦਾ ਪੀਅ ਲਈ-ਹੁਣ ਘਾਊਂ ਮਾਊਂ ਜਿਹੇ ਹੋਏ ਬੈਠੇ ਐ-ਬੀਅਰ ਪੀ ਕੇ ਕੁਛ ਠੀਕ ਜਿਹੇ ਹੋਏ ਐ-ਕਰਾਵਾਂ ਗੱਲ?"

-"ਕਰਵਾ ਦਿਓ।"

ਸਰਬਜੀਤ ਨੇ ਫ਼ੋਨ ਜੋਗਿੰਦਰ ਨੂੰ ਫੜਾ ਦਿੱਤਾ।

-"ਹਾਂ ਗੁਰਦੀਸ਼---!"

-"ਸਾਸਰੀਕਾਲ ਬਾਈ ਜੀ---!"

-"ਸਾਸਰੀਕਾਲ ਭਾਈ---!"

-"ਵਧਾਈਆਂ ਤੁਹਾਨੂੰ---!"

-"ਤੈਨੂੰ ਵੀ---!"

-"ਭਾਬੀ ਨੂੰ ਤਾਂ ਵਧਾਈਆਂ ਮੈਂ ਇੰਡੀਆ ਤੋਂ ਈ ਦੇ ਦਿੱਤੀਆਂ ਸੀ-ਤੁਸੀਂ ਈ ਰਹਿੰਦੇ ਸੀ ਬਾਈ ਜੀ---!"

-"ਭੈਣਾਂ ਭਰਾਵਾਂ ਦੀਆਂ ਈ ਦੁਆਵੈਂ ਗੁਰਦੀਸ਼---!"

-"ਮੈਨੂੰ ਤਾਂ ਬਾਈ ਜੀ-ਜਿੱਦੇਂ ਈ ਇੰਡੀਆ ਪਤਾ ਲੱਗਿਆ-ਮੇਰਾ ਤਾਂ ਧਰਤੀ 'ਤੇ ਪੈਰ ਨਾ ਲੱਗੇ-ਬੱਸ ਮੈਂ ਤਾਂ ਉਦੋਂ ਈ ਭਾਬੀ ਨੂੰ ਫ਼ੋਨ ਕੀਤਾ।" ਗੁਰਦੀਸ਼ ਵਾਕਿਆ ਹੀ ਬਹੁਤ ਖੁਸ਼ ਲੱਗਦੀ ਸੀ। ਜਲੰਧਰ ਜਿਲ੍ਹੇ ਦੀ ਗੁਰਦੀਸ਼ ਜੋਗਿੰਦਰ ਨੂੰ ਸਕੇ ਭਰਾਵਾਂ ਜਿਤਨਾ ਮਾਣ ਦਿੰਦੀ ਸੀ। ਉਸ ਦਾ ਸਾਰਾ ਪ੍ਰੀਵਾਰ ਹੀ ਜੋਗਿੰਦਰ ਨਾਲ ਬੜੀ ਨੇੜਤਾ ਰੱਖਦਾ ਸੀ।

-"ਪੰਜਾਬ ਦਾ ਸੁਣਾ ਕੀ ਹਾਲ ਐ?"

-"ਬੁਰਾ---! ਬੁਰਾ ਈ ਹਾਲ ਐ ਬਾਈ ਜੀ-ਅੱਤ ਹੀ ਬੁਰਾ ਹਾਲ!"

-"ਕੋਈ ਚੰਗੀ ਗੱਲ ਕੱਢ ਲਿਆ ਕਰ ਮੂੰਹੋਂ-ਅੱਗ ਈ ਉਗਲਦੀ ਰਹਿੰਨੀ ਐਂ?" ਜੋਗਿੰਦਰ ਨੇ ਗੁਰਦੀਸ਼ ਨੂੰ ਚਿੜਾਉਣ ਲਈ ਆਖਿਆ। ਉਹ ਗੁਰਦੀਸ਼ ਨੂੰ ਨਿੱਕੀਆਂ ਭੈਣਾਂ ਵਾਂਗ ਮੋਹ ਕਰਦਾ ਸੀ।

-"ਸੱਚੀ ਗੱਲ ਦਾ ਕੋਈ ਮਿਹਣਾ ਨਹੀਂ ਹੁੰਦਾ ਬਾਈ ਜੀ! ਜਿੰਨੇ ਨਸ਼ੇ ਐ-ਸਭ ਅੱਜ ਕੱਲ੍ਹ ਪੰਜਾਬ 'ਚ ਆ ਵੜੇ ਐ।"

-"ਬੁਰੀ ਗੱਲ ਐ।"

-''ਛੜੇ, ਬੰਦੇ, ਬੁੜ੍ਹੇ ਤੇ ਮੁੰਡੇ ਤਾਂ ਜਿਹੜੇ ਨਸ਼ੇ ਕਰਦੇ ਸੀ-ਕਰਦੇ ਈ ਸੀ! ਅੱਜ ਕੱਲ੍ਹ ਤਾਂ ਕੁੜੀਆਂ ਦਾ ਵੀ ਸੱਤਿਆਨਾਸ ਹੋਇਆ ਪਿਐ-ਚੁੱਪ ਈ ਭਲੀ ਐ ਬਾਈ ਜੀ-ਕੀ ਫ਼ੈਨਸੀ ਡਰਿੱਲ-ਕੀ ਆਇਓਡੈਕਸ-ਕੀ ਜੁੱਤੀਆਂ ਨੂੰ ਕਰਨ ਆਲੀ ਪਾਲਿਸ਼-ਬੇੜਾ ਈ ਗਰਕ ਹੋਇਆ ਪਿਐ ਬਾਈ ਜੀ-ਇੱਕ ਹੋਰ ਈ ਨਵੇਂ ਤਰ੍ਹਾਂ ਦਾ ਨਸ਼ਾ ਲੱਭਿਐ ਮੁੰਡਿਆਂ
ਨੇ-।''

-''ਉਹ ਕਿਹੜਾ?''

-''ਪਹਿਲਾਂ ਤਾਂ ਕਿਰਲੀਆਂ ਦੀਆਂ ਪੂਛਾਂ ਪਾ-ਪਾ ਕੇ ਪੀਂਦੇ ਸੀ ਬੀੜੀਆਂ 'ਚ-ਤੇ ਹੁਣ ਕੀ ਕਰਦੇ ਐ?''

-''ਕੀ ਕਰਦੇ ਐ?''

-''ਡੱਡੂ ਫੜ ਲੈਂਦੇ ਐ-ਡੱਡੂ---! ਤੇ ਉਹਦੀ ਚੰਗੀ ਦੌੜ ਲੁਆਉਂਦੇ ਐ-ਤੇ ਜਦੋਂ ਡੱਡੂ ਨੂੰ ਆ ਜਾਂਦੈ ਪਸੀਨਾ-ਤੇ ਉਹਦਾ ਮੁੜ੍ਹਕਾ ਸਿਰ 'ਤੇ ਲਾਉਂਦੇ ਐ-ਅਖੇ ਬੜਾ ਨਸ਼ਾ ਦਿੰਦੈ-।''

-''ਸਹੁਰੇ ਰਿਸਰਚ ਪਤਾ ਨਹੀਂ ਕਿੱਥੋਂ ਕਰਦੇ ਐ?''

-''ਬਾਈ ਜੀ ਲੋੜ ਕਾਢ ਦੀ ਮਾਂ ਐਂ-ਆਰਥਿਕ ਪੱਖੋਂ ਪੰਜਾਬ ਮਲੰਗ ਹੋਇਆ ਪਿਐ-ਬੇਰੁਜ਼ਗਾਰੀ ਸਿਖਰ 'ਤੇ ਐ-ਵਿਹਲੇ ਫਿਰਦੇ ਮੁੰਡਿਆਂ ਨੂੰ ਕੋਈ ਕੰਮ ਨਹੀਂ-ਖੇਤੀ ਤੋਂ ਲੈ ਕੇ ਘਰ ਤੱਕ ਸਾਰੇ ਕੰਮ ਭਈਆਂ ਨੇ ਸਾਂਭ ਲਏ ਐ-ਭਈਆਂ ਦਾ ਨਵੀਂ ਪੀੜ੍ਹੀ ਨੂੰ ਪੈ ਗਿਆ ਪੂਰਾ ਸੁਖ-ਹੁਣ ਨਵੀਂ ਪੀੜ੍ਹੀ ਨੂੰ ਘਤਿੱਤਾਂ ਜਾਂ ਨਸ਼ਿਆਂ ਤੋਂ ਬਿਨਾ ਕੰਮ ਈ ਕੋਈ ਨਹੀਂ-ਕੁੜੀਆਂ ਓਦੂੰ ਦੋ ਰੱਤੀਆਂ ਉਪਰ ਦੀ ਐ ਨਸ਼ੇ ਕਰਨ 'ਚ।''

-''ਦੱਸੋ ਫਿਰ ਐਹੋ ਜਿਹੀਆਂ ਕੀ ਹਰੀ ਸਿੰਘ ਨਲੂਏ ਤੇ ਬੰਦੇ ਬਹਾਦਰ ਜੰਮ ਦੇਣਗੀਆਂ? ਜੇ ਆਪ ਨਸ਼ੇ ਕਰਦੀਐਂ ਤਾਂ ਉਹੋ ਅੱਗੋਂ ਅਮਲੀ ਈ ਜੰਮਣਗੀਆਂ।''

-''ਮੰਤਰੀ ਸੰਤਰੀ ਆਬਦੀ ਢੋਲਕੀ ਕੁੱਟਣ ਲੱਗੇ ਵੇ ਐ-ਇੱਕ ਦੂਜੇ 'ਤੇ ਦੂਸ਼ਣਬਾਜ਼ੀ-ਚਿੱਕੜ ਸੁੱਟ-ਕੁੱਕੜ ਖੇਹ ਉਡਾਉਂਦੇ ਐ।''

-''ਵਾਹਿਗੁਰੂ---!''

-''ਭਈਆਂ ਦਾ ਪੰਜਾਬ ਵਿਚ ਆਵਾਸ ਤੇ ਪੰਜਾਬੀਆਂ ਦਾ ਪੰਜਾਬ ਵਿਚੋਂ ਪ੍ਰਵਾਸ ਪੰਜਾਬ ਲਈ ਇੱਕ ਖਤਰੇ ਦਾ ਸੰਕੇਤ ਐ ਬਾਈ ਜੀ।'' ਗੁਰਦੀਸ਼ ਬੜੀ ਪੜ੍ਹੀ ਲਿਖੀ, ਸੂਝਵਾਨ ਅਤੇ ਪੰਜਾਬ ਲਈ ਦਿਲ ਵਿਚ ਦਰਦ ਰੱਖਣ ਵਾਲੀ ਕੁੜੀ ਸੀ। ਪੰਜਾਬ ਵੱਲੋਂ ਉਸ ਦਾ ਦਿਲ, ਪੰਜਾਬ ਵਾਂਗ ਹੀ ਸੱਖਣਾ ਹੋਇਆ ਪਿਆ ਸੀ।

-''ਲੈ ਦੱਸ ਬੰਦਾ ਕੀ ਕਰੂ ਫੇਰ?''

-'''ਕੱਲੇ ਲੁਧਿਆਣੇ ਵਿਚ ਈ ਅਥਾਹ ਭਈਆ ਬੈਠੈ-ਭਈਆਂ ਦੇ ਰਾਸ਼ਣ ਕਾਰਡ ਬਣੇ ਵੇ ਐ-ਭਈਆਂ ਦੀਆਂ ਵੋਟਾਂ ਧੜਾ ਧੜ ਬਣ ਰਹੀਐਂ-ਭਈਆਂ ਦੇ ਬੱਚੇ ਕਾਨਵੈਂਟ ਸਕੂਲਾਂ 'ਚ ਪੜ੍ਹਦੇ ਐ-ਭਈਆ ਚਾਹੇ, 'ਕੱਲੇ ਲੁਧਿਆਣੇ 'ਚੋਂ ਇਕ ਸੀਟ ਮਾਰ ਸਕਦੈ-ਤੁਸੀਂ ਮੇਰੀ ਗੱਲ ਸੱਚ ਜਾਣਿਓਂ-ਕਦੇ ਨਾ ਕਦੇ ਪੰਜਾਬ ਦਾ ਮੁੱਖ ਮੰਤਰੀ ਭਈਆ ਈ ਹੋਊ-ਲੋਹੇ 'ਤੇ ਲਕੀਰ ਐ।''

-''ਕਾਹਨੂੰ ਮਾੜੇ ਬਚਨ ਕਰਦੀ ਐਂ---!''

-''ਇਹ ਕੌੜਾ ਸੱਚ ਐ ਬਾਈ ਜੀ---!''

-''-----।''

-''ਇਹ ਤਾਂ ਮੰਤਰੀਆਂ ਨੂੰ ਚਾਹੀਦੈ ਬਈ ਪੰਜਾਬ ਖਾਤਰ ਕੁਛ ਕਰਨ-ਆਪਣੇ ਕੀ ਵੱਸ ਐ ਗੁਰਦੀਸ਼?''

-''ਇਹਨਾਂ ਮੰਤਰੀਆਂ ਸੰਤਰੀਆਂ ਨੇ ਬਾਈ ਜੀ ਕੱਖ ਨਹੀਂ ਕਰਨਾ-ਇਹ ਖਾਂਦੇ ਪੰਜਾਬ ਦਾ ਐ ਤੇ 'ਜੀ ਹਜ਼ੂਰੀ' ਸੈਂਟਰ ਦੀ ਕਰਦੇ ਐ-ਜੀਹਦਾ ਖਾਈਏ ਉਹਦੇ ਗੁਣ ਗਾਈਏ, ਵਾਲੀ ਨੀਤੀ ਇਹਨਾਂ 'ਚ ਹੈ ਹੀ ਨਹੀਂ।''

-''ਪੰਜਾਬ ਦੇ ਲੋਕ ਵੀ ਬੜੇ ਭੋਲੇ ਐ-ਵੋਟਾਂ ਵੇਲੇ ਇਹਨਾਂ ਦੇ ਝਾਂਸੇ 'ਚ ਆ ਜਾਂਦੇ ਐ ਤੇ ਫੇਰ ਪੰਜ ਸਾਲ ਇਹਨਾਂ ਦੀ ਕੋਈ ਵੱਢੀ ਉਂਗਲੀ 'ਤੇ ਨਹੀਂ ਮੂਤਦਾ।''

-''ਬਾਈ ਜੀ-ਆਪਣਾ ਤਾਂ ਜਾਭਾਂ ਦਾ ਭੇੜ ਐ-ਜਿੰਨਾ ਮਰਜੀ ਐ ਕਰੀ ਚੱਲੀਏ।''

-''ਬੂ-ਕਲਾਪ ਤੋਂ ਬਿਨਾ ਆਪਾਂ ਕਰ ਵੀ ਕੀ ਸਕਦੇ ਆਂ-?''

-''ਚਲੋ ਬਾਈ ਜੀ-ਮੈਂ ਸ਼ਾਪਿੰਗ ਵਾਸਤੇ ਜਾਣੈਂ-ਮੈਂ ਫੇਰ ਫ਼ੋਨ ਕਰੂੰ।''

-"ਓ-ਕੇ।"

ਫ਼ੋਨ ਕੱਟਿਆ ਗਿਆ।

ਹੇਠੋਂ ਕਾਲ-ਬੈੱਲ ਵੱਜੀ।

ਸਰਬਜੀਤ ਨੇ ਹੇਠਾਂ ਜਾ ਕੇ ਦਰਵਾਜਾ ਖੋਲ੍ਹਿਆ ਤਾਂ ਬਾਬਾ ਬਖਤੌਰਾ ਅੰਦਰ ਲੰਘ ਆਇਆ।

-"ਸਾਸਰੀਕਾਲ ਜੀ---!"

-"ਸਾਸਰੀਕਾਲ ਭਾਈ---!"

-"ਉਪਰ ਈ ਐ ਜੀ-ਉਪਰ ਈ ਚਲੇ ਜਾਓ! ਕੀ ਪੀਓਂਗੇ? ਚਾਹ ਜਾਂ ਬੀਅਰ?"

-"ਚਾਹ ਈ ਪੀਲਾਂਗੇ ਭਾਈ-ਬੀਅਰ ਤੰਗ ਕਰਨ ਲੱਗ ਪਈ।" ਬਖਤੌਰਾ ਉਪਰ ਚਲਾ ਗਿਆ।

ਸਰਬਜੀਤ ਚਾਹ ਬਣਾਉਣ ਤੁਰ ਗਈ।

-"ਆ ਬਈ ਬਖਤੌਰ ਸਿਆਂ---!"

ਜੋਗਿੰਦਰ ਨੇ ਸੋਫ਼ੇ 'ਤੇ ਪਾਸਾ ਮਾਰਿਆ।

-"ਕਾਹਦੇ ਆਉਣੇ ਐਂ ਜੋਗਿੰਦਰ ਸਿਆਂ-ਦੁਨੀਆਂ ਦਾ 'ਤਬਾਰ ਈ ਕੁਛ ਨਹੀਂ ਰਿਹਾ-ਬਹੁੜੀ ਉਏ ਨਾਲ ਜੰਮੇ ਪਲੇ ਭਰਾ ਈ ਵੱਢਣ ਤੁਰ ਪਏ-ਹੱਥੀਂ ਪਾਲੇ ਵੇ---!" ਬਖਤੌਰੇ ਨੇ ਇਕ ਤਰ੍ਹਾਂ ਨਾਲ ਦੁਹੱਥੜ ਮਾਰੀ। ਦੁਹਾਈ ਦਿੱਤੀ। ਕੀਰਨਾ ਪਾਇਆ।

-"ਸੁਣਿਆਂ ਤਾਂ ਮੈਂ ਸੀ ਸ਼ਿੰਗਾਰੇ ਕੋਲੋਂ-ਪਰ ਬਾਹਲਾ ਗਿਆਨ ਨਹੀਂ ਸੀ-ਅਸਲ 'ਚ ਗੱਲ ਕੀ ਹੋ ਗਈ ਸੀ?"

-"ਲੈ ਅਸਲ ਗੱਲ ਸੁਣ ਲੈ।" ਬਖਤੌਰੇ ਨੇ ਲੰਮਾ ਸਾਹ ਲੈ ਕੇ ਜੋਗਿੰਦਰ ਦੇ ਪੱਟ 'ਤੇ ਹੱਥ ਮਾਰਿਆ।

-"ਤੀਹ ਸਾਲ ਹੋ ਗਏ ਮੈਨੂੰ ਐਥੇ ਚੰਮ ਕੁਟਾਉਂਦੇ ਨੂੰ-ਭੱਠ ਝੋਕਦੇ ਨੂੰ।"

-"-----।" ਜੋਗਿੰਦਰ ਨੇ ਬੀਅਰ ਦਾ ਗਿਲਾਸ ਪੀ ਕੇ ਹੋਰ ਭਰ ਲਿਆ। ਉਹ ਚੁੱਪ ਚਾਪ ਸੁਣ ਰਿਹਾ ਸੀ।

-"ਸੁਣਦੈਂ ਮੇਰੀ ਗੱਲ ਕਿ ਨਹੀਂ?"

-"ਬਿਲਕੁਲ ਸੁਣਦੈਂ-ਸੁਣਾਈ ਚੱਲ!"

-"ਤੀਹ ਸਾਲ ਗੋਰਿਆਂ ਦੇ ਛਿੱਤਰ ਖਾ ਕੇ ਜੋਗਿੰਦਰ ਸਿਆਂ-ਮੈਂ ਕੁਛ ਜੈਦਾਤ ਮੋਗੇ ਖਰੀਦੀ-ਪਿੰਡ ਕੋਠੀ ਬਣਵਾਈ-ਕਾਹਦੇ ਆਸਤੇ? ਬਈ ਚਲੋ ਕੱਲ੍ਹ ਨੂੰ ਪਿਨਛਨ ਮਿਲੂ-ਕੁਛ ਪਿੱਛੇ ਹੋਊ-ਤੇ ਜਾ ਕੇ ਦਿਨ ਬਾਹਵਾ ਸੋਹਣੇ ਕੱਟਲਾਂਗੇ-!" ਬਖਤੌਰੇ ਨੇ ਸਾਹ ਲੈ ਕੇ ਬੋਲਣਾ ਸੁਰੂ ਕੀਤਾ। ਬੇਵੱਸੀ ਅਤੇ ਕਰੋਧ ਵਿਚ ਉਸ ਦਾ ਦਮ ਉਖੜ ਗਿਆ ਸੀ।

-"ਤੇ ਮੇਰੇ ਆਲੇ ਛੋਟੇ ਭਰਾ ਨੇ-ਜਿਹੜਾ ਇਕ ਵੱਡਾ ਅਫ਼ਸਰ ਐ-ਜਾਹਲੀ ਪਾਵਰ ਔਫ 'ਟਾਰਨੀ ਬਣਾ ਕੇ ਆਬਦੇ ਸਾਲੇ ਦੇ ਨਾਂ ਟਰਾਂਸਫ' ਕਰਤੀ-ਜਦੋਂ ਲੱਗਿਆ ਮੈਨੂੰ ਪਤਾ-ਤਾਂ ਮੈਨੂੰ ਤਾਂ ਅੱਗ ਲੱਗ ਉਠੀ।"

-"ਲੱਗਣੀ ਸੀ---!"

-"ਲੱਗਣੀ ਸੀ? ਰਾਤਾਂ ਝਾਕ-ਝਾਕ ਤੇ ਓਵਰ ਟੈਮ ਲਾ-ਲਾ ਕੇ ਬਣਾਈ ਸੀ?"

-"ਫ਼ੇਰ---?"

-"ਮੈਂ ਭਾਈ ਵਕੀਲ ਲੈ ਕੇ ਕਰਤਾ ਦਾਅਵਾ-ਤੇ ਜੱਜ ਬਿਚਾਰਾ ਚੰਗਾ ਸੀ-ਉਹਦੇ ਮਨ ਮਿਹਰ ਪੈ ਗਈ ਤੇ ਉਹਨੇ ਮੇਰੇ ਹੱਕ 'ਚ ਡਿੱਕਰੀ ਕਰਤੀ-ਮੈਂ ਸੋਚਿਆ ਬਈ ਰੌਲਾ ਨਿੱਬੜ ਗਿਆ-।"

-"ਤੇ ਫ਼ੇਰ ਮੇਰੇ ਭਰਾ ਨੇ ਇਕ ਐਫ਼ੀਡੇਬਟ ਬਣਾ ਕੇ ਮੈਨੂੰ ਐਥੇ ਭੇਜਿਆ-ਚਾਰ ਲੱਖ ਦੀ ਉਹਨੇ ਮੰਗ ਕੀਤੀ-ਮੈਂ ਚਿੱਟਾ ਈ ਜਵਾਬ ਦੇ ਦਿੱਤਾ-ਮੈਂ ਪਿਆ ਸੀ ਮੱਚਿਆ-ਮੈਂ ਤਾਂ ਚੱਕਤਾ ਸਿੱਧਾ ਈ ਝੱਗਾ।"

-"----।"

-"ਉਹਨੇ ਪਿੱਛੋਂ ਮੇਰੇ ਘਰੇ ਚੋਰੀ ਕਰਵਾਤੀ-ਚੋਰ ਲੈ ਕੇ ਕੀ ਗਏ? ਸਿਰਫ਼ ਮੇਰੇ ਜਰੂਰੀ ਕਾਗਜਾਂ ਦੀਆਂ ਫੋਟੋ ਕਾਪੀਆਂ।"

-"ਓਸ ਚੋਰੀ ਤੋਂ ਬਾਅਦ ਮੈਨੂੰ ਇੱਥੇ ਅਦਾਲਤ ਵੱਲੋਂ ਸੰਮਣ ਭੇਜ ਦਿੱਤੇ-ਅਦਾਲਤ ਦੇ ਸੰਮਣਾਂ 'ਤੇ ਦਾਅਵਾ ਕੀਤਾ ਗਿਆ ਸੀ ਕਿ ਮੇਰੇ ਵਾਲੇ ਪਲਾਟ ਦਾ ਹੱਕਦਾਰ ਕੋਈ ਬਦਨ ਸਿੰਘ ਐ-ਬਦਨ ਸਿੰਘ ਮੇਰੇ ਆਲੇ ਭਰਾ ਦਾ ਈ

ਕੋਈ ਚੇਲਾ ਚਾਟੜਾ ਐ-ਮੋਗੇ ਦੀ ਸਿਵਲ ਅਦਾਲਤ ਵੱਲੋਂ ਇਹ ਸੰਮਣ ਆਏ ਸੀ-।"

-"ਜਦੋਂ ਮੈਂ ਕੋਰਟ ਵਿਚੋਂ ਡਿੱਕਰੀ ਹੀ ਆਬਦੇ ਹੱਲ 'ਚ ਲੈ ਲਈ-ਫੇਰ ਕੋਈ ਮਰਜੀ ਹੱਕਦਾਰੀ ਦਾ ਦਾਅਵਾ ਕਰੀ ਜਾਵੇ?"

-"ਹੁਣ ਵੀਰ ਮੇਰਿਆ! ਸਕੇ ਭਰਾ ਦਾ ਟਾਕਰਾ ਕਰੀ ਜਾਨੈਂ-ਕਹਿੰਦੇ ਹੁੰਦੇ ਐ-ਸਕੇ ਭਰਾ ਪੁੱਤਾਂ ਅਰਗੇ ਹੁੰਦੇ ਐ-ਤੇ ਤੂੰ ਆਹ ਦੇਖਲਾ-ਕੋਠੀ 'ਤੇ ਕਬਜਾ ਕਰੀ ਬੈਠੈ-ਜਮੀਨ ਜੈਦਾਤ 'ਚੋਂ ਡੱਕਾ ਨਹੀਂ ਮਿਲਦਾ ਦੀਂਹਦਾ-ਹੋਰ ਤਾਂ ਹੋਰ ਜਿਹੜੇ ਚਾਰ ਪੈਸੇ ਐਧਰੋਂ ਜੋੜ ਕੇ ਕੁਛ ਬਣਾਇਆ ਸੀ-ਉਹਨੂੰ ਵੀ ਉੜਦੂ ਲਾਉਣ ਨੂੰ ਫਿਰਦੈ-।"

-"ਆਪ ਅਫਸਰ ਐ-ਚਾਰ ਬੰਦਿਆਂ 'ਚ ਬੈਠਣ ਉਠਣ ਐਂ-ਅਫ਼ਸਰਸ਼ਾਹੀ ਤੇ ਮਨਿਸਟਰਾਂ ਦਾ ਅੰਨ੍ਹਾਂ ਰਾਜ ਐ-ਇੰਡੀਆ 'ਚ 'ਨਸਾਫ ਕੋਈ ਨਹੀਂ-ਮਹਾਤੜ ਦੀ ਕੁੱਤੇ ਜਿੰਨੀ ਵੀ ਪੁੱਛ ਪੜਤਾਲ ਹੈਨੀ-ਅੰਨ੍ਹੀ ਪੀਂਹਦੀ ਐ ਕੁੱਤੇ ਚੱਟਦੇ ਐ।"

-"ਐਨ ਆਰ ਆਈ ਆਲਿਆਂ ਕੋਲੇ ਨ੍ਹੀ ਗਿਆ? ਉਹਨਾਂ ਦੇ ਬੜੇ ਲੇਖ ਛਪਦੇ ਹੁੰਦੇ ਐ?"

-"ਉਏ ਮੇਰਿਆ ਰੱਬਾ! ਉਹ ਵੀ ਲੇਖ ਲਿਖਣ ਜੋਕਰੇ ਈ ਐ-ਭੰਬਲਭੂਸੇ 'ਚ ਪਾਊ ਮਹਿਕਮਾ-ਐਥੋਂ ਦੇ ਹਾਈ ਕਮਿਸ਼ਨ ਨੇ ਵੀ ਉਹਨਾਂ ਨੂੰ ਮੇਰੇ ਕੇਸ ਦਾ ਹਵਾਲਾ ਦਿੱਤਾ-ਪਰ ਤਸੱਲੀ ਮੇਰੀ ਉਹ ਵੀ ਨਾ ਕਰਵਾ ਸਕੇ-ਉੱਘ ਦੀਆਂ ਪਤਾਲ ਮਾਰੀ ਗਏ-ਮੇਰੇ ਵਕੀਲ ਮੁਤਾਬਿਕ ਐਨ ਆਰ ਆਈ ਸੰਸਥਾ ਦਾ ਪੈਟਰਨ ਸੀ ਐਮ ਹੋਵੇ ਤੇ ਉਹਨਾਂ ਦੀ
'ਐਡਮਿਸ਼ਟੇਸ਼ਨ' ਵਿਚ ਦਿਨ ਦਿਹਾੜੇ ਫਰਾੜ ਹੋਈ ਜਾ ਰਿਹਾ ਹੋਵੇ-ਤਾਂ ਸੀ ਐੱਮ ਨੂੰ ਡੀ ਓ ਭੇਜਣਾ ਚਾਹੀਦੈ-ਪਰ ਕਾਹਨੂੰ ਕਿਸੇ ਨੇ ਗੁੱਗਾ ਗੌਲਿਐ! ਉਹਨਾਂ ਕੋਲੇ ਐਹੋ ਜੀਆਂ ਪੰਜਾਹ ਗਿੱਦੜ ਚਿੱਠੀਆਂ ਜਾਂਦੀਐਂ-ਪਾੜ ਕੇ ਪਰਾਂਹ ਮਾਰਦੇ ਐ-ਆਪਾਂ ਨੂੰ ਤਾਂ ਉਹ ਲੋਕ ਜੋਗਿੰਦਰ ਸਿਆਂ ਭੱਬੂ ਈ ਸਮਝਦੇ ਐ।"

-"-----।"

-"ਇਹਨਾਂ ਐਨ ਆਰ ਆਈ ਵਾਲਿਆਂ ਨੇ ਹਿੰਦੋਸਤਾਨ ਦਾ ਤਾਂ ਕੀ ਸੁਆਹ ਮੂੰਹ ਮੱਥਾਸੁਆਰਨਾ ਸੀ-ਪਜਾਬ ਦਾ ਈ ਨਹੀਂ ਕੁਛ ਕਰ ਸਕੇ-ਕਿਸੇ ਦਫ਼ਤਰ ਵਿਚ ਜਾ ਵੜੋ-ਕਰਮਚਾਰੀ ਮਗਰਮੱਛ ਮਾਂਗੂੰ ਮੂੰਹ ਅੱਡੀ ਬੈਠੇ ਐ-।"

-"ਇਹ ਰਿਟਾਇਰ ਹੋਏ ਅਫ਼ਸਰ-ਜਿਹੜੇ ਸਾਡੀ ਮੱਦਦ ਦੀਆਂ ਟਾਹਰਾਂ ਮਾਰਦੇ ਐ-ਇਹ ਆਪਣੀਆਂ ਕੁਰਸੀਆਂ 'ਤੇ ਬੈਠ ਕੇ ਇਕ ਵੀ, ਇੱਕ ਵੀ ਭਲਾ ਕੰਮ ਨਹੀਂ ਕਰ ਸਕੇ-ਬੱਸ ਬਾਹਰ ਨੂੰ ਆਉਂਦੇ ਐ-ਸਬਜ਼ਬਾਗ ਦਿਖਾ ਜਾਂਦੇ ਐ-ਪੜੁੱਲ ਸਿੱਟ ਜਾਂਦੇ ਐ ਤੇ ਪੈਸਾ 'ਕੱਠਾ ਕਰਕੇ ਰਾਹ ਪੈਂਦੇ ਐ-ਤੇ ਚੱਲ ਮੇਰੇ ਭਾਈ ਆਬਦੀ ਐਸ਼ ਕਰੀ ਜਾਂਦੇ ਐ-ਮੇਰੇ ਵਰਗੇ ਕਮਾਊ ਪੁੱਤ ਖਾਈ ਜਾਂਦੇ ਐ ਧੱਕੇ-।"

-"-----।"

-"ਰਿਸ਼ਵਤਖੋਰੀ ਆਲੇ ਪੰਜਾਬ ਵਿਚ ਥੋਡੀ ਕੋਈ ਨਹੀਂ ਸੁਣਦਾ-ਜੋਰ ਲਾ ਲਵੋ-ਜੇ ਥੋਡੀ ਕਿਸੇ ਵੱਡੇ ਅਫ਼ਸਰ ਜਾਂ ਮੰਤਰੀ ਨਾਲ ਬਣਦੀ ਐ-ਕੰਮ ਕਰਵਾ ਲਵੋ ਤੇ ਨਹੀਂ ਥੋਨੂੰ ਮੁਣਸ਼ੀ ਮੁਸੱਦੀ ਜਾਂ ਗੰਨਮੈਨ ਈ ਬਾਹਰੋਂ ਲੰਡਰ ਕੁੱਤੇ ਮਾਂਗੂੰ ਛਿਛਕਰ ਦਿੰਦੇ ਐ-ਪੈਰੀਂ ਪਾਣੀ ਨਹੀਂ ਪੈਣ ਦਿੰਦੇ-ਨੱਕ 'ਤੇ ਮੱਖੀ ਤਾਂ ਕੀ ਬੈਠਣ ਦੇਣੀ ਸੀ?"

-"-----।"

-"ਇਹ ਵਿਦੇਸ਼ੀ ਸਭਾ ਕਿਸੇ ਬਾਹਰਲੇ ਦਾ ਕੁਝ ਨਹੀਂ ਸੁਆਰਦੀ-ਇ ਸਿਰਫ਼ ਥੋਥੋਂ ਪੈਸੇ 'ਕੱਠੇ ਕਰਦੀ ਐ-ਇਹ ਤਾਂ ਜੋਗਿੰਦਰ ਸਿਆਂ ਕੁਛ ਰਟਾਇਰ ਹੋਏ ਅਫ਼ਸਰਾਂ ਦੀ ਰੋਜੀ ਰੋਟੀ ਦਾ ਈ ਪ੍ਰਬੰਧ ਕਰਦੀ ਐ! ਪੁੱਛ ਕੇ ਦੇਖਲੋ, ਕਹਿਣਗੇ: ਸਾਡੇ ਕੋਲ ਰਟਾਇਰ ਤਸੀਲਦਾਰ ਐ ਜੀ-ਰਟਾਇਰ ਐਸ ਪੀ ਐ ਜੀ-ਰਟਾਇਰ ਜੱਜ ਹਨ ਜੀ-ਰਟਾਇਰ ਵਕੀਲ ਹਨ ਜੀ-ਕਹਿਣ ਦਾ ਮਤਬਲ-ਬਾਹਰਲਿਆਂ ਦਾ ਮੂੰਹ ਬੰਦ ਕਰਨ ਆਸਤੇ ਭਰਤੀ ਸਾਰਿਆਂ ਨੂੰ ਕਰੀ ਬੈਠੇ ਐ-ਗੱਲਾਂ ਬਾਤਾਂ ਨਾਲ ਬੁੱਤਾ ਸਾਰਨ ਲਈ ਹਰ ਰਟਾਇਰ ਹੋਇਆ ਅਫ਼ਸਰ ਨਿਜੁੱਗਤ ਐ-ਪਰ ਕੱਟੇ ਨੂੰ ਮਣ ਦੁੱਧ ਦਾ ਕੀ ਭਾਅ? ਬੱਸ ਮਿੱਠੀਆਂ ਮਾਰ ਛੱਡਦੇ ਐ-ਤੇ ਗੱਲੀਂ ਵਾਰੇ ਨਹੀਂ ਆਉਣ ਦਿੰਦੇ-ਸੁਆਰਦੇ ਡੱਕਾ ਨ੍ਹੀ!"

-"-----।"

-"ਜਦੋਂ ਐਧਰ ਆਉਂਦੇ ਐ-ਗੱਲਾਂ ਕਰ ਕੇ ਰੱਬ ਨੂੰ ਹੌਲ ਪੈਣ ਲਾ ਦਿੰਦੇ ਐ-ਪੈਸਾ ਜਿਉਂ ਬਟੋਰਨਾ ਹੁੰਦੈ!

ਫੇਰ ਕੀ? ਨਹਿਰ ਟੱਪੀ ਖੁਆਜਾ ਵਿਸਰਿਆ-ਫੇਰ ਤੂੰ ਕੌਣ ਤੇ ਮੈਂ ਕੌਣ? ਚੱਲ ਮੇਰੇ ਭਾਈ ਤੇ ਧੱਕੇ ਜਾਹ ਖਾਈ!" ਉਚੀ-ਉਚੀ ਬੋਲਦੇ ਬਖਤੌਰ ਦੀਆਂ ਨਾੜਾਂ ਆਫਰ ਗਈਆਂ ਸਨ।

ਸਰਬਜੀਤ ਚਾਹ ਲੈ ਕੇ ਆ ਗਈ।

ਬਖਤੌਰਾ ਚੁੱਪ ਕਰ ਗਿਆ।

-"ਸਾਲੀ ਹਨ੍ਹੇਰਗਰਦੀ ਮੱਚੀ ਪਈ ਐ ਚਾਰੇ ਪਾਸੇ।" ਜੋਗਿੰਦਰ ਬੋਲਿਆ।

-"ਹਨ੍ਹੇਰਗਰਦੀ ਅਰਗੀ ਹਨ੍ਹੇਰਗਰਦੀ? ਜੀਹਦੇ ਕੋਲੇ ਜਾ ਵੜੋ-ਝੱਗੇ ਲਾਹੁੰਣ ਨੂੰ ਆਉਂਦੈ।" ਬਖਤੌਰ ਨੇ ਤੱਤੀ-ਤੱਤੀ ਚਾਹ ਮੂੰਹ ਨੂੰ ਲਾ ਲਈ।

-"ਮੈਂ ਤਾਂ ਤੇਰੇ ਕੋਲੇ ਢਿੱਡ ਹੌਲਾ ਕਰਨ ਆਇਆ ਸੀ ਜੋਗਿੰਦਰ ਸਿਆਂ! ਮੇਰੇ ਤਾਂ ਢਿੱਡ 'ਚ ਜਾਣੀਂਦੀ ਫ਼ੋੜੇ ਹੋਏ ਪਏ ਐ-ਘਰਆਲੀ ਨਾਲ ਬਾਹਲੀ ਗੱਲ ਮੈਂ ਕਰਦਾ ਨ੍ਹੀ-ਉਹ ਬਾਹਲੇ ਬੁੱਲ੍ਹ ਜੇ ਸਿੱਟ ਲੈਂਦੀ ਐ-ਇਕ ਸੂਗਰ ਦੀ ਮਰੀਜ ਐ-ਉਤੋਂ ਸਾਹ ਹੋ ਜਾਂਦੈ-ਸੋਚਦੈਂ ਬਈ ਗੱਲ ਦਿਲ 'ਤੇ ਨਾ ਲਾ ਲਵੇ-ਚਾਲੇ ਈ ਨਾ ਪਾਜੇ।"

-"ਬੁੜ੍ਹੀਆਂ ਦਾ ਮਾਜਰਾ ਈ ਛੋਟਾ ਹੁੰਦੈ-ਕੀ ਕਰਨ?"

ਜੋਗਿੰਦਰ ਨੇ ਕਿਹਾ।

## ਕਾਂਡ 5

ਇਸ ਦੇਸ਼ ਵਿਚ ਗੁਰਦੁਆਰਾ ਕੋਈ ਨਹੀਂ ਸੀ। ਗੁਰਦੁਆਰਾ ਦੂਜੇ ਦੇਸ਼ ਵਿਚ ਤਕਰੀਬਨ ਚਾਰ ਸੌ ਕਿਲੋਮੀਟਰ ਦੂਰ ਸੀ। ਗੁਰਦੁਆਰਾ ਬਣਾਉਣ ਲਈ ਸਮੁੱਚੇ ਪੰਜਾਬੀਆਂ ਵਿਚ ਗੱਲ ਤਾਂ ਕਈ ਵਾਰ ਤੁਰੀ ਸੀ। ਪਰ ਵੱਖੋ-ਵੱਖਰੇ ਰੁਝੇਂਵਿਆਂ ਕਾਰਨ ਗੱਲਬਾਤ ਹਮੇਸ਼ਾ ਹੀ ਰੁਕੀ ਰਹੀ। ਇੰਗਲੈਂਡ ਤੋਂ ਇੱਕ-ਦੋ ਵਾਰ, ਇਕ ਮਹਾਂਪੁਰਸ਼ ਬਾਬਾ ਨੱਥਾ ਸਿੰਘ ਵੀ ਪੰਜਾਬੀਆਂ ਕੋਲ ਪਹੁੰਚੇ। ਪਰ ਪੂਰਨ ਤੌਰ 'ਤੇ ਦਿਲਚਸਪੀ ਕਿਸੇ ਨੇ ਵੀ ਨਾ ਦਿਖਾਈ। ਬੱਸ ਗੱਲ "ਹਾਂਅ-ਹੂੰਅ" ਤੱਕ ਹੀ ਸੀਮਤ ਰਹੀ। ਸਾਰੇ ਪੰਜਾਬੀ ਹੀ "ਕਰਾਂਗੇ ਜੀ-ਸੋਚਾਂਗੇ ਜੀ" ਕਹਿ ਕੇ 'ਟਾਅਲਾ' ਜਿਹਾ ਮਾਰਦੇ ਰਹੇ। ਵੱਡੀ ਕਮਜ਼ੋਰੀ ਪੰਜਾਬੀਆਂ ਦੀ 'ਸ਼ਰਾਬ' ਦੀ ਰਹੀ ਹੈ! ਆਂਡੇ ਮੀਟ ਤੋਂ ਬਗੈਰ ਚਾਹੇ ਉਹ ਸਾਰ ਹੀ ਲੈਣ। ਪਰ ਦਾਰੂ ਨੂੰ ਪੰਜਾਬੀ ਛੇਤੀ ਕੀਤੇ ਤਿਲਾਂਜਲੀ ਨਹੀਂ ਦਿੰਦੇ!

'ਬੋਤਲ' ਪੰਜਾਬੀਆਂ ਦੇ ਜ਼ਿਹਨ ਵਿਚ 'ਘਰ' ਕਰ ਚੁੱਕੀ ਹੈ। ਅਗਰ ਕਿਸੇ ਨੇ ਕੋਈ ਵਿਸ਼ੇਸ਼ ਬੋਤਲ ਮੰਗਵਾਉਣੀ ਹੋਵੇ ਤਾਂ ਉਸ ਨੂੰ 'ਤੇਲ ਦੀ ਬੋਤਲ' ਜਾਂ 'ਸੋਢੇ ਦੀ ਬੋਤਲ' ਆਖ ਕੇ ਮੰਗਵਾਈ ਜਾਂਦੀ ਹੈ। ਅਗਰ ਪੰਜਾਬੀ ਕਿਸੇ ਨੂੰ ਕਹੇ ਕਿ, "ਬੋਤਲ ਫੜੀ ਆਈਂ!" ਤਾਂ ਜ਼ਾਹਿਰਾ ਤੌਰ 'ਤੇ ਸ਼ਰਾਬ ਦੀ ਬੋਤਲ ਹੀ ਆਵੇਗੀ। 'ਸ਼ਰਾਬ ਦੀ ਬੋਤਲ' ਕਹਿਣ ਦੀ ਜ਼ਰੂਰਤ ਹੀ ਨਹੀਂ ਪੈਂਦੀ। 'ਬੋਤਲ' ਉਹਨਾਂ ਦੇ ਸੁਭਾਅ ਵਿਚ ਹੀ ਉੱਤਰ ਗਈ ਹੈ।

ਗੁਰੂ-ਘਰ ਦੀ ਪਹਿਲ ਸਾਰਿਆਂ ਤੋਂ ਪਹਿਲਾਂ ਗੁਰਜਾਪ ਸਿੰਘ ਨੇ ਕੀਤੀ। ਉਹ ਅੰਮ੍ਰਿਤਧਾਰੀ ਸਿੰਘ ਤਾਂ ਹੈ ਨਹੀਂ ਸੀ। ਪਰ ਉਸ ਨੇ ਇੰਗਲੈਂਡ ਤੋਂ ਇੱਕ 'ਗੁਰੂ ਦਾ ਸਰੂਪ' ਲਿਆ ਕੇ, ਘਰ ਦੇ ਇਕ ਕਮਰੇ ਵਿਚ ਪ੍ਰਕਾਸ਼ ਕਰ ਲਿਆ। ਪਹਿਲਾ ਪ੍ਰਕਾਸ਼ ਬੜੀ ਸ਼ਰਧਾ ਅਤੇ ਭਾਵਨਾ ਨਾਲ ਸੰਗਰਾਂਦ ਦਿਹਾੜੇ 'ਤੇ ਕੀਤਾ ਗਿਆ। ਦੂਰ ਨੇੜੇ ਦੇ ਪੰਜਾਬੀਆਂ ਨੂੰ ਸੱਦੇ-ਪੱਤਰ ਦਿੱਤੇ ਗਏ ਅਤੇ ਖੂਬ ਰੌਣਕ ਲੱਗ ਗਈ। 'ਗੁਰੂ-ਰਹਿਬਰ' ਦੇ ਦਰਸ਼ਣ ਕਰਨ ਲਈ ਸੰਗਤ ਗੁਰਜਾਪ ਸਿੰਘ ਦੇ ਘਰ ਨੂੰ ਧਾਹ ਕੇ ਪੁੱਜੀ ਸੀ। ਬੜੀ ਮੁੱਦਤ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ ਦਰਸ਼ਣ-ਦੀਦਾਰਿਆਂ ਕਾਰਣ ਕਈਆਂ ਦੇ ਅੱਖਾਂ ਵਿਚੋਂ ਹੰਝੂ ਤੁਰ ਪਏ ਸਨ। ਬਖਤੌਰ ਵਰਗੇ ਬਜੁਰਗ "ਧੰਨ ਹੈਂ-ਧੰਨ ਹੈਂ" ਪੁਕਾਰ ਉਠੇ ਸਨ। ਗੁਰਜਾਪ ਨੇ ਪਹਿਲ ਕਰਕੇ, ਉੱਦਮ ਕਰਕੇ ਇਹ ਪੰਜਾਬੀਆਂ ਦੀ ਚਿਰੋਕਣੀ ਰੀਝ ਪੂਰੀ ਕੀਤੀ ਸੀ। ਸਾਰਿਆਂ ਨੇ ਗੁਰਜਾਪ ਸਿੰਘ ਉਪਰ "ਗੁਰੂ ਦੀ ਮਿਹਰ" ਹੋਈ ਪੁਕਾਰਿਆ ਸੀ। ਜਿਸ ਨੇ ਗੁਰਜਾਪ ਸਿੰਘ ਨੂੰ ਬਲ ਅਤੇ ਉਦਮ ਬਖਸ਼ਿਆ ਸੀ। ਸੇਵਾ ਕਰਨ ਦਾ ਮੌਕਾ ਬਖਸ਼ਿਆ ਸੀ।

ਵਿਚਿ ਦੁਨੀਆਂ ਸੇਵ ਕਮਾਈਐ॥
ਤਾ ਦਰਗਹਿ ਬੈਸਣਿ ਪਾਈਐ॥

ਸਤਿਗੁਰੁ ਕੀ ਸੇਵਾ ਸਫਲ ਹੈ॥
ਜੇ ਕੋ ਕਰਹਿ ਚਿਤੁ ਲਾਇ॥
ਮਨਿ ਚਿੰਦਿਆ ਫਲ ਪਾਵਣਾ॥
ਹਾਉਮੈ ਵਿਚਹੁ ਜਾਇ॥

ਸਤਿਗੁਰੁ ਕੀ ਸੇਵਾ ਸਫ਼ਲ ਹੈ॥
ਜੋ ਸਤਿਗੁਰੁ ਕਾ ਮਨੁ ਮਨਹਿ॥

ਸਾ ਸੇਵਾ ਕੀਤੀ ਸਫਲ ਹੈ॥
ਜੋ ਸਤਿਗੁਰੁ ਕਾ ਮਨੁ ਮੋਹਿ॥

ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੀ ਸੇਵਾ ਕੀਤੀ ਤਾਂ ਗੁਰੂ ਬਾਬੇ ਨੇ "ਅੰਗ" ਲਾ ਕੇ "ਗੁਰੂ ਅੰਗਦ" ਬਣਾ ਕੇ ਪਾਤਿਸ਼ਾਹੀ ਬਖਸ਼ੀ। ਗੁਰੂ ਅਮਰਦਾਸ ਜੀ ਨੇ ਗੁਰੂ ਮਹਾਰਾਜ, ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਤਾਂ ਗੁਰੂ ਮਹਾਰਾਜ ਨੇ ਸਿਫ਼ਤਾਂ, ਸ਼ਕਤੀਆਂ ਅਤੇ ਮਿਹਰਾਂ ਦੇ ਸਮੁੰਦਰ ਹੀ ਝੋਲੀ ਪਾ ਦਿੱਤੇ। ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਬਣਾ ਕੇ, ਵਰਦਾਨ ਦਿੱਤੇ। ਨਿਗੱਤਿਆਂ ਦੀ ਗਤ, ਨਿਪੱਤਿਆਂ ਦੀ ਪਤ ਹੋਣ ਦਾ ਮਾਣ ਦਿੱਤਾ। ਰਹਿਮਤਾਂ ਨਾਲ ਝੋਲੀਆਂ ਭਰ ਦਿੱਤੀਆਂ ਅਤੇ "ਜਗਤ-ਜਲੰਦਾ" ਤਾਰਨ ਲਈ ਸੇਵਾ ਲਾਈ।

ਪੰਜ ਬਾਣੀਆਂ ਦਾ ਪਾਠ ਕਰਕੇ ਗੁਰਜਾਪ ਸਿੰਘ ਨੇ ਹੁਕਮਨਾਮਾ ਲਿਆ।

-"ਮਿਰਤਕ ਕਉ ਪਾਇਓ ਤਨੁ ਸਾਸਾ॥
ਵਿਛਰਤੁ ਆਨਿ ਮਿਲਾਇਆ॥
ਪਸੂ ਪ੍ਰੇਤ ਮੁਗਧ ਭਏ ਸਰੋਤੇ॥
ਹਰਨਾਮਾ ਮੁਖ ਗਾਇਆ॥"----

ਗੁਰਜਾਪ ਸਿੰਘ ਨੇ 'ਹੁਕਮਨਾਮੇ' ਦੀ ਵਿਆਖਿਆ ਕੀਤੀ:

-"ਪੂਰਾ ਗੁਰੂ ਸਾਧ ਸੰਗਤ ਜੀ ਉਹ ਹੀ ਹੁੰਦੈ-ਜਿਹੜਾ ਮਰੇ ਦੇ ਵਿਚ ਸਾਹ ਪਾ ਦੇਵੇ-ਜਿਵੇਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਪਿਤਾ ਨੇ ਸੰਮਣ ਦੇ ਮਰੇ ਪੁੱਤਰ ਮੂਸਣ ਵਿਚ ਪਾਏ ਸਨ ਅਤੇ ਜ਼ਿੰਦਾ ਕੀਤਾ ਸੀ-ਪੂਰਾ ਗੁਰੂ ਉਹ ਹੀ ਹੁੰਦੈ-ਜਿਹੜਾ ਸਾਡੀ ਮਰੀ ਆਤਮਾ ਨੂੰ ਜ਼ਿੰਦਾ ਕਰਕੇ ਫੇਰ ਅਕਾਲ ਪੁਰਖ ਦੇ ਲੜ ਲਾਉਂਦੈ-ਜਿਹੜਾ ਵਿੱਛੜਿਆਂ ਨੂੰ ਫਿਰ ਤੋਂ ਮੇਲ ਲਵੇ-ਉਹ ਵੀ ਪੂਰੇ ਗੁਰੂ ਦੇ ਹੀ ਲੱਖਣ ਹਨ-ਜਿਵੇਂ ਪਿਛਲੇ ਜਨਮ ਦੇ ਵਿਛੜੇ ਭਾਈ ਮਰਦਾਨੇ ਨੂੰ ਬਾਬੇ ਨਾਨਕ ਨਾਲ ਮਿਲਾਇਆ ਸੀ-ਉਹਦੀ ਮਿਹਰ ਹੋ ਜਾਵੇ ਤਾਂ ਪਸੂ, ਪ੍ਰੇਤ ਅਤੇ ਮੁਗਧ-ਮੂਰਖ ਵੀ ਮੁੱਖੋਂ ਹਰੀ-ਪ੍ਰਮੇਸ਼ਰ ਦਾ ਨਾਂ ਗਾਉਣਾ ਕਰਦੇ ਹਨ ਅਤੇ ਗੁਰੂ ਦਰ-ਘਰ ਦੇ ਪ੍ਰੇਮੀ ਬਣ ਜਾਦੇ ਹਨ----!"

ਗੁਰੂ ਦੀ ਇਲਾਹੀ ਬਾਣੀ ਨੇ ਜਿਵੇ ਸਾਰੀ ਸੰਗਤ ਦੇ ਤਪਦੇ-ਬਲਦੇ ਹਿਰਦੇ ਸੀਤਲ ਕਰ ਦਿੱਤੇ ਸਨ। ਧੁਆਂਖੇ ਦਿਲ ਧੁਰ ਕੀ ਬਾਣੀ ਨੇ ਹਰੇ ਕਰ ਦਿੱਤੇ ਸਨ। ਬੇਮੁੱਖ ਅਤੇ ਉਜੜੀਆਂ ਹੋਈਆਂ ਰੂਹਾਂ, ਗੁਰੂ-ਪੁਰਖੀ ਵੱਲ ਮੋੜ ਦਿੱਤੀਆਂ ਸਨ। ਮਨਮੁੱਖ, ਗੁਰਮੁਖੀ ਦੀ ਸੇਧ ਵੱਲ ਤੁਰ ਪਏ ਸਨ। ਬਿਖੜੇ ਪੈਂਡਿਆਂ 'ਤੇ ਔਂਟਲੀਆਂ ਜਿੰਦੜੀਆਂ ਸਹੀ ਮੰਜ਼ਿਲ ਵੱਲ ਹੋ ਤੁਰੀਆਂ ਸਨ। ਗੱਲ ਕੀ, 'ਤਖ਼ਤ-ਹਜ਼ਾਰੇ' ਤੋਂ ਮੁੱਖ ਮੋੜ ਕੇ ਕਾਫ਼ਲੇ 'ਮੱਕੇ' ਵੱਲ ਨੂੰ ਸਿੱਧੇ ਹੋ ਗਏ ਸਨ। ਕੁਰਲਾਉਂਦੀ ਆਤਮਾ ਸ਼ਾਂਤ ਹੋ ਗਈ ਸੀ।

ਦੇਗ ਵਰਤਾਉਣ ਉਪਰੰਤ ਗੁਰੂ ਕਾ ਲੰਗਰ ਛਕਿਆ ਗਿਆ।

ਅਗਲੇ ਮਹੀਨੇ ਸੰਗਰਾਂਦ ਦੇ ਦਿਹਾੜੇ 'ਤੇ ਹੋਣ ਵਾਲੇ ਪ੍ਰੋਗਰਾਮ ਬਾਰੇ ਵਿਚਾਰਾਂ ਹੋਈਆਂ। ਹਰ ਕੋਈ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਤਿਆਰ ਸੀ। ਸੰਗਤ ਵਿਚ ਪੂਰਨ ਤੌਰ 'ਤੇ ਉਤਸ਼ਾਹ ਅਤੇ ਹੌਸਲਾ ਪਲਰਿਆ ਹੋਇਆ ਸੀ। ਅਗਲੇ ਪ੍ਰੋਗਰਾਮ 'ਤੇ ਇੰਗਲੈਂਡ ਤੋਂ ਬਾਬਾ ਨੱਥਾ ਸਿੰਘ ਨੂੰ ਸੱਦਣ ਦਾ ਫ਼ੈਸਲਾ ਕੀਤਾ ਗਿਆ। ਜਹਾਜ ਦੀ ਟਿਕਟ ਦਾ ਖਰਚਾ ਸੰਗਤ ਨੇ ਆਪਣੇ ਸਿਰ ਓਟ ਲਿਆ।

ਬਾਬਾ ਨੱਥਾ ਸਿੰਘ ਪੂਰਨ ਗੁਰਸਿੱਖ ਅਤੇ ਬਾਣੇ-ਬਾਣੀ ਦੇ ਧਾਰਨੀ ਸਨ। ਕਹਿਣੀ ਅਤੇ ਕਰਨੀ ਦੇ ਸੰਪੂਰਨ ਮਾਨੁੱਖ! ਸਰਬੱਤ ਦਾ ਭਲਾ ਲੋਚਣ ਵਾਲੇ। ਬੇਮੁਖਾਂ ਨੂੰ ਗੁਰੂ ਦੇ ਲੜ ਲਾਉਣਾ ਉਹਨਾਂ ਦੇ ਧਰਮ ਦੀ ਪਹਿਲੀ ਪੌੜੀ ਸੀ। ਉਹ ਹਮੇਸ਼ਾਂ ਹੀ, "ਬਾਣੀ ਬਾਣਾ ਪੰਖ ਪਛਾਣ।। ਸਿੰਘ ਗੁਰੂ ਦਾ ਪੰਖੀ ਜਾਣ।।" ਅਤੇ 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਦੇ ਰਹਿੰਦੇ। ਚਿੱਕੜ ਵਿਚ ਕੰਵਲ ਦੀ ਤਰ੍ਹਾਂ ਉਹ ਦੁਨੀਆਂ ਵਿਚ ਵਿਚਰਦੇ ਹੋਏ ਵੀ, ਮੋਹ-ਮਾਇਆ ਤੋਂ ਨਿਰਲੇਪ ਸਨ। ਉਹ ਹਮੇਸ਼ਾਂ ਗੁਰੂ ਦੇ ਲੜ ਲੱਗਣ ਦਾ ਉਪਦੇਸ਼ ਦਿੰਦੇ:

-"ਸਤਿਗੁਰੁ ਬਾਝਹੁ ਗੁਰ ਨਹਿ ਕੋਈ।।
ਨਿਗੁਰੇ ਕਾ ਹੈ ਨਾਉਂ ਬੁਰਾ।।"

-"ਸਾਨੂੰ ਭਾਈ ਗੁਰੂ ਦੀ ਕਿਉਂ ਲੋੜ ਐ?"

-"ਭੁੱਲੇ ਸਿੱਖ ਗੁਰੂ ਸਮਝਾਇ।।
ਉਝੜ ਜਾਂਦੇ ਮਾਰਗ ਪਾਇ।।"

-"ਜਦੋਂ ਸਿੱਖ ਭੁੱਲ ਕੇ ਕੁਰਾਹੇ ਪੈ ਜਾਂਦੈ ਤਾਂ ਗੁਰੂ ਸਾਨੂੰ ਅਸਲ ਮਾਰਗ ਦਰਸਾਉਂਦੈ-ਗੁਰੂ ਦੀ ਸਾਨੂੰ ਤਾਂ ਲੋੜ ਐ! ਪਰ ਅਸਾਡਾ ਗੁਰੂ ਹੈ ਕੌਣ? ਕਈ ਭੁੱਲੜ ਸਿੱਖ ਤਾਂ ਦੇਹਧਾਰੀਆਂ ਮਗਰ ਈ ਤੁਰੇ ਫਿਰਦੇ ਐ! ਨਹੀਂ ਸਿੱਖੋ! ਸਾਡੇ ਦਸਵੇਂ ਪਿਤਾ ਨੇ ਇਕੋ ਗੱਲ ਆਖ ਕੇ ਹੀ ਸਾਡਾ ਭਰਮ ਖਤਮ ਕਰ ਦਿੱਤੈ:

ਆਗਿਆ ਭਈ ਅਕਾਲ ਕੀ।।
ਤਬੀ ਚਲਾਯੋ ਪੰਥ।।
ਸਭਿ ਸਿਖਨੁ ਕੋ ਹੁਕਮੁ ਹੈ।।
ਗੁਰੂ ਮਾਨਯੋ ਗਰੰਥ।।

-"ਫੇਰ ਦਸਵੇਂ ਪਿਤਾ ਨੇ ਕੀ ਕਿਹੈ:

ਗੁਰੂ ਗਰੰਥ ਜੀ ਮਾਨਯੋ।।
ਪ੍ਰਗਟ ਗੁਰਾਂ ਕੀ ਦੇਹਿ।।
ਜੋ ਪ੍ਰਭ ਕੋ ਮਿਲਬੋ ਚਹੈ।।
ਖੋਜ ਸ਼ਬਦ ਮਹਿ ਲੇ।।"

ਬਾਬਾ ਨੱਥਾ ਸਿੰਘ ਜੀ ਅਕਸਰ ਅਜਿਹਾ ਹੀ ਉਪਦੇਸ਼ ਦਿੰਦੇ।
-"ਸਿੱਖੋ! ਦਸਵੇਂ ਪਾਤਿਸ਼ਾਹ ਦਾ ਫ਼ੁਰਮਾਨ ਹੈ:

ਖ਼ਾਲਸਾ ਮੇਰੋ ਰੂਪ ਹੈ ਖਾਸ।।

ਖ਼ਾਲਸੇ ਮੇ ਹਉ ਕਰੋ ਨਿਵਾਸ।।

ਖ਼ਾਲਸਾ ਖਾਸ ਕਹਾਵੈ ਸੋਈ।।
ਜਾ ਕੇ ਹਿਰਦੇ ਭਰਮ ਨ ਹੋਈ।।

ਜਬ ਲਗ ਖ਼ਾਲਸਾ ਰਹੈ ਨਿਆਰਾ।।
ਤਬ ਲਗ ਤੇਜ ਦੀਉਂ ਮੈ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।।
ਮੈ ਨ ਕਰੂੰ ਇਨ ਕੀ ਪ੍ਰਤੀਤ।।"

-"ਹੁਣ ਤੁਸੀਂ ਆਪ ਹੀ ਹਿਸਾਬ ਲਾ ਲਵੋ ਖ਼ਾਲਸਾ ਜੀ---!"

----ਮਿਥੇ ਦਿਨ 'ਤੇ ਇੰਗਲੈਂਡ ਤੋਂ ਬਾਬਾ ਨੱਥਾ ਸਿੰਘ ਜੀ ਪੁੱਜ ਗਏ। ਦੋ ਸਿੱਖ ਉਹਨਾਂ ਦੇ ਹੋਰ ਨਾਲ ਸਨ। ਉਹਨਾਂ ਦੇ ਰੱਬੀ ਚਿਹਰੇ ਤੋਂ ਨੂਰ ਵਰ੍ਹ ਰਿਹਾ ਸੀ। ਹੱਥ ਵਿਚ ਮਾਲਾ ਫਿਰ ਰਹੀ ਸੀ ਅਤੇ ਖੁੱਲ੍ਹਾ ਚਿੱਟਾ ਦਾਹੜ੍ਹਾ ਹਵਾ ਵਿਚ ਲਹਿਰਾ ਰਿਹਾ ਸੀ। ਉਹਨਾਂ ਦੇ ਮੁੱਖੋਂ 'ਸਤਿਨਾਮ-ਵਾਹਿਗੁਰੂ' ਅਤੇ 'ਧੁਰ ਕੀ ਬਾਣੀ' ਝਰ ਰਹੀ ਸੀ।

ਉਹਨਾਂ ਸਨਿੱਚਰਵਾਰ ਅਤੇ ਐਤਵਾਰ ਦੋ ਦਿਨ ਦੀਵਾਨ ਸਜਾਉਣਾ ਸੀ।

ਸੰਗਤ ਵਿਚੋਂ ਬੰਦੇ-ਬੀਬੀਆਂ ਉਹਨਾਂ ਦੇ ਚਰਨ-ਪਰਸਣ ਲਈ ਅਹੁਲੀਆਂ ਤਾਂ ਉਹਨਾਂ ਨੇ ਸਖਤੀ ਨਾਲ ਵਰਜ ਦਿੱਤਾ।

-"ਮੱਥਾ ਭਾਈ ਗੁਰੂ ਮਹਾਰਾਜ, ਸ੍ਰੀ ਗੁਰੂ ਗਰੰਥ ਸਾਹਿਬ ਅੱਗੇ ਈ ਟੇਕਣੈਂ-ਸਾਨੂੰ ਤਾਂ ਸਿਰਫ਼ 'ਫ਼ਤਹਿ' ਹੀ ਬੁਲਾਉਣੀ ਐਂ-ਅਸੀਂ ਦੁਨਿਆਵੀ ਬੋਰੇ ਮੱਥਾ ਟਿਕਾਉਣ ਦੇ ਯੋਗ ਕਾਹਨੂੰ ਐਂ? ਮੱਥਾ ਵੱਡੇ ਬਾਪੂ ਨੂੰ ਈ ਟੇਕਣੈਂ-ਤੇ ਉਹ ਵੱਡਾ ਬਾਪੂ ਹੈ: ਸ੍ਰੀ ਗੁਰੂ ਗਰੰਥ ਸਾਹਿਬ---!"

0 0 0 0 0 0 0

-"ਕੱਲ੍ਹ ਨੂੰ ਬਾਬਾ ਜੀ ਦਾ ਪ੍ਰੋਗਰਾਮ ਐਂ-ਤੁਸੀਂ ਪ੍ਰੀਤ ਨੂੰ ਈ ਫ਼ੋਨ ਕਰਕੇ ਬੁਲਾ ਲਵੋ-ਬਾਬਾ ਜੀ ਦੇ ਦਰਸ਼ਣ ਕਰ ਜਾਊਗਾ।" ਸ਼ਾਮ ਨੂੰ ਸਰਬਜੀਤ ਨੇ ਜੋਗਿੰਦਰ ਨੂੰ ਕਿਹਾ।

-"ਬੁਲਾ ਲੈਨੇ ਐਂ-ਨਾਲੇ ਹੁਣ ਤਾਂ ਕੰਮ ਦਾ ਕਸਾਅ ਵੀ ਘਟ ਗਿਆ ਹੋਊ-ਸੀਜਨ ਲੰਘ ਚੱਲਿਆ।" ਜੋਗਿੰਦਰ ਬੋਲਿਆ।

-"ਉਹਨੇ ਵੀ ਗੁੱਗੂ ਜਿਹੇ ਨੇ ਫ਼ੋਨ ਨਹੀਂ ਕੀਤਾ-।" ਸਰਬਜੀਤ ਨੇ ਗਿਲਾਅ ਕੀਤਾ। ਉਸ ਨੂੰ ਪੰਜਵਾਂ ਮਹੀਨਾ ਪੂਰਾ ਹੋਣ ਵਾਲਾ ਸੀ।

-"ਉਏ ਓਧਰ ਕੰਮ ਦਾ ਬੋਝ ਈ ਜਾਅਦੇ ਸੀ-ਹੋਟਲ ਦਾ ਸੀਜ਼ਨੀ ਕੰਮ ਐਂ-ਇਕ ਊਂ ਮੁੰਡਾ ਖੁੰਡੈ-ਕੁੜੀਆਂ ਕੱਤਰੀਆਂ 'ਚ ਰੁੱਝ ਗਿਆ ਹੋਣੈਂ!" ਜੋਗਿੰਦਰ ਹੱਸਿਆ।

-"------।" ਸਰਬਜੀਤ ਦੇ ਕਾਲਜੇ ਆਰੀ ਫਿਰ ਗਈ।

-"ਚੱਲ ਤੂੰ ਫ਼ੋਨ ਮਿਲਾ-ਖਿੱਚਦੈਂ ਕੰਨ ਉਹਦੇ ਗੂੰਗੇ ਜਿਹੇ ਦੇ---!"

ਸਰਬਜੀਤ ਪ੍ਰੀਤ ਨੂੰ ਫ਼ੋਨ ਮਿਲਾਉਣ ਲੱਗ ਪਈ।

ਹੋਟਲ ਦੀ ਰਿਸੈਪਸਨੈਂਸਟ ਨੇ ਫ਼ੋਨ ਚੁੱਕਿਆ ਤਾਂ ਸਰਬਜੀਤ ਨੇ ਪ੍ਰੀਤ ਨਾਲ ਗੱਲ ਕਰਨ ਦੀ ਇੱਛਾ ਜ਼ਾਹਿਰ ਕੀਤੀ ਅਤੇ ਰਿਸੀਵਰ ਜੋਗਿੰਦਰ ਨੂੰ ਫੜਾ ਦਿੱਤਾ।

ਜਦੋਂ ਪ੍ਰੀਤ ਨੇ ਫ਼ੋਨ 'ਤੇ "ਹੈਲੋ" ਆਖੀ ਤਾਂ ਜੋਗਿੰਦਰ ਸੁਰੂ ਹੋ ਗਿਆ:

-"ਹਾਂ ਬਈ ਪ੍ਰੀਤ---! ਕੀ ਹਾਲ ਐ ਸ਼ੇਰਾ---?"

-''ਚੜ੍ਹਦੀ ਕਲਾ 'ਚ ਐਂ ਜੀ।'' ਉੱਧਰੋਂ ਉੱਤਰ ਆਇਆ।

-''ਤੇਰੀ ਮਾਮੀਂ ਬਾਹਲੀਆਂ ਮਿਹਣੀਆਂ ਜੀਆਂ ਮਾਰਦੀ ਸੀ-ਬੜੀ ਓਦਰੀ ਪਈ ਐ ਤੈਨੂੰ!''

-''ਇਹਨਾਂ ਦਾ ਗੁੱਸਾ ਜਾਇਜ ਐ ਜੀ-ਮੈਂ ਬਹੁਤੇ ਕੰਮ ਕਾਰਨ ਫ਼ੋਨ ਨਹੀਂ ਕਰ ਸਕਿਆ-ਮੈਨੂੰ ਮੁਆਫ਼ੀ ਬਖਸ਼ੋ---!''

-''ਲੈ ਆਪ ਈ ਕਰਲਾ ਗੱਲ-ਖਾਅ ਲੈ ਛਿੱਤਰ---!''

ਜੋਗਿੰਦਰ ਨੇ ਫ਼ੋਨ ਸਰਬਜੀਤ ਨੂੰ ਫੜਾ ਦਿੱਤਾ।

-''ਹਾਂ ਨਲੈਕੜਿਆ---!''

-''ਸਾਸਰੀਕਾਲ ਜੀ---!''

-''ਸਾਸਰੀਕਾਲ ਦਿਆ ਲੱਗਦਿਆ-ਕਦੇ ਫ਼ੋਨ ਨਹੀਂ ਕਰਦਾ ਤੂੰ---?''

-''ਉਹ ਜੀ ਕੰਮ ਈ ਬਹੁਤ ਸੀ-ਕੀ ਕਰੀਏ? ਸਿਰ ਖੁਰਕਣ ਦੀ ਵਿਹਲ ਨਹੀਂ ਮਿਲਦੀ।''

-''ਮਿਲਦੀ ਨਹੀਂ ਤੈਨੂੰ ਵਿਹਲ---! ਸ਼ਰਮ ਦਾ ਘਾਟੈ!''

-''ਮੈਂ ਮੁਆਫ਼ੀ ਮਾਮਾ ਜੀ ਤੋਂ ਮੰਗ ਲਈ ਐ-ਕਹੋਂ ਤਾਂ ਫੇਰ ਮੰਗ ਲੈਨੈ---?''

-''ਬਾਬਾ ਜੀ ਆਏ ਵੇ ਐ ਇੰਗਲੈਂਡ ਤੋਂ-ਕੱਲ੍ਹ ਨੂੰ ਤੇ ਪਰਸੋਂ ਦੀਵਾਨ ਲੱਗਣੈਂ-ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦੈ ਗੁਰਜਾਪ ਕੇ ਘਰੇ-ਪਹੁੰਚ ਜਾਈਂ ਨਹੀਂ ਫੇਰ ਛਿੱਤਰ ਖਾਏਂਗਾ---!''

-''ਕਿਹੜੇ ਗੁਰਜਾਪ ਕੇ---?''

-''ਤੂੰ ਨਹੀਂ ਜਾਣਦਾ-ਦਿਖਾ ਦਿਆਂਗੇ।''

-''ਉਹ ਜੀ, ਬਾਬੇ ਤਾਂ ਵਿਹਲੇ ਐ-ਅਸੀਂ ਤਾਂ ਕੰਮ ਕਰਨੈਂ---!''

-''ਬਾਹਲਾ ਨਾ ਬੋਲ-ਬਾਬਿਆਂ ਦੇ ਦਰਸ਼ਣ ਕਰ ਆ ਕੇ ਤੇ ਨਾਲੇ ਗੁਰਬਾਣੀ ਸੁਣ-ਪਾਪ ਧੋਅ!''

-''ਪਾਪ ਤਾਂ ਜੀ ਜੀਹਨੇ ਕੀਤੇ ਹੋਣਗੇ-ਉਹ ਈ ਧੋਊ? ਨਿਰਦੋਸ਼ ਬੰਦਿਆਂ 'ਤੇ ਕਾਹਦੇ ਪਾਪ?'' ਪ੍ਰੀਤ ਨੇ 'ਲਾ' ਕੇ ਕਿਹਾ ਤਾਂ ਸਰਬਜੀਤ ਸਤੰਭ ਖੜ੍ਹੀ ਰਹਿ ਗਈ।

-''-----।'' ਉਹ ਨਿਰੁੱਤਰ ਖੜ੍ਹੀ ਸੀ।

-''ਧੋਖੇ ਨਾਲ ਜਾਂ ਜ਼ਬਰੀ ਖੂਹ 'ਚ ਸਿੱਟੇ ਬੰਦੇ 'ਤੇ ਖੁਦਕਸ਼ੀ ਲਾਗੂ ਨਹੀਂ ਹੁੰਦੀ ਜੀ!'' ਪ੍ਰੀਤ ਨੇ ਉਸ ਦੇ ਕਪਾਲ ਵਿਚ ਇੱਕ ਹੋਰ ਇੱਟ ਵਗਾਹ ਦਿੱਤੀ।

-''ਮਾਮੇ ਨਾਲ ਗੱਲ ਕਰਲਾ ਆਬਦੇ ਨਾਲ-ਆਹ ਲੈ---!'' ਜਦੋਂ ਸਰਬਜੀਤ ਬਿਲਕੁਲ ਹੀ ਨਿਹੱਥੀ ਹੋ ਗਈ ਤਾਂ ਉਸ ਨੇ ਫ਼ੋਨ ਜੋਗਿੰਦਰ ਨੂੰ ਫੜਾ ਦਿੱਤਾ। ਉਸ ਦੀਆਂ ਲੱਤਾਂ 'ਝਰਨ-ਝਰਨ' ਕੰਬੀ ਜਾ ਰਹੀਆਂ ਸਨ। ਸੱਚ, ਝੂਠ ਦਾ ਗਲਾ ਦੱਬੀ ਆ ਰਿਹਾ ਸੀ। ਨੇਕੀ, ਬਦੀ ਨੂੰ ਪਛਾੜ-ਪਛਾੜ ਸੁੱਟ ਰਹੀ ਸੀ।

-''ਹਾਂ ਬਈ ਪ੍ਰੀਤ? ਪਹੁੰਚੇਂਗਾ ਕੱਲ੍ਹ ਨੂੰ?'' ਜੋਗਿੰਦਰ ਉਸ ਨਾਲ ਗੱਲੀਂ ਪੈ ਗਿਆ।

-''ਜੇ ਕਹਿੰਨੇ ਓਂ ਤਾਂ ਪਹੁੰਚ ਜਾਊਂਗਾ ਜੀ-ਪਰ ਥੋਡੀ ਦਾਰੂ ਦਾ ਕੀ ਬਣੂੰ ਬਾਬੇ ਆਉਣ ਨਾਲ?'' ਪ੍ਰੀਤ ਨੇ ਮਾਮੇਂ ਨੂੰ ਛੇੜਿਆ।

-''ਓਏ ਦਾਰੂ ਵੀ ਛੱਡ ਦਿਆਂਗੇ-ਐਡਾ ਕੀ ਪਹਾੜ ਡਿੱਗ ਚੱਲਿਐ?''

-''ਬਾਬੇ ਤਾਂ ਗਲ 'ਗੂਠਾ ਦੇਣਗੇ---!''

-''ਓਏ ਆਪਾਂ ਐਹੋ ਜਿਹੇ 'ਗੂਠਿਆਂ ਨੂੰ ਕੀ ਗੌਲਦੇ ਆਂ? ਦੋ ਪਈਆਂ ਵਿਸਰ ਗਈਆਂ-ਫੇਰ ਉਹੋ ਜਿਹੇ ਦੇ ਉਹੋ ਜੇ!''

-''ਕਿਤੇ ਬਾਬੇ ਚੂਕਣੇਂ 'ਚ ਨਾ ਮਾਰਨ-ਤੁਰਨੋਂ ਈ ਰਹਿਜੋਂ?''

-''ਫਿਕਰ ਨਾ ਕਰ-ਜਮਾਂ ਨਹੀਂ ਰਹਿੰਦੇ-ਐਵੇਂ ਨਾ ਮੇਰੇ ਪਹਿਲਾਂ ਈ ਹੌਲ ਪਾਈ ਜਾਹ-ਬਾਬੇ ਤਾਂ ਜਦੋਂ ਕੁਛ ਕਹਿਣਗੇ ਦੇਖੀ ਜਾਊ-ਕੱਲ੍ਹ ਨੂੰ ਪਹੁੰਚੇਂਗਾ ਫੇਰ---?''

-''ਪਹੁੰਚ-ਜੂੰਗਾ ਜੀ! ਥੋਡਾ ਹੁਕਮ ਸਿਰ ਮੱਥੇ---!''

-''ਕਿਤੇ ਉਹ ਨਾ ਹੋਵੇ ਬਈ ਪੰਚਾਂ ਦਾ ਕਿਹਾ ਸਿਰ ਮੱਥੇ ਤੇ ਪਰਨਾਲਾ ਓਥੇ ਦਾ ਓਥੇ---?''

-''ਨਹੀਂ-ਜਰੂਰ ਆਊਂਗਾ ਜੀ।''

-''ਆਪਾਂ 'ਕੱਠੇ ਈ ਚੱਲ ਪਵਾਂਗੇ ਫੇਰ!''

-''ਓ। ਕੇ।!''

ਜੋਗਿੰਦਰ ਨੇ ਫ਼ੋਨ ਰੱਖ ਦਿੱਤਾ।

ਅਗਲੇ ਦਿਨ ਪ੍ਰੀਤ ਸਾਝਰੇ ਹੀ ਛੁੱਟੀ ਲੈ ਕੇ ਆ ਗਿਆ। ਪਲਾਸਟਿਕ ਬੈਗ ਵਿਚ ਉਸ ਨੇ ਪੱਗ ਪਾਈ ਹੋਈ ਸੀ। ਉਹ ਬੜਾ ਤਾਜ਼ਾ-ਤਾਜ਼ਾ ਲੱਗਦਾ ਸੀ।

-''ਮਾਮਾ ਜੀ-ਜੇ ਇਜ਼ਾਜ਼ਤ ਹੋਵੇ ਤਾਂ ਅੱਜ ਪੱਗ ਬੰਨ੍ਹ ਲਈਏ? ਕਾਫ਼ੀ ਚਿਰ ਹੋ ਗਿਆ ਬੰਨ੍ਹੀ ਈ ਨ੍ਹੀ।''

-''ਮੇਰੇ ਅੱਲੋਂ ਚਾਹੇ ਨਹਿੰਗਾਂ ਆਲੀ ਬੰਨ੍ਹ ਲੈ-।'' ਮਾਮੇ ਨੇ ਖੁੱਲ੍ਹੀ ਛੁੱਟੀ ਦੇ ਦਿੱਤੀ।

ਡਰਾਇੰਗ-ਰੂਮ ਵਿਚ ਆਦਮਕੱਦ ਸ਼ੀਸ਼ੇ ਮੂਹਰੇ ਖੜ੍ਹ ਕੇ ਪ੍ਰੀਤ ਨੇ ਪੱਗ ਬੜੀ ਹੀ ਚਿਣ ਕੇ ਬੰਨ੍ਹ ਲਈ। ਪਟਿਆਲਾ ਸ਼ਾਹੀ ਪੱਗ! ਉਸ ਦੀ ਮਣਮੋਹਕ ਦਿੱਖ, ਹੋਰ ਵੀ ਕਾਲਜਾ ਕੱਢਣ ਲੱਗ ਪਈ। ਉਹ ਵਾਕਿਆ ਹੀ ਕਿਸੇ ਸ਼ਾਹੀ ਸਰਦਾਰਾਂ ਦਾ 'ਕਾਕਾ' ਲੱਗਦਾ ਸੀ। ਕਾਲੀ ਪੱਗ ਉਸ ਦੇ ਸੰਧੂਰੀ ਮੁੱਖ ਤੋਂ ਵਾਰੇ-ਵਾਰੇ ਜਾ ਰਹੀ ਸੀ।

-''ਫੱਟੇ ਈ ਚੱਕਤੇ---!'' ਜੋਗਿੰਦਰ ਹੱਸਿਆ।

-''ਦੇਖਿਆ ਫੇਰ ਮਾਮਾ ਜੀ?''

-''ਸਰਬਜੀਤ! ਉਏ ਸਰਬਜੀਤ---!!''

-''ਹਾਂ ਜੀ---?''

-''ਦੇਖ ਆਪਣੇ ਪ੍ਰੀਤ ਨੂੰ-ਪਟਿਆਲੇ ਆਲੇ ਖਾਨਦਾਨ 'ਚੋਂ ਲੱਗਦੈ---!''

-''ਨਜ਼ਰ ਨਾ ਲਾ ਦਿਓ ਜੁਆਕ ਨੂੰ---!'' ਸਰਬਜੀਤ ਨੇ ਕਿਹਾ। ਪ੍ਰੀਤ ਨੇ ਦੇਖਿਆ ਹੁਣ ਸਰਬਜੀਤ ਦਾ ਪੇਟ ਕਾਫ਼ੀ ਬਾਹਰ ਨੂੰ ਨਿਕਲ ਆਇਆ ਸੀ। ਹੁਣ ਉਹ ਤੁਰਦੀ ਵੀ ਬੋਚ-ਬੋਚ ਕੇ ਸੀ। ਉੱਚਾ-ਨੀਵਾਂ ਦੇਖ ਕੇ! ਪ੍ਰੀਤ ਨੂੰ ਆਪਣੀ ਹਾਲਤ ਹੁਣ 'ਖ਼ਤਰੇ' ਤੋਂ 'ਬਾਹਰ' ਜਾਪੀ। ਮਾਮੀ ਹੁਣ ਉਸ ਨੂੰ 'ਢਾਹੁੰਣ' ਜਾਂ ਬੇਰਹਿਮੀ ਨਾਲ 'ਮਧੋਲਣ' ਜੋਕਰੀ ਨਹੀਂ ਰਹੀ ਸੀ। ਉਸ ਅੰਦਰ ਕੁਤਕੁਤੀ ਹੋਈ।

-''ਕੱਟਿਆ ਗਿਆ ਬਣਵਾਸ-ਹੋ ਗਿਆ ਦਸੌਂਟਾ ਪੂਰਾ---!'' ਪ੍ਰੀਤ ਨੇ ਮਨ ਅੰਦਰ ਹੀ ਕਿਹਾ। ਪਰ ਫਿਰ ਉਸ ਨੂੰ ਸਰਬਜੀਤ 'ਪੂਰਨ' ਦੀ 'ਲੂਣਾ' ਵਰਗੀ ਜਾਪੀ। ਇਕ ਤਰ੍ਹਾਂ ਨਾਲ ਅਵਾਜ਼ਾਰ ਜ਼ਿੰਦਗੀ ਤੋਂ ਅੱਕਲਕਾਨ ਔਰਤ! ਉਸ ਦਾ ਮਨ ਸਰਬਜੀਤ ਪ੍ਰਤੀ ਤਰਸ ਨਾਲ ਪਾਣੀ-ਪਾਣੀ ਹੋ ਗਿਆ। ਕੀਤੀਆਂ ਦੁੱਲਿਆ ਤੇਰੀਆਂ ਪੇਸ਼ ਲੱਧੀ ਦੇ ਆਈਆਂ! ਕਰਨ ਮਾਂ-ਬਾਪ ਜਾਂ ਮਾਮਾ ਤੇ ਭਰੇ ਸਰਬਜੀਤ? ਇਹ ਕਿੱਥੋਂ ਦਾ ਇਨਸਾਫ਼ ਹੋਇਆ? ਜੱਗ ਬੜਾ ਬੇਰਹਿਮ ਅਤੇ ਬੇਕਿਰਕ ਹੈ! ਮੀਸਣਾ, ਬੇਈਮਾਨ ਜਹਾਨ!!

-''ਕਿਉਂ ਜੀ? ਕਿਹੋ ਜਿਆ ਲੱਗਦੈਂ?'' ਉਸ ਨੇ ਸਰਬਜੀਤ ਨੂੰ ਦਿਲੋਂ ਬੜੀ ਅਪਣੱਤ ਨਾਲ, ਬੜੇ ਮਾਣ ਨਾਲ ਪੁੱਛਿਆ। ਉਹ ਤਰਸ ਦੀ ਮੂਰਤ ਬਣਿਆਂ ਉਸ ਦੇ ਸਾਹਮਣੇ ਖੜ੍ਹਾ ਸੀ। ਪਰ 'ਮਾਮੀ' ਉਸ ਨੇ ਫਿਰ ਵੀ ਨਾ ਆਖਿਆ।

-''ਗੋਹੇ ਵਰਗਾ!'' ਸਰਬਜੀਤ ਨੇ 'ਵਾਸ਼-ਵੇਸ਼ਨ' ਵਿਚ ਥੁੱਕ ਦਿੱਤਾ।

-''ਉਏ ਜਾਹ ਪਰ੍ਹੇ! ਸਾਲੀ ਕੁੱਤਿਆਂ ਦੀ!'' ਜੋਗਿੰਦਰ ਬੋਲਿਆ।

-''ਜੇ ਮੂੰਹ ਭੈੜੈ ਤਾਂ ਗੱਲ ਤਾਂ ਮੂੰਹੋਂ ਚੰਗੀ ਕੱਢ ਲਿਆ ਕਰ-ਮਾਂ ਯਹਾਵੀਏ---!''

-''ਹੋਰ ਨਜ਼ਰ ਲਾਉਣੀ ਐਂ ਜੁਆਕ ਨੂੰ---?''

-''ਕਾਵਾਂ ਦੇ ਕਹੇ ਢੱਗੇ ਨਹੀਂ ਮਰਦੇ-ਕੋਈ ਨਹੀਂ ਤੇਰੀ ਨਜ਼ਰ ਨਾਲ ਉੱਪਰੋਥਲੀ ਹੁੰਦੀ-ਗੋਰਖਿਆਂ ਵਰਗੀਆਂ ਤੇਰੀਆਂ ਅੱਖੈਂ-ਜੇ ਬਾਂਦਰੀ ਦੀ ਨਜ਼ਰ ਕੇਲਿਆਂ ਨੂੰ ਲੱਗਦੀ ਹੋਵੇ-ਜੱਗ 'ਤੇ ਇੱਕ ਕੇਲਾ ਨਾ ਹੋਵੇ-ਦੇਖਿਐ ਬਾਂਦਰੀ ਕੇਲੇ ਦੇਖ ਕੇ ਕਿਵੇਂ ਲਾਚੜਦੀ ਹੁੰਦੀ ਐ?''

-''ਮਾਮਾ ਜੀ-ਹੁਣ ਨਾ ਇਹਨਾਂ ਨੂੰ ਘੂਰਿਆ ਕਰੋ-ਹੁਣ ਤਾਂ ਸੁੱਖ ਨਾਲ ਨ੍ਹਿਮ ਬੰਨ੍ਹਣ ਦਾ ਟਾਈਮ ਆਇਆ ਸਮਝੋ---!'' ਪ੍ਰੀਤ ਨੇ ਆਖਿਆ।

-''ਉਏ ਜਿਹੋ ਜਿਹੀ ਪੁੱਤਰਾ ਇਹ ਆਪ ਐ-ਉਹੋ ਜਿਆ ਈ ਨੂੰਗਾ ਜੰਮ ਧਰੂ-ਅਸੀਂ ਥਾਂ ਥਾਂ 'ਤੇ ਮੱਥੇ ਘਸਾਉਂਦੇ ਫਿਰਦੇ ਐਂ-ਇਹਨੇ ਦੇਖ ਲਈਂ ਚੁੱਚੀਆਂ ਜੀਆਂ ਅੱਖਾਂ ਆਲਾ ਮਿੰਟ 'ਚ ਜੰਮ ਕੇ ਪਰ੍ਹਾਂ ਮਾਰਨੈਂ---!''

-''ਮਾਮਾ ਜੀ! ਬਾਬੇ ਨਾਨਕ ਨੇ ਕਿਹੈ: ਸੋ ਕਿਉਂ ਮੰਦਾ ਆਖੀਐ-ਜਿਤੁ ਜੰਮਹਿ ਰਾਜਾਨ-ਜੱਗ ਜਣਨੀਂ ਨੂੰ

ਮਾੜਾ ਨਾ ਆਖੋ!"

-"ਉਏ ਬੱਲੇ ਉਏ ਤੇਰੇ ਪੁੱਤ ਬੰਗੜਾ! ਬਾਬਿਆਂ ਦੇ ਮੱਥੇ ਹਾਲ ਤੱਕ ਤੈਨੂੰ ਲਾਇਆ ਨ੍ਹੀ ਤੇ ਤੂੰ ਪਹਿਲਾਂ ਈ ਸਾਧ ਬਣ ਤੁਰਿਆ-ਤੇ ਮੱਤਾਂ ਦੇਣ ਲੱਗ ਪਿਆ ਸਾਨੂੰ---?" ਜੋਗਿੰਦਰ ਉੱਚੀ-ਉੱਚੀ ਹੱਸ ਪਿਆ।

-"ਸਰਬਜੀਤ---! ਹੋ ਗਈ ਤਿਆਰ ਬਈ ਤੂੰ ਕਿ ਨਹੀਂ?"

-"ਮੈਂ ਤਾਂ ਤਿਆਰ ਹੋਜੂੰ-ਪਰ ਪਹਿਲਾਂ ਤੁਸੀਂ ਆਪਣੀ ਕਸਰ ਪੂਰੀ ਕਰ ਲਵੋ! ਪ੍ਰੀਤ ਤਾਂ ਖ਼ੈਰ ਘਰ ਦਾ ਮੁੰਡੈ-ਜੇ ਕੋਈ ਬਾਹਰਲਾ ਸੁਣੇਂ ਤਾਂ ਕੀ ਕਹੇ?" ਉਸ ਨੇ ਆਪਣੀ 'ਭੜ੍ਹਾਸ' ਕੱਢੀ।

-"ਮੁਆਫ਼ੀ ਬਖਸ਼ ਦੇ ਸਰਬਜੀਤ! ਮੈਂ ਤਾਂ ਹੱਸਦੈਂ-ਨਾਲੇ ਮੈਂ ਕਮਲਾ ਨਹੀਂ ਬਈ ਬਿਗਾਨਿਆਂ ਦੇ ਸਾਹਮਣੇ ਤੇਰੀ ਹੇਠੀ ਕਰੂੰ-ਤੂੰ ਫੇਰ ਵੀ ਮੇਰੀ ਤੀਮੀ ਐਂ-ਕੋਈ ਵੈਰਨ ਨਹੀਂ-ਮੈਂ ਤੇਰੇ ਤੋਂ ਜਿੰਦ ਵਾਰਦੈਂ-ਜਿੰਦ---!"

-"ਆਹ ਤਾਂ ਹੋਈ ਨਾ ਮਾਮਾ ਜੀ ਗੱਲ!"

-"ਉਏ ਤੇਰੀ ਮਾਮੀ ਅਰਗੀ ਕਾਹਨੂੰ ਐਂ ਕੋਈ ਜੱਗ 'ਤੇ! ਚਹੁੰ ਕੂਟੀਂ ਚਾਨਣ ਕਰਦੀ ਐ-ਕਿੱਕਰ ਤੋਂ ਕਾਟੋ ਲਾਹੁੰਦੀ ਐ।"

-"ਬੱਸ ਕਰੋ! ਬੱਸ ਕਰੋ! ਮੇਰਾ ਭੜ੍ਹਕਾ ਨਾ ਪਾ ਦੇਇਓ, ਫੂਕ ਦੇ ਕੇ।"

-"ਉਏ ਤੇਰਾ ਭੜ੍ਹਾਕਾ ਪੈਣ ਦਿੰਨੇ ਐਂ? ਤੇਰੀ ਆਈ ਮੈਂ ਮਰਜਾਂ ਤੇਰਾ ਵਾਲ ਵੀ ਵਿੰਗਾ ਨਾ ਹੋਵੇ!"

-"ਦੇਖ ਲੈ ਪ੍ਰੀਤ! ਬੰਦਾ ਕੁੱਟ ਕੇ ਇਹਨਾਂ ਨੂੰ ਰਾਜ਼ੀਨਾਵਾਂ ਵੀ ਕਰਨਾ ਆਉਂਦੈ।"

-"ਇਹ ਤਾਂ ਮਾਮਾ ਜੀ ਦਾ ਮੀਰੀ ਗੁਣ ਐਂ-ਗਾਲ੍ਹਾਂ ਕੱਢਣੀਆਂ ਤੇ ਫਿਰ ਮੁਆਫ਼ੀ ਮੰਗ ਲੈਣੀ।"

-"ਇਹ ਗੁਰ ਪਤਾ ਨਹੀਂ ਕਿੱਥੋਂ ਸਿੱਖਿਐ?"

-"ਉਏ ਸਾਰੀਆਂ ਗੱਲਾਂ ਤੈਨੂੰ ਮੁਫ਼ਤ ਈ ਦੱਸੀ ਚੱਲੀਏ? ਘਰੋਂ ਖਾ ਕੇ ਮੱਤ ਨਹੀਂ ਦਿੱਤੀ ਜਾਂਦੀ ਸਰਬਜੀਤ ਕੌਰੇ!" ਜੋਗਿੰਦਰ ਬੋਲਿਆ।

-"ਜੇ ਘਰੋਂ ਖਾ ਕੇ ਮੱਤ ਨਹੀਂ ਦਿੱਤੀ ਜਾਂਦੀ ਤਾਂ ਅੱਜ ਬਾਬਿਆਂ ਦਾ ਲੰਗਰ ਛਕ ਕੇ ਦੇ ਦੇਇਓ-!" ਪ੍ਰੀਤ ਨੇ ਚਹੇਡ ਕੀਤੀ।

-"ਉਏ ਕੁੱਤਿਆ! ਤੂੰ ਵੀ ਇਹਦੇ ਵੱਲ ਦਾ ਹੋ ਤੁਰਿਐਂ?"

-"ਨਹੀਂ ਮੈਂ ਤਾਂ ਥੋਡੇ ਵੱਲ ਦਾ ਈ ਰਹੂੰ-ਕੁਛ ਹੋਜੇ!"

-"ਆਹੋ! ਜੱਟ ਜੱਟਾਂ ਦੇ ਤੇ ਫੋਗੂ ਨਰਾਇਣ ਦਾ-ਮੈਂ ਕੀਹਦੀ, ਕੀ ਲੱਗਦੀ ਆਂ? ਮਾਮਾ ਭਾਣਜੇ ਦਾ ਤੇ ਭਾਣਜਾ ਮਾਮੇ ਦਾ-ਖੁਆਜੇ ਦਾ ਗਵਾਹ ਹਮੇਸ਼ਾ ਡੱਡੂ ਈ ਹੁੰਦੈ!"

-"ਉਏ ਤੁਰਪਾ ਹੁਣ! ਗਿੱਲਾ ਪੀਹਣ ਈ ਪਾ ਕੇ ਬਹਿ ਗਈ ਮਾਂ ਦੀਏ ਰਾਮ ਰੱਖੀਏ---!" ਜੋਗਿੰਦਰ ਨੇ ਹੋਕਰਾ ਮਾਰਿਆ।

ਸਰਬਜੀਤ ਪਰਸ ਚੁੱਕ ਕੇ ਬਾਹਰ ਆ ਗਈ।

-"ਢਿੱਡ ਤਾਂ ਢਕ ਲੈ-ਗਹੀਰੇ ਮਾਂਗੂੰ ਬਾਹਰ ਕੱਢ ਲਿਆ!"

-"ਇਹ ਤਾਂ ਹੁਣ ਇਵੇਂ ਈ ਰਹੂ।"

-"ਜੇ ਰੱਬ ਐਸ ਪੱਖੋਂ ਹੱਥ ਘੁੱਟ ਲੈਂਦਾ-ਬੰਦੇ ਦੀਆਂ ਕਾਰਸ਼ਤਾਨੀਆਂ ਦਾ ਕਿਸੇ ਨੂੰ ਪਤਾ ਨਾ ਚੱਲਦਾ-ਖੇਡ ਰੱਬ ਨੇ ਦੇਖ ਕੀ ਬਣਾਈ ਐ?" ਜੋਗਿੰਦਰ ਉੱਚੀ-ਉੱਚੀ ਹੱਸ ਪਿਆ।

ਉਹ ਕਾਰ ਵਿਚ ਬੈਠ ਕੇ ਚੱਲ ਪਏ।

ਹਰਜਾਪ ਦੇ ਘਰ ਦੇ ਬਾਹਰ ਦੇਸੀ ਬੰਦੇ-ਬੁੜ੍ਹੀਆਂ ਦਾ ਮੇਲਾ ਲੱਗਿਆ ਪਿਆ ਸੀ।

ਬਾਬਾ ਨੱਥਾ ਸਿੰਘ ਜੀ ਪਹੁੰਚ ਚੁੱਕੇ ਸਨ।

ਸ਼ਰਧਾਲੂ ਉਹਨਾਂ ਦੁਆਲੇ ਘੇਰਾ ਘੱਤੀ ਖੜ੍ਹੇ ਸਨ। ਸ਼ੰਕਾਵਾਂ ਨਵਿਰਤ ਕੀਤੀਆਂ ਜਾ ਰਹੀਆਂ ਸਨ।

ਸਮਾਗਮ ਸ਼ੁਰੂ ਹੋਇਆ।

ਇਲਾਹੀ ਬਾਣੀ ਤੋਂ ਬਾਅਦ ਕੀਰਤਨ ਦਾ ਪ੍ਰਵਾਹ ਚੱਲਿਆ। ਸਾਰੇ ਮੰਤਰ-ਮੁਗਧ ਹੋਏ ਬੈਠੇ ਸਨ।

-"ਮਹਾਂਪੁਰਸ਼ੋ! ਸੰਗਤਾਂ ਨੂੰ ਸ਼ਰਾਬ ਤੋਂ ਰੋਕੋ-ਸ਼ਰਾਬ ਦੇ ਇਹ ਖੋਖਲੇ ਕੀਤੇ ਪਏ ਐ-ਬੋਤਲ ਤੋਂ ਤਾਂ ਪੰਜਾਬੀਆਂ ਨੂੰ ਵਿਹਲ ਨਹੀਂ ਮਿਲਦੀ-ਗੁਰੂ ਵਾਲੇ ਇਹ ਕਦੋਂ ਬਣੇਂ?" ਗੁਰਜਾਪ ਨੇ ਬਾਬਾ ਜੀ ਦੇ ਕੰਨ ਵਿਚ ਬੇਨਤੀ

ਕਰੀ ਸੀ। ਬਾਬਾ ਜੀ ਨੇ 'ਸਤਿ-ਬਚਨ' ਆਖ ਬੇਨਤੀ ਪ੍ਰਵਾਨ ਕਰ ਲਈ ਸੀ।

ਬਾਬਾ ਨੱਥਾ ਸਿੰਘ ਨੇ ਕਥਾ ਆਰੰਭ ਕੀਤੀ।

ਗੁਰਬਾਣੀ, ਸਿੱਖੀ ਅਤੇ ਪੰਥਕ ਸਿਧਾਂਤਾਂ ਤੋਂ ਤੁਰਦੀ ਗੱਲ ਸ਼ਰਾਬ 'ਤੇ ਆਣ ਟਿਕੀ।

-''ਗੁਰੂ ਪਿਆਰਿਓ! ਝੂਠੀ ਸ਼ਰਾਬ ਬਿਲਕੁਲ ਨਾ ਪੀਆ ਕਰੋ-ਜੇ ਪੀਣੀ ਐਂ ਤਾਂ ਸੱਚੀ ਸ਼ਰਾਬ ਪੀਆ ਕਰੋ-।'' ਬਾਬਾ ਨੱਥਾ ਸਿੰਘ ਦੇ ਆਖਣ 'ਤੇ ਪ੍ਰੀਤ, ਜੋਗਿੰਦਰ ਸਿੰਘ ਵੱਲ ਝਾਕ ਕੇ ਮੁਸਕਰਾਇਆ। ਉਸ ਦੇ ਕਥਨ ਅਨੁਸਾਰ ਗੱਲ ਉਥੇ ਹੀ ਆ ਖੜ੍ਹੀ ਹੋਈ ਸੀ।

-''ਸੱਚੀ ਸ਼ਰਾਬ, ਗੁਰਮਤ ਦੀ ਸ਼ਰਾਬ ਐ-ਇਹਨੂੰ ਕੱਢਣ ਵਾਸਤੇ ਭਾਂਡੇ ਅਤੇ ਤਰੀਕਾ ਵੱਖਰਾ ਐ-ਜਿਵੇਂ ਝੂਠੀ ਸ਼ਰਾਬ ਕੱਢਣ ਲਈ ਘੜ੍ਹੇ ਵਿਚ ਪਾਣੀ ਪਾਈਦੈ-ਸੱਕ ਪਾਈਦੈ-ਸੁਗੰਧੀ ਵਾਸਤੇ ਅੰਗੂਰ ਬਗੈਰਾ ਪਾ ਲਈਦੇ ਐ-ਬੱਠਲੀ ਮੂਧੀ ਮਾਰਦੇ ਐ-ਮੱਠੀ ਮੱਠੀ ਅੱਗ ਬਾਲਦੇ ਐ-ਨਾਲੀ ਲਾਉਂਦੇ ਐ-ਗਿੱਲੀ ਲੀਰ ਲਪੇਟ ਕੇ ਉਪਰ ਲਾਉਂਦੇ ਐ ਬਈ ਭਾਫ਼ ਨਾ ਬਾਹਰ ਨਾ ਨਿਕਲ ਜਾਵੇ-ਮਿੱਟੀ ਦਾ ਪੋਚਾ ਮਾਰਦੇ ਐ-ਫੇਰ ਜਾ ਕੇ ਬੋਤਲ 'ਚ ਪਾ ਕੇ-ਪੀ ਕੇ ਕਮਲੇ ਹੁੰਦੇ ਐ-ਬੇਸੁਰਤ ਹੋਇਆਂ ਦੇ ਕੁੱਤੇ ਮੂੰਹ 'ਤੇ ਧਾਰਾਂ ਮਾਰਦੇ ਐ-।''

-''ਗੁਰੂ ਪਿਆਰਿਓ! ਗੁਰਮਤ ਦੀ ਸ਼ਰਾਬ ਕਿਵੇਂ ਨਿੱਕਲਦੀ ਐ? ਜੇ ਪੀਣੀ ਐਂ ਤਾਂ ਇਹ ਗੁਰਮਤ ਦੀ ਸ਼ਰਾਬ ਪੀਆ ਕਰੋ! ਗੁਰਮਤ ਦੀ ਸ਼ਰਾਬ ਕਿਹੜੀ ਐ? ਤੇ ਕੱਢੀਦੀ ਕਿਵੇਂ ਐਂ? ਗੁਰੂ ਨਾਨਕ ਦੇਵ ਜੀ ਆਸਾ ਮਹਲਾ ਪਹਿਲਾ ਵਿਚ ਪੰਨਾ ਤਿੰਨ ਸੌ ਤੇ ਅੱਠ 'ਤੇ ਫੁਰਮਾਉਂਦੇ ਹਨ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ।। ਕਰਿ ਕਰਣੀ ਕਸੁ ਪਾਈਐ।।
ਭਾਠੀ ਭਵਨੁ ਪ੍ਰੇਮ ਕਾ ਪੋਚਾ।। ਇਤੁ ਰਸਿ ਅਮਿਉ ਚੁਆਈਐ।।

ਹੇ ਪੁਰਖਾ! ਗਿਆਨ ਦਾ ਗੁੜ ਪਾ-ਧਿਆਨ ਦੇ ਫੁੱਲ ਅੰਗੂਰਾਂ ਦੀ ਥਾਂ ਭੇਂਟ ਕਰ-ਪ੍ਰੇਮ ਭਗਤੀ ਦਾ ਸੱਕ ਪਾ-ਭਾਵਨਾ ਦੀ ਭੱਠੀ ਬਣਾ-ਗੁਰੂ ਕਿਆਂ ਨਾਲ ਪ੍ਰੇਮ ਦਾ ਇਹਨੂੰ ਪੋਚਾ ਦੇਣੈਂ-ਸ਼ਬਦ ਦੀ ਵਿਚਾਰ ਦਾ ਪਾਣੀ ਪਾਉਣੈ-ਉਪਦੇਸ਼ ਰੂਪੀ ਅੱਗ ਦੀ ਤੀਲੀ ਲਾਉਣੀ ਐਂ-ਬ੍ਰਹਮ ਅਭਿਆਸ ਰੂਪੀ ਅੱਗ ਬਾਲਣੀ ਐਂ-ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀਆਂ ਲੱਕੜਾਂ ਡਾਹੁੰਣੀਐਂ-ਸਹਿਜ ਦੀ ਮਿੱਠੀ ਮਿੱਠੀ ਅੱਗ ਬਾਲਣੀ ਐਂ-ਮੀਠ ਮੀਠ ਮਨੁ ਦੀਆ ਧੀਰਾ।। ਆਤਮ ਬੁੱਧੀ ਰੂਪੀ ਬੱਠਲੀ ਬਣਾ ਲੈਣੀ ਐਂ-ਅੰਕਸ਼ ਰੂਪੀ ਘੜ੍ਹੇ 'ਤੇ ਮੂਧੀ ਮਾਰ ਲੈਣੀ ਐਂ-ਫੇਰ ਗੁਰਮੁਖੋ! ਮੇਰੈ ਮਨਿ ਪ੍ਰੇਮ ਲਗੋ ਹਰਿ ਤੀਰ।। ਹਮਰੀ ਬੇਦਨ ਹਰਿ ਪ੍ਰਭੁ ਜਾਨੈ।। ਮੇਰੇ ਮਨ ਅੰਤਰ ਕੀ ਪੀਰ।। ਪ੍ਰੇਰਨਾ ਦੇ ਤੀਰ ਮਾਰ ਕੇ ਵਿਚ ਛੇਕ ਪਾ ਲੈਣੇ ਐਂ-ਤੇ ਫਿਰ ਬਿਰਤੀ ਨੂੰ ਸੰਸਾਰ ਵੱਲੋਂ ਰੋਕ ਕੇ-ਪ੍ਰਮੇਸ਼ਰ ਵੱਲ ਨੂੰ ਕਰ ਕੇ ਇਹਦੀ ਨਾਲੀ ਬਣਾ ਲੈਣੀ ਐਂ-ਭਗਤੀ ਪ੍ਰਬਲ ਹੋਣ ਕਰ ਕੇ ਹੰਗਤਾ ਨੂੰ ਗੁਰਮਤ ਵਿਚ ਬਦਲਣ ਲਈ ਨਿਮਰਤਾ ਰੂਪੀ ਠੰਢਾ ਪਾਣੀ ਵਰਤਣੈਂ-ਸਾਰਿਆਂ ਦੇ ਚਰਨਾਂ ਦੀ ਧੂੜ ਬਣ ਕੇ ਰਹਿਣੈ-ਆਗਿਆਕਾਰ ਰੂਪੀ ਗਿੱਲੀ ਲੀਰ ਲਪੇਟ ਲੈਣੀ ਐਂ-ਤੇ ਫੇਰ: ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ।। ਬਾਣੀ ਉਚਰਹਿ ਸਾਧ ਜਨ।। ਅਮਿਉ ਚਲਹਿ ਝਰਣੇ।। ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ।। ਜਦੋਂ ਐਸੀ ਸ਼ਰਾਬ ਨਿਕਲੇਗੀ-ਉਸ ਵੇਲੇ ਗੁਰੂ ਕੇ ਪਿਆਰਿਓ! ਰਸਨਾਂ ਦੇ ਨਾਲ ਜਦੋਂ ਅਭਿਆਸ ਰੂਪ ਵਿਚ ਘੁੱਟਾਂ ਅੰਦਰ ਲੰਘਾਵਾਂਗੇ ਤੇ ਫਿਰ ਕਹਿ ਸਕਾਂਗੇ: ਨਾਮੁ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨੁ ਰਾਤੁ।। ਫੇਰ ਦੇਖਿਓ ਕਿਵੇਂ ਆਨੰਦ ਆਉਂਦੈ-ਇੱਕ ਅੱਧੀ ਰਾਤ ਜਾਂ ਕੁਛ ਘੰਟਿਆਂ ਦਾ ਨਹੀਂ-ਸਦੀਵੀ ਆਨੰਦ---!''

ਕਥਾ ਪੂਰੇ ਦੋ ਘੰਟੇ ਤੱਕ ਚੱਲੀ।

ਭੋਗ ਪੈਣ ਤੋਂ ਬਾਅਦ ਬਾਬਾ ਨੱਥਾ ਸਿੰਘ ਨੇ ਖੁਦ ਲੰਗਰ ਸੰਗਤ ਨੂੰ ਵਰਤਾਇਆ। ਸਾਰੀ ਸੰਗਤ ਹੀ ਨਿਹਾਲ ਹੋ ਕੇ ਤੁਰੀ ਸੀ।

ਕਾਰ ਚਲਾਉਂਦਾ ਜੋਗਿੰਦਰ ਅੱਜ ਕੁਝ ਜ਼ਿਆਦਾ ਹੀ ਚੁੱਪ ਸੀ।

-''ਕਿਉਂ ਮਾਮਾ ਜੀ-ਹੋਇਆ ਬਾਬਿਆਂ ਦੀ ਕਥਾ ਦਾ ਕੋਈ ਅਸਰ?'' ਪ੍ਰੀਤ ਨੇ ਉਸ ਨੂੰ ਛੇੜਿਆ।

-''ਯਾਰ ਬਾਬੇ ਹੈ ਸੱਚੇ ਈ-ਦਾਰੂ ਸਹੁਰੀ 'ਚ ਪਿਆ ਕੁਛ ਨਹੀਂ-ਬਾਧੂ ਜੀਭ ਦਾ ਈ ਸੁਆਦ ਤੇ ਕਮਲੇ ਹੋਣ ਦਾ ਤਰੀਕਾ ਐ।''

-''ਪੈਸੇ ਦਾ ਸੱਤਿਆਨਾਸ ਬਾਧੂ ਦਾ ਤੇ ਘਰਾਂ 'ਚ ਕਲੇਸ਼ ਵੱਖਰਾ।'' ਸਰਬਜੀਤ ਬੋਲੀ।

-''ਜਿਹੜੇ ਬੰਦੇ ਦੀ ਪੀਤੀ 'ਚ ਬੁਰੇ ਕਰਮ ਹੁੰਦੇ ਐ-ਉਹ ਉਸ ਤੋਂ ਵੀ ਵੱਖਰੇ ਤੇ ਨਖਿੱਧ ਤੇ ਘਿਨਾਉਣੇ ਐਂ।''

ਪ੍ਰੀਤ ਬੋਲਿਆ ਤਾਂ ਸਰਬਜੀਤ ਦਾ ਦਿਲ ਫਿਰ ''ਫੜ੍ਹੱਕ-ਫੜ੍ਹੱਕ'' ਵੱਜਣ ਲੱਗ ਪਿਆ। ਉਹ ਚੁੱਪ ਹੋ ਗਈ।

-''ਪ੍ਰੀਤ! ਪੀ ਕੇ ਪੁੱਤਰਾ ਬੰਦਾ ਪਾਠ ਤਾਂ ਕਰਦਾ ਈ ਨਹੀਂ-ਕੋਈ ਨਾ ਕੋਈ ਘਤਿੱਤ ਈ ਖੇਡਦੈ।'' ਜੋਗਿੰਦਰ ਨੂੰ ਪ੍ਰੀਤ ਅਤੇ ਸਰਬਜੀਤ ਦੀ ਕਹਾਣੀ ਦਾ ਕੀ ਪਤਾ ਸੀ?

ਘਰ ਆ ਕੇ ਜੋਗਿੰਦਰ ਨੇ ਬੋਤਲ ਫਿਰ ਧੂਹ ਲਈ।

-''ਮਾਮਾ ਜੀ-ਅੱਜ ਦਾ ਦਿਨ ਤਾਂ ਨਾ ਪੀਂਦੇ? ਬਾਬਿਆਂ ਦਾ ਉਪਦੇਸ਼ ਕਿੱਧਰ ਗਿਆ?'' ਪ੍ਰੀਤ ਨੇ ਤਰਕ ਦੀ ਹੁੱਝ ਮਾਰੀ।

-''ਬਾਬੇ ਹੋਏ ਸਤਿਜੁਗੀ ਪੁਰਖ ਤੇ ਅਸੀਂ ਹੋਏ ਕਲਯੁੱਗੀ ਬੰਦੇ-ਦੱਸ ਸਾਡਾ ਕੀ ਮੇਲ?''

-''ਲੱਕੜ ਸੰਗ ਲੱਗ ਕੇ ਤਾਂ ਲੋਹਾ ਵੀ ਤਰ ਜਾਂਦੈ-ਲੱਗ ਜਾਓ ਬਾਬੇ ਦੇ ਆਖੇ।''

-''ਲੱਗ ਜਾਵਾਂਗੇ।'' ਜੋਗਿੰਦਰ ਨੇ ਇਕ ਖੁੱਲ੍ਹਾ-ਡੁੱਲ੍ਹਾ ਪੈੱਗ ਪਾ ਲਿਆ। ਬਾਬਾ ਨੱਥਾ ਸਿੰਘ ਦਾ ਉਪਦੇਸ਼ ਉਸ ਨੂੰ ਪੀਣੋਂ ਵਰਜ਼ ਰਿਹਾ ਸੀ ਅਤੇ ਉਸ ਦਾ ਆਪਣਾ ਮਨ ਉਸ ਨੂੰ ਪੀਣ ਲਈ ਹੁੱਝਾਂ ਮਾਰ ਰਿਹਾ ਸੀ। ਸਾਹਮਣੇ ਮੇਜ਼ ਉਪਰ ਪੈੱਗ ਰੱਖੀ ਉਹ ਦੁਚਿੱਤੀ ਜਿਹੀ ਵਿਚ ਫ਼ਸਿਆ ਬੈਠਾ ਸੀ। ਇਕ ਪਾਸੇ ਮੁਕਤੀ-ਮਾਰਗ ਦਾ ਉਪਦੇਸ਼ ਅਤੇ ਦੂਜੇ ਪਾਸੇ ਕਲਯੁੱਗੀ ਮਨ! ਨਿੱਤ ਕੁਕਰਮ ਕਰਨ ਵਾਲਾ ਮਨ, ਇਕ ਦਿਨ ਦੇ ਸੁਣੇ ਉਪਦੇਸ਼ ਨਾਲੋਂ ਭਾਰੂ ਨਿਕਲਿਆ ਅਤੇ ਜੋਗਿੰਦਰ ਨੇ ਅੱਖਾਂ ਮੀਟ ਕੇ ਭਰਿਆ ਪੈੱਗ ਖਾਲੀ ਕਰ ਦਿੱਤਾ। ਗੁਰਮੁਖ ਹਾਰੇ ਤੇ ਜੱਗ ਜੀਤਾ, ਵਾਲੀ ਗੱਲ ਹੋਈ।

-''ਦੁਨੀਆਂਦਾਰੀ ਕਾਹਨੂੰ ਛੱਡੀ ਜਾਂਦੀ ਐ? ਇਹ ਤਾਂ ਬਾਬੇ ਨਿੱਤ ਆ ਕੇ ਉਪਦੇਸ਼ ਦੇਣ ਤਾਂ ਜਾ ਕੇ ਕੋਈ ਗੱਲ ਬਣੂੰ।'' ਜੋਗਿੰਦਰ ਨੇ ਸਾਹਮਣੇ ਪਿਆ ਸਲਾਦ ''ਗਰਚ-ਗਰਚ'' ਵੱਢਣਾ ਸੁਰੂ ਕਰ ਦਿੱਤਾ।

-''ਇਕ ਵਾਰੀ ਮਾਮਾ ਜੀ-ਇਕ ਮਹਾਂਪੁਰਸ਼ਾਂ ਨੇ ਮਸਤੂਆਣੇ ਆਲੇ ਸੰਤਾਂ ਦੀ ਗੱਲ ਸੁਣਾਈ-।'' ਪ੍ਰੀਤ ਨੇ ਕਹਿਣਾ ਸੁਰੂ ਕੀਤਾ।

-''ਉਹ ਸੰਤ ਤਾਂ ਯਾਰ ਚੜ੍ਹਦੀ ਕਲਾ ਆਲੇ ਸੀ।''

-''ਕਹਿੰਦੇ ਇਕ ਵਾਰੀ ਉਹ ਤੁਰੇ ਜਾਣ ਤੇ ਨਾਲ ਉਹਨਾਂ ਦੇ ਸੇਵਕ।''

-''ਅੱਛਾ।''

-''ਤੇ ਰਾਹ ਵਿਚ ਇਕ ਜੱਟ ਸ਼ਰਾਬ ਨਾਲ ਰੱਜਿਆ ਬੈਠਾ ਟੱਕਰ ਪਿਆ-ਹੱਥ ਵਿਚ ਉਹਦੇ ਬੋਤਲ।''

-''ਅੱਛਾ!''

-''ਸੰਤਾਂ ਨੂੰ ਲਾਚੜਿਆ ਹੋਇਆ ਕਹਿਣ ਲੱਗਿਆ-ਆਓ ਸੰਤ ਜੀ ਪੀਓ!''

-''ਫੇਰ?''

-''ਸੰਤਾਂ ਨੇ ਬੋਤਲ ਤੇ ਬਾਟੀ ਫੜ ਲਈ-ਕਹਿੰਦੇ ਪਿੰਡ ਚੱਲ ਕੇ ਮੰਜੇ 'ਤੇ ਬੈਠ ਕੇ ਪੀਵਾਂਗੇ-ਰਸਤੇ 'ਚ ਕਾਹਦੀ ਪੀਣੀ ਐਂ ਸਿੰਘਾ?''

-''ਅੱਛਾ--!''

-''ਨਾਲ ਦੇ ਸੇਵਕ ਹੈਰਾਨ-ਬਈ ਸੰਤ ਜੀ ਕੀ ਕਹੀ ਜਾਂਦੇ ਐ?''

-''ਫੇਰ?''

-''ਫੇਰ ਜੀ ਪਿੰਡ ਦੇ ਨੇੜੇ ਆਏ ਤਾਂ ਉਥੇ ਬੈਠੇ ਸੀ ਲੰਡਰ ਜਿਹੇ ਕੁੱਤੇ।''

-''ਅੱਛਾ!''

-''ਤੇ ਸੰਤਾਂ ਨੇ ਕੁੱਤੇ 'ਤੂਓ-ਤੂਓ' ਕਰਕੇ ਕੋਲੇ ਸੱਦ ਲਏ-ਤੇ ਬਾਟੀ 'ਚ ਸ਼ਰਾਬ ਉਲੱਦ ਦਿੱਤੀ।''

-''ਫੇਰ?''

-''ਕੁੱਤਿਆਂ ਨੇ ਸੋਚਿਆ ਬਈ ਸੰਤਾਂ ਨੇ ਦੁੱਧ ਪਾਇਆ ਹੋਣੈਂ?''

-''ਸੀ ਸ਼ਰਾਬ?''

-''ਹਾਂ-ਸੀ ਸ਼ਰਾਬ ਤੇ ਕੁੱਤੇ ਸੁੰਘ ਕੇ ਈ ਪਿੱਛੇ ਮੁੜ ਗਏ।''

-''ਫੇਰ?''

-''ਸੰਤ ਉਸ ਸ਼ਰਾਬੀ ਜੱਟ ਨੂੰ ਕਹਿਣ ਲੱਗੇ-ਮਿੱਤਰ ਪਿਆਰਿਆ! ਇਹਨੂੰ ਤਾਂ ਕੁੱਤੇ ਵੀ ਨਹੀਂ ਪੀਂਦੇ-ਆਪਾਂ ਕਾਹਨੂੰ ਪੀਣੀ ਐਂ?''

-''ਵਾਹ ਜੀ ਵਾਹ!''

-''ਉਥੋਂ ਦੇ ਲੋਕ ਦੱਸਦੇ ਐ ਬਈ ਉਸ ਸ਼ਰਾਬੀ ਜੱਟ ਨੂੰ ਐਹੋ ਜਿਹੀ ਤਰਕ ਵੱਜੀ ਤੇ ਉਹਨੇ ਬੋਤਲ ਉਥੇ ਈ ਭੰਨ ਦਿੱਤੀ-ਮੁੜ ਕੇ ਦਾਰੂ ਨਹੀਂ ਪੀਤੀ ਤੇ ਅੰਮ੍ਰਿਤ ਛਕ ਲਿਆ।''

-''ਮਸਤੂਆਣੇ ਆਲੇ ਸੰਤ ਤਾਂ ਬੜੀ ਕਰਨੀ ਆਲੇ ਸੰਤ ਸੀ ਪ੍ਰੀਤ-ਹੁਣ ਤਾਂ ਥਾਂ ਥਾਂ 'ਤੇ ਲੁਟੇਰੇ ਸੰਤ ਬਣੇ ਬੈਠੇ ਐ।''

-''ਹੁਣ ਤਾਂ ਇੱਟ ਚੱਕੀਏ ਤਾਂ ਸੰਤ ਨਿਕਲਦੈ-ਚੰਗੇ ਭਾਗਾਂ ਨਾਲ ਜਾ ਕੇ ਕਿਤੇ ਚੇਲਾ ਟੱਕਰਦੈ।''

-''ਲੋਕ ਸੋਚਦੇ ਐ ਬਈ ਪਹਿਲਾਂ ਸੰਤ ਬਣ ਕੇ ਦੇਖ ਲਈਏ-ਚੇਲੇ ਦਾ ਕੀ ਐ? ਉਹ ਤਾਂ ਜਦੋਂ ਮਰਜ਼ੀ ਐ ਬਣ ਜਾਵੋ।'' ਪ੍ਰੀਤ ਹੱਸ ਪਿਆ।

-''ਦੁਨੀਆਂ ਬਾਬੇ ਨਾਨਕ ਦੇ ਬਾਣੇ ਨੂੰ ਮੱਥਾ ਟੇਕਦੀ ਐ-ਸਾਧਾਂ ਸੰਤਾਂ ਨੂੰ ਨਹੀਂ।'' ਸਰਬਜੀਤ ਕਾਫ਼ੀ ਦੇਰ ਬਾਅਦ ਬੋਲੀ ਸੀ।

-''ਬਾਬੇ ਨਾਨਕ ਨੇ ਤਾਂ ਬਾਣੇ ਨੂੰ ਮੱਥਾ ਟੇਕਣ ਨੂੰ ਕਿਹਾ ਈ ਨਹੀਂ ਜੀ-ਬਾਬੇ ਨਾਨਕ ਨੇ ਤਾਂ ਸਗੋਂ ਕਰਮ ਕਾਂਡਾਂ ਦਾ ਵਿਰੋਧ ਈ ਕੀਤੈ-ਬਾਬੇ ਨਾਨਕ ਨੇ ਤਾਂ ਅਕਾਲ ਪੁਰਖ ਦਾ ਧਿਆਨ ਧਰਨ ਵਾਸਤੇ ਈ ਉਪਦੇਸ਼ ਦਿੱਤੈ-ਜਦੋਂ ਦੁਨੀਆਂ ਕਰਮ ਕਾਂਡਾਂ ਵਿਚ ਬੁਰੀ ਤਰ੍ਹਾਂ ਫ਼ਸੀ ਪਈ ਸੀ-ਉਦੋਂ ਬਾਬੇ ਨੇ 'ਇੱਕ-ਓਂਕਾਰ' ਦਾ ਹੋਕਾ ਦਿੱਤਾ-ਦੁਨੀਆਂ 'ਤੇ ਕਿੱਡੇ ਕਿੱਡੇ ਸੂਰਮੇਂ, ਬਲੀ, ਯੋਧੇ, ਬ੍ਰਹਮਗਿਆਨੀ ਹੋਏ ਐ-ਕਿਸੇ ਦੇ ਨਾਂ ਨਾਲ 'ਸੰਤ' ਨਹੀ ਲੱਗਦਾ-ਭਗਤ ਕਬੀਰ, ਭਗਤ ਰਵਿਦਾਸ, ਭਗਤ ਪੀਪਾ, ਭਗਤ ਪ੍ਰਹਿਲਾਦ, ਪੂਰਨ ਭਗਤ, ਭਗਤ ਧੰਨਾ ਜੱਟ, ਭਗਤ ਸੈਣ ਜੀ, ਭਗਤ ਤਰਲੋਚਨ ਜੀ, ਭਾਈ ਗੁਰਦਾਸ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਬਾਬਾ ਬੁੱਢਾ ਜੀ, ਬਾਬਾ ਬੰਦਾ ਬਹਾਦਰ, ਬਾਬਾ ਦੀਪ ਸਿੰਘ-ਬਾਬਾ, ਭਾਈ ਜਾਂ ਭਗਤ ਤਾਂ ਕੌਮ 'ਚ ਜ਼ਰੂਰ ਹੋਏ ਐ-ਪਰ ਇਹ ਸਾਧ ਪਤਾ ਨਹੀਂ 'ਸੰਤ' ਦੀ ਉਪਾਧੀ ਕਿਹੜੀ ਦਰਗਾਹ 'ਚੋਂ ਲੈ ਕੇ ਆਉਂਦੇ ਐ?''

-''ਆਹ ਤਾਂ ਹੋਈ ਨਾ ਗੱਲ! ਅਸੀਂ ਇਹਨਾਂ ਪਾਖੰਡੀ ਸਾਧਾਂ ਨਾਲੋਂ ਫੇਰ ਵੀ ਚੰਗੇ ਆਂ।'' ਜੋਗਿੰਦਰ ਨੇ ਇਕ ਗਿਲਾਸ ਭਰ ਕੇ ਹੋਰ ਅੰਦਰ ਸੁੱਟ ਲਿਆ। ਉਸ ਨੂੰ ਜਿਵੇਂ ਮਸਾਂ ਹੀ ਮੌਕਾ ਮਿਲਿਆ ਸੀ।

-''ਅਸੀਂ ਲੁਕ ਛੁਪ ਕੇ ਨਹੀਂ ਕੁਛ ਕਰਦੇ-ਜੋ ਕਰਦੇ ਆਂ-ਨੰਗੇ ਧੜ ਕਰਦੇ ਆਂ।''

-''ਲੁਕ ਛਿਪ ਕੇ ਤਾਂ ਕਰਨਾ ਕੰਮ ਕੋਈ ਵੀ ਮਾੜੈ ਜੀ।'' ਪ੍ਰੀਤ ਨੇ ਫਿਰ ਗੱਲ ਸਰਬਜੀਤ ਵਿਚ ਦੀ ਕੱਢੀ। ਸਰਬਜੀਤ ਕੰਨ ਜਿਹੇ ਲਪੇਟ ਕੇ ਰਸੋਈ ਵਿਚ ਵੜ ਗਈ।

ਬਾਬਾ ਨੱਥਾ ਸਿੰਘ ਦੇ ਉਪਦੇਸ਼ ਦਾ ਹੋਰ ਕਿਸੇ 'ਤੇ ਅਸਰ ਹੋਇਆ ਅਤੇ ਚਾਹੇ ਨਹੀਂ ਹੋਇਆ ਸੀ। ਪਰ ਬਾਬੇ ਦੇ ਉਪਦੇਸ਼ ਨੇ ਪ੍ਰੀਤ ਦੀ ਰੂਹ 'ਤੇ ਅੰਗੂਠੇ ਜ਼ਰੂਰ ਲਾ ਦਿੱਤੇ ਸਨ। ਉਹ ਬਾਬੇ ਦੇ ਪਵਿੱਤਰ ਥਾਪੜਿਆਂ ਨਾਲ ਅੰਦਰੋਂ ਝੰਜੋੜਿਆ ਗਿਆ ਸੀ।

ਜਿਹੜਾ ਪ੍ਰੀਤ ਇਹਨਾਂ ਨੂੰ ਹੁਣ ਤੱਕ ਪਾਖੰਡੀ ਕਹਿੰਦਾ ਆ ਰਿਹਾ ਸੀ। ਉਹ ਬਾਬਾ ਨੱਥਾ ਸਿੰਘ ਦੀਆਂ ਗੁਰਬਾਣੀ ਵਿਚੋਂ ਦਿੱਤੀਆਂ ਨਿੱਗਰ ਅਤੇ ਠੋਸ ਦਲੀਲਾਂ ਦਾ ਕਾਇਲ ਹੋ ਗਿਆ ਸੀ। ਉਸ ਨੂੰ ਬਾਬਾ ਨੱਥਾ ਸਿੰਘ ਹੋਰ ਸਾਧਾਂ-ਸੰਤਾਂ ਵਰਗਾ 'ਪਾਖੰਡੀ' ਨਹੀਂ ਲੱਗਿਆ ਸੀ। ਬਾਬਾ ਨੱਥਾ ਸਿੰਘ ਦੀ ਸਖਸ਼ੀਅਤ ਹੀ ਪ੍ਰੀਤ ਨੂੰ ਵੱਖਰੀ ਲੱਗੀ ਸੀ। ਚਿਹਰਾ ਰੱਬੀ ਨੂਰ ਬਿਖੇਰਦਾ ਸੀ। ਬਚਨ ਕਰਦੇ ਬਾਬੇ ਦੇ ਮੂੰਹੋਂ ਫੁੱਲ ਕਿਰਦੇ ਮਹਿਸੂਸ ਹੁੰਦੇ ਸਨ। ਗੁਰਬਾਣੀ ਵਿਚੋਂ ਦਿੱਤੀ ਦਲੀਲ ਰੂਹ ਦੇ ਧੁਰ ਅੰਦਰ ਉਤਰਦੀ ਸੀ। ਮਾਰੀ ਤਰਕ ਪਾਖੰਡ ਦੀਆਂ ਖਲਪਾੜਾਂ ਕਰਦੀ ਸੀ ਅਤੇ ਆਤਮਾ-ਬਿੰਦੂ ਨੂੰ ਸਥਿਰ ਕਰਦੀ ਜਾਂਦੀ ਸੀ।

-''ਮਾਮਾ ਜੀ-।'' ਪ੍ਰੀਤ ਨੇ ਪੀਂਦੇ ਜੋਗਿੰਦਰ ਸਿੰਘ ਨੂੰ ਕਿਹਾ।

-''ਹਾਂ ਜੀ-ਪ੍ਰੀਤ ਜੀ?'' ਜੋਗਿੰਦਰ ਅੱਧੀ ਬੋਤਲ ਅੰਦਰ ਸੁੱਟ ਕੇ 'ਰਾਠ' ਬਣਿਆਂ ਬੈਠਾ ਸੀ।

-''ਥੋਡੇ ਕੋਲੇ ਬਾਬਾ ਨੱਥਾ ਸਿੰਘ ਦਾ ਟੈਲੀਫ਼ੋਨ ਨੰਬਰ ਹੈ?''

-"ਕਿਉਂ? ਤੂੰ ਬਾਬੇ ਦਾ ਚੇਲਾ ਤਾਂ ਨਹੀਂ ਬਣਨਾ?" ਜੋਗਿੰਦਰ ਸਾਰਾ ਮੂੰਹ ਖੋਲ੍ਹ ਕੇ ਹੱਸਿਆ।

-"ਚੇਲਾ ਤਾਂ ਕਾਹਨੂੰ ਬਣਨੈਂ ਜੀ-ਪਰ ਕਦੇ ਲੋੜ ਪੈ ਜਾਂਦੀ ਐ।"

-"ਤੈਨੂੰ ਬਾਬੇ ਦੇ ਨੰਬਰ ਦੀ ਕਾਹਦੀ ਲੋੜ ਪੈਣੀਂ ਐਂ ਉਏ?"

-"ਕੋਈ ਧਾਰਮਿਕ ਸੁਆਲ ਪੁੱਛਣਾ ਪੈ ਜਾਂਦੈ।"

-"ਕਿਉਂ ਅਧਿਐਨ ਸੁਰੂ ਕਰਨੈਂ ਕਿ ਪੀ। ਐੱਚ। ਡੀ। ਕਰਨੀ ਐਂ?" ਉਹ ਪੀਤੀ 'ਚ ਬੱਕੜਵਾਹ ਕਰੀ ਜਾ ਰਿਹਾ ਸੀ।

ਪ੍ਰੀਤ ਚੁੱਪ ਕਰ ਗਿਆ।

-"ਲਿਆ ਫੜਾ ਮੈਨੂੰ ਫ਼ੋਨ-ਹੁਣੇਂ ਈ ਲੈ ਦਿੰਨੈਂ ਗੁਰਜਾਪ ਤੋਂ-ਲਿਆ ਫੜਾ ਕੋਰਡ-ਲੈੱਸ ਮੈਨੂੰ ਕੇਰਾਂ।"

ਪ੍ਰੀਤ ਨੇ ਫ਼ੋਨ ਫੜਾ ਦਿੱਤਾ।

ਜੋਗਿੰਦਰ ਨੇ ਨੰਬਰ ਮਿਲਾ ਲਿਆ।

-"ਹਾਂ ਬਈ ਗੁਰਜਾਪ-ਜੋਗਿੰਦਰ ਬੋਲਦੈਂ!"

-"ਹਾਂ ਜੀ ਕੀ ਹੁਕਮ ਐਂ?" ਉਧਰੋਂ ਅਵਾਜ਼ ਆਈ। ਗੁਰਜਾਪ ਬੜਾ ਮਿੱਠ-ਬੋਲੜਾ ਇਨਸਾਨ ਸੀ।

-"ਉਏ ਯਾਰ ਕਾਹਦਾ ਹੁਕਮ ਐਂ? ਆਪਣਾ ਭਾਣਜਾ ਐ ਨਾ ਪ੍ਰੀਤ? ਉਹ ਬਾਬਾ ਨੱਥਾ ਸਿੰਘ ਦਾ ਨੰਬਰ ਮੰਗਦੈ-ਕੁਛ ਜ਼ਿਆਦਾ ਈ ਪ੍ਰਭਾਵਿਤ ਹੋ ਗਿਆ ਬਾਬਿਆਂ ਤੋਂ!"

-"ਕਿਉਂ ਨਹੀਂ! ਨੰਬਰ ਨੋਟ ਕਰੋ-ਬਾਬੇ ਆਪਾਂ ਸੰਗਤਾਂ ਨੂੰ ਪ੍ਰਭਾਵਿਤ ਕਰਨ ਲਈ ਤਾਂ ਮੰਗਵਾਈਦੇ ਐ-ਨਵੀਂ ਪੀੜ੍ਹੀ ਬਾਬਿਆਂ ਤੋਂ ਪ੍ਰੇਰਤ ਹੋਵੇ-ਐਦੂੰ ਹੋਰ ਆਪਾਂ ਕੀ ਲੈਣੈਂ? ਆਪਣੀ ਤਾਂ ਘਾਲ ਥਾਏਂ ਪੈ ਗਈ-ਆਪਣੀ ਇਹੋ ਤਾਂ ਪ੍ਰਾਪਤੀ ਐ।" ਗੁਰਜਾਪ ਨੇ ਬਾਬਾ ਨੱਥਾ ਸਿੰਘ ਦਾ ਨੰਬਰ ਨੋਟ ਕਰਵਾ ਦਿੱਤਾ।

-"ਜੇ ਫ਼ੋਨ ਕਰਨਾ ਹੋਵੇ ਤਾਂ ਸ਼ਾਮ ਨੂੰ ਛੇ ਵਜੇ ਤੋਂ ਬਾਅਦ ਕਰਿਓ-।" ਗੁਰਜਾਪ ਬੋਲਿਆ।

-"ਮੈਂ ਕਾਹਨੂੰ ਕਰਨੈਂ? ਪ੍ਰੀਤ ਈ ਕਰੂ ਜੇ ਕੀਤਾ ਤਾਂ-ਮਿਹਰਬਾਨੀ ਯਾਰ ਬਹੁਤ ਬਹੁਤ।"

-"ਲੈ ਬਈ ਪ੍ਰੀਤ ਬਾਬੇ ਦਾ ਨੰਬਰ।" ਜੋਗਿੰਦਰ ਨੇ ਫ਼ੋਨ ਰੱਖਦਿਆਂ ਕਿਹਾ। ਫੜ ਕੇ ਪ੍ਰੀਤ ਨੇ ਜੇਬ ਵਿਚ ਪਾ ਲਿਆ।

-"ਨੰਬਰ ਤਾਂ ਲਿਆ ਲੈ-ਹੁਣ ਸਾਡੇ ਕੰਮ ਜੋਗਾ ਜਰੂਰ ਰਹੀਂ-ਉਹ ਨਾ ਹੋਵੇ ਬਈ ਸਾਡੇ ਕੰਮੋਂ ਵੀ ਜਾਵੇਂ।" ਜੋਗਿੰਦਰ ਫਿਰ ਹੱਸ ਪਿਆ।

## ਕਾਂਡ 6

ਪੂਰੇ ਨੌਂ ਮਹੀਨੇ ਬਾਅਦ ਸਰਬਜੀਤ ਨੇ ਇਕ ਮੁੰਡੇ ਨੂੰ ਜਨਮ ਦਿੱਤਾ।

ਗੋਰਾ ਨਿਸ਼ੋਹ ਅਤੇ ਨਿੱਗਰ ਮੁੰਡਾ ਬਿਲਕੁਲ ਹੀ ਪ੍ਰੀਤ ਵਰਗਾ ਸੀ। ਘਰ ਵਿਚ ਅਥਾਹ ਖੁਸ਼ੀ ਦੀ ਲਹਿਰ ਦੌੜ ਗਈ।

ਸਰਬਜੀਤ ਅਤੇ ਮੁੰਡਾ ਅਜੇ ਹਸਪਤਾਲ ਹੀ ਸਨ।

ਜੋਗਿੰਦਰ ਸਿੰਘ ਨੇ ਖੁਸ਼ੀ ਵਿਚ ਦਾਰੂ ਪੀ ਕੇ ਫ਼ੋਨ ਘੁਮਾਉਣੇ ਸੁਰੂ ਕਰ ਦਿੱਤੇ। ਸਭ ਤੋਂ ਪਹਿਲਾਂ ਉਸ ਨੇ ਪ੍ਰੀਤ ਨੂੰ ਹੀ ਫ਼ੋਨ ਕੀਤਾ।

-"ਵਧਾਈਆਂ ਬਈ ਪ੍ਰੀਤ ਸਿਆਂ-ਤੇਰਾ ਵੀਰ ਆ ਗਿਆ।" ਜੋਗਿੰਦਰ ਨੇ ਦੱਸਿਆ ਤਾਂ ਪ੍ਰੀਤ ਦੇ ਸਿਰ ਵਿਚ ਹਥੌੜੇ ਵਾਂਗ ਵੱਜਿਆ। ਪਰ ਉਹ ਤੁਰੰਤ ਸੰਭਲਿਆ।

-''ਹਾਂ ਜੀ ਵਧਾਈਆ! ਥੋਨੂੰ ਵੀ ਵਧਾਈਆਂ!'' ਉਹ ਕਮਲਿਆਂ ਵਾਂਗ ਬੋਲਣ ਲੱਗ ਪਿਆ।

-''ਪਾਰਟੀ ਤੂੰ ਦੇਵੇਂਗਾ ਕਿ ਮੈਂ?''

-''ਪਾਰਟੀ ਮਾਮਾ ਜੀ ਤੁਹਾਡੀ ਤੇ ਮੇਰੀ ਕੋਈ ਵੰਡੀ ਐ? ਜਿਵੇਂ ਕਹੋਂਗੇ ਕਰਲਾਂਗੇ! ਐਡੀ ਰੱਬ ਨੇ ਖੁਸ਼ੀ ਦਿੱਤੀ ਐ-ਪਾਰਟੀਆਂ ਦੀ ਲਿਆ ਦਿਆਂਗੇ 'ਨ੍ਹੇਰੀ-ਤੁਸੀਂ ਹੁਕਮ ਕਰੋ!''

-''ਮੁੰਡਾ ਦੇਖਣ ਕਦੋਂ ਆਉਣੈਂ?''

-''ਇਹ ਵੀ ਜਦੋਂ ਹੁਕਮ ਕਰੋਗੇ!''

-''ਮੇਰੇ ਹੁਕਮ ਈ ਪੁੱਛੀ ਜਾਵੇਂਗਾ ਕਿ ਆਪ ਵੀ ਕੁਛ ਦੱਸੇਂਗਾ?''

-''ਮੈਂ ਕੀ ਦੱਸਣੈ? ਥੋਡਾ ਅੱਗਾ ਮੇਰਾ ਪਿੱਛਾ!'' ਪ੍ਰੀਤ ਰੁਲ ਗਿਆ।

-''ਨਾਂ ਵੀ ਜੁਆਨ ਦਾ ਤੂੰ ਈ ਧਰਨੈਂ-ਜਦੋਂ ਆਉਣਾ ਹੋਵੇ ਮੈਨੂੰ ਫ਼ੋਨ ਕਰ ਦੇਈਂ!''

-''ਮੈਂ ਤਾਂ ਕੱਲ੍ਹ ਨੂੰ ਈ ਆ ਜਾਨੈਂ? ਊਂ ਮਾਂ ਪੁੱਤ ਦੋਨੋ ਠੀਕ ਐ ਜੀ?''

-''ਚੜ੍ਹਦੀਆਂ ਕਲਾਂ 'ਚ ਐ-ਤੂੰ ਕੱਲ੍ਹ ਨੂੰ ਆ ਜਾਈਂ ਫੇਰ।'' ਜੋਗਿੰਦਰ ਨੇ ਫ਼ੋਨ ਕੱਟ ਦਿੱਤਾ।

ਪ੍ਰੀਤ ਨੂੰ ਤਰੇਲੀ ਆ ਗਈ ਸੀ।

ਉਸ ਅੱਗੇ ਇਕ ਨਵਾਂ ਚੈਲਿੰਜ ਪਰਬਤ ਬਣ ਕੇ ਖੜ੍ਹਾ ਹੋ ਗਿਆ ਸੀ। ਨਵੀਂ ਵੰਗਾਰ ਫ਼ੌਲਾਦ ਵਾਂਗ ਟੱਕਰ ਲਈ ਤਿਆਰ ਸੀ। ਉਹ ਇਸ ਅਣਚਾਹੀ ਅਤੇ ਅਣਕਿਆਸੀ ਨਜਾਇਜ਼ ਔਲਾਦ ਦੇ ਮੱਥੇ ਕਿਵੇਂ ਲੱਗੇਗਾ? ਇਹ ਕਿਹੋ ਜਿਹਾ ਇਮਤਿਹਾਨ ਹੈ ਮੇਰਿਆ ਰੱਬਾ? ਇਹ ਕਿਹੋ ਜਿਹਾ ਤੇਰਾ ਭਾਣਾ ਹੈ? ਕਿਹੋ ਜਿਹਾ ਦ੍ਰਿਸ਼ਟਾਂਤ ਹੈ? ਮੇਰਾ ਕਸੂਰ? ਪਰ ਪ੍ਰੀਤ! ਤੇਰਾ ਕਸੂਰ ਤਾਂ ਕੱਖ ਵੀ ਨਹੀਂ! ਅੰਦਰੋਂ ਉਸ ਦੀ ਅੰਤਰ ਆਤਮਾ ਬੋਲੀ। ਤੇਰਾ ਮਾਮਾ ਤੇਰੇ ਸਾਹਾਂ 'ਚ ਸਾਹ ਲੈਂਦੈ, ਤੇਰੇ 'ਤੇ ਲਹੂ ਡੋਲ੍ਹਦੈ! ਉਸ ਦਾ ਮਾਣ ਤਾਂ ਰੱਖ! ਉਸ ਦੀਆਂ ਆਸਾਂ-ਮੁਰਾਦਾਂ 'ਤੇ ਪਾਣੀ ਨਾ ਫੇਰ! ਇਹ ਨਜਾਇਜ਼ ਔਲਾਦ ਵਾਲਾ ਅਹਿਸਾਸ ਵਕਤੀ ਹੈ! ਕੱਲ੍ਹ ਨੂੰ ਭੁੱਲ-ਭੁਲਾ ਜਾਵੇਗਾ! ਦੁਨੀਆਂ 'ਤੇ ਬਹੁਤ ਕੁਛ ਅਣਚਾਹਿਆ, ਅਣਕਿਆਸਿਆ ਹੋਈ ਜਾ ਰਿਹਾ ਹੈ! ਦੁਨੀਆਂ ਨੂੰ ਕੋਈ ਜਿੱਤ ਨਹੀਂ ਸਕਿਆ। ਬੱਸ! ਤੂੰ ਸਥਿਰ ਰਹਿ! ਇਸ ਰਾਜ਼ ਨੂੰ ਜਿਤਨਾ ਚਿਰ 'ਰਾਜ਼' ਹੀ ਬਣਾਈ ਰੱਖੇਂਗਾ, ਸੁਖੀ ਰਹੇਂਗਾ! ਇਸ ਰਾਜ਼ ਨੂੰ ਤੇਰੇ ਅਤੇ ਸਰਬਜੀਤ ਤੋਂ ਬਿਨਾ ਕੋਈ ਨਹੀਂ ਜਾਣਦਾ! ਸਰਬਜੀਤ ਤਾਂ ਹੁਣ ਮੁੰਡੇ ਦੀ ਮਾਂ ਬਣ ਗਈ। ਉਹ ਤਾਂ ਹੁਣ ਇਸ ਰਹੱਸ ਤੋਂ ਪਰਦਾ ਚੁੱਕਣੋਂ ਰਹੀ। ਉਸ ਨੇ ਤਾਂ ਜੋ ਇੱਛਾ ਕੀਤੀ, ਪਾ ਲਿਆ! ਹੁਣ ਤੂੰ ਸੁਰਤ ਸਿਰ ਰਹਿ! ਬੇਸੁਰਾ ਨਾ ਹੋ! ਜੇ ਤੂੰ ਹੀ ਡਿੱਕਡੋਲੇ ਖਾਣ ਲੱਗ ਗਿਆ, ਲੋਕ ਤਾਂ ਸਗੋਂ ਬਹਾਨਾ ਹੀ ਭਾਲਦੇ ਐ! ਸਿਰ ਹੋ ਜਾਣਗੇ! ਕੁਛ ਦਿਨਾਂ ਦੀ ਤਾਂ ਗੱਲ ਐ। ਆਈ ਗਈ ਹੋ ਜਾਊ। ਤੂੰ ਵੀ ਧੂੜ 'ਚ ਟੱਟੂ ਰਲਾਈ ਚੱਲ! ਜਿਹੋ ਜਿਹੀ ਨੰਦੋ ਬਾਹਮਣੀਂ - ਉਹੋ ਜਿਆ ਘੁੱਦੂ ਜੇਠ! ਤੂੰ ਵੀ ਬੇਸ਼ਰਮ ਜਿਹਾ ਕਿਉਂ ਨਹੀਂ ਹੋ ਜਾਂਦਾ? ਕਮਲੇ-ਰਮਲੇ ਜਿਹੇ ਵਧੀਆ ਜਿਉਂਦੇ ਐ, ਤੇ ਤੇਰੇ ਵਰਗੇ ਜਜ਼ਬਾਤੀ? ਕਿਸੇ ਨੂੰ ਬਲੱਡ-ਪ੍ਰੈਸ਼ਰ! ਕਿਸੇ ਨੂੰ ਸੂਗਰ! ਕਿਸੇ ਨੂੰ ਫ਼ਿਕਰਾਂ ਨਾਲ ਡਿਪਰੈਸ਼ਨ! ਨਿਰੇ ਬਿਮਾਰੀਆਂ ਦੇ ਘਰ! ਤੂੰ ਵੀ ਦੁਨੀਆਂ ਵਰਗਾ ਬਣ ਕੇ ਤੁਰ ਮਿੱਤਰਾ! ਬਾਬਾ ਫ਼ਰੀਦ ਦੇ ਫ਼ੁਰਮਾਨ ਵਾਂਗ, ਦੁਨੀ ਵਜਾਈ ਵੱਜਦੀ - ਤੂੰ ਵੀ ਵੱਜੇਂ ਨਾਲ, ਵਾਂਗ ਦੁਨੀਆਂ ਵਰਗਾ ਹੋ! ਗਹਿਰੇ ਜਜ਼ਬਾਤਾਂ ਤੋਂ ਮੁਕਤੀ ਪਾ! ਰਿਲੈਕਸ ਹੋ ਅਤੇ ਖੁੱਲ੍ਹ ਕੇ ਜਿਉਣਾ-ਵਿਚਰਨਾ ਸਿੱਖ!

ਅਗਲੇ ਦਿਨ ਸਾਝਰੇ ਹੀ ਉਹ ਜੋਗਿੰਦਰ ਕੋਲ ਪਹੁੰਚ ਗਿਆ। ਪਰ ਦਿਲ ਉਸ ਦਾ ਫਿਰ ਵੀ ਧੜਕੀ ਜਾ ਰਿਹਾ ਸੀ।

ਜੋਗਿੰਦਰ ਅਜੇ ਸੁੱਤਾ ਹੀ ਉਠਿਆ ਸੀ। ਰਾਤ ਦੀ ਪੀਤੀ ਹੋਈ ਦਾਰੂ ਕਾਰਨ ਉਹ ਊਧ-ਮਧੂਣਾਂ ਜਿਹਾ ਹੋਇਆ ਪਿਆ ਸੀ। ਚਿਹਰੇ ਤੋਂ ਸੁਸਤੀ ਦੇ ਲਿਉੜ ਡਿੱਗ ਰਹੇ ਸਨ। ਸਰੀਰ ਟੁੱਟਿਆ ਪਿਆ ਸੀ।

-''ਕਿਉਂ-ਸਰੀਰ ਕੈਮ ਜਿਆ ਨਹੀਂ ਲੱਗਦਾ ਜੀ?'' ਪ੍ਰੀਤ ਨੇ ਪੁੱਛਿਆ।

-''ਪੁੱਛ ਨਾ-ਬਹੁਤ ਬੁਰਾ ਹਾਲ ਐ-ਰਾਤ 'ਕੱਲਾ ਈ ਸੀਗਾ-ਲੱਗਿਆ ਈ ਰਿਹਾ-ਨਾ ਈ ਰੋਟੀ ਰਾਟੀ ਖਾਧੀ ਐ-ਸਰੀਰ ਸਾਲਾ ਇਉਂ ਹੋਇਆ ਪਿਐ-ਜਿਵੇਂ ਕਿਸੇ ਨੇ ਟੰਬਿਆਂ ਨਾਲ ਕੁੱਟਿਆ ਹੁੰਦੈ।''

-''ਨਹਾ ਲਓ-ਠੀਕ ਹੋਜੋਂਗੇ।''

-''ਬੁਰਸ਼ ਕਰਕੇ ਇੱਕ ਪੈੱਗ ਲਾਉਨੈਂ-ਫੇਰ ਸਰੀਰ ਥੱਤ 'ਚ ਹੋਊ।''

-''ਗੱਡੀ ਕੌਣ ਚਲਾਊ?''

-"ਰੰਧਾਵੇ ਨੂੰ ਫ਼ੋਨ ਕੀਤੈ-ਉਹ ਆਊ ਘੰਟੇ ਕੁ ਤੱਕ-ਮੇਰੇ ਤਾਂ ਸਹੁਰੇ ਝੱਗੇ ਲਹੇ ਪਏ ਐ।"

-"ਹੋਜੋਂਗੇ ਠੀਕ-ਤੁਸੀਂ ਬੁਰਸ਼ ਬਰਸ਼ ਕਰੋ!"

ਜੋਗਿੰਦਰ ਬੁਰਸ਼ ਕਰਨ ਚਲਾ ਗਿਆ।

-"ਆਂਡਾ ਊਂਡਾ ਬਣਾਵਾਂ-ਜੇ ਖਾਓਂਗੇ ਤਾਂ?"

-"ਤੂੰ ਖਾਣੈਂ ਤਾਂ ਕੁਛ ਬਣਾ ਲੈ-ਮੇਰੀ ਤਾਂ ਕਾਸੇ ਚੀਜ਼ ਨੂੰ ਵੱਢੀ ਰੂਹ ਨਹੀਂ ਕਰਦੀ ਸਾਲੀ।" ਜੋਗਿੰਦਰ ਨੇ ਇੱਕ ਛੋਟਾ ਜਿਹਾ ਪੈੱਗ ਪਾ ਲਿਆ। ਦਾਰੂ ਦੀ ਹਵਾੜ੍ਹ ਨਾਸਾਂ ਤੱਕ ਆਈ ਤਾਂ ਉਸ ਨੂੰ ਧੁੜਧੜੀ ਚੜ੍ਹੀ। ਉਸ ਨੇ ਗਿਲਾਸ ਮੋੜ ਕੇ ਮੇਜ਼ 'ਤੇ ਹੀ ਰੱਖ ਦਿੱਤਾ।

-"ਕੁਛ ਖਾ ਲਵੋ ਨਾਲ-ਇਉਂ ਸੁੱਕੀ ਤਾਂ ਅੰਦਰ ਵੱਢ ਦਿਊ।"

-"-----।" ਜੋਗਿੰਦਰ ਟਿਕਟਿਕੀ ਲਾ ਕੇ ਗਿਲਾਸ ਵੱਲ ਦੇਖ ਰਿਹਾ ਸੀ।

-"ਸੇਬ ਸੂਬ ਕੱਟਾਂ ਜੀ?"

-"ਕੱਟ ਯਾਰ-ਕਾਲਾ ਨੂੰਣ ਪਾ ਲਈਂ-ਬੜਾ ਬੁਰਾ ਹਾਲ ਐ ਸਾਲਾ-ਬੱਸ ਇਕ ਅੰਦਰ ਚਲਿਆ ਗਿਆ-ਫੇਰ ਠੀਕ ਜਿਆ ਹੋਜੂੰਗਾ।"

ਪ੍ਰੀਤ ਨੇ ਸੇਬ ਕੱਟ ਦਿੱਤਾ।

ਉਪਰ ਕਾਲਾ ਨੂਣ ਛਿੜਕ ਦਿੱਤਾ।

ਜੋਗਿੰਦਰ ਨੇ ਪੈੱਗ ਬੜੇ ਹੀ ਧੱਕੇ ਨਾਲ ਅੰਦਰ ਸੁੱਟਿਆ। ਪੀਣ ਤੋਂ ਬਾਅਦ ਧੁੜਧੜੀ ਨਾਲ ਉਸ ਦਾ ਸਾਰਾ ਸਰੀਰ ਹਿੱਲਿਆ ਸੀ।

-"ਊਂ ਤਾਂ ਦਾਰੂ ਕੁਛ ਨਹੀਂ ਕਹਿੰਦੀ-ਪਰ ਜਦੋਂ ਨਾਲ ਰੋਟੀ ਨਾ ਖਾਈਏ-ਸਾਲੀ ਫੇਰ ਬੋਕ ਬਣਾ ਲੈਂਦੀ ਐ।" ਉਸ ਨੇ ਸੇਬ ਚੱਬਦਿਆਂ ਕਿਹਾ।

-"ਨਾਲ ਖਾ ਜਰੂਰ ਲਿਆ ਕਰੋ ਕੁਛ।"

-"ਤੇਰੀ ਮਾਮੀਂ ਤਾਂ ਹਸਪਤਾਲ ਐ-ਬਣਾਉਂਦਾ ਕੌਣ?"

-"ਆਪ ਈ ਚਾਹੜ ਲੈਣੀ ਸੀ ਕੜਾਹੀ।" ਪ੍ਰੀਤ ਹੱਸਿਆ।

-"ਕੜਾਹੀ ਚਾੜ੍ਹਨ ਜੋਕਰਾ ਰਿਹਾ ਈ ਨਹੀਂ-ਮੈਂ ਤਾਂ ਪਹਿਲਾਂ ਈ ਮਾੜੇ ਗੱਡੇ ਮਾਂਗੂੰ ਪਾਸ ਵੱਜ ਗਿਆ।"

-"ਫ਼ੋਨ ਕਰਕੇ ਕੁਛ ਬਾਹਰੋਂ ਮੰਗਵਾ ਲੈਣਾ ਸੀ? ਵੀਹ ਸਰਵਿਸਾਂ ਨੇ ਐਥੇ!"

-"ਡੁੱਬੀ ਤਾਂ-ਤਾਂ ਜੇ ਸਾਹ ਨਾ ਆਇਆ-ਪੈੱਗ ਈ ਕਰੜੇ ਵੱਜ ਗਏ-ਬੱਸ ਸੁਰਤ ਈ ਨਹੀਂ ਰਹੀ।" ਜੋਗਿੰਦਰ ਨੇ ਇਕ ਪੈੱਗ ਹੋਰ ਲਾ ਲਿਆ।

-"ਨਿਰਨੇ ਕਾਲਜੇ ਪੀਣ ਨਾਲ ਈ ਥੋਡੀ ਆਹ ਹਾਲਤ ਹੋਈ ਐ।"

-"ਹੁਣ ਹੋਜੂੰ ਘੋੜੇ ਅਰਗਾ-ਅੱਜ ਛਕ ਛਕਾਈ ਕਰਾਂਗੇ ਕਿਸੇ ਰੈਸਟੋਰੈਂਟ 'ਚ-ਕੱਲ੍ਹ ਆਲੀ ਕਸਰ ਅੱਜ ਕੱਢਾਂਗੇ।" ਜੋਗਿੰਦਰ ਬਾਹਵਾ ਰੰਗਾਂ ਵਿਚ ਹੋ ਤੁਰਿਆ ਸੀ।

-"ਕੱਲ੍ਹ ਗਏ ਸੀ ਹਸਪਤਾਲ?"

-"ਆਹੋ-ਉਥੋਂ ਆਉਣਸਾਰ ਈ ਤਾਂ ਸ਼ੁਰੂ ਹੋ ਗਿਆ।"

-"ਕਿਮੇਂ ਐਂ ਆਪਣਾ ਜੁਆਨ?"

-"ਅਜੇ ਤਾਂ ਸਾਲੇ ਨੇ ਕਤੂਰ੍ਹੇ ਮਾਂਗੂੰ ਅੱਖਾਂ ਈ ਨਹੀਂ ਖੋਲ੍ਹੀਆਂ-ਘਾਊਂ ਮਾਊਂ ਜਿਆ ਹੋਇਆ ਪਿਆ ਸੀ-ਦੜ ਜਿਹੀ ਵੱਟੀ।"

ਬਾਹਰੋਂ ਡੋਰ-ਬੈੱਲ ਹੋਈ।

ਪ੍ਰੀਤ ਨੇ ਦਰਵਾਜਾ ਖੋਲ੍ਹਿਆ ਤਾਂ ਰੰਧਾਵਾ ਅੰਦਰ ਲੰਘ ਆਇਆ। ਉਸ ਨੇ 'ਵਧਾਈਆਂ' ਦੀ ਛਹਿਬਰ ਲਾ ਦਿੱਤੀ ਅਤੇ ਜੋਗਿੰਦਰ ਨੂੰ ਜੱਫ਼ੀ ਪਾ ਜਾ ਪਾਈ।

-"ਕਿਵੇਂ-ਹੋਇਆ ਨਹੀਂ ਤਿਆਰ ਅਜੇ?" ਰੰਧਾਵਾ ਹੈਰਾਨੀ ਜਿਹੀ ਨਾਲ ਬੋਲਿਆ।

-"ਅਜੇ ਸਰੀਰ ਜਿਆ ਈ ਖੜ੍ਹਾ ਕਰਦੈਂ-ਡਹੀਆਂ ਲਾਉਣ ਵਾਲਾ ਹੋਇਆ ਪਿਆ ਸੀ।"

-"ਰਾਤ ਜਿਆਦਾ ਚੱਕਤੇ ਹੋਣੇਂ ਐਂ ਫੱਟੇ?"

–"ਬੱਸ ਪੁੱਛ ਨਾ–ਬਾਡਰ ਟੱਪ ਕੇ ਈ ਹਟਿਆ–ਘਰਆਲੀ ਘਰ ਨਹੀਂ–ਤੇ ਸਾਨੂੰ ਕਿਸੇ ਦਾ ਡਰ ਨਹੀਂ।"

–"ਘਰਆਲੀ ਨਹੀਂ ਮਾਮਾ ਜੀ–ਘਰ ਆਲੇ ਕਹੋ! ਹੁਣ ਉਹ ਦੋ ਜਣੇਂ ਐਂ।" ਪ੍ਰੀਤ ਨੇ ਕਿਹਾ।

–"ਨਾਲੇ ਖੁਸ਼ੀ ਕਿਹੜਾ ਥੋੜੀ ਐ?" ਰੰਧਾਵੇ ਨੇ ਆਖਿਆ।

–"ਬਾਰਾਂ ਸਾਲਾਂ ਬਾਅਦ ਤਾਂ ਕਹਿੰਦੇ ਰੱਬ ਰੂੜੀ ਦੀ ਵੀ ਸੁਣ ਲੈਂਦੈ।"

–"ਤੁਸੀਂ ਕਰੋ ਗੱਲਾਂ ਬਾਤਾਂ–ਮੈਂ ਮਾੜਾ ਜਿਆ ਪਿੰਡੇ 'ਤੇ ਪਾਣੀ ਪਾ ਲਵਾਂ।" ਜੋਗਿੰਦਰ ਨੇ ਤੀਜਾ ਪੈੱਗ ਲਾਉਂਦਿਆਂ ਕਿਹਾ।

–"ਕਿਤੇ ਫੇਰ ਨਾ ਗੱਡੀ 'ਚ ਲੱਦਣ ਆਲਾ ਹੋਜੀਂ?" ਰੰਧਾਵੇ ਨੇ ਚਹੇਡ ਕੀਤੀ।

–"ਊਠਾਂ ਨੂੰ ਗੁੜ੍ਹਤੀਆਂ ਨਾਲ ਕੀ ਬਣਦੈ?"

–"ਦਾਰੂ ਤਾਂ ਬਾਈ ਹਾਥੀਆਂ ਨੂੰ ਸਿੱਟ ਲੈਂਦੀ ਐ–ਬੰਦਾ ਕੀਹਦਾ ਪਾਣੀਹਾਰ ਐ?"

–"ਅੱਜ ਤਾਂ ਬੱਸ ਜਾਗ ਜਿਆ ਈ ਲਾਇਐ–ਸਰੀਰ ਬਾਹਲਾ ਈ ਜਰਖਲਿਆ ਜਿਆ ਪਿਆ ਸੀ।"

–"ਛੁੱਟੀਆਂ ਲਈਐਂ ਹੁਣ?"

–"ਪੂਰਾ ਹਫ਼ਤਾ! ਤੇ ਤੂੰ ਅੱਜ ਵਿਹਲੈਂ?"

–"ਅੱਜ ਵੀ–ਕੱਲ੍ਹ ਨੂੰ ਵੀ ਵਿਹਲੈਂ।"

–"ਫੇਰ ਦੋ ਦਿਨ ਲਾਵਾਂਗੇ ਝੁੱਟੀ ਪੂਰੀ–ਤੇਰੇ ਹੁੰਦੇ ਗੱਡੀ ਚਲਾਉਣ ਦਾ ਫਿਕਰ ਨਹੀਂ।"

–"ਪ੍ਰੀਤ ਨੂੰ ਵੀ ਡਰਾਈਵਿੰਗ ਲਾਈਸੈਂਸ ਦਾ ਮੋਰਚਾ ਮਰਵਾ ਦੇਣਾ ਸੀ?"

–"ਇਹਦਾ ਸੀਜ਼ਨ ਦਾ ਕੰਮ ਹੋ ਲੈਣਦੇ ਖਤਮ–ਕਰਦੇ ਆਂ ਇਹਦੇ ਲਸੰਸ ਦਾ ਵੀ ਜੁਗਾੜ।"

–"ਗੱਡੀ ਬਿਨਾ ਕਾਹਨੂੰ ਸਰਦੈ।"

–"ਓਏ ਉਨਾਂ ਚਿਰ ਈ ਫਰਕ ਨਹੀਂ ਪੈਂਦਾ–ਜਿੰਨਾ ਚਿਰ ਗੱਡੀ ਹੈ ਨਹੀ–ਜਦੋਂ ਇਕ ਆਰੀ ਲੈ ਲਈ–ਸੁਖ ਪੈ ਗਿਆ–ਫੇਰ ਜਮਾਂ ਈ ਨਹੀਂ ਸਰਦਾ।"

–"ਗੱਡੀ ਦੇਖ ਕੇ ਪੈਰ ਜਿਉਂ ਭਾਰੇ ਹੋ ਜਾਂਦੇ ਐ?"

ਜੋਗਿੰਦਰ ਨਹਾਉਣ ਚਲਾ ਗਿਆ।

–"ਕਿਵੇਂ ਐਂ ਤੇਰਾ ਕੰਮ ਕਾਰ?" ਰੰਧਾਵੇ ਨੇ ਪ੍ਰੀਤ ਨੂੰ ਪੁੱਛਿਆ।

–"ਬੱਸ ਚੱਲੀ ਜਾਂਦੈ।"

–"ਚਲੋ! ਚੱਲਣਾ ਚਾਹੀਦੈ–ਰੁਕਣਾ ਨਹੀਂ ਚਾਹੀਦਾ।"

ਉਹ ਜੋਗਿੰਦਰ ਦੇ ਤਿਆਰ ਹੋਣ ਤੱਕ ਰਵਾਇਤੀ ਜਿਹੀਆਂ ਗੱਲਾਂ ਕਰਦੇ ਰਹੇ। ਕੱਪੜੇ ਪਾਉਂਦਿਆਂ–ਕਰਦਿਆਂ ਜੋਗਿੰਦਰ ਨੇ ਦੋ ਪੈੱਗ ਹੋਰ ਸੜ੍ਹਾਕ ਧਰੇ ਸਨ।

ਕਾਰ ਹਸਪਤਾਲ ਨੂੰ ਹਵਾ ਹੋਈ ਜਾ ਰਹੀ ਸੀ।

–"ਕੀ ਗੱਲ ਅੱਜ ਬਹੁਤਾ ਈ ਚੁੱਪ ਜਿਐਂ?" ਜੋਗਿੰਦਰ ਨੇ ਪ੍ਰੀਤ ਨੂੰ ਪੁੱਛਿਆ। ਉਹ ਹੁਣ ਬੜੇ ਹੀ ਗੜ੍ਹਕੇ ਨਾਲ ਬੋਲਿਆ ਸੀ।

–"ਨਹੀਂ ਥੋਨੂੰ ਈ ਭੁਲੇਖੈ।"

–"ਇਹਦਾ ਤੇ ਤੇਰਾ ਕੀ ਮੇਲ?" ਰੰਧਾਵੇ ਨੇ ਵਿਅੰਗ ਕਸਿਆ।

–"ਤੇਰੀ ਟੈਂਕੀ ਫੁੱਲ ਐ ਤੇ ਇਹੇ ਰਿਜ਼ਰਵ 'ਚ ਲੱਗਿਐ।"

ਸਾਰੇ ਹੱਸ ਪਏ।

ਜਿਉਂ–ਜਿਉਂ ਹਸਪਤਾਲ ਨੇੜੇ ਆ ਰਿਹਾ ਸੀ। ਪ੍ਰੀਤ ਦਾ ਦਿਲ ਖਿੜਕਦਾ ਸੀ। ਕੋਈ ਧੁੜ੍ਹਕੂ ਹੁੱਝਾਂ ਮਾਰਦਾ ਸੀ। ਕੋਈ ਗ਼ੈਬੀ ਸ਼ਕਤੀ ਜਿਵੇਂ ਡਰਾਵੇ ਦੇ ਰਹੀ ਸੀ। ਉਸ ਨੂੰ ਹਸਪਤਾਲ ਦੀ ਵੱਡੀ ਸਾਰੀ ਇਮਾਰਤ ਤੋਂ ਜਿਵੇਂ "ਭੈਅ" ਆ ਰਿਹਾ ਸੀ।

ਹਸਪਤਾਲ ਪਹੁੰਚ ਕੇ ਉਹਨਾਂ ਫੁੱਲਾਂ ਵਾਲੀ ਦੁਕਾਨ ਤੋਂ ਫੁੱਲ ਖਰੀਦ ਲਏ। ਤੁਰੇ ਜਾਂਦੇ ਪ੍ਰੀਤ ਦੀਆਂ ਲੱਤਾਂ 'ਚੋਂ ਜਿਵੇਂ ਬਲ ਹੀ ਖ਼ਤਮ ਹੁੰਦਾ ਜਾ ਰਿਹਾ ਸੀ। ਉਸ ਨੇ ਸਾਰਾ ਸਾਹਸ ਇਕੱਠਾ ਕਰਕੇ ਅੰਦਰਲੇ ਬਲ ਨੂੰ ਸੁਰਜੀਤ ਕੀਤਾ ਅਤੇ ਸਾਅਵਾਂ ਜਿਹਾ ਹੋ ਕੇ ਤੁਰਨ ਦੀ ਕੋਸ਼ਿਸ਼ ਕਰਨ ਲੱਗਾ।

ਹੱਥਾਂ ਵਿਚ ਫੁੱਲ ਫੜੀ ਉਹ ਕਮਰਾ ਲੱਭਦੇ-ਲੱਭਦੇ ਸਰਬਜੀਤ ਕੋਲ ਆ ਗਏ। ਸਰਬਜੀਤ ਬੈੱਡ ਉਪਰ ਚਿੱਟੀ ਰਜਾਈ ਲਈ ਪਈ ਸੀ। ਜਣੇਪੇ ਨੇ ਜਿਵੇਂ ਉਸ ਨੂੰ ਸੂਤ ਧਰਿਆ ਸੀ। ਸਾਰਿਆਂ ਨੂੰ ਦੇਖ ਕੇ ਉਹ ਮੁਸਕਰਾਈ ਅਤੇ ਹੌਲੀ-ਹੌਲੀ ਉਠ ਕੇ ਬੈਠ ਗਈ।

ਸਾਰਿਆਂ ਨੇ ਉਸ ਨੂੰ ਵਧਾਈ ਦੇ ਕੇ ਫੁੱਲ ਭੇਟ ਕੀਤੇ। ਉਸ ਨੇ ਧੁਰ-ਹਿਰਦਿਓਂ ਕਬੂਲ ਕੀਤੇ। ਪ੍ਰੀਤ ਨੂੰ ਮਹਿਸੂਸ ਹੋਇਆ ਕਿ ਚਾਹੇ ਉਸ ਨੇ 'ਨਜਾਇਜ਼' ਔਲਾਦ ਹੀ ਪੈਦਾ ਕੀਤੀ ਸੀ, ਪਰ ਸਰਬਜੀਤ ਦੀ ਰੂਹ ਉਸ ਨੂੰ ਰੱਜੀ-ਰੱਜੀ ਅਤੇ ਭਰੀ-ਭਰੀ ਪ੍ਰਤੀਤ ਹੋਈ। ਜੁੱਗਾਂ-ਜੁਗਾਂਤਰਾਂ ਦੀ ਦੀ ਸੰਤੁਸ਼ਟ ਅਤੇ ਸ਼ਾਂਤ ਰੂਹ! ਉਸ ਦੇ ਮਨ ਨੂੰ ਕੁਝ ਤਸੱਲੀ ਮਿਲੀ। ਕਿਸੇ ਦੀ ਆਤਮਾ ਖੁਸ਼ ਤਾਂ ਪ੍ਰਮਾਤਮਾ ਖੁਸ਼। ਉਹ ਸੋਚ ਰਿਹਾ ਸੀ।

-"ਪਹਿਲਵਾਨ ਦੇ ਦਰਸ਼ਣ ਵੀ ਪੁਆਓ ਜੀ---!" ਪ੍ਰੀਤ ਬੋਲਿਆ । 'ਮਾਮੀ ਜੀ' ਅਤੇ 'ਵੀਰ' ਕਹਿਣੋਂ ਉਸ ਨੇ ਸੰਕੋਚ ਹੀ ਕੀਤਾ।

-"ਤੁਸੀਂ ਕਹੋ ਨਾ ਨਰਸ ਨੂੰ!" ਸਰਬਜੀਤ ਨੇ ਜੋਗਿੰਦਰ ਨੂੰ ਕਿਹਾ।

ਜੋਗਿੰਦਰ ਨਰਸਾਂ ਦੇ ਕਮਰੇ ਵੱਲ ਨੂੰ ਦੁੜਕੀ ਹੋ ਲਿਆ।

ਰੰਧਾਵਾ ਉਹਨਾਂ ਕੋਲ ਹੀ ਖੜ੍ਹਾ ਰਿਹਾ।

-"ਕੀ ਨਾਂ ਰੱਖੀਏ ਫੇਰ ਮੁੰਡੇ ਦਾ?" ਸਰਬਜੀਤ ਬੋਲੀ। "ਤੇਰੇ ਵੀਰ ਦਾ" ਕਹਿਣੋਂ ਉਹ ਵੀ ਬੋਚ ਗਈ ਸੀ।

-"ਆ ਤਾਂ ਲੈਣ ਦਿਓ-ਜਿਹੋ ਜਿਆ ਹੋਊ-ਉਹੋ ਜਿਆ ਈ ਨਾਂ ਰੱਖਾਂਗੇ।" ਪ੍ਰੀਤ ਨੇ ਗੱਲ ਹਾਸੇ ਪਾ ਲਈ।

ਨਰਸ ਸਮੇਤ ਜੋਗਿੰਦਰ ਮੁੰਡਾ ਲੈ ਕੇ ਆ ਗਿਆ। ਫੁੱਲ ਵਰਗਾ ਖਿੜਿਆ ਬੱਚਾ! ਹਰੇ ਕਾਗਜ਼ 'ਤੇ ਜਿਵੇਂ ਸੋਨੇ ਦੀ ਡਲੀ ਪਈ ਸੀ। ਪ੍ਰੀਤ ਨੂੰ ਕੁਦਰਤ ਦੀ ਦਾਤ ਦਾ ਅਥਾਹ ਮੋਹ ਆਇਆ। ਉਸ ਨੇ ਜੋਗਿੰਦਰ ਕੋਲੋਂ ਬੱਚਾ ਫੜ ਲਿਆ। ਉਸ ਦੀ ਜਿਵੇਂ ਹਿੱਕ ਠਰ ਗਈ ਸੀ ਅਤੇ ਆਤਮਾ ਰੱਜ ਗਈ ਸੀ। ਰੂਹ ਨੂੰ ਹੁਲਾਸ, ਕੋਈ ਹੁਲਾਰਾ ਮਿਲਿਆ ਸੀ। ਉਸ ਨੇ ਬੜੇ ਹੀ ਮੋਹ ਨਾਲ ਬੱਚੇ ਨੂੰ ਚੁੰਮ ਕੇ, ਘੁੱਟ ਕੇ ਗਲੇ ਲਾ ਲਿਆ। ਉਸ ਦੀ ਅੰਤਰ-ਆਤਮਾ ਸ਼ਰਸ਼ਾਰ ਹੋਈ ਪਈ ਸੀ। ਫਿਰ ਵੀ ਉਹ ਬੱਚਾ ਉਸ ਦਾ ਆਪਣਾ ਖ਼ੂਨ ਸੀ, ਆਪਣਾ ਬੀਜ਼ ਸੀ!

-"ਇਹਦਾ ਨਾਂ ਰੱਖੋ ਜੀ-ਦਿਲਪ੍ਰੀਤ!" ਪ੍ਰੀਤ ਨੇ ਅੰਤਰ-ਭਾਵਨਾ 'ਚੋਂ ਆਪ ਮੁਹਾਰੇ ਹੀ ਕਿਹਾ।

-"ਰੱਖਿਆ ਗਿਆ!" ਜੋਗਿੰਦਰ ਕਮਲਿਆਂ ਵਾਂਗ ਬੋਲਿਆ।

-"ਦੋ ਪ੍ਰੀਤ ਹੋ ਜਾਣਗੇ।" ਸਰਬਜੀਤ ਬੋਲੀ।

-"ਚਾਹੇ ਪੈਂਤੀ ਹੋ ਜਾਣ! ਪ੍ਰੀਤ ਨੇ ਕਹਿਤਾ-ਆਪਾਂ ਰੱਖ ਲਿਆ-ਤੈਨੂੰ ਨਾਂ ਨਹੀਂ ਪਸੰਦ ਫੇਰ ਦੱਸ?"

-"ਨਹੀਂ! ਨਾਂ ਤਾਂ ਬਹੁਤ ਵਧੀਐ।"

-"ਫੇਰ? ਜੇ ਇਹ ਮੂਲਾ ਰਾਮ ਜਾਂ ਮੰਗਤ ਚੰਦ ਆਖ ਦਿੰਦਾ-ਮੈਂ ਉਹ ਵੀ ਧਰ ਦੇਣੇ ਸੀ।" ਜੋਗਿੰਦਰ ਪੀਤੀ ਵਿਚ ਲਾਚੜਿਆ ਬੋਲ ਰਿਹਾ ਸੀ।

-"ਇਹ ਸਵੇਰੇ ਈ ਪੀ ਫਿਰਦੇ ਐ?"

-"ਕਿਉਂ? ਥੋਡੇ ਬੁੜ੍ਹੇ ਤੋਂ ਪੀਤੀ ਐ?"

-"ਤੁਸੀਂ ਮੇਰੇ ਨਾਲ ਲੜਨ ਆਏ ਓਂ ਕਿ ਮੈਨੂੰ ਮਿਲਣ?"

-"ਤੈਨੂੰ ਮਿਲਣ? ਵਾਹ ਨੀ ਬੇਬੇ ਦੀਏ ਬੱਗੀਏ ਬਘਿਆੜੀਏ! ਮੈਂ ਤਾਂ ਆਬਦੇ ਪੁੱਤ ਨੂੰ ਮਿਲਣ ਆਇਐਂ-ਆਬਦੇ ਛੋਹਨੇ ਛੋਹਨੇ ਜਿਹੇ ਪੁੱਤ ਨੂੰ-ਦਿਲਪ੍ਰੀਤ ਨੂੰ---!" ਉਸ ਨੇ ਪ੍ਰੀਤ ਕੋਲ ਫੜੇ ਮੁੰਡੇ ਨੂੰ ਚੁੰਮ ਲਿਆ।

-"ਹੁਣ ਸਰਬਜੀਤ ਤੇਰੀ ਮੇਰੀ ਆੜੀ ਖਤਮ-ਹੁਣ ਸਾਡੀ ਆੜੀ ਐ ਸਾਡੇ ਪੁੱਤ ਨਾਲ! ਕਿਉਂ ਬਈ ਪੁੱਤ? ਤੇਰੀ ਮਾਂ ਤਾਂ ਪੁੱਤ ਬਾਹਲੀ ਕੌੜ ਐ-ਮੈਨੂੰ ਪਤੈ ਇਹਦੇ ਨਾਲ ਮੈਂ ਕਿਵੇਂ ਕੱਟਦਾ ਆਉਨੈਂ-ਹੁਣ ਮੇਰਾ ਪੁੱਤ ਆ ਗਿਆ-ਹੁਣ ਨਹੀਂ ਗੌਲਦੇ ਡੱਕਾ ਅਸੀਂ ਕਿਸੇ ਸਾਲੇ ਨੂੰ-ਦੋ ਮਾਰਾਂਗੇ ਲਫ਼ੜੇ ਕੰਨ 'ਤੇ-ਕਿਉਂ ਪੁੱਤ? ਠੀਕ ਐ ਕਿ ਨਹੀਂ ਠੀਕ? ਅੱਗੇ ਸੀ ਪੁੱਤ ਮੈਂ 'ਕੱਲਾ-ਹੁਣ ਹੋਗੇ ਆਪਾਂ ਦੋ! ਹੁਣ ਤਾਂ ਲਿਆ ਦਿਆਂਗੇ ਆਪਾਂ 'ਨ੍ਹੇਰੀ!" ਉਹ ਨਸ਼ੇ ਵਿਚ ਧੁਤਕੜਾ ਪਾਈ ਜਾ ਰਿਹਾ ਸੀ। ਆਸੇ ਪਾਸੇ ਫਿਰਦੀਆਂ ਗੋਰੀਆਂ-ਗੋਰੇ ਉਸ ਨੂੰ ਹੈਰਾਨੀ ਜਿਹੀ ਨਾਲ ਤੱਕ ਰਹੇ ਸਨ।

-"ਹੁਣ ਤੁਸੀਂ ਹਸਪਤਾਲ 'ਚ ਨ੍ਹੇਰੀ ਨਾ ਲਿਆਓ-ਗੋਰੀਆਂ ਵਿਚਾਰੀਆਂ ਹੋਰੂੰ ਜਿਹੇ ਝਾਕਦੀਐਂ।" ਸਰਬਜੀਤ ਨੇ ਦੱਬੀ ਅਵਾਜ਼ ਵਿਚ ਕਿਹਾ।

-"ਗੋਰੀਆਂ ਦੀ ਮਾਂ ਦੀ---!" ਮੈਂ ਆਬਦੇ ਛੋਹਣੇ-ਛੋਹਣੇ ਪੁੱਤ ਨਾਲ ਦੁਖ ਸੁਖ ਵੀ ਨਾ ਕਰਾਂ? ਇਹ ਸਾਲੀ ਬਰਸੀਨ ਚੱਬ ਜਾਤ ਸਾਨੂੰ ਕੀ ਰੋਕੂ? ਮੈਂ ਤੇ ਮੇਰਾ ਪੁੱਤ ਤਾਂ ਦੁਖ ਸੁਖ ਕਰਾਂਗੇ-ਸਾਨੂੰ ਤਾਂ ਗੌਰਮਿੰਟ ਨਹੀਂ ਰੋਕ ਸਕਦੀ!"

-"ਆਪਾਂ ਬਾਹਰ ਆਜੋ!" ਰੰਧਾਵੇ ਨੇ ਕਿਹਾ।

-"ਬਾਹਰ ਕਾਹਤੋਂ ਆਜੋ ਯਾਰ? ਆਪਾਂ ਕਿਸੇ ਦਾ ਕੁਛ ਚੱਕਿਐ? ਮੈਂ ਓਦਣ ਦਾ ਕਰਤਾ ਹੋਊ ਕੋਈ ਸੌ ਫ਼ੋਨ-ਲੱਖ ਰੁਪਈਆ ਲਾਅਤਾ ਹੋਊ ਟੈਲੀਫ਼ੋਨ 'ਤੇ-ਜੱਟ ਨੂੰ ਪ੍ਰਵਾਹ ਈ ਕੋਈ ਨਹੀਂ-ਰੁਪਈਏ ਸਾਲੇ ਕਿਤੇ ਚੱਕ ਕੇ ਲਿਜਾਣੇ ਐਂ? ਨਾ ਹਿੱਕ 'ਤੇ ਧਰ ਕੇ ਲਿਜਾਣੇ ਐਂ ਰੁਪਈਏ? ਔਲਾਦ ਦੀ ਖਾਤਰ ਈ ਬੰਦਾ ਕਮਾਉਂਦੈ-ਔਲਾਦ ਚਾਹੇ ਛਿੱਤਰ ਮਾਰੇ ਭਿਉਂ ਭਿਉਂ ਕੇ-ਕਿਉਂ ਉਏ ਬਾਂਦਰਾ! ਤੂੰ ਤਾਂ ਨਹੀਂ ਛਿੱਤਰ ਫੇਰਦਾ ਮੇਰੇ ਕੁੱਤਿਆ?" ਜੋਗਿੰਦਰ ਦਾਰੂ ਦੀ ਲੋਰ ਵਿਚ ਗੱਲਾਂ ਹੋਰ ਹੀ ਪਾਸੇ ਦੱਬੀ ਫਿਰਦਾ ਸੀ। ਗੱਲ ਨੂੰ ਰੜੇ-ਮੈਦਾਨ ਵਿਚੋਂ ਉਠਾਉਂਦਾ ਅਤੇ ਦਬੱਲ ਕੇ ਵਾਹਣੀਂ ਪਾ ਲੈਂਦਾ ਸੀ। ਉਹ ਗੱਲਾਂ ਦੀ 'ਗਿੱਦੜ-ਕੁੱਟ' ਕਰੀ ਜਾ ਰਿਹਾ ਸੀ।

-"ਕਾਹਨੂੰ ਲੋਕਾਂ ਨੂੰ ਡਿਸਟਰਬ ਕਰਨੈਂ-ਆਪਾਂ ਬਾਹਰ ਈ ਖੜ੍ਹਦੇ ਆਂ।" ਰੰਧਾਵਾ ਉਸ ਨੂੰ ਇੰਜ ਧੱਕ ਕੇ ਬਾਹਰ ਲੈ ਗਿਆ, ਜਿਵੇਂ ਰੋਡਵੇਜ਼ ਦੀ ਬੱਸ ਨੂੰ 'ਧੱਕਾ' ਲਾਈਦੈ। ਪ੍ਰੀਤ ਅਤੇ ਸਰਬਜੀਤ ਵੀ ਉਹਨਾਂ ਦੇ ਮਗਰ ਹੀ ਬਾਹਰ ਆ ਗਏ।

-"ਅੱਜ ਆਪਾਂ ਚਾਈਨਾ ਰੈੱਸਟੋਰੈਂਟ ਵਿਚ ਖਾਣਾ ਖਾਵਾਂਗੇ।" ਜੋਗਿੰਦਰ ਬੋਲਿਆ।

-"ਖਾ ਲਇਓ-ਐਥੇ ਕਿਉਂ ਝੱਜੂ ਪਾਇਐ?" ਸਰਬਜੀਤ ਨੂੰ ਗੁੱਸਾ ਆ ਗਿਆ।

-"ਨਾ ਤੂੰ ਮੈਨੂੰ ਫੁੱਦੂ ਸਮਝਦੀ ਐਂ?" ਉਹ ਉਖੜੀ ਕੁਹਾੜੀ ਵਾਂਗ ਗਲ ਨੂੰ ਆਇਆ।

-"ਅੱਜ ਮਾਮਾ ਜੀ ਨਿਰਣੇ ਕਾਲਜੇ ਪੀ ਗਏ-ਰਾਤ ਵੀ ਰੋਟੀ ਨਹੀਂ ਖਾਧੀ-ਮਗਜ਼ ਨੂੰ ਚੜ੍ਹ ਗਈ-।"

-"ਨਾ ਤੂੰ ਮੈਨੂੰ ਪਾਗਲ ਸਮਝਦੀ ਐਂ ਕਿ ਸ਼ਰਾਬੀ? ਫੁੱਦੂ ਬੰਦਾ ਮੈਂ ਜਮਾਂ ਨਹੀਂ।" ਜੋਗਿੰਦਰ ਫੇਰ ਭੂਸਰੇ ਸਾਹਣ ਵਾਂਗ ਆਇਆ।

-"ਮਾਮਾ ਜੀ-ਕਾਹਨੂੰ ਤਮਾਸ਼ਾ ਦਿਖਾਉਂਦੇ ਓ ਦੁਨੀਆਂ ਨੂੰ?" ਪ੍ਰੀਤ ਵੀ ਖਿਝ ਗਿਆ ਸੀ।

-"ਆਪਾਂ ਹੁਣ ਇਉਂ ਕਰੀਏ-ਚੱਲੀਏ!" ਰੰਧਾਵੇ ਨੇ ਪ੍ਰੀਤ ਨੂੰ ਗੁੱਝੀ ਅੱਖ ਮਾਰੀ।

-"ਮਾਮਾ ਜੀ-ਚਲੋ ਆਪਾਂ ਖਾਣਾ ਖਾ ਕੇ ਫੇਰ ਆ ਜਾਵਾਂਗੇ।"

-"ਖਾਣਾ? ਹਾਂ ਖਾਣਾ ਖਾ ਆਈਏ ਬਈ।"

ਪ੍ਰੀਤ ਨੇ ਮੁੰਡਾ ਸਰਬਜੀਤ ਨੂੰ ਫੜਾ ਦਿੱਤਾ।

ਉਹ ਜੋਗਿੰਦਰ ਨੂੰ ਸਾਂਭ ਕੇ ਜਿਹੇ ਕਾਰ ਵੱਲ ਨੂੰ ਲੈ ਤੁਰੇ। ਕਾਰ ਦੀ ਸੀਟ 'ਤੇ ਡਿੱਗਣ ਸਾਰ ਹੀ ਉਸ ਨੇ ਘੁਰਾੜ੍ਹੇ ਸ਼ੁਰੂ ਕਰ ਦਿੱਤੇ। ਉਹ ਸਾਹ ਖਿੱਚਦਾ ਵੱਡਾ ਸਾਰਾ ਘੁਰਾੜ੍ਹਾ ਮਾਰਦਾ ਅਤੇ ਸਾਹ ਛੱਡਦਾ, ਗਧੇ ਵਾਂਗ ਫ਼ਰਾਟਾ ਜਿਹਾ ਛੱਡਦਾ ਸੀ।

-"ਨਿਰਣੇ ਕਾਲਜੇ ਲੰਡੇ ਮਾਰ ਗਿਆ ਬਾਈ-ਇਹਦਾ ਤਾਂ ਕੰਮ ਹੋਇਐ।" ਰੰਧਾਵੇ ਨੇ ਕਿਹਾ।

-"ਰੋਟੀ ਰਾਤ ਵੀ ਨਹੀਂ ਖਾਧੀ।"

-"ਜੇ ਅੱਜ ਵੀ ਨਾ ਕੁਛ ਖਾਧਾ ਤਾਂ ਦਾਰੂ ਤਾਂ ਅੰਦਰ ਵੱਢਦੂ-ਜੇ ਅੱਜ ਇਹਦਾ ਆਹ ਹਾਲ ਐ-ਕੱਲ੍ਹ ਨੂੰ ਤਾਂ ਊਂ ਈਂ ਮੂਧਾ ਵੱਜਿਆ ਲੈ।"

-"ਕੀ ਕਰੀਏ?" ਪ੍ਰੀਤ ਨੇ ਸੋਚਾਂ ਦੀ ਘੋੜ ਦੌੜ ਕੀਤੀ। ਖਲਾਅ ਵਿਚ ਦਿਮਾਗ ਦੌੜਾਇਆ।

-"ਇਹਨੂੰ ਘਰੇ ਲੈ ਕੇ ਚੱਲਦੇ ਐਂ-ਸਰਵਿਸ ਆਲਿਆਂ ਤੋਂ ਕੁਛ ਮੰਗਵਾ ਕੇ ਦਿੰਨੇ ਆਂ-ਜੇ ਇਹਨੂੰ ਕਿਸੇ ਰੈੱਸਟੋਰੈਂਟ ਲੈ ਗਏ-ਉਥੇ ਇਹ ਖੌਰੂ ਫੇਰ ਪੱਟੂ-ਅੱਗੇ ਮਸਾਂ ਭਰਜਾਈ ਦੇ ਗਲੋਂ ਤੋੜ ਕੇ ਲਿਆਏ ਐਂ-ਖਿੱਲਰ ਚੱਲਿਆ ਸੀ ਤੂੜੀ ਮਾਂਗੂੰ ਉਥੇ ਈ।"

-"ਇਕ ਦਮ ਈ ਪਤਾ ਨਹੀਂ ਕੀ ਹੋ ਗਿਆ? ਚੰਗੇ ਭਲੇ ਸੀਗੇ।"

-"ਖਾਲੀ ਪੇਟ ਧੱਕਾ ਮਾਰਦੀ ਐ ਸਹੁਰੀ-ਦਿਮਾਗ ਚੱਕਤਾ ਖਾਲੀ ਪੇਟ!"

ਘਰੇ ਲਿਆਕੇ ਉਹਨਾਂ ਨੇ ਜੋਗਿੰਦਰ ਨੂੰ ਸੋਫ਼ੇ ਉਪਰ ਪਾ ਦਿੱਤਾ। 'ਟੇਕ-ਸਰਵਿਸ' ਤੋਂ ਪੀਜ਼ਾ ਮੰਗਵਾ ਕੇ ਥੋੜਾ ਬਹੁਤਾ ਖੁਆ ਦਿੱਤਾ। ਉਹ ਪੈੱਗ ਲਾ ਕੇ 'ਚੂੰ-ਚੂੰ' ਕਰਦਾ ਫਿਰ ਸੌਂ ਗਿਆ।

ਰੰਧਾਵਾ ਘਰ ਚਲਾ ਗਿਆ।

ਪ੍ਰੀਤ ਵੀ ਕੁਛ ਖਾ ਪੀ ਕੇ ਦੁਪਿਹਰੇ ਅਰਾਮ ਕਰਨ ਲਈ ਲੇਟ ਗਿਆ।

ਦੇਰ ਗਈ ਸ਼ਾਮ ਨੂੰ ਉਹ ਉਠੇ।

ਜੋਗਿੰਦਰ ਹੁਣ ਠੀਕ ਠਾਕ ਸੀ।

-"ਹੁਣ ਦਾਰੂ ਸਾਲੀ ਤੰਗ ਕਰਨ ਲੱਗ ਪਈ-ਇਹਨੂੰ ਛੱਡੀਏ।" ਮੂੰਹ ਧੋ ਕੇ ਆਉਂਦਾ ਜੋਗਿੰਦਰ ਬੋਲਿਆ।

-"ਛੱਡੋ ਚਾਹੇ ਨਾ-ਪਰ ਕੁਛ ਖਾ ਜ਼ਰੂਰ ਲਿਆ ਕਰੋ।" ਪ੍ਰੀਤ ਨੇ ਸਿਆਣੀ ਜਿਹੀ ਗੱਲ ਕੀਤੀ।

-"ਅੱਜ ਮੈਂ ਕਿਸੇ ਨੂੰ ਬੋਲਿਆ ਤਾਂ ਨਹੀਂ ਕੁਛ?"

-"ਬੋਲੇ ਕਿਉਂ ਨਹੀਂ? ਬਿਨਾਂ ਗੱਲੋਂ ਹਸਪਤਾਲ 'ਚ ਮਾਮੀ ਜੀ ਦੇ ਗਲ ਨੂੰ ਆਉਂਦੇ ਸੀ।"

-"ਸੱਚੀਂ?"

-"ਤੇ ਹੋਰ! ਮਸਾਂ ਧੱਕ ਕੇ ਲਿਆਏ ਐਂ ਥੋਨੂੰ-ਮੈਂ ਤੇ ਰੰਧਾਵਾ।"

-"ਬਹੁਤ ਮਾੜਾ ਹੋਇਆ ਫੇਰ ਤਾਂ-ਤੂੰ ਇਉਂ ਕਰ ਆਂਡੇ ਉਂਡੇ ਬਣਾ-ਮੈਂ ਇੱਕ ਨਿੱਕਾ ਜਿਆ ਪੈੱਗ ਲਾ ਕੇ ਤੇਰੀ ਮਾਮੀ ਨੂੰ ਫ਼ੋਨ ਕਰਦੈਂ-ਮੇਰਾ ਤਾਂ ਦਿਲ ਘਟੀ ਜਾਂਦੈ ਪ੍ਰੀਤ!"

-"ਦਿਲ ਘਟਣਾ ਈ ਐਂ-ਖਾਂਦੇ ਤਾਂ ਤੁਸੀਂ ਨਾਲ ਕੁਛ ਹੈ ਨਹੀਂ।"

-"ਨਹੀਂ! ਹੁਣ ਖਾਵਾਂਗੇ-ਤੂੰ ਆਂਡੇ ਬਣਾ-ਫੇਰ ਮੁਰਗਾ ਮੰਗਵਾਵਾਂਗੇ।" ਜੋਗਿੰਦਰ ਇੱਕ ਪੈੱਗ ਅੰਦਰ ਸੁੱਟ ਕੇ ਸਰਬਜੀਤ ਨੂੰ ਫ਼ੋਨ ਘੁਮਾਉਣ ਲੱਗ ਪਿਆ।

ਉਸ ਨੇ ਖੁੱਲ੍ਹਦਿਲੀ ਨਾਲ ਸਰਬਜੀਤ ਤੋਂ ਮੁਆਫ਼ੀ ਮੰਗ ਲਈ। ਸਰਬਜੀਤ ਨੇ ਹੱਸ ਕੇ ਮੁਆਫ਼ ਕਰ ਦਿੱਤਾ। ਜੋਗਿੰਦਰ ਦਾ ਮਨ ਹਲਕਾ ਹੋ ਗਿਆ।

ਪ੍ਰੀਤ ਰਸੋਈ ਵਿਚ ਸੀ।

-"ਪ੍ਰੀਤ!"

-"ਹਾਂ ਜੀ?"

-"ਤੇਰੇ ਨਾਲ ਯਾਰ ਇੱਕ ਰਾਇ ਕਰਨੀ ਸੀ।"

-"ਹੁਕਮ ਕਰੋ!"

-"ਯਾਰ ਮੇਰਾ ਹੁਣ ਬੇਬੇ ਮੰਗਵਾਉਣ ਦਾ ਇਰਾਦੈ।"

-"ਜ਼ਰੂਰ ਮੰਗਵਾਓ-ਇਹਦੇ 'ਚ ਰੈਅ ਆਲੀ ਕਿਹੜੀ ਗੱਲ ਐ?"

-"ਇੱਕ ਤਾਂ ਹੁਣ ਦਿਲਪ੍ਰੀਤ ਹੋਏ ਦਾ ਬਹਾਨਾ ਐਂ-ਵੀਜ਼ਾ ਸੌਖਾ ਮਿਲਜੂ-ਦੂਜਾ ਬੇਬੇ ਦਿਲਪ੍ਰੀਤ ਨਾਲ ਪਰਚੀ ਰਹੂ-ਤੇਰੀ ਮਾਮੀ ਨੂੰ ਲਾਵਾਂਗੇ ਕੰਮ 'ਤੇ-ਚਾਰ ਪੈਸੇ ਘਰੇ ਈ ਆਉਣਗੇ-ਵਿਹਲੀ ਬਹੁਤ ਰਹਿ ਲਈ ਹੁਣ।"

-"ਕੋਈ ਮਾੜੀ ਗੱਲ ਨਹੀਂ-ਨਾਲੇ ਨਾਨੀ ਜੀ ਬਾਹਰਲੀ ਹਵਾ ਲੈ ਲੈਣਗੇ।"

-"ਬਾਹਰਲੀ ਹਵਾ ਤਾਂ ਜਿਹੜੀ ਹੈ-ਹੈਗੀ ਐ-ਨਾਲੇ ਚਾਰ ਦਿਨ ਅਸੀਂ ਸੇਵਾ ਕਰ ਲਵਾਂਗੇ ਮਾਂ ਦੀ-ਬਥੇਰ੍ਹੇ ਦੁੱਖ ਕੱਟੇ ਐ ਵਿਚਾਰੀ ਨੇ-ਸਾਰੀ ਉਮਰ ਗੋਹੇ 'ਚੋਂ ਹੱਥ ਨਹੀਂ ਨਿਕਲੇ-ਕੱਚੇ ਘਰ ਲਿਪਦੀ ਈ ਬੁੜ੍ਹੀ ਹੋ ਗਈ-ਬਥੇਰ੍ਹਾ ਸੰਤਾਪ ਕੱਟਿਐ ਸਾਰੀ ਉਮਰ-ਦਸੌਂਟਾ ਈ ਭੋਗਿਐ-ਹੁਣ ਬੁੜ੍ਹਾਪੇ ਬਾਰੇ ਚਾਰ ਦਿਨ ਸੋਹਣੇ ਦੇਖ ਲਊਗੀ-ਨਦੀ ਕਿਨਾਰੇ ਰੁੱਖ ਐ-ਕੀ ਪਤੈ ਕਿੰਨੇ ਰੋਜ਼ ਐ ਵਿਚਾਰੀ?"

-"ਮਾਂ ਬਾਪ ਦੀ ਸੇਵਾ ਤਾਂ ਤਾਰ ਜਾਂਦੀ ਐ ਮਾਮਾ ਜੀ।"

-"ਨਾਲੇ ਨੂੰਹ ਆਬਦੀ ਦਾ ਸੁਖ ਦੇਖ ਲਊ ਪ੍ਰੀਤ! ਵਿਆਹ ਹੋਇਆ-ਵੀਜ਼ਾ ਲੱਗਿਆ-ਐਧਰ ਆ ਗਈ-ਬੇਬੇ ਦੀ ਸੇਵਾ ਤਾਂ ਹੋਈ ਹੀ ਨਾ-ਨੂੰਹ ਦਾ ਸੁਖ ਤਾਂ ਦੇਖਿਆ ਈ ਨਹੀਂ ਵਿਚਾਰੀ ਨੇ-ਜਦੋਂ ਵਿਆਹ ਹੋਇਆ-ਬੇਬੇ ਈ ਤਾੜਨ ਲੱਗ ਪਈ ਸੀ-ਇਹਨੂੰ ਵਿਚਾਰੀ ਨੂੰ ਜਲਦੀ ਬੁਲਾ ਲੈ ਭਾਈ-ਨੂੰਹਾਂ, ਪੁੱਤਾਂ ਨਾਲ ਈ ਸੋਹਣੀਆਂ ਲੱਗਦੀਐਂ ਜੀ।" ਜੋਗਿੰਦਰ ਨੇ ਇੱਕ ਤਰਾਂ ਬੇਬੇ ਦੀ ਸਾਂਗ ਲਾਈ ਸੀ।

-"ਗੱਲ ਕੋਈ ਝੂਠ ਵੀ ਨਹੀਂ ਜੀ!"

-"ਉਏ ਬੇਬੇ ਭੋਲੀ ਦਾ ਦਿਲ ਈ ਸਤਜੁਗੀ ਐ।"

-"ਮਾਮੀ ਜੀ ਨਾਲ ਵੀ ਰੈਅ ਕਰ ਲਵੋ।"

-"ਉਏ ਉਹਨੇ ਕੀ ਆਖਣੈਂ? ਉਹ ਵੀ ਸਤਜੁਗੀ ਔਰਤ ਈ ਐ-ਦੇਖ ਲੈ ਤੇਰੇ ਸਾਹਮਣੇ ਕਿੰਨੀਆਂ ਗਾਲ੍ਹਾਂ ਦੇਈਦੀਐਂ-ਜਮਾਂ ਚੂੰ ਨਹੀਂ ਕਰਦੀ।"

-"-----।" ਪ੍ਰੀਤ ਚੁੱਪ ਵੱਟ ਗਿਆ। ਸਰਬਜੀਤ ਦੇ 'ਸਤਿਯੁੱਗੀ' ਹੋਣ ਦਾ ਉਸ ਨੂੰ ਪਤਾ ਸੀ। ਪਰ ਜੋਗਿੰਦਰ ਦੇ 'ਅੰਨ੍ਹੇ' ਵਿਸ਼ਵਾਸ਼ 'ਤੇ ਵੀ ਉਸ ਨੂੰ ਸ਼ਕਾਇਤ ਸੀ। ਪਰ ਕਿਹੜਾ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ? ਵਿਸ਼ਵਾਸ਼ ਆਸਰੇ ਤਾਂ ਦੁਨੀਆਂ ਖੜ੍ਹੀ ਐ! ਵਿਸ਼ਵਾਸ਼ ਖ਼ਤਮ ਤਾਂ ਪਰਲੋਂ! ਜੋਗਿੰਦਰ ਤਾਂ ਸਰਬਜੀਤ ਦੇ ਵਿਸ਼ਵਾਸ਼ ਆਸਰੇ ਥੰਮ੍ਹ ਵਾਂਗ ਖੜ੍ਹਾ ਸੀ, ਪਰ ਸਰਬਜੀਤ? ਉਹ ਤਾਂ ਵਿਸ਼ਵਾਸ਼ਘਾਤ ਕਰਕੇ ਪਾਪ ਸਹੇੜ ਰਹੀ ਸੀ! ਮਰੇ ਪਾਪੀ ਜਿਸ ਦੇ ਮਨ ਵਿਚ ਪਾਪ!

-"ਬਣੇ ਨਹੀਂ ਆਂਡੇ ਅਜੇ?" ਜੋਗਿੰਦਰ ਨੇ ਪ੍ਰੀਤ ਦੀ ਬਿਰਤੀ ਤੋੜੀ। ਉਹ ਗਿਲਾਸ ਵਿਚ ਪੈੱਗ ਪਾਈ ਖੜ੍ਹਾ ਸੀ।

-"ਬਣ ਗਏ ਜੀ।" ਉਸ ਨੇ ਅੰਡਿਆਂ ਦਾ ਪੂੜਾ ਵੱਡੀ ਪਲੇਟ ਵਿਚ ਪਰੋਸ ਦਿੱਤਾ।

ਜੋਗਿੰਦਰ ਨੇ ਪੈੱਗ ਖਾਲੀ ਕਰ ਦਿੱਤਾ।

## ਕਾਂਡ 7

ਪ੍ਰੀਤ ਕਈ ਵਾਰ 'ਹਰਜੀਤ' ਦੀ ਯਾਦ ਵਿਚ ਬੜਾ ਹੀ ਵਿਆਕੁਲ ਹੋ ਉਠਦਾ। ਚਾਹੇ ਉਹ ਹਰਜੀਤ ਤੋਂ ਹਜ਼ਾਰਾਂ ਕੋਹਾਂ ਦੂਰ ਵਸਦਾ ਸੀ। ਪਰ ਫਿਰ ਵੀ, ਹਰਜੀਤ ਉਸ ਦੀ ਹਿੱਕ ਉਪਰ ਲਿਟੀ ਰਹਿੰਦੀ ਸੀ। ਦਿਲ ਵਿਚ ਵਸਦੀ ਸੀ। ਹਰਜੀਤ ਦੀ ਲਿਖੀ ਇਕ ਸੰਖੇਪ ਜਿਹੀ ਕਵਿਤਾ ਪ੍ਰੀਤ ਦੇ ਜ਼ਿਹਨ ਵਿਚ ਖੌਰੂ ਪਾਉਣ ਲੱਗ ਪੈਂਦੀ:

ਦੂਰ ਵਸੇਂਦਿਆ ਸੱਜਣਾ
ਕੋਈ ਬਾਤ ਸੁਣਾ ਵੇ---
ਰੁੱਤ-ਰੰਗਲੀ ਮੁੜ ਆ ਗਈ
ਸਾਨੂੰ ਕਾਹਦਾ ਭਾਅ ਵੇ---

ਹਰਜੀਤ ਨਾਲ ਉਸ ਦਾ ਕੋਈ ਖ਼ਤ-ਪੱਤਰ ਵੀ ਨਹੀਂ ਚੱਲਦਾ ਸੀ। ਪਰ ਕਦੇ-ਕਦੇ ਹਰਜੀਤ ਦਾ ਉਸ ਨੂੰ ਸੁਪਨਾ ਜ਼ਰੂਰ ਆ ਜਾਂਦਾ। ਪੁਰਾਣੇ ਬੇਲੀ ਘੁੱਟ ਗਲਵਕੜੀਆਂ ਪਾ ਕੇ ਮਿਲ ਲੈਂਦੇ। ਇਕ ਦੂਜੇ ਨੂੰ ਤਾਹਨੇ ਮਿਹਣੇ ਦਿੰਦੇ, ਗ਼ਿਲੇ-ਸ਼ਿਕਵੇ ਦੂਰ ਕਰਦੇ! ਹੱਸਦੇ-ਰੋਂਦੇ ਦਿਲਾਂ ਦਾ ਬੋਝ ਹਲਕਾ ਕਰਦੇ। ਇਕ ਦੂਜੇ ਨੂੰ ਛੇੜਦੇ। ਇਕ ਦੂਜੇ ਦੀਆਂ ਘੁੱਟਾਂ ਭਰਦੇ, ਦੁੱਖ-ਸੁਖ ਸੁਣਾਉਂਦੇ।

ਪਰ ਹੁਣ ਪ੍ਰੀਤ ਨੂੰ ਹਰਜੀਤ ਬਾਰੇ ਬੜੇ ਭੈੜੇ-ਭੈੜੇ ਜਿਹੇ ਸੁਪਨੇ ਆਉਂਦੇ। ਹਰਜੀਤ ਦਾ ਰੰਗ ਉਸ ਨੂੰ ਹਲਦੀ ਵਾਂਗ ਪੀਲਾ-ਪੀਲਾ ਨਜ਼ਰ ਆਉਂਦਾ। ਉਹ ਸਾਲੂ ਵਿਚ ਸਜੀ ਉਸ ਨੂੰ ਡਰਾਉਣੀ ਜਿਹੀ ਲੱਗਦੀ। ਰੰਗ ਦੀ ਪੀਲੀ! ਉਸ ਦੇ ਨਾਲ ਉਸ ਦਾ ਘੁੱਗੂ ਜਿਹਾ ਘਰਵਾਲਾ ਖੜ੍ਹਾ ਹੁੰਦਾ। ਹਾਲਾਂ ਕਿ ਪ੍ਰੀਤ ਨੂੰ ਹੁਣ ਤੱਕ ਇਹ ਨਹੀਂ ਸੀ ਪਤਾ ਕਿ ਹਰਜੀਤ ਦੀ ਸ਼ਾਦੀ ਹੋ ਚੁੱਕੀ ਸੀ, ਕਿ ਨਹੀਂ?

ਉਹ ਸੁਪਨੇ ਵਿਚ ਹਰਜੀਤ ਨੂੰ ਸਹੁਰੀਂ ਛੱਡ ਕੇ ਆਉਣ ਦੀ ਜ਼ਿਦ ਕਰਦਾ। ਪਰ ਹਰਜੀਤ ਮੁਨੱਕਰ ਹੁੰਦੀ। ਉਸ ਵੱਲ ਧਿਆਨ ਨਾ ਦਿੰਦੀ। ਬੇਧਿਆਨੀ ਹੀ ਰਹਿੰਦੀ। ਉਹ ਪੀ ਕੇ ਫਿਰ ਹਰਜੀਤ ਦੇ ਘਰੇ ਚਲਾ ਜਾਂਦਾ। ਸਹੁਰੀਂ ਛੱਡ ਕੇ ਆਣ ਦੀ ਫਿਰ ਅੜੀ ਕਰਦਾ ਤਾਂ ਉਹ ਉਸ ਨੂੰ ਦੁਰਕਾਰ ਦਿੰਦੀ। ਹੁਣ ਉਸ ਨੂੰ ਹਰਜੀਤ ਦੇ ਅਜਿਹੇ ਸੁਪਨੇ ਹੀ ਆਉਂਦੇ।

ਪ੍ਰੀਤ, ਹਰਜੀਤ ਦੀਆਂ ਯਾਦਾਂ ਦੀ ਲੜੀ ਅਜਿਹੀ ਫੜਦਾ ਕਿ ਜਿੱਥੋਂ ਉਹ ਤੁਰਿਆ ਸੀ, ਉਥੇ ਹੀ ਪੁੱਜ ਜਾਂਦਾ। ਹਰਜੀਤ ਨੂੰ ਪ੍ਰੀਤ ਨੇ ਬੜੇ ਹੀ ਪਾਪੜ ਵੇਲ ਕੇ ਪਾਇਆ ਸੀ। ਬੜੀਆਂ ਹੀ ਮੁੱਦਤਾਂ ਅਤੇ ਮੁਸ਼ਕਿਲਾਂ ਦੇ ਬਾਅਦ!

ਹਰਜੀਤ ਦਸਵੀਂ ਵਿਚ ਪੜ੍ਹਦੀ ਸੀ। ਨਿਰੋਲ ਪੇਂਡੂ ਜੱਟਾਂ ਦੀ, ਜੱਟੀ ਕੁੜੀ! ਬੜਾ ਹੀ ਨਖਰਾ ਸੀ ਕੁੜੀ ਦੇ ਵਿਚ! ਹਰਜੀਤ ਬੜੀ ਹੀ ਆਕੜਖੋਰ ਸੀ। ਮੋਢਿਆਂ ਉਪਰੋਂ ਦੀ ਥੁੱਕਦੀ। ਅੱਖਾਂ ਨਾਲ ਮਿਰਚਾਂ ਭੋਰਦੀ। ਪਿੰਡੇ 'ਤੇ ਮੱਖੀ ਨਾ ਬੈਠਣ ਦਿੰਦੀ। ਪਰ ਕੁੜੀਆਂ ਨਾਲ ਗੱਲਾਂ ਕਰਦੀ ਦੇ ਮੂੰਹੋਂ ਫੁੱਲ ਕਿਰਦੇ। ਸਕੂਲ ਦੀਆਂ ਕੁੜੀਆਂ ਵਿਚ ਉਸ ਦੀ 'ਸਰਦਾਰੀ' ਸੀ। ਸਕੂਲ ਦੇ ਕਿਸੇ ਵੀ ਮੁੰਡੇ ਨਾਲ ਉਹ ਸਿੱਧੇ ਮੂੰਹ ਗੱਲ ਨਾ ਕਰਦੀ। ਨੱਕ ਹੇਠ ਨਾ ਧਰਦੀ। ਜੁੱਤੀ 'ਤੇ ਰੱਖਦੀ।

ਹਰਜੀਤ ਰੰਗ ਦੀ ਗੋਰੀ ਨਿਸ਼ੋਹ ਸੀ। ਤੁਰਦੀ ਤਾਂ ਮਿਰਗ ਵਾਂਗ ਚੁੰਗੀਆਂ ਭਰਦੀ, ਸੱਪ ਵਾਂਗ ਮੇਹਲਦੀ ਜਾਂਦੀ।
ਭਰਵੀਂ ਛਾਤੀ ਉਸ ਦੀ ਤਖਤ-ਹਜ਼ਾਰਾ ਜਾਪਦੀ। ਉਹ ਹਰ ਵਕਤ ਮੁਸਕਰਾਉਂਦੀ ਹੀ ਰਹਿੰਦੀ। ਜਾਂ ਕੁਦਰਤੀ ਮੁਸਕੁਰਾਹਟ ਉਸ ਦੇ ਮੂੰਹ 'ਤੇ ਲਿਖੀ ਹੋਈ ਸੀ। ਜਦ ਦੋ ਗੁੱਤਾਂ ਕਰਕੇ ਕਦੇ ਛਾਤੀ 'ਤੇ ਸੁੱਟ ਲੈਂਦੀ ਤਾਂ ਰਾਵੀ ਅਤੇ ਚਨਾਬ ਦੀ ਧਰਤੀ ਜਾਪਦੀ। ਕਾਲੀਆਂ ਸ਼ਾਹ ਅੱਖਾਂ ਵਿਚ ਝਨਾਂ ਦੀ ਡਲ੍ਹਕ ਸੀ। ਹਰਜੀਤ ਦੀ ਇਕ ਨਜ਼ਰ 'ਤੇ ਹਜ਼ਾਰਾਂ ਵਾਰ ਕੁਰਬਾਨ ਹੋਇਆ ਜਾ ਸਕਦਾ ਸੀ।

ਪਰ ਇੱਕ ਹਰਜੀਤ ਹੀ ਸੀ ਜਿਹੜੀ ਹਰ ਪਾਸਿਓਂ, ਹਰ ਤਰ੍ਹਾਂ ਨਾਲ ਬੇਪ੍ਰਵਾਹ ਸੀ। ਕਿਸੇ ਦਰਵੇਸ਼ ਵਾਂਗ! ਕਿਸੇ ਤਿਆਗੀ ਸਾਧੂ ਦੀ ਤਰ੍ਹਾਂ!

ਇਕ ਵਾਰ ਪ੍ਰੀਤ ਨੇ ਹਰਜੀਤ ਦੇ 'ਨਜ਼ਦੀਕ' ਹੋਣ ਦੀ ਕੋਸ਼ਿਸ਼ ਕੀਤੀ ਤਾਂ ਹਰਜੀਤ ਨੇ ਉਸ ਨੂੰ ਸੌ-ਸੌ ਗਾਲ੍ਹ ਕੱਢੀ। ਗੁੰਡਾ, ਬਦਮਾਸ਼, ਮਸ਼ਟੰਡਾ ਆਦਿ 'ਪ੍ਰਵਚਨਾਂ' ਨਾਲ ਨਿਵਾਜਿਆ। ਪ੍ਰੀਤ ਨੂੰ ਕੋਈ ਬਹੁਤੀ ਹੈਰਾਨੀ ਨਹੀਂ ਹੋਈ। ਸਗੋਂ ਉਹ ਤਾਂ ਹਰਜੀਤ 'ਤੇ ਹੋਰ ਮਰ-ਮਿਟਿਆ ਸੀ। ਉਸ ਦੀ ਇੱਕ 'ਹਾਂ' 'ਤੇ ਸੌ ਵਾਰ ਕਤਲ ਹੋਣ ਲਈ ਤਿਆਰ ਸੀ।

ਉਸ ਨੇ ਇੱਕ ਤਰਕੀਬ ਲੱਭੀ।

ਉਹ ਚਿੱਠੀ ਪੱਤਰ ਆਸਰੇ ਹਰਜੀਤ ਦੀ ਵੱਡੀ ਭੈਣ ਗੁਰਜੀਤ ਦੇ ਨੇੜੇ ਹੋ ਗਿਆ। ਗੁਰਜੀਤ, ਪ੍ਰੀਤ 'ਤੇ ਬਹੁਤ ਭਿੱਜਦੀ ਸੀ। ਪਰ ਪ੍ਰੀਤ ਹੀ ਸੀ, ਜਿਹੜਾ ਚਾਬੀ ਦੇ ਕੇ ਛੱਡੇ ਕੁੱਤੇ ਵਾਂਗ ਹਰਜੀਤ ਦੁਆਲੇ ਜਾ ਖੜ੍ਹਦਾ ਸੀ। ਹਰਜੀਤ ਦੇ ਸਾਹਮਣੇ ਗੁਰਜੀਤ ਉਸ ਨੂੰ ਫਿੱਕੀ-ਫਿੱਕੀ ਲੱਗਦੀ ਸੀ। ਪੇਂਝੂ ਬੇਰ ਨਾਲ ਲਟਕਦੇ, ਖੱਟੇ ਬੇਰ ਵਾਂਗ! ਪਰ ਗੁਰਜੀਤ ਸ਼ਕਲ ਦੀ ਇਤਨੀ ਮਾੜੀ ਨਹੀਂ ਸੀ। ਸੋਹਣੀ-ਸਨੱਖੀ, ਬਣਦੀ-ਤਣਦੀ ਕੁੜੀ ਸੀ। ਹਰਜੀਤ ਦੇ ਹੀ ਨੈਣ-ਨਕਸ਼ ਉਸ 'ਚੋਂ ਝਾਤੀਆਂ ਮਾਰਦੇ ਸਨ। ਪਰ ਇਹ ਦਿਲ ਮਿਲਿਆਂ ਦਾ 'ਮੇਲਾ' ਸੀ। ਕੋਈ ਗੁਰੂ-ਚੇਲਾ ਨਹੀਂ ਸੀ। ਗੁਰਜੀਤ ਦੀ ਮੁਸਕੁਰਾਹਟ ਵਿਚ ਵੀ ਹਰਜੀਤ ਦੀ ਮੁਸਕਾਨ ਹੀ ਹੱਸਦੀ ਸੀ। ਉਸ ਦੀਆਂ ਅੱਖਾਂ ਵਿਚੋਂ ਹਰਜੀਤ ਦੀਆਂ ਨਜ਼ਰਾਂ ਦਾ ਝਾਉਲਾ ਪੈਂਦਾ ਸੀ। ਗੁਰਜੀਤ ਦੀ ਤੋਰ ਵਿਚ ਵੀ ਹਰਜੀਤ ਦੀ ਮਿਰਗ ਚਾਲ ਤੁਰਦੀ ਸੀ। ਪਰ ਪ੍ਰੀਤ ਗੁਰਜੀਤ ਵੱਲੋਂ ਬੇਪ੍ਰਵਾਹ ਸੀ, ਅਣਭਿੱਜ ਸੀ। ਪਰ ਗੁਰਜੀਤ ਪ੍ਰੀਤ 'ਤੇ ਮਰੀ-ਮਿਟੀ ਪਈ ਸੀ। ਪਰ ਪ੍ਰੀਤ ਨੇ ਗੁਰਜੀਤ ਨੂੰ ਹਨ੍ਹੇਰੇ ਵਿਚ ਰੱਖਣਾ ਪਾਪ ਸਮਝਿਆ।

ਉਸ ਨੇ ਗੁਰਜੀਤ ਨੂੰ ਚਿੱਠੀ ਵਿਚ ਸਪੱਸ਼ਟ ਹੀ ਲਿਖ ਦਿੱਤਾ:

-''ਗੁਰਜੀਤ! ਮੈਂ ਤੇਰੀ ਦਿਲੋਂ ਅਥਾਹ ਇੱਜ਼ਤ ਅਤੇ ਕਦਰ ਕਰਦਾ ਹਾਂ। ਤੂੰ ਹਰਜੀਤ ਦੀ ਵੱਡੀ ਭੈਣ ਹੈਂ, ਇਸ ਲਈ ਇਹ ਕਦਰ, ਕਾਦਰ ਵੱਲੋਂ ਹੋਰ ਵੀ ਦੁੱਗਣੀ-ਚੌਗੁਣੀ ਹੋ ਜਾਦੀ ਹੈ। ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਧੋਖਾ ਦੇਵਾਂ। ਇਹ ਸੱਚ ਉਜਾਗਰ ਕਰਨਾ ਚਾਹੁੰਦਾ ਹਾਂ ਕਿ ਮੇਰੇ ਦਿਲ ਵਾਲੀ ਵਹੀ 'ਤੇ ਹਰਜੀਤ ਦੇ ਨਾਂ ਦਾ ਅੰਗੂਠਾ ਲੱਗ ਚੁੱਕਾ ਹੈ! ਮਾਨੁੱਖ ਬੜਾ ਕਲਯੁਗੀ ਅਤੇ ਮਤਲਬੀ ਹੈ! ਅਹਿਸਾਨ-ਫ਼ਰਾਮੋਸ਼ ਅਤੇ ਅਕ੍ਰਿਤਘਣ! ਬੇਈਮਾਨ ਅਤੇ ਮਤਲਬਖ਼ੋਰ! ਮੈਂ ਤੇਰੇ ਨਾਲ ਨੇੜਤਾ ਸਿਰਫ਼ ਹਰਜੀਤ ਦੇ ਨਜ਼ਦੀਕ ਹੋਣ ਲਈ ਕੀਤੀ ਸੀ। ਇਹ ਇੱਕ ਕੌੜਾ ਅਤੇ ਨਿਰੋਲ ਸੱਚ ਹੈ। ਜੇ ਤੂੰ ਕਿਸੇ ਤਰ੍ਹਾਂ ਵੀ ਹਰਜੀਤ ਨੂੰ ਮੇਰੇ ਨਜ਼ਦੀਕ ਲਿਆ ਸਕੇਂ ਤਾਂ, ਇਹ ਤੇਰਾ ਅਹਿਸਾਨ ਜ਼ਿੰਦਗੀ ਭਰ ਮੇਰੇ ਸਿਰ ਉਪਰ ਰਹੇਗਾ। ਮੈਂ ਤੇਰਾ ਦਿਲ ਨਹੀਂ ਤੋੜਦਾ, ਨਿਰਮਲ ਅਤੇ ਨਿਰਲੇਪ ਸੱਚਾਈ ਬਿਆਨ ਕਰ ਰਿਹਾ ਹਾਂ। ਹੋ ਸਕੇ ਤਾਂ ਮੈਨੂੰ ਮੁਆਫ਼ ਹੀ ਕਰੀਂ!''

ਖ਼ਤ ਪੜ੍ਹ ਕੇ ਇੱਕ ਵਾਰ ਤਾਂ ਗੁਰਜੀਤ ਨੂੰ ਖ਼ੁੰਧਕ ਉਠੀ। ਕਰੋਧ ਆਇਆ। ਹਰਜੀਤ 'ਤੇ 'ਜਲਣ' ਹੋਈ। ਪਰ ਫਿਰ ਉਸ ਨੇ ਪ੍ਰੀਤ ਦਾ ਖ਼ਤ ਵਾਰ-ਵਾਰ, ਦੂਹਰਾ-ਦੂਹਰਾ ਕੇ ਪੜ੍ਹਿਆ। ਅੱਖਰ-ਅੱਖਰ ਵਾਚਿਆ। ਪ੍ਰੀਤ ਵੱਲੋਂ ਲਿਖੇ ਸੱਚ ਨੂੰ ਪਲੋਸਿਆ। ਪ੍ਰੀਤ ਉਸ ਨੂੰ ਬਿਲਕੁਲ ਸਤਿਯੁਗੀ ਮੁੰਡਾ ਲੱਗਿਆ। ਸੱਚ ਦੀ ਇੱਕ ਮੂਰਤ! ਜੇ ਉਹ ਸੱਚਾਈ ਨਾ ਵੀ ਲਿਖਦਾ ਤਾਂ ਮੈਂ ਕੀ ਕਰ ਲੈਂਦੀ? ਕਿਹੜਾ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ? ਕੋਈ ਹੋਰ ਵਲ ਫੇਰ ਵਾਲਾ ਹੁੰਦਾ ਤਾਂ ਪ੍ਰੇਮ ਦੀ 'ਆੜ' ਵਿਚ ਮੇਰੇ ਨਾਲ 'ਕੁਝ ਵੀ' ਕਰ ਸਕਦਾ ਸੀ! ਪ੍ਰੀਤ ਵਾਕਿਆ ਹੀ ਨਿਰਮਲ ਅਤੇ ਨਿਰਛਲ ਸੀ! ਮੋਹ-ਪਿਆਰ ਦੀ ਕਦਰ ਕਰਨ ਵਾਲਾ ਸੱਚਾ-ਸੁੱਚਾ ਜੌਹਰੀ! ਅੰਬੀਆਂ ਦੇ ਬਾਗਾਂ ਵਿਚ ਭਲਵਾਨੀ ਉਡਾਰੀਆਂ ਮਾਰਨ ਵਾਲਾ 'ਟੱਕ-ਪਾਊ' ਤੋਤਾ ਨਹੀ! ਗੁਰਜੀਤ ਨੂੰ ਪ੍ਰੀਤ ਨਿਰਾ ਕੁਰਬਾਨੀ ਦਾ ਆਲਮ, ਫ਼ਰਹਾਦ ਜਾਪਿਆ। ਛਿੱਤਰ-ਘੜ੍ਹੀਸ ਆਸ਼ਕ ਜਾਂ ਠਰਕਭੋਰ ਲਫ਼ੈਂਡ ਨਹੀਂ!

ਉਸ ਨੇ ਪ੍ਰੀਤ ਨੂੰ ਜਵਾਬੀ ਖ਼ਤ ਲਿਖ ਦਿੱਤਾ।

-"ਪ੍ਰਦੇਸ ਨੂੰ ਉਡੀਆਂ ਜਾ ਰਹੀਆਂ ਕੂੰਜਾਂ ਦੀ ਡਾਰ ਨੂੰ ਕਲਾਵੇ ਮਾਰਨ ਵਾਲਾ ਸਿਰਫ਼ ਬੇਵਕੂਫ਼ ਹੀ ਨਹੀਂ, ਸਗੋਂ ਆਪਣੇ ਆਪ ਨੂੰ ਵੀ ਧੋਖਾ-ਦੇਹ ਹੁੰਦਾ ਹੈ! ਵਗਦੇ ਝਰਨਿਆਂ ਨੂੰ ਦੁਆਵਾਂ ਦੇਣ ਵਾਲਾ ਰੱਬ ਦਾ ਖ਼ੈਰ-ਖ਼ੁਆਹ! ਅਜ਼ਾਦ ਉਡਦੇ ਪੰਛੀਆਂ ਦੀ ਸੁੱਖ ਮੰਗਣ ਵਾਲਾ ਰੱਬ ਦਾ ਦਰਵੇਸ਼! ਦੋ ਦਿਲਾਂ ਵਿਚ 'ਖੱਲ੍ਹਲ' ਪਾ ਕੇ ਮੈਂ ਮਹਾਂ-ਪਾਪੀ ਅਤੇ ਜਮ ਕਿਉਂ ਬਣਾਂ? ਆਖਰ ਜਾਨ ਉਸ ਰੱਬ ਨੂੰ ਦੇਣੀ ਹੈ! ਉਸ ਪ੍ਰਵਰਦਿਗ਼ਾਰ ਦੀ ਦਰਗਾਹ ਹਾਜ਼ਰੀ ਭਰਨੀ ਐਂ! ਫਿਰ ਵਿਪਰੀਤ ਤੰਦਾਂ ਕਿਉਂ ਸਹੇੜਾਂ? ਤੈਨੂੰ ਦਿਲੋਂ ਚਾਹਿਆ, ਪਰ ਪਾ ਨਹੀਂ ਸਕੀ। ਇਹ ਮੇਰੀ ਕਿਸਮਤ! ਕਿਸੇ 'ਤੇ ਕਾਹਦਾ ਰੰਜ? ਕਿਸੇ ਨੂੰ ਕਾਹਦਾ ਦੋਸ਼? ਕਾਹਦਾ ਰੋਸਾ? ਜ਼ਿੰਦਗੀ 'ਚ ਹਰ ਚਾਹੀ ਚੀਜ਼ ਮਿਲ ਤਾਂ ਨਹੀਂ ਜਾਂਦੀ? ਹਰ ਲਿਆ ਸੁਪਨਾ ਸੱਚ ਨਹੀਂ ਹੋ ਜਾਦਾ! ਅਗਰ ਹਰ ਮਨੋਂ-ਕਾਮਨਾ ਪੂਰੀ ਹੁੰਦੀ, ਹੁੰਦੀ ਤਾਂ ਬੰਦਾ ਰੱਬ ਦੀ ਹੋਂਦ ਤੋਂ ਹੀ ਮੁਨੱਕਰ ਹੋ ਜਾਂਦਾ! ਤੇਰੇ ਅਤੇ ਉਸ ਪ੍ਰਮ-ਸ਼ਕਤੀ ਦੇ ਭਾਣੇ ਵਿਚ ਰਹਿੰਦੀ ਹੋਈ ਮੈਂ ਹਰਜੀਤ ਨੂੰ ਤੇਰੇ ਨੇੜੇ ਕਰਨ ਲਈ ਪੂਰੀ ਵਾਹ ਲਾ ਦਿਆਂਗੀ---!"

ਇਤਨਾ ਖ਼ਤ ਲਿਖਦੀ ਹੋਈ ਉਹ ਕੋਈ ਪੱਚੀ ਵਾਰ ਰੋਈ ਸੀ। ਉਸ ਦੇ ਦਿਲ-ਦਿਮਾਗੋਂ ਇੱਕ ਹਾਉਕਾ ਉਠਦਾ, ਜੋ ਸਾਰੇ ਸਰੀਰ ਨੂੰ ਝੱਖੜ ਵਾਂਗ ਝੰਜੋੜ ਜਾਂਦਾ! ਸਾਰਾ ਦਿਨ ਉਸ ਦਾ ਬੜਾ ਹੀ ਉਦਾਸ-ਉਦਾਸ ਬੀਤਿਆ ਸੀ।

ਖ਼ਤ ਫੜਾਉਣ ਤੋਂ ਪਹਿਲਾਂ ਉਸ ਨੇ ਵਾਰ-ਵਾਰ ਸੋਚਿਆ ਸੀ। ਪਰ ਸੱਚ ਤੋਂ ਭੱਜ ਕੇ ਉਹ ਜਾ ਵੀ ਕਿੱਥੇ ਸਕਦੀ ਸੀ? ਖ਼ੁਦ ਨੂੰ ਧੋਖਾ ਦੇਣ ਵਾਲੀ ਗੱਲ ਸੀ। ਉਸ ਨੂੰ ਇਸ ਮਤਲਬਖ਼ੋਰ ਸਮਾਜ਼ ਅਤੇ ਖ਼ੂੰਖਾਰ ਜਗਤ ਵਿਚ ਹੀ ਵਿਚਰਨਾ ਪੈਣਾ ਸੀ।

ਫਿਰ ਵੀ ਗੁਰਜੀਤ ਨੇ ਹਿੱਕ 'ਤੇ ਪੱਥਰ ਰੱਖ ਕੇ ਪ੍ਰੀਤ ਨੂੰ ਚਿੱਠੀ ਫੜਾ ਦਿੱਤੀ। ਉਸ ਦੇ ਤਨੋਂ-ਮਨੋਂ ਜਿਵੇਂ ਮਣਾਂਮੂੰਹੀਂ ਬੱਜਰ-ਬੋਝ ਲਹਿ ਗਿਆ ਸੀ। ਚਾਹੇ ਉਸ ਦੇ ਦਿਲ 'ਤੇ ਪਰਬਤਾਂ ਦਾ ਭਾਰ ਡਿੱਗ ਪਿਆ ਸੀ, ਪਰ ਮਾਨਸਿਕ ਪੱਖੋਂ ਉਹ ਜ਼ਰੂਰ ਹੌਲੀ ਫੁੱਲ ਹੋ ਗਈ ਸੀ!

ਸਮਾਂ ਪਾ ਕੇ ਉਸ ਨੇ ਹਰਜੀਤ ਨੂੰ ਗੱਲੀਂ ਬਾਤੀਂ ਪ੍ਰੀਤ ਦੇ ਨਜ਼ਦੀਕ ਖਿੱਚਣਾ ਸ਼ੁਰੂ ਕਰ ਦਿੱਤਾ। ਉਹ ਹਰ ਗੱਲ ਨਾਲ ਪ੍ਰੀਤ ਦੀ ਸਿਫ਼ਤ ਕਰਦੀ। ਉਸ ਦੇ ਕਿਰਦਾਰ ਬਾਰੇ ਦੁਹਰਾਉਂਦੀ। ਸਾਊ ਮੁੰਡਾ ਹੋਣ ਬਾਰੇ ਸ਼ਾਹਦੀ ਭਰਦੀ। ਸੱਚੇ-ਸੁੱਚੇ ਹੋਣ ਬਾਰੇ ਗਵਾਹੀ ਪਾਉਂਦੀ। ਅਗਾਂਹ-ਵਧੂ ਖਿਆਲਾਂ ਦਾ ਧਾਰਨੀ ਹੋਣ ਬਾਰੇ ਵਿਸਥਾਰਦੀ।

ਪਰ ਹਰਜੀਤ ਖਿਝ ਜਾਂਦੀ।

-"ਤੂੰ ਚੌਵੀ ਘੰਟੇ ਉਸ ਡੇਲੜ ਜਿਹੇ ਦੀਆਂ ਮੇਰੇ ਕੋਲੇ ਸਿਫ਼ਤਾਂ ਕਿਉਂ ਕਰਦੀ ਰਹਿੰਨੀ ਐਂ?"

-"------।" ਗੁਰਜੀਤ ਚੁੱਪ ਹੋ ਗਈ। ਦੱਸਦੀ ਵੀ ਕੀ? ਕਿ ਪ੍ਰੀਤ ਉਸ 'ਤੇ ਮਰ-ਮਿਟਿਆ ਸੀ? ਕਿ ਪ੍ਰੀਤ ਮੈਨੂੰ ਲੱਤ ਮਾਰ ਕੇ, ਤੇਰਾ ਆਸ਼ਕ ਹੈ? ਇਹੀ ਕਿ ਪ੍ਰੀਤ ਤੇਰੀ ਖਾਤਰ ਕੁਰਬਾਨ ਹੋਣ ਲਈ ਤਿਆਰ ਹੈ? ਪਰ ਗੁਰਜੀਤ ਭਰੀ-ਪੀਤੀ ਕੁਝ ਵੀ ਆਖ ਨਾ ਸਕੀ। ਪਰ ਉਹ ਆਪਣੇ ਪ੍ਰੀਤ ਦੀ ਹਰ ਖ਼ਾਹਿਸ਼ ਪੂਰੀ ਕਰਨ ਲਈ ਦ੍ਰਿੜ ਸੀ। ਬਚਨਵੱਧ ਸੀ। ਪ੍ਰੀਤ ਦੀ ਖੁਸ਼ੀ, ਹਰਜੀਤ ਦੀ ਖੁਸ਼ੀ ਸੀ। ਉਸ ਦੀ ਇਕ ਝਲਕ, ਇਕ ਇਸ਼ਾਰੇ 'ਤੇ ਉਹ ਆਪਣੀ ਬਲੀ ਦੇ ਸਕਦੀ ਸੀ। ਉਸ ਦੀ ਚਾਹਤ 'ਤੇ ਗੁਰਜੀਤ, ਸੂਲੀ ਚੜ੍ਹ ਸਕਦੀ ਸੀ। ਉਸ ਦੀ ਇੱਕ ਮੰਗ 'ਤੇ ਤੂੰਬਾ-ਤੂੰਬਾ ਹੋ ਸਕਦੀ ਸੀ। ਪਹਿਲੇ ਬੋਲ 'ਤੇ ਪਹਾੜ ਚੀਰ ਸਕਦੀ ਸੀ। ਇਕ ਬਚਨ 'ਤੇ ਸਾਗਰ ਪਾਰ ਕਰ ਸਕਦੀ ਸੀ! ਇਕ ਹੁਲਾਰੇ 'ਤੇ ਅਸਮਾਨੀਂ ਉੱਡ ਸਕਦੀ ਸੀ!

-"ਉਹਦੀਆਂ ਅੱਖਾਂ ਮੋਟੀਐਂ-ਉਹ ਡੇਲਤੜ ਨਹੀਂ!" ਗੁਰਜੀਤ ਕਾਫ਼ੀ ਦੇਰ ਬਾਅਦ ਬੋਲੀ ਸੀ।

-"ਮੈਨੂੰ ਤਾਂ ਉਹਦੀਆਂ ਅੱਖਾਂ ਤੋਂ ਡਰ ਲੱਗਦੈ-ਭੈੜੇ ਜਿਹੇ ਆਨਿਆਂ ਵਾਲਾ!" ਹਰਜੀਤ ਨੇ ਆਖਿਆ।

-"ਜਦੋਂ ਹੀਰਾ ਬਗੈਰ ਕਿਸੇ ਮਿਹਨਤ ਦੇ ਝੋਲੀ ਆ ਪਵੇ-ਉਹਦੀ ਕਦਰ ਨਹੀਂ ਰਹਿੰਦੀ, ਕਮਲੀਏ!" ਗੁਰਜੀਤ ਨੇ ਮਨ ਵਿਚ ਹੀ ਕਿਹਾ। ਹਰਜੀਤ ਦੇ ਕੌੜ ਸੁਭਾਅ ਤੋਂ ਉਹ ਜਾਣੂੰ ਸੀ।

ਇਕ ਦਿਨ ਹਰਜੀਤ ਹੋਰਾਂ ਦੇ ਪਿੰਡ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦਾ ਡਰਾਮਾ ਸੀ। ਯੂਨੀਅਨ ਵੱਲੋਂ ਪ੍ਰੀਤ ਵੀ ਪੁੱਜਿਆ ਹੋਇਆ ਸੀ। ਉਸ ਨੇ ਸਟੇਜ਼ 'ਤੇ ਦੋ ਗੀਤ ਪੇਸ਼ ਕੀਤੇ।

-"ਸਾਰਾ ਦਿਨ ਬਾਪੂ ਮੇਰਾ ਕਰਦਾ ਏ ਵਾਢੀਆਂ
ਸਾਰਾ ਦਿਨ ਰਹਾਂ ਨੀ ਮੈਂ ਸਿਲਾਂ ਚੁੱਗਦੀ
ਸਾਨੂੰ ਭੁੱਖਿਆਂ ਨੂੰ ਹੋਰ ਨਾ ਵੰਗਾਰ ਪੁੱਗਦੀ---!"

-"ਉਠ ਨੌਜਵਾਨਾਂ
ਜਾਗ ਨੌਜਵਾਨਾਂ
ਆਜਾ ਰੰਗਤਾ ਚੜ੍ਹਾਈਏ ਨਵੀਂ ਦੇਸ਼ ਨੂੰ
ਰੰਗਤਾ ਚੜ੍ਹਾਈਏ ਨਵੀਂ ਦੇਸ਼ ਨੂੰ---!"

ਗੀਤ ਇਨਕਲਾਬੀ ਸਨ। ਕ੍ਰਾਂਤੀਕਾਰੀ ਸਨ।

ਪ੍ਰੀਤ ਦੀ ਅਵਾਜ਼ ਸੋਜ਼ ਭਰੀ ਸੀ। ਦਿਲਕਸ਼ ਸੀ। ਪ੍ਰੀਤ ਦੇ ਹਲੋਰੇ ਭਰੇ ਗੀਤਾਂ ਅਤੇ ਸੁਰੀਲੀ ਅਵਾਜ਼ ਨੇ ਹਰਜੀਤ ਦਾ ਮਨ ਮੋਹ ਲਿਆ। ਗੁਰਜੀਤ ਦੀਆਂ ਕੀਤੀਆਂ ਸਿਫ਼ਤਾਂ ਵਿਚ ਭਰਪੂਰ ਸੱਚਾਈ ਜਾਪੀ। ਪ੍ਰਤੱਖ ਸਾਹਮਣੇ ਸੀ, ਪ੍ਰਮਾਣ ਦੀ ਲੋੜ ਹੀ ਕੋਈ ਨਹੀਂ ਸੀ! ਪ੍ਰੀਤ ਦੀਆਂ 'ਭੈੜੀਆਂ' ਅੱਖਾਂ ਹਰਜੀਤ ਨੂੰ ਪਹਿਲੀ ਵਾਰ ਹੁਸੀਨ ਜਾਪੀਆਂ। ਅਤਿ-ਹੁਸੀਨ ਅੱਖਾਂ! ਉਸ ਨੇ ਖੁੱਭ ਕੇ ਪ੍ਰੀਤ ਦੀਆਂ ਝੀਲ ਵਰਗੀਆਂ ਅੱਖਾਂ ਵਿਚ ਤੱਕਿਆ। ਜਿੰਨ੍ਹਾਂ ਵਿਚ ਉਹ ਬਗੈਰ ਬੇੜੀ ਤੋਂ ਹੀ ਉਤਰ ਗਈ। ਨਜ਼ਰਾਂ ਮਿਲੀਆਂ ਤਾਂ ਆਤਮਾਵਾਂ ਇਕ ਹਾਣ ਹੋ ਤੁਰੀਆਂ। ਰੂਹਾਂ ਇਕ ਜੋਤ ਹੋ ਗਈਆਂ। ਤੇਰ-ਮੇਰ ਮੁੱਕ ਗਈ। ਪ੍ਰੇਮ-ਦ੍ਰਿਸ਼ਟੀ ਪੈਣ ਕਾਰਨ ਮਨ ਸ਼ਾਂਤ ਹੋ ਗਏ। ਉਹਨਾਂ ਨੇ ਨਜ਼ਰਾਂ ਨਾਲ ਹੀ ਇਕ ਦੂਜੇ ਦੀਆਂ ਘੁੱਟਾਂ ਭਰ ਲਈਆਂ ਸਨ। ਰੂਹਾਂ ਦੀਆਂ ਮਾਖਿਓਂ-ਮਿੱਠੀਆਂ ਘੁੱਟਾਂ! ਦੋਹਾਂ ਦਾ ਤਨ-ਮਨ ਸ਼ਰਸ਼ਾਰ ਹੋਇਆ ਪਿਆ ਸੀ। ਜੁੱਗੜਿਆਂ ਦੀ ਸੰਤੁਸ਼ਟੀ ਪੱਲੇ ਵਿਚ ਆ ਪਈ ਸੀ। ਭਟਕਣਾਂ ਅਤੇ ਤੜਪਣਾਂ ਮਿਟ ਗਈ ਸੀ। ਸੰਤਾਪ-ਦਸੌਂਟਾ ਕੱਟਿਆ ਗਿਆ ਸੀ। ਦਿਲੀ-ਹੁਲਾਸ ਨਾਲ ਉਹ ਨੱਕੋ-ਨੱਕ ਭਰੇ ਪਏ ਸਨ।

-"ਚੱਲੀਏ---?" ਗੁਰਜੀਤ ਹਰਜੀਤ ਨੂੰ ਕਈ ਵਾਰ ਕਹਿ ਚੁੱਕੀ ਸੀ। ਡਰਾਮਾ ਖ਼ਤਮ ਹੋ ਗਿਆ ਸੀ। ਪਰ ਹਰਜੀਤ ਦੇ ਦਿਲ ਦਾ ਡਰਾਮਾ ਸ਼ੁਰੂ ਹੋ ਗਿਆ ਸੀ। ਲੋਕ ਘਰਾਂ ਨੂੰ ਜਾ ਰਹੇ ਸਨ। ਸਟੇਜ਼ 'ਤੇ ਕੀ ਖੇਡਿਆ ਗਿਆ ਸੀ? ਹਰਜੀਤ ਦੀ ਪਕੜ ਤੋਂ ਬਾਹਰ ਸੀ! ਉਹ ਗੁੰਮ-ਸੁੰਮ ਹੀ ਰਹੀ ਸੀ। ਬੇਹੋਸ਼ ਅਤੇ ਬੇਸੁੱਧ! ਸਟੇਜ਼ 'ਤੇ ਮਾਹੌਲ ਗਮਗੀਨ ਰਿਹਾ? ਹਾਸੋਹੀਣਾ ਰਿਹਾ? ਜਾਂ ਤਾੜੀਆਂ ਵੱਜੀਆਂ? ਹਰਜੀਤ ਹਰ ਪੱਖੋਂ ਬੇਖ਼ਬਰ ਸੀ! ਬੇਧਿਆਨੀ ਸੀ! ਉਹ 'ਕੁਝ' ਅਲੌਕਿਕ ਪਾ ਕੇ ਭਰੀ-ਭਰੀ ਰਹੀ ਸੀ। ਭਰਪੂਰ ਅਤੇ ਸੰਪੂਰਨ!

ਉਸ ਦਿਨ ਤੋਂ ਪ੍ਰੀਤ ਅਤੇ ਹਰਜੀਤ ਦੀ ਐਸੀ ਰੂਹਾਨੀ ਨੇੜਤਾ ਹੋਈ, ਕਿ ਪ੍ਰੀਤ ਦੇ ਇੱਧਰ ਆਉਣ ਤੱਕ ਜਾਰੀ ਰਹੀ।

ਕਈ ਵਾਰ ਪ੍ਰੀਤ ਦੇ ਦਿਲ ਵਿਚ ਆਉਂਦਾ ਕਿ ਉਹ ਹਰਜੀਤ ਨੂੰ ਖ਼ਤ ਲਿਖੇ। ਪਰ ਕਿਹੜੇ ਮੂੰਹ ਨਾਲ? ਉਹ ਉਸ ਨੂੰ ਇਕ ਤਰ੍ਹਾਂ ਨਾਲ ਬਿਨਾ ਦੱਸੇ, ਧੋਖਾ ਦੇ ਕੇ ਹੀ ਤਾਂ ਇੱਧਰ ਆ ਗਿਆ ਸੀ। ਕਦੇ-ਕਦੇ ਉਹ ਕਾਗਜ਼ ਅਤੇ ਪੈੱਨ ਚੁੱਕਦਾ। ਚਿੱਠੀ ਲਿਖਣ ਲੱਗਦਾ। ਪਰ ਉਸ ਦੇ ਹੱਥ-ਪੈਰ ਝੂਠੇ ਪੈ ਜਾਂਦੇ। ਸਰੀਰ ਨਿਰਬਲ ਹੋ ਜਾਂਦਾ। ਉਸ ਨੂੰ ਇਕ ਤਰ੍ਹਾਂ ਨਾਲ ਹਰਜੀਤ ਕੋਲੋਂ ਡਰ ਲੱਗਣ ਲੱਗ ਪੈਂਦਾ! ਹਰਜੀਤ ਦਾ ਚਿਹਰਾ ਪਰ੍ਹੇ ਹੁੰਦਾ ਤਾਂ ਗੁਰਜੀਤ ਬਿਫ਼ਰੀ ਸ਼ੀਹਣੀ ਵਾਂਗ ਪੰਜਿਆਂ ਨਾਲ ਪਾੜਨ ਆਉਂਦੀ। ਅਵਾਜ਼ੇ ਕਸਦੀ!

-"ਬੱਸ ਇਹੀ ਸੀ ਤੇਰਾ ਪਿਆਰ? ਇਹੀ ਸੀ ਤੇਰੇ ਵਾਅਦੇ ਤੇ ਲਾਰੇ? ਤੂੰ ਤਾਂ ਵੱਡਾ ਦਗ਼ੇਬਾਜ਼ ਐਂ! ਫ਼ਰੇਬੀ!

ਪ੍ਰੇਮ-ਯਰਾਨੇ ਦੇ ਨਾਂ 'ਤੇ ਇੱਕ ਧੱਬਾ!"

ਪ੍ਰੀਤ ਦੇ ਕੰਨ 'ਸਾਂ-ਸਾਂ' ਕਰਦੇ। ਸਿਰ ਫ਼ਟਣ ਲੱਗਦਾ। ਉਹ ਮੂੰਹ ਸਿਰ ਲਪੇਟ ਕੇ ਰਜਾਈ ਵਿਚ ਲਿਟ ਜਾਂਦਾ।

0 0 0 0 0 0 0 0 0

ਕੁਝ ਦਿਨਾਂ ਬਾਅਦ ਹੀ ਸਰਬਜੀਤ ਅਤੇ ਦਿਲਪ੍ਰੀਤ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਉਹ ਸੁੱਖ-ਸ਼ਾਂਤੀ ਨਾਲ ਘਰੇ ਆ ਗਏ। ਮਾਂ-ਪੁੱਤਰ ਦੋਨੋਂ ਹੀ ਸਿਹਤ ਪੱਖੋਂ ਚੜ੍ਹਦੀ ਕਲਾ ਵਿਚ ਸਨ।

ਹੁਣ ਜੋਗਿੰਦਰ ਦੀਆਂ ਜ਼ਿੰਮੇਵਾਰੀਆਂ ਅੱਗੇ ਨਾਲੋਂ ਵਧ ਗਈਆਂ ਸਨ। ਦਿਲਪ੍ਰੀਤ ਲਈ ਦੁੱਧ ਅਤੇ ਖੁਰਾਕ ਲਿਆਉਣਾ। 'ਨੇਪੀਆਂ' ਖਰੀਦਣੀਆਂ ਅਤੇ ਹੋਰ ਨਿੱਕ-ਸੁੱਕ ਦਾ ਪ੍ਰਬੰਧ ਕਰਨਾ। ਦਿਲਪ੍ਰੀਤ ਦੀ ਹਰ ਹਫ਼ਤੇ ਡਾਕਟਰੀ ਕਰਵਾਉਣੀ। ਕੰਮ ਨਾਲੋਂ ਘੜ੍ਹੰਮ ਉਸ ਦੇ ਸਿਰ ਚੜ੍ਹ ਗਿਆ ਸੀ। ਇਤਨੇ ਵਰ੍ਹੇ ਮੀਆਂ-ਬੀਵੀ ਨੇ ਬਗੈਰ ਬੱਚੇ ਤੋਂ ਐਸ਼ ਹੀ ਕੀਤੀ ਸੀ। ਚੰਮ ਦੀਆਂ ਹੀ ਚਲਾਈਆਂ ਸਨ। ਚੰਗਾ ਖਾਧਾ ਅਤੇ ਮੰਦਾ ਬੋਲਿਆ ਸੀ।

ਫੁੱਟਕਲ ਕੰਮ ਹੀ ਦੋਹਾਂ ਦੀ ਭੂਤਨੀ ਭੁਲਾਈ ਰੱਖਦੇ। ਜਿਹੜੀ ਸਰਬਜੀਤ ਦਿਨ ਵਿਚ ਦੋ-ਦੋ ਵਾਰ ਨਹਾਉਂਦੀ ਸੀ। ਹੁਣ ਉਸ ਤੋਂ ਜੁਆਕ ਦੇ ਪੋਤੜੇ ਹੀ ਲੋਟ ਨਹੀਂ ਆਉਂਦੇ ਸਨ। ਪੂਛਾਂ ਵਾਲਾ ਸੁਰਮਾਂ ਤਾਂ ਉਸ ਨੇ ਕੀ ਪਾ ਸਕਣਾ ਸੀ? ਵਾਲ ਵੀ ਨਹੀਂ ਵਾਹ ਸਕਦੀ ਸੀ। ਉਹ ਕਮਲੀ ਵਾਂਗ ਝਾਟਾ ਖੁਰਕਦੀ ਰਹਿੰਦੀ।

ਸ਼ਾਮ ਨੂੰ ਜੋਗਿੰਦਰ ਨੇ ਆਦਤ ਮੁਜਬ ਬੋਤਲ ਖੋਲ੍ਹ ਲਈ।

-"ਸਰਬਜੀਤ-ਤੇਰੇ ਨਾਲ ਇਕ ਰੈਅ ਕਰਨੀ ਸੀ।" ਜੋਗਿੰਦਰ ਨੇ ਦਾਰੂ ਦਾ ਇਕ ਗਿਲਾਸ ਅੰਦਰ ਸੁੱਟ ਕੇ ਕਿਹਾ।

-"ਕਰੋ---!"

-"ਦਿਲਪ੍ਰੀਤ ਹੋਣ ਤੋਂ ਬਾਅਦ ਤੰਗ ਜਿਹੇ ਹੋ ਗਏ-ਆਪਾਂ ਬੇਬੇ ਨੂੰ ਈ ਮੰਗਵਾ ਲਈਏ?" ਜੋਗਿੰਦਰ ਆਂਡੇ ਤੜਕਦਾ ਹੋਇਆ ਬੋਲਿਆ।

-"ਬੁਲਾ ਲਵੋ---!" ਸਰਬਜੀਤ ਜਿਵੇਂ ਖੂਹ 'ਚੋਂ ਬੋਲੀ ਸੀ। ਉਹ ਤਾਂ ਆਪਣੀ ਮਾਂ ਨੂੰ ਇੱਥੇ ਬੁਲਾਉਣ ਦੀਆਂ ਘਾੜਤਾਂ ਘੜੀ ਗਈ ਸੀ। ਪਰ ਇਹ ਤਾਂ ਜੋਗਿੰਦਰ ਨੇ ਕੱਛ 'ਚੋਂ ਮੂੰਗਲਾ ਕੱਢ ਮਾਰਿਆ ਸੀ! ਸਰਬਜੀਤ ਤਾਂ ਸੋਚਦੀ ਸੀ ਕਿ ਪਹਿਲਾਂ ਮਾਂ ਇੱਥੇ ਆ ਜਾਵੇਗੀ। ਫਿਰ ਭਾਈ, ਬਿੱਲੂ ਨੂੰ ਵੀ ਬੁਲਾ ਲਵਾਂਗੇ। ਉਹ ਤਾਂ ਸ਼ੇਖਚਿਲੀ ਦੇ ਸੁਪਨੇ ਵਾਂਗ ਸਾਰਾ ਪ੍ਰੀਵਾਰ ਹੀ ਇੱਥੇ ਇਕੱਠਾ ਕਰੀ ਬੈਠੀ ਸੀ। ਪਰ ਜੋਗਿੰਦਰ ਨੇ ਤਾਂ ਇਕ ਡਾਂਗ ਮਾਰ ਕੇ ਉਸ ਦਾ ਸਾਰਾ ਪ੍ਰੀਵਾਰ ਹੀ ਖਿਲਾਰ ਧਰਿਆ ਸੀ! ਜਿਵੇਂ ਕਿਸੇ ਜੱਟ ਨੇ ਵਣਜਾਰੇ ਦੀ ਵੰਗਾਂ ਵਾਲੀ ਪੋਟਲੀ 'ਤੇ ਰੈਂਗੜਾ ਮਾਰ ਕੇ ਪੁੱਛਿਆ ਸੀ, "ਬਾਈ ਐਹਦੇ ਵਿਚ ਕੀ ਐ?" ਤਾਂ ਮਾਯੂਸ ਵਣਜਾਰਾ ਅੱਗਿਓਂ ਬੋਲਿਆ ਸੀ, "ਜੱਟਾ ਇਕ ਹੋਰ ਮਾਰੇਂ ਤਾਂ ਇਹਦੇ ਵਿਚ ਕੁੱਛ ਵੀ ਨਹੀਂ!" ਉਹ ਗੱਲ ਸਰਬਜੀਤ ਨਾਲ ਹੋਈ ਸੀ। ਉਹ ਤਾਂ ਮਾਂ ਨੂੰ ਇੱਥੇ ਬੁਲਾ ਕੇ, ਆਪਣੀ ਭੈਣ ਲਾਡੀ ਦੇ ਰਿਸ਼ਤੇ ਬਾਰੇ ਵੀ ਗੱਲ ਤੋਰਨ ਨੂੰ ਫਿਰਦੀ ਸੀ। ਜੋਗਿੰਦਰ ਤਾਂ ਸਾਰਾ ਟੱਬਰ ਹੀ ਉਜਾੜਨ 'ਤੇ ਉੱਤਰ ਆਇਆ ਸੀ।

-"ਕਿਵੇਂ ਢਿੱਲੀ ਜਿਹੀ ਬੋਲਦੀ ਐਂ?" ਉਸ ਨੇ ਆਂਡੇ ਬਣਾ ਕੇ ਮੇਜ਼ 'ਤੇ ਲਿਆ ਧਰੇ।

-"ਨਹੀਂ-ਮੈਂ ਢਿੱਲੀ ਕਦੋਂ ਬੋਲਦੀ ਐਂ?" ਉਹ ਸੋਚਦੀ ਸੀ ਕਿ ਜੇ ਹੁਣ ਆਪਣੀ ਮਾਂ ਦੀ ਗੱਲ ਤੋਰੀ ਤਾਂ ਕਲੇਸ਼ ਹੋਵੇਗਾ। ਬਈ ਤੇਰੀ ਬੇਬੇ ਨੇ ਇੱਥੇ ਆ ਕੇ ਮੇੜ੍ਹ ਪਾਉਣੀ ਐਂ? ਉਹ ਅੰਦਰੋ ਅੰਦਰੀ ਸੋਚ ਰਹੀ ਸੀ। ਪਰ ਮੂੰਹੋਂ ਚੁੱਪ ਸੀ।

-"ਭੇਜ ਦੇਈਏ ਕਾਗਜ਼ ਬੇਬੇ ਦੇ ਫੇਰ?"

-"ਭੇਜ ਦਿਓ-ਮੈਨੂੰ ਕੀ ਇਤਰਾਜ਼ ਐ?" ਸਰਬਜੀਤ ਬੋਲੀ। ਦੇਖ ਲਊ ਮੇਲਾ ਆ ਕੇ ਜਿਹੜਾ ਦੇਖਣੈਂ! ਜੇ ਬੁੜ੍ਹੀ ਨੂੰ ਦੋ ਮਹੀਨੇ ਕੱਟਣ ਦੇ ਦਿੱਤੇ, ਤਾਂ ਆਖੀਂ! ਉਸ ਦਾ ਮਨ ਉੱਪਰੋਥਲੀ ਬੋਲੀ ਜਾ ਰਿਹਾ ਸੀ।

-"ਬਥੇਰੇ ਬੇਬੇ ਨੇ ਦੁੱਖ ਦੇਖੇ ਐ ਸਰਬਜੀਤ-ਕੱਚੇ ਕੋਠੇ ਲਿਪਦੀ ਦੇ ਹੱਥ ਛਾਨਣੀ ਬਣਗੇ-ਗੋਹਾ ਕੂੜਾ ਢੋਂਹਦੀ ਦੇ ਸਿਰ 'ਚ ਅੱਟਣ ਪੈ ਗਏ-ਹੁਣ ਅਖੀਰਲੇ ਚਾਰ ਦਿਨ ਐਸ਼ ਕਰਲੂ-ਨਾਲੇ ਪੋਤੇ ਨੂੰ ਖਿਡਾਊ।" ਜੋਗਿੰਦਰ ਨਾਲ ਦੀ ਨਾਲ ਦਾਰੂ ਦੀ ਗਿਲਾਸੀ ਅੰਦਰ ਮਾਰਦਾ ਸੀ।

-"ਉਹੀ ਤਾਂ ਗੱਲ ਐ।" ਸਰਬਜੀਤ ਨੇ ਹੁੰਗਾਰਾ ਭਰਿਆ। ਸੁਆਹ ਤੇ ਨਾਲੇ ਖੇਹ ਸੱਤਾਂ ਚੁੱਲਿਆਂ ਦੀ! ਬੁੱਢੇ ਵਾਰੇ ਇੱਥੇ ਬੁਲਾ ਕੇ ਉਹਦੇ ਸੱਗੀ-ਫੁੱਲ ਪਾਉਣੇ ਐਂ? ਬੁੱਢੀ ਘੋੜੀ ਲਾਲ ਲਗਾਮਾਂ! ਹੁਣ ਹੋਰ ਉਹ ਛਾਨਣੀ ਬਣੇ ਹੱਥਾਂ ਨੂੰ ਮਹਿੰਦੀ ਲਾਊ? ਤੇ ਅੱਟਣ ਪਏ ਸਿਰ 'ਚ ਮੀਢੀਆਂ ਕਰੂ? ਬੁੜ੍ਹੇਪੇ 'ਚ ਘਰੇ ਬੈਠ ਕੇ ਰੱਬ-ਰੱਬ ਨਹੀਂ ਕਰਿਆ ਜਾਂਦਾ? ਵੱਡਾ ਆ ਗਿਆ ਬੇਬੇ ਦਾ ਹੇਜੀ! ਦਾਰੂ ਪੀ ਕੇ ਸਰਵਣ ਪੁੱਤਰ ਬਣਿਆਂ ਬੈਠੈ! ਜੁਆਕ ਬਣਾਉਣ ਜੋਕਰਾ ਨਹੀਂ! ਜੇ ਆਈ 'ਤੇ ਆ ਗਈ, ਬੁੜ੍ਹੀ ਨੂੰ ਸਿਰੇ ਦੀ ਵੀ ਸੁਣਾਂ ਦਿਊਂ! ਆਪੇ ਠਿੱਠ ਹੁੰਦੀ ਭੱਜ ਜਾਊ! ਉਸ ਦਾ ਮਨ ਸਰਬਜੀਤ ਦੇ ਹੁੱਝਾਂ ਮਾਰੀ ਜਾ ਰਿਹਾ ਸੀ।

-"ਸਰਬਜੀਤ-ਬੇਬੇ ਪਕਾਇਆ ਕਰੂ ਰੋਟੀਆਂ ਤੇ ਖਿਡਾਇਆ ਕਰੂ ਦਿਲਪ੍ਰੀਤ ਸਿਉਂ ਨੂੰ-ਤੇ ਆਪਾਂ ਕਰਿਆ ਕਰਾਂਗੇ ਐਸ਼-ਤੂੰ ਰਾਣੀ ਬਣਕੇ ਰਾਜ ਕਰੀਂ!" ਜੋਗਿੰਦਰ ਨੇ ਸਰੂਰ 'ਚ ਥਾਪੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸਰਬਜੀਤ ਦਿਲੋਂ ਹੱਸ ਪਈ! ਆ ਤਾਂ ਲੈਣ ਦੇ ਤੇਰੀ ਕੁਛ ਲੱਗਦੀ ਨੂੰ! ਜੇ ਨਾ 'ਬੂਅ' ਕਰਕੇ ਭੱਜੀ ਤਾਂ ਮੈਨੂੰ ਸਰਬਜੀਤ ਕੌਣ ਕਹੂ? ਨੱਕ ਰਾਹੀਂ ਤਾਂ ਬੁੜ੍ਹੀ ਦੇ ਮੈਂ ਈ ਕੱਢਣੀਐਂ ਨਕੇਲਾਂ! ਜੇ ਨਾ ਗੁਤਨੀ ਹੱਥ 'ਚ ਫੜਾ ਕੇ ਤੋਰੀ ਤਾਂ ਆਖੀਂ!

-"ਸਰਬਜੀਤ-ਸ਼ੀਹਣੀ ਦਾ ਸ਼ੇਰ ਇੱਕੋ ਈ ਬਹੁਤ ਹੁੰਦੈ-ਹੁਣ ਆਪਾਂ ਹੋਰ ਜੁਆਕ ਨਹੀਂ ਬਣਾਉਣਾ।" ਉਸ ਨੇ ਦਾਰੂ ਦਾ ਇੱਕ ਹੋਰ 'ਗਰਲਾ' ਅੰਦਰ ਮਾਰਿਆ।

ਸਰਬਜੀਤ ਦਾ ਦਿਲ ਅੰਦਰੋਂ ਹੋਰ ਹੱਸ ਪਿਆ। ਅੱਗੇ ਕਿਹੜਾ ਜੁਆਕਾਂ ਦੀ ਤੂੰ ਲਾਈਨ ਲਾ ਦਿੱਤੀ? ਜੇ ਮੈਂ ਨਾ ਹੱਥ-ਪੱਲਾ ਹਿਲਾਉਂਦੀ, ਤਾਂ ਆਹ ਵੀ ਵਿਚਾਰਾ ਕਿੱਥੋਂ ਹੋਣਾ ਸੀ? ਬਿਗਾਨੀ ਸ਼ਾਹੀ 'ਤੇ ਕਿਵੇਂ ਮੁੱਛਾਂ ਮੁਨਾਈ ਫਿਰਦੈ!

ਦਿਲਪ੍ਰੀਤ ਨੇ ਰੋਣਾ ਸ਼ੁਰੂ ਕਰ ਦਿੱਤਾ।

ਜੋਗਿੰਦਰ ਉੱਧਰ ਨੂੰ ਹੋ ਗਿਆ।

-"ਉਏ-ਉਏ-ਉਏ! ਮੇਰਾ ਖੇਡਣਾ ਮੇਢਣਾ ਕਾਹਤੋਂ ਰੋਂਦੈ ਬਈ? ਅੱਛਾ! ਅੱਛਾ! ਅੱਜ ਮੈਂ ਆਪਣੇ ਮੁੱਤੂ ਨੂੰ ਛਾਛਰੀਕਾਲ ਨ੍ਹੀ ਬੁਲਾਈ! ਛਾਛਰੀਕਾਲ ਜੀ! ਮੇਰਾ ਮੁੱਤਰ ਜੀ, ਛਾਛਰੀਕਾਲ! ਕਿੰਨਾਂ ਗੁੱਛਾ ਕਰ ਗਿਆ ਮੇਰਾ ਮੁੱਤੂ!"

ਦਿਲਪ੍ਰੀਤ ਉਸ ਦੀ ਰਾਲ-ਬੋਲ ਜਿਹੀ ਸੁਣ ਕੇ ਵਾਕਿਆ ਹੀ ਚੁੱਪ ਕਰ ਗਿਆ। ਹੁਣ ਉਹ 'ਮੁਤਰ-ਮੁਤਰ' ਜੋਗਿੰਦਰ ਵੱਲ ਝਾਕ ਰਿਹਾ ਸੀ। ਹੱਥ ਹਿਲਾਉਂਦਾ ਉਹ ਫੁੱਲ-ਪੱਤੀਆਂ ਵਰਗੇ ਬੁੱਲ੍ਹ ਚਬੋਲੀ ਜਾ ਰਿਹਾ ਸੀ।

-"ਤੇਰੀ ਦਾਦੀ ਆਜੂ ਪੁੱਤ-ਤੂੰ ਉਹਦੇ ਨਾਲ ਈ ਗੱਲਾਂ ਬਾਤਾਂ ਕਰ ਲਿਆ ਕਰੀਂ-ਮੇਰੇ ਕੋਲ ਐਨਾ ਟੈਮ ਹੈਨੀ ਤੇਰੇ ਆਸਤੇ!"

ਦਿਲਪ੍ਰੀਤ ਹੋਰ ਜੋਰ ਦੀ ਹੱਥ ਹਿਲਾਉਣ ਲੱਗ ਪਿਆ।

-"ਦੇਖਿਆ ਛਾਲਾ ਕੁੱਤਾ-ਦਾਦੀ ਦੇ ਨਾਂ ਨੂੰ ਕਿੰਨਾ ਖੁਸ਼ ਹੋਇਆ-ਉਹ ਵੀ ਤੇਰੇ ਬਿਨਾ ਓਦਰੀ ਪਈ ਐ ਪੁੱਤ! ਲਾਹ ਲਇਓ ਚਾਅ ਖੇਡਾਂ ਖੇਡ ਕੇ!"

-"ਹੋਵੇ ਵੀ ਕਿਵੇਂ ਨਾ ਪੁੱਤ? ਆਬਦਾ ਖੂਨ ਐਂ-ਫੇਰ ਵੀ ਉਬਲਦੈ।" ਕਰਦਾ-ਕਰਦਾ ਉਹ ਬੋਤਲ ਦੁਆਲੇ ਫਿਰ ਜਾ ਬੈਠਿਆ।

## ਕਾਂਡ 8

ਪ੍ਰੀਤ ਦੀ ਬਾਬਾ ਨੱਥਾ ਸਿੰਘ ਨਾਲ ਕਾਫ਼ੀ ਨੇੜਤਾ ਵਧ ਗਈ ਸੀ।

ਉਹ ਹਫ਼ਤੇ ਵਿਚ ਘੱਟੋ-ਘੱਟ ਦੋ ਵਾਰ ਬਾਬਾ ਜੀ ਨੂੰ ਜ਼ਰੂਰ ਫ਼ੋਨ ਕਰਦਾ। ਬਾਬਾ ਜੀ ਉਸ ਨੂੰ ਗੁਰਬਾਣੀ ਪੜ੍ਹਨ ਦੀ ਪ੍ਰੇਰਨਾ ਦਿੰਦੇ ਰਹਿੰਦੇ। ਧਾਰਮਿਕ ਕਿਤਾਬਾਂ ਅਤੇ ਗੁਰ-ਇਤਿਹਾਸ ਪੜ੍ਹਨ ਲਈ ਜ਼ੋਰ ਪਾਉਂਦੇ। ਨਿੱਤਨੇਮ ਦਾ ਧਾਰਨੀ ਹੋਣ ਪ੍ਰਤੀ ਆਖਦੇ।

ਜਿਹੜੀ ਅਸਲ ਗੱਲ ਪ੍ਰੀਤ ਬਾਬੇ ਨਾਲ ਕਰਨ ਲਈ ਬਿਹਬਲ ਸੀ, ਉਹ ਗੱਲ ਉਸ ਦੇ ਮੂੰਹ ਉਪਰ ਆ ਕੇ ਮਰ ਜਾਂਦੀ। ਉਹ ਅੰਦਰੋਂ ਬਥੇਰ੍ਹਾ ਸਾਹਸ ਇਕੱਤਰ ਕਰਦਾ। ਪਰ ਮੌਕੇ 'ਤੇ ਆ ਕੇ ਦਿਲ ਡੋਲ ਜਾਂਦਾ। ਹੌਸਲਾ ਮਣਕਿਆਂ ਵਾਂਗ ਖਿੰਡ ਜਾਂਦਾ। ਸਾਹਸ ਖੱਖੜੀਆਂ ਬਣ ਖਿੱਲਰ ਜਾਂਦਾ। ਹਰ ਵਾਰੀ, ਜਦ ਉਹ ਫ਼ੋਨ ਕਰਨ ਲੱਗਦਾ ਤਾਂ ਆਪਣੇ ਇਰਾਦੇ ਨੂੰ ਠੋਹਲ੍ਹੇ ਮਾਰ-ਮਾਰ ਦੇਖਦਾ। ਘੁਮਿਆਰੀ ਦੇ ਪੱਕੇ ਘੜ੍ਹੇ ਵਾਂਗ ਟਣਕਾਉਂਦਾ। ਪਰ ਉਸ ਦਾ ਇਰਾਦਾ ਬਾਬੇ ਅੱਗੇ 'ਪਿੱਲਾ' ਹੀ ਨਿਕਲ ਜਾਂਦਾ।

ਬਾਬਾ ਨੱਥਾ ਸਿੰਘ ਨੇ ਵੀ ਮਹਿਸੂਸ ਕੀਤਾ ਕਿ ਪ੍ਰੀਤ ਉਹਨਾਂ ਤੋਂ ਕੁਛ ਛੁਪਾ ਜ਼ਰੂਰ ਰਿਹਾ ਹੈ। ਉਹ ਕੁਝ ਕਹਿਣਾ ਜ਼ਰੂਰ ਚਾਹੁੰਦਾ ਹੈ, ਪਰ ਪੈਰ 'ਤੇ ਆ ਕੇ ਇਰਾਦਾ ਬਦਲ ਲੈਂਦਾ ਹੈ। ਕਹਿਣ ਲੱਗਿਆਂ ਸ਼ਾਇਦ ਥਿੜਕ ਜਾਂਦਾ ਹੈ! ਇਸ ਵਾਰ ਬਾਬਾ ਜੀ ਨੇ ਵੀ ਪ੍ਰੀਤ ਕੋਲੋਂ ਉਸ ਦੇ 'ਦਿਲ ਦੀ ਗੱਲ' ਪੁੱਛਣ ਦਾ ਨਿਹਚਾ ਕਰ ਲਿਆ। ਉਸ ਦਾ ਅੰਦਰੂਨੀ 'ਰਾਜ਼' ਜਾਨਣ ਲਈ ਪੱਕੀ ਠਾਣ ਲਈ।

ਇਸ ਵਾਰ ਜਦ ਪ੍ਰੀਤ ਨੇ ਫ਼ੋਨ ਕੀਤਾ ਤਾਂ ਬਾਬਾ ਨੱਥਾ ਸਿੰਘ ਪੈਂਦੀ ਸੱਟੇ ਹੀ ਉਸ ਨੂੰ ਸੰਬੋਧਨ ਹੋਏ।

-"ਲੈ ਬਈ ਪ੍ਰੀਤ ਸਿਆਂ! ਅੱਜ ਕਰੜਾ ਹੋ ਜਾਹ! ਅੱਜ ਤੈਥੋਂ ਇੱਕ ਦੋ ਗੱਲਾਂ ਪੁੱਛਣੀਐਂ!"

ਪ੍ਰੀਤ ਨੂੰ ਮੁੜ੍ਹਕਾ ਆ ਗਿਆ।

ਉਸ ਨੂੰ ਮਹਿਸੂਸ ਹੋਇਆ ਕਿ ਬਾਬਾ ਜੀ 'ਜਾਣੀਂ-ਜਾਣ' ਸਨ। 'ਅੰਤਰਯਾਮੀ' ਸਨ। ਉਸ ਨੇ ਕਿਰਦੇ ਦਿਲ ਨੂੰ ਸੁੱਬੀ ਵਿਚ ਬੰਨ੍ਹਣਾ ਸ਼ੁਰੂ ਕਰ ਦਿੱਤਾ। ਦਲੀਲਾਂ ਦੀ ਬਹੁਕਰ ਨਾਲ ਖਿੱਲਰੇ ਇਰਾਦੇ ਨੂੰ ਹੂੰਝ ਕੇ, ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਜਾਣੀਂ-ਜਾਣ ਬਾਬਿਆਂ ਕੋਲੋਂ ਕਾਹਦਾ ਲੁਕਾਅ?ਬਾਬਾ ਜੀ ਦਿਲਾਂ ਦੀਆਂ ਜਾਨਣ ਵਾਲੇ ਹਨ, ਇਹਨਾਂ ਤੋਂ ਕੀ ਪਰਦਾ? ਦਾਈਆਂ ਤੋਂ ਪੇਟ ਗੁੱਝੇ ਕਦੋਂ ਰਹਿੰਦੇ ਐ? ਕੋਈ ਕੁੜੀ ਨਰਸ ਤੋਂ ਗਰਭਵਤੀ ਹੋਣ ਦੇ ਬਾਵਜੂਦ ਪਰਦਾ ਰੱਖੇ? ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ! ਬਾਬੇ ਅੰਤਰ-ਆਤਮਾਂ ਦੀ ਪਹਿਚਾਣ ਕਰਨ ਵਾਲੇ ਹਨ। ਇਹਨਾਂ ਤੋਂ ਰਾਜ਼ ਕਾਹਦਾ ਛੁਪਾਉਣਾ ਹੋਇਆ?

-"ਹੁਕਮ ਕਰੋ ਬਾਬਾ ਜੀ!" ਪ੍ਰੀਤ ਵਾਕਿਆ ਹੀ ਕਰੜਾ ਹੋ ਗਿਆ।

-"ਪ੍ਰੀਤ ਸਿਆਂ-ਮੈਂ ਕੋਈ ਬ੍ਰਹਮਗਿਆਨੀ ਬੰਦਾ ਤਾਂ ਹਾਂ ਨਹੀਂ-ਤੇਰੇ ਨਾਲੋਂ ਉਮਰ 'ਚ ਜ਼ਰੂਰ ਪੱਕੜ ਐਂ-ਵਾਲ ਮੇਰੇ ਧੁੱਪ 'ਚ ਬੱਗੇ ਨਹੀਂ ਹੋਏ-ਨਵੇਂ ਬੰਦਿਆਂ ਨਾਲ ਨਿੱਤ ਵਾਹ ਪੈਂਦੈ-ਪਰ ਤੂੰ ਹੈਂ ਅਜੇ ਨਿਆਣਾਂ-ਤੇਰੇ ਮਨ ਅੰਦਰ ਹੈ ਕੋਈ ਗੱਲ ਲੁਕੀ ਵੀ-ਉਹ ਅੱਜ ਕੱਢ ਕੇ ਮੇਰੀ ਤਲੀ 'ਤੇ ਰੱਖ! ਗੁਰੂ ਮਹਾਰਾਜ ਭਲੀ ਕਰਨਗੇ-ਬੱਸ ਜਕਾਅ ਜਾਂ ਝਿਜਕ ਜਮਾਂ ਨਾ ਮੰਨੀਂ!" ਬਾਬਿਆਂ ਨੇ ਚਾਰੇ ਦਰਵਾਜੇ ਖੋਲ੍ਹ ਦਿੱਤੇ।

-"ਮਹਾਂਪੁਰਸ਼ੋ! ਗੱਲ ਬੜੀ ਵੱਡੀ ਐ ਤੇ ਮੂੰਹ ਹੈਗਾ, ਛੋਟਾ-ਬੱਸ ਇਉਂ ਈ ਮੰਨ ਲਓ ਬਈ ਮੂੰਹ ਦੀਵਾ ਤੇ ਗੱਲ ਪਹਾੜ੍ਹ ਐ! ਕੱਢਾਂ ਤਾਂ ਕਿਵੇਂ ਕੱਢਾਂ?"

-"ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੱਢ-ਜਦੋਂ ਉਹਦੀ ਮਿਹਰ ਹੋ ਜਾਵੇ ਤਾਂ ਬਿਨਾ ਸੀਸ ਤੋਂ ਆਹੂ ਲੁਹਾ ਦਿੰਦੈ! ਤੇ ਜਦੋਂ ਬਖ਼ਸ਼ਣ 'ਤੇ ਆ ਜਾਵੇ ਤਾਂ ਸਧਨੇ ਕਿਸਾਈ ਅਰਗਿਆਂ ਨੂੰ ਬਖ਼ਸ਼ ਦਿੰਦੈ! ਗੂੰਗਿਆਂ ਬੋਲਿਆਂ ਤੋਂ ਗੀਤਾ ਦੇ ਅਰਥ ਕਰਵਾ ਦਿੰਦੈ!" ਬਾਬਾ ਨੱਥਾ ਸਿੰਘ ਨੇ ਹੌਸਲੇ ਦਾ ਥੰਮ੍ਹ ਪ੍ਰੀਤ ਹੇਠ ਦੇ ਦਿੱਤਾ।

-"ਬਾਬਾ ਜੀ! ਇੱਕ ਤਾਂ ਮੈਂ ਇੱਕ ਕੁੜੀ ਨੂੰ ਧੋਖਾ ਦਿੱਤਾ, ਪਿਆਰ ਦੇ ਨਾਂ ਹੇਠ-ਤੇ ਦੂਜਾ ਅਨਰਥ ਇੱਥੇ ਆ ਕੇ ਇਹ ਹੋ ਗਿਆ ਕਿ ਰੱਬ ਦੇ ਘਰੋਂ ਇੱਕ ਜੀਅ ਆ ਗਿਆ-ਉਸ ਜੀਅ ਨੂੰ ਮੈਂ ਸਮਾਜ਼ ਦੇ ਡਰੋਂ ਨਾਂ ਤਾਂ ਕੋਈ ਨਾਮ ਅਤੇ ਨਾ ਹੀ ਕਿਸੇ ਰਿਸ਼ਤੇ ਦਾ ਨਾਂ ਦੇ ਸਕਦੈਂ।" ਆਖ ਕੇ ਪ੍ਰੀਤ ਹਲਕਾ-ਹਲਕਾ ਹੋ ਗਿਆ। ਜਿਵੇਂ ਮਣਾਂ-ਮੂੰਹੀਂ ਭਾਰ ਉਸ ਦੀ ਆਤਮਾ ਤੋਂ ਲੱਥ ਗਿਆ ਸੀ। ਜਿਵੇਂ ਰੂਹ 'ਤੇ ਪਿਆ ਬੱਜਰ-ਬੋਝ ਉਸ ਨੇ ਵਗਾਹ ਮਾਰਿਆ ਸੀ।

-"-----।" ਬਾਬਾ ਜੀ ਚੁੱਪ ਹੀ ਰਹੇ।

-"ਪਰ ਬਾਬਾ ਜੀ! ਮੈਂ ਦੋਹਾਂ ਪਾਸਿਆਂ ਤੋਂ ਈ ਨਿਰਦੋਸ਼ ਆਂ-ਵੱਸ ਮੇਰੇ ਦੋਨਾਂ ਪਾਸਿਆਂ ਤੋਂ ਈ ਨਹੀਂ ਸੀ ਰਿਹਾ-ਜਾਣ ਬੁੱਝ ਕੇ ਮੈਂ ਕੁਝ ਵੀ ਨਹੀਂ ਕੀਤਾ-ਨਾ ਤਾਂ ਜਾਣ ਬੁੱਝ ਕੇ ਕੁੜੀ ਨੂੰ ਧੋਖਾ ਦਿੱਤਾ ਤੇ ਨਾ ਹੀ ਜਾਣ ਬੁੱਝ ਕੇ ਕੁਕਰਮ ਕੀਤਾ-ਬੱਸ ਇਉਂ ਈ ਆਖ ਲਵੋ ਕਿ ਦੋਨੋਂ ਵਾਰੀ ਹੀ ਮੈਂ ਮਜ਼ਬੂਰੀ ਦੀ ਚੱਕੀ ਵਿਚ ਪਿਸਦਾ ਰਿਹਾ-ਕੋਹਲੂ ਦੇ ਬਲਦ ਵਾਂਗ ਮਜ਼ਬੂਰੀ ਵੱਸ ਅੱਖਾਂ 'ਤੇ ਖੋਪੇ ਬੰਨ੍ਹੀ, ਗੇੜੀਂ ਪਿਆ ਰਿਹਾ।" ਪ੍ਰੀਤ ਬੋਲੀ ਜਾ ਰਿਹਾ ਸੀ।

-"-----।" ਬਾਬਾ ਜੀ ਨੇ ਫਿਰ ਚੁੱਪ ਧਾਰੀ ਰੱਖੀ।

-"ਬਾਬਾ ਜੀ-ਇਹ ਰਾਜ਼ ਪਹਿਲੀ ਵਾਰ ਸਿਰਫ਼ ਤੁਹਾਡੇ ਕੋਲ ਈ ਖੋਹਲਿਐ!"

-"ਜਿਹੜਾ ਰਾਜ਼ ਤੂੰ ਮੇਰੇ ਕੋਲ ਖੋਲ੍ਹ ਦਿੱਤਾ-ਇਹ ਤਾਂ ਸਮਝ ਲੈ ਖੂਹ 'ਚ ਪੈ ਗਿਆ ਪੁੱਤਰਾ! ਦਿਲ ਦਾ ਦੁੱਖ ਕਿਸੇ ਨਾ ਕਿਸੇ ਕੋਲੇ ਜ਼ਰੂਰ ਫਰੋਲਣਾ ਚਾਹੀਦੈ-ਤੇ ਨਹੀਂ ਤਾਂ ਇਹ ਨਾਸੂਰ ਦਾ ਰੂਪ ਧਾਰਨ ਕਰ ਲੈਂਦੈ-ਇਹ ਸੰਸਾਰ ਕੰਜਰਘਾਟ ਅਤੇ ਵੇਸਵਾ ਦਾ ਦਰ ਐ ਪ੍ਰੀਤ ਸਿਆਂ-ਜਿੱਧਰ ਦੇਖੇਂਗਾ-ਪਰਲੋਂ ਹੀ ਨਜ਼ਰ ਆਊ!"

-"ਬਾਬਾ ਜੀ ਇਹਨਾਂ ਦੁੱਖਾਂ ਦਾ-ਇਹਨਾਂ ਕੀਤੇ ਕਾਰਨਾਵਿਆਂ ਦਾ ਕੋਈ ਹੱਲ? ਰੋਗ ਦੀ ਕੋਈ ਦਾਰੂ? ਨਵਿਰਤੀ ਢੰਗ? ਮੁਕਤੀ-ਮਾਰਗ? ਜਾਂ ਫਿਰ ਮੈਂ ਹੱਲੇ-ਗੁੱਲੇ 'ਚ ਈ ਮਾਰਿਆ ਜਾਊਂ?"

ਬਾਬਾ ਜੀ ਹੱਸ ਪਏ!

-"ਪ੍ਰੀਤ ਸਿਆਂ! ਗੁਰੂ ਬਖਸ਼ੀ ਰੱਖੇ! ਬਾਬੇ ਦੀ ਬਾਣੀ ਕਹਿੰਦੀ ਐ-ਸੰਯੋਗ ਵਿਯੋਗ ਦੁਇ ਕਾਰ ਚਲਾਵੈ।। ਲੇਖੇ ਆਵੈ ਭਾਗ।।" ਬਾਬਾ ਨੱਥਾ ਸਿੰਘ ਵੱਲੋਂ ਬੋਲੀ ਇੱਕੋ ਪੰਗਤੀ ਨੇ ਪ੍ਰੀਤ ਦਾ ਮਨ ਸ਼ਾਂਤ ਕਰ ਦਿੱਤਾ।

-"-----।"

-"ਬਾਕੀ ਰਹੀ ਦੂਜੇ ਕੁਕਰਮ ਦੀ ਗੱਲ-ਘਟਿ ਘਟਿ ਕੇ ਅੰਤਰ ਕੀ ਜਾਨਤ।। ਭਲੇ ਬੁਰੇ ਕੀ ਪੀਰ ਪਛਾਨਤਿ।। ਚੰਗੇ ਮੰਦੇ ਨੂੰ ਉਹ ਸਭ ਪਛਾਣਦੈ ਭਾਈ! ਉਹ ਹਰ ਜ਼ਰਰੇ ਵਿਚ ਵਸਦੈ-ਘਟਿ ਘਟਿ ਮੈਂ ਹਰਿ ਜੂ ਵਸੈ।। ਸੰਤਨ ਕਹਿਓ ਪੁਕਾਰ।। ਚੰਗਾ ਮੰਦਾ ਉਹਦੇ 'ਤੇ ਸਿੱਟ ਕੇ, ਬੇਫਿਕਰ ਹੋ ਜਾਈਏ!"

-"ਜਿਹੜਾ ਰੱਬ ਦੇ ਘਰੋਂ ਜੀਅ ਆਇਐ-ਉਹਦਾ ਕੀ ਕਰਾਂ ਜੀ? ਉਹ ਤਾਂ ਮੇਰੇ ਦਿਲ ਤੋਂ ਨਹੀਂ ਉਤਰਦਾ!" ਪ੍ਰੀਤ ਹੋਰ ਕੁਰਲਾ ਉਠਿਆ।

-"ਪ੍ਰੀਤ ਸਿਆਂ! ਹਰ ਕਿਸੇ ਗੱਲ ਦਾ ਕੋਈ ਢੰਗ ਤੇ ਸਮਾਂ ਹੁੰਦੈ-ਤੂੰ ਨਿਸਚਿੰਤ ਹੋ ਕੇ ਗੁਰੂ ਦਾ ਸ਼ੁਕਰਾਨਾ ਕਰੀ ਚੱਲ-ਉਹ ਆਪੇ ਹੀ ਕੋਈ ਰਸਤਾ ਦਿਖਾ ਦਿੰਦੈ-ਬੜਾ ਬੇਅੰਤ ਤੇ ਬੜਾ ਬੇਪ੍ਰਵਾਹ ਹੈ ਉਹ ਮੇਰਾ ਮਾਲਕ-ਉਸ ਦੀਆਂ ਅਕੱਥ ਕਥਾਵਾਂ ਉਹ ਹੀ ਜਾਣਦੈ-ਕਿੱਡਾ ਵੀ ਸਖ਼ਤ ਇਮਤਿਹਾਨ ਜ਼ਿੰਦਗੀ ਦੇ ਵਿਚ ਆ ਪਵੇ, ਗੁਰੂ ਦੇ ਪਿਆਰਿਆ! ਪਰ ਬਾਬੇ ਨਾਨਕ ਤੋਂ ਕਦੇ ਬੇਮੁੱਖ ਨਹੀਂ ਹੋਣਾ-ਉਹਦਾ ਪੱਲਾ ਨਹੀਂ ਛੱਡਣਾ-ਜਦ ਫਿਰ ਉਹਦਾ ਆਸਰਾ ਹੀ ਇੱਕੋ-ਇੱਕ ਢਾਸਣਾ ਬਣ ਜਾਵੇ ਤੇ ਫੇਰ ਮਿੱਤਰਾ ਤੱਤੀ ਤਵੀ 'ਤੇ ਬੈਠਿਆਂ ਵੀ: ਤੇਰਾ ਕੀਆ ਮੀਠਾ ਲਾਗੈ।। ਹਰਿ ਨਾਮ ਪਦਾਰਥ ਨਾਨਕ ਮਾਂਗੈ।। ਹੀ ਮੂੰਹੋਂ ਨਿਕਲਦੈ-ਦਿੱਲੀ ਦੇ ਚਾਂਦਨੀ ਚੌਂਕ ਵਿਚ ਸੀਸ ਭੇਟ ਕਰਨ ਵੇਲੇ ਵੀ ਧੰਨ ਕਰਤਾਰ! ਧੰਨ ਕਰਤਾਰ!! ਹੀ ਹੁੰਦੀ ਐ-ਜਦ ਭਾਈ ਜੈਤੇ ਵਰਗੇ ਸੀਸ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚਦੇ ਐ ਤਾਂ: ਠੀਕਰਿ ਫੋਰਿ ਦਿਲੀਸ ਸਿਰੁ ਪ੍ਰਭਿ ਪੁਰ ਕੀਆ ਪਿਆਨ।। ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨੁ।। ਬਚਨ ਮੂੰਹੋਂ ਨਿਕਲਦੇ ਐ! ਫੇਰ ਮਾਛੀਵਾੜੇ ਦੇ ਜੰਗਲਾਂ ਵਿਚ ਸਾਰਾ ਸਰਬੰਸ ਵਾਰਨ ਪਿੱਛੋਂ ਵੀ ਆਪਣੇ ਮਿੱਤਰ ਪਿਆਰੇ ਨਾਲ ਹੀ ਗੱਲਾਂ ਹੁੰਦੀਐਂ! ਠੰਢੇ ਬੁਰਜ ਤੇ ਸਰਹੰਦ ਦੀ ਦੀਵਾਰ ਵਿਚ ਖੜ੍ਹ ਕੇ ਵੀ ਉਸੇ ਦੇ ਗੁਣ ਗਾਏ ਜਾਂਦੇ ਐ-ਆਰਾ ਸੀਸ 'ਤੇ ਧਰਨ ਤੋਂ ਪਹਿਲਾਂ ਆਖਰੀ ਖ਼ਾਹਿਸ਼ ਪੁੱਛੀ ਜਾਂਦੀ ਐ ਤਾਂ ਗੁਰੂ ਦਾ ਸਿੱਖ ਕਹਿੰਦੈ: ਮੇਰੇ ਗੁਰੂ ਦਾ ਪਿੰਜਰਾ ਮੇਰੇ ਸਾਹਮਣੇ ਰੱਖ ਦਿਓ! ਹੈ ਨਾ ਉਸੇ ਦੀ ਲੀਲ੍ਹਾ?"

-"-----।" ਪ੍ਰੀਤ ਦੀ ਰੂਹ ਸੀਤਲ ਹੋ ਗਈ।

ਬਾਬਾ ਨੱਥਾ ਸਿੰਘ ਦੀਆਂ ਦਿੱਤੀਆਂ ਨਿੱਗਰ ਦਲੀਲਾਂ ਨੇ ਉਸ ਦੇ ਚਸਕਦੇ ਜ਼ਖਮਾਂ 'ਤੇ ਫ਼ਹੇ ਹੀ ਤਾਂ ਰੱਖ ਦਿੱਤੇ ਸਨ। ਉੱਚੜੀ ਆਤਮਾ 'ਤੇ ਲੇਪ ਹੀ ਤਾਂ ਕਰ ਦਿੱਤੀ ਸੀ।

ਪ੍ਰੀਤ ਦੀ ਉੱਜੜੀ-ਉੱਜੜੀ ਆਤਮਾ ਕਿਸੇ ਸੰਤੁਸ਼ਟੀ ਨਾਲ ਨੱਕੋ-ਨੱਕ ਭਰ ਗਈ ਸੀ। ਬਾਬਾ ਨੱਥਾ ਸਿੰਘ ਦਾ ਲੜ ਫੜ ਕੇ ਉਸ ਨੂੰ ਇੰਜ ਮਹਿਸੂਸ ਹੋਇਆ ਸੀ ਕਿ ਪ੍ਰਦੇਸੀਂ ਉਹ ਇਕੱਲਾ ਨਹੀਂ ਸੀ। ਸੱਖਣਾ ਨਹੀਂ ਸੀ। ਰੱਬੀ-ਰੂਹ ਬਾਬਾ ਨੱਥਾ ਸਿੰਘ ਉਸ ਦੇ ਨਾਲ-ਨਾਲ ਸੀ। ਉਹ ਨਿਮਾਣਾਂ ਜਾਂ ਨਿਤਾਣਾਂ ਨਹੀਂ ਸੀ। ਉਸ ਦੇ ਮਗਰ ਕੋਈ ਹਿਮਾਲੀਆ ਪਰਬਤ ਸਹਾਰਾ ਬਣ ਕੇ ਖੜ੍ਹਾ ਸੀ!

0 0 0 0 0 0 0

ਅੱਜ ਜੋਗਿੰਦਰ ਦੀ ਮਾਤਾ ਤੇਜ ਕੌਰ ਨੇ ਆਉਣਾ ਸੀ। ਜੋਗਿੰਦਰ ਨੇ ਫ਼ਰਮ 'ਚੋਂ ਹਫ਼ਤੇ ਦੀਆਂ ਛੁੱਟੀਆਂ ਲੈ ਲਈਆਂ ਸਨ। ਸ਼ਿੰਗਾਰੇ ਹੋਰਾਂ ਨੂੰ ਸ਼ਾਮ ਨੂੰ ਘਰੇ ਦਾਅਵਤ ਦੇ ਦਿੱਤੀ ਸੀ। ਦਿਲਪ੍ਰੀਤ ਵਾਲੀ ਪਾਰਟੀ ਉਸ ਦੇ ਸਿਰ ਹੀ ਖੜ੍ਹੀ ਸੀ। ਸ਼ਿੰਗਾਰੇ ਹੋਰੀਂ ਕਈ ਵਾਰ ਜੋਗਿੰਦਰ ਨੂੰ ਉਲਾਂਭੇ ਵੀ ਦੇ ਚੁੱਕੇ ਸਨ।

-"ਵੱਡੇ ਬਾਈ ਜੀ! ਭੱਜਿਆਂ ਨਹੀਂ ਸਰਨਾਂ! ਸਾਡੀ ਪਾਰਟੀ ਦਿਨੋਂ ਦਿਨ ਭਾਰੀ ਹੁੰਦੀ ਜਾਂਦੀ ਐ!"

-"ਉਏ ਛੋਟੇ ਭਾਈ! ਭੱਜਦਾ ਮੈਂ ਜਮਾਂ ਈ ਨਹੀਂ-ਪਾਰਟੀ ਥੋਡੀ ਜਿੰਨੀ ਮਰਜੀ ਐ, ਭਾਰੀ ਹੋ ਲੈਣ ਦਿਓ-ਇਕ ਦਿਨ ਵਿਚ ਦੀ ਹੀ ਲੱਦਾ ਲਾਹ ਦਿਆਂਗੇ-ਪਰ ਮੈਂ ਤਾਂ ਤੇਰੀ ਭਰਜਾਈ ਦੀ ਸਿਹਤ ਕਰਕੇ ਈ ਚੁੱਪ ਐਂ-ਬੇਬੇ ਦੇ ਕਾਗਜ਼ ਭੇਜੇ ਵੇ ਐ-ਜਿੱਦੇਂ ਆ ਗਈ-ਸਾਰੀਆਂ ਉਲਾਂਭੀਆਂ ਲਾਹ ਦਿਆਂਗੇ।" ਜੋਗਿੰਦਰ ਨੇ ਆਖਿਆ ਸੀ।

ਬੇਬੇ ਨੇ ਪੂਰੇ ਗਿਆਰਾਂ ਵਜੇ ਏਅਰਪੋਰਟ 'ਤੇ ਉਤਰਨਾ ਸੀ।

ਸ਼ਿੰਗਾਰੇ ਹੋਰਾਂ ਨੇ ਵੀ ਅੱਜ ਸਪੈਸ਼ਲ ਛੁੱਟੀ ਲਈ ਸੀ। ਜੋਗਿੰਦਰ ਦੀ ਬੇਬੇ ਦਾ ਚਾਅ ਉਹਨਾਂ ਨੂੰ ਆਪਣੀ ਮਾਂ ਆਉਣ ਜਿੰਨਾ ਹੀ ਸੀ। ਪ੍ਰਦੇਸਾਂ ਵਿਚ ਅਗਲੇ ਦੀ ਮਾਂ, ਆਪਣੀ ਮਾਂ ਜਿੰਨਾਂ ਹੀ ਆਸਰਾ ਦਿਸਦੀ ਹੈ! ਜਦ ਕਿ ਅਗਲੇ ਦੀ ਆਈ ਘਰਵਾਲੀ, ਆਪਣੀ ਘਰਵਾਲੀ ਦੇ ਵਿਛੋੜੇ ਦੇ ਸੱਲ ਨੂੰ ਦੁੱਗਣਾਂ ਕਰ ਦਿੰਦੀ ਹੈ!

ਜੋਗਿੰਦਰ ਤਿਆਰ ਹੋ ਚੁੱਕਾ ਸੀ। ਪਰ ਸਰਬਜੀਤ ਤਿਆਰ ਨਹੀਂ ਹੋ ਰਹੀ ਸੀ। ਜਿਸ ਦਿਨ ਦਾ ਬੇਬੇ ਤੇਜ ਕੌਰ ਦਾ ਇੱਧਰ ਦਾ ਵੀਜ਼ਾ ਲੱਗਿਆ ਸੀ, ਸਰਬਜੀਤ ਉਸ ਦਿਨ ਤੋਂ ਹੀ ਕੁਝ ਜ਼ਿਆਦਾ ਹੀ ਚੁੱਪ-ਚੁੱਪ ਜਿਹੀ ਸੀ। ਜੋਗਿੰਦਰ ਇਹ ਗੱਲ ਉਸ ਦਿਨ ਤੋਂ ਹੀ ਤਾੜਦਾ ਆ ਰਿਹਾ ਸੀ। ਪਰ ਬੇਬੇ ਨੇ ਤਾਂ ਇਸ ਨਾਲ ਕੋਈ ਜ਼ਿਆਦਤੀ ਨਹੀਂ ਕੀਤੀ ਸੀ? ਸੋਚ ਕੇ ਉਹ ਆਪਣੇ ਮਨ ਦਾ ਹੀ ਭਰਮ ਮੰਨਣ ਲੱਗ ਪੈਂਦਾ। ਬੇਬੇ ਨਾਲ ਸਰਬਜੀਤ ਦਾ ਕੋਈ ਰੰਜ ਨਜ਼ਰ ਨਾ ਆਉਂਦਾ। ਬੇਬੇ ਤਾਂ ਸਰਬਜੀਤ ਨੂੰ ਦੇਖ-ਦੇਖ ਜਿਉਂਦੀ ਰਹੀ ਸੀ। 'ਪੁੱਤ-ਪੁੱਤ' ਕਰਦੀ ਦਾ ਮੂੰਹ ਸੁੱਕਦਾ ਰਿਹਾ ਸੀ। ਉਸ ਨੂੰ ਜਲਦੀ ਬੁਲਾਉਣ ਲਈ ਵੀ ਸਾਰਿਆਂ ਤੋਂ ਜ਼ਿਆਦਾ ਬੇਬੇ ਨੇ ਦਬਾਅ ਪਾਇਆ ਸੀ। ਤੇ ਫਿਰ ਜਿਤਨਾ ਚਿਰ ਸਰਬਜੀਤ ਇੰਡੀਆ ਰਹੀ ਸੀ, ਬੇਬੇ ਨੇ ਕੰਮ ਨੂੰ ਹੱਥ ਨਹੀਂ ਲਾਉਣ ਦਿੱਤਾ ਸੀ।

-"ਪੁੱਤ! ਜਿੰਨਾਂ ਕੁ ਚਿਰ ਤੂੰ ਐਥੇ ਐਂ-ਕੰਮ ਨੂੰ ਜਮਾਂ ਹੱਥ ਨਾ ਲਾਈਂ-ਨਹੀਂ ਮੇਰੇ ਮੂੰਹੋਂ ਕੁਛ ਹੋਰ ਨਿਕਲਜੂ!" ਬੇਬੇ ਨੇ ਪਹਿਲੇ ਦਿਨ ਹੀ ਸਰਬਜੀਤ ਨੂੰ ਹੱਸ ਕੇ ਕਿਹਾ ਸੀ।

-"ਬਾਹਰ ਜਾ ਕੇ ਤਾਂ ਤੂੰ ਆਬਦਾ ਘਰ ਸੁੱਖ ਨਾਲ ਆਪ ਈ ਸੰਭਾਲਣਾ ਈ ਐਂ-ਪਰ ਐਥੇ ਕੰਮ ਨੂੰ ਹੱਥ ਨਾ ਲਾਈਂ-ਆਬਦਾ ਜਿਉਂਦੇ ਵਸਦੇ ਰਹੋ-ਦੁੱਧੀਂ ਨਹਾਵੋ ਤੇ ਪੁੱਤੀਂ ਫਲੋਂ।"

ਜੋਗਿੰਦਰ ਦੇ ਛੁੱਟੀ ਕੱਟ ਕੇ ਆ ਜਾਣ ਤੋਂ ਬਾਅਦ ਬੇਬੇ ਨੇ ਸਰਬਜੀਤ ਨੂੰ ਮੰਗਵਾਉਣ ਵਾਸਤੇ ਜੋਗਿੰਦਰ ਦੇ ਨਾਸੀਂ ਧੂੰਆਂ ਲਿਆ ਦਿੱਤਾ ਸੀ।

ਜਿੰਨਾਂ ਚਿਰ ਸਰਬਜੀਤ ਇੱਧਰ ਨਾ ਆ ਗਈ, ਉਨਾਂ ਚਿਰ ਬੇਬੇ ਨੇ ਜੋਗਿੰਦਰ ਦਾ ਜਿਉਣਾ ਦੁੱਭਰ ਕਰੀ ਰੱਖਿਆ ਸੀ।

-"ਨੂੰਹਾਂ ਤਾਂ ਭਾਈ ਪੁੱਤਾਂ ਨਾਲ ਈ ਸੋਹਣੀਆਂ ਲੱਗਦੀਐਂ!" ਬੇਬੇ ਇੱਕੋ ਰਟ ਹੀ ਲਾਈ ਰੱਖਦੀ।

ਫ਼ੋਨ ਦੀ ਘੰਟੀ ਖੜਕ ਪਈ।

ਸ਼ਿੰਗਾਰਾ ਸੀ।

-"ਤੁਰੇ ਨਹੀਂ ਬਾਈ ਜੀ ਅਜੇ?" ਉਸ ਨੇ ਪੁੱਛਿਆ।

-"ਅਜੇ ਤਾਂ ਨੌਂ ਈ ਵੱਜੇ ਐ-ਦਸ ਕੁ ਵਜੇ ਈ ਤੁਰਾਂਗੇ-ਅੱਧੇ ਘੰਟੇ ਦੀ ਤਾਂ ਵਾਟ ਐ।" ਜੋਗਿੰਦਰ ਨੇ ਆਖਿਆ।

-"ਕਿਤੇ ਮੂੜ੍ਹ ਈ ਨਾ ਬਣਾਉਣ ਲੱਗ ਪਇਓ?"

-"ਮੂੜ੍ਹ ਬੇਬੇ ਆਈ ਤੋਂ ਬਣਾਵਾਂਗੇ!"

-"ਚੰਗਾ ਫੇਰ-ਸਾਢੇ ਕੁ ਦਸ ਵਜੇ ਏਅਰਪੋਰਟ 'ਤੇ ਈ ਮਿਲਾਂਗੇ, ਬਾਈ ਜੀ!"

-"ਠੀਕ ਐ।"

ਫ਼ੋਨ ਕੱਟੇ ਗਏ।

-"ਤੂੰ ਤਿਆਰ ਨਹੀਂ ਹੋਈ ਅਜੇ?" ਜੋਗਿੰਦਰ ਨੇ ਸਰਬਜੀਤ ਨੂੰ ਕਿਹਾ।

-"ਮੈਂ ਉਥੇ ਕੀ ਕਰੂੰਗੀ? ਤੁਸੀਂ ਲੈ ਆਓ ਜਾ ਕੇ ।" ਸਰਬਜੀਤ ਨੇ ਘਸਮੈਲਾ ਜਿਹਾ ਮੂੰਹ ਬਣਾ ਕੇ ਆਖਿਆ।

-"ਸਰਬਜੀਤ-ਜੇ ਤੂੰ ਬੇਬੇ ਦੇ ਮੰਗਵਾਉਣ 'ਤੇ ਖੁਸ਼ ਨਹੀਂ ਸੀ, ਤਾਂ ਮੈਨੂੰ ਪਹਿਲਾਂ ਦੱਸ ਦਿੰਦੀ? ਆਪਾਂ ਨਾ ਮੰਗਵਾਉਂਦੇ!"

-"-----।" ਸਰਬਜੀਤ ਪੱਥਰ ਬਣ ਕੇ ਬੈਠੀ ਰਹੀ।

-"ਹੁਣ ਕਰੀ ਕਰਾਈ ਤਾਂ ਨਾ ਖੂਹ 'ਚ ਪਾ? ਨਾਲੇ ਬੇਬੇ ਨੇ ਤਾਂ ਤੈਨੂੰ ਕਦੇ ਮਾੜਾ ਬਚਨ ਵੀ ਨਹੀਂ ਬੋਲਿਆ? ਬਈ ਬੰਦਾ ਸੋਚੇ, ਬਈ ਚੱਲ ਕੋਈ ਪੁਰਾਣੀ ਰੜਕ ਹੋਊ? ਤੇਰੇ ਵਿਚ ਦੀ ਵਿਚਾਰੀ ਸਾਹ ਲੈਂਦੀ ਰਹੀ ਐ-ਦੇਖ ਦੇਖ ਕੇ ਤੈਨੂੰ ਜਿਉਂਦੀ ਸੀ-ਤੈਨੂੰ ਐਧਰ ਭੇਜਣ ਵੇਲੇ ਮੇਰੇ ਨੱਕ 'ਚ ਦਮ ਕਰੀ ਰੱਖਿਐ-ਨਹੀਂ ਲੋਕਾਂ ਦੀਆਂ ਮਾਵਾਂ ਤਾਂ ਕਹਿੰਦੀਐਂ: ਭਾਈ ਇਹਨੇ ਉਥੇ ਜਾ ਕੇ ਕੀ ਕਰਨੈਂ? ਤੂੰ ਕਮਾਈ ਕਰ ਤੇ ਭੈਣ ਭਾਈ ਕਿਉਂਟ-ਇਹ ਐਥੇ ਘਰ ਦਾ ਕੰਮ ਕਰੂਗੀ-ਐਥੇ ਕਿਹੜਾ ਸਰਦੈ? ਪਰ ਬੱਤੀ ਸੁਲੱਖਣੀ ਬੇਬੇ ਨੇ ਤਾਂ ਕਦੇ ਐਹੋ ਜੀ ਗੱਲ ਨਹੀਂ ਚਿਤਾਰੀ ਸੀ-ਉਹਦੀ ਤਾਂ ਇੱਕੋ ਈ ਗੱਲ ਸੀ-ਸਰਬਜੀਤ ਨੂੰ ਮੰਗਵਾਲੈ ਭਾਈ! ਨੂੰਹ ਨੂੰ ਮੰਗਵਾਲੈ ਭਾਈ! ਬਹੂ ਨੂੰ ਮੰਗਵਾਲੈ ਭਾਈ! ਸਰਬਜੀਤ! ਬਹੁਤ ਮਾੜੀ ਗੱਲ ਐ ਤੇਰੀ!"

ਸਰਬਜੀਤ ਤਿਆਰ ਹੋਣ ਲੱਗ ਪਈ।

ਦਿਲਪ੍ਰੀਤ ਰੋਣ ਲੱਗ ਪਿਆ।

ਜੋਗਿੰਦਰ ਨੇ ਉਸ ਨੂੰ ਚੁੱਕ ਲਿਆ। ਪਰ 'ਲੋਰੀਆਂ' ਦੇਣ ਨੂੰ ਉਸ ਦਾ ਦਿਲ ਨਾ ਕੀਤਾ। ਸਰਬਜੀਤ ਦੇ ਵਰਤਾਓ ਨੇ ਉਸ ਦਾ ਮੂਡ ਤੜਕੇ ਹੀ ਖਰਾਬ ਕਰ ਦਿੱਤਾ ਸੀ। ਉਹ 'ਅਊਂ-ਅਊਂ' ਜਿਹਾ ਕਰਕੇ ਦਿਲਪ੍ਰੀਤ ਨੂੰ ਵਿਰਾਉਂਦਾ ਰਿਹਾ।

ਟੈਲੀਫ਼ੋਨ ਫਿਰ ਅੜਿੰਗ ਉਠਿਆ।

ਜੋਗਿੰਦਰ ਦਾ ਦਿਲ ਕੀਤਾ ਟੈਲੀਫ਼ੋਨ ਨੂੰ ਚਲਾ ਕੇ ਮਾਰੇ। ਪਰ ਫਿਰ ਵੀ ਉਸ ਨੇ 'ਹੈਲੋ' ਜਾ ਆਖੀ।

-"ਮਾਮਾ ਜੀ! ਤੁਸੀਂ ਪਹੁੰਚੇ ਈ ਨ੍ਹੀ ਹਾਲੇ ਤੱਕ?" ਪ੍ਰੀਤ ਦੇ ਬੋਲਾਂ ਵਿਚ ਹੈਰਾਨਗੀ ਸੀ।

ਜੋਗਿੰਦਰ ਦਾ ਮਨ ਕੀਰਨਾਂ ਪਾਉਣ ਨੂੰ ਕੀਤਾ।

ਪਰ ਉਹ ਸੰਭਲ ਗਿਆ।

-"ਉਏ ਕਾਹਨੂੰ! ਤੇਰੀ ਮਾਮੀਂ ਤਿਆਰ ਹੁੰਦੀ ਐ-ਬੱਸ ਤੁਰਨ ਆਲੇ ਈ ਐਂ-ਤੂੰ ਪਹੁੰਚ ਵੀ ਗਿਆ?"

-"ਮੈਂ ਤਾਂ ਏਅਰਪੋਰਟ 'ਤੇ ਪਹੁੰਚਿਆ ਵਿਐਂ ਕੋਈ ਘੰਟੇ ਦਾ! ਫੁੱਲ ਫੱਲ ਲੈਂਦਾ ਲੇਟ ਹੋ ਗਿਆ।"

-"ਬੱਸ ਤੇਰੀ ਮਾਮੀਂ ਦੇ ਤਿਆਰ ਹੋਣ ਦੀ ਦੇਰ ਐ-ਬੱਸ ਤੁਰ ਪਏ ਅਸੀਂ।"

-"ਕਿਤੇ ਤੁਸੀਂ ਨਾ 'ਤਿਆਰ' ਹੋਣ ਲੱਗ ਪਇਓ?"

-"ਉਏ ਕਾਹਨੂੰ! ਬੱਸ ਆ ਗਏ ਅਸੀਂ।"

ਟੈਲੀਫ਼ੋਨ ਰੱਖ ਕੇ ਜੋਗਿੰਦਰ ਨੇ ਮੂਡ਼੍ਹ ਠੀਕ ਕਰਨ ਲਈ ਇੱਕ ਕਰੜਾ ਪੈੱਗ ਅੰਦਰ ਸੁੱਟ ਹੀ ਲਿਆ।

ਗੱਡੀ ਛੂਟ ਵੱਟੀ ਏਅਰਪੋਰਟ ਨੂੰ ਭੱਜੀ ਜਾ ਰਹੀ ਸੀ। ਗੁਰਬਾਣੀ ਵਾਲੀ ਟੇਪ ਚੱਲ ਰਹੀ ਸੀ।

-"ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥" (959)

ਅੱਧੇ ਕੁ ਘੰਟੇ ਵਿਚ ਉਹ ਏਅਰਪੋਰਟ ਪਹੁੰਚ ਗਏ। ਪ੍ਰੀਤ, ਲਾਡੀ ਅਤੇ ਸ਼ਿੰਗਾਰੇ ਹੋਰੀਂ ਉਸ ਦੀ ਕਾਰ ਦੁਆਲੇ ਭਰਿੰਡਾਂ ਵਾਂਗ ਇਕੱਠੇ ਹੋ ਗਏ। ਉਹ ਫੁੱਲਾਂ ਦੇ ਗੁਲਦਸਤੇ ਹੱਥਾਂ ਵਿਚ ਚੁੱਕੀ ਫਿਰਦੇ ਸਨ। ਯਾਰਾਂ-ਮਿੱਤਰਾਂ ਅਤੇ ਹਮਦਰਦਾਂ ਨੂੰ ਦੇਖ ਕੇ ਜੋਗਿੰਦਰ ਦੇ ਮਨ 'ਤੇ ਲੱਗੀ ਉਦਾਸੀ ਦੀ ਜਿਲਬ ਕਾਫ਼ੀ ਹੱਦ ਤੱਕ ਲਹਿ ਗਈ।

ਪ੍ਰੀਤ ਨੇ ਫੁੱਲ ਸਰਬਜੀਤ ਨੂੰ ਫੜਾ ਕੇ ਦਿਲਪ੍ਰੀਤ ਨੂੰ ਚੁੱਕ ਲਿਆ।

-''ਬਾਈ ਜੀ-ਹੁਣ ਇੱਕ ਇੱਕ ਪੈੱਗ ਹੋਜੇ।'' ਸ਼ਿੰਗਾਰੇ ਨੇ ਜੋਗਿੰਦਰ ਨੂੰ ਕਿਹਾ।

-''ਫ਼ਲਾਈਟ ਆਉਣ 'ਚ ਅਜੇ ਘੰਟਾ ਪਿਐ।'' ਲਾਡੀ ਬੋਲਿਆ।

-''ਬੇਬੇ ਨਾ ਜੁੱਤੀਏਂ ਡਹਿ ਪਵੇ?'' ਜੀਤੇ ਨੇ ਡਰ ਦੱਸਿਆ।

-''ਇੱਕ-ਇੱਕ ਪੈੱਗ ਬੇਬੇ ਦੇ ਸਾਹਮਣੇ ਤੇ ਇੱਕ-ਇੱਕ ਚੋਰੀ।'' ਸ਼ਿੰਗਾਰਾ ਹੱਸਿਆ।

-''ਅੱਖਾਂ 'ਤੇ ਘਤਿੱਤਾਂ ਦੱਸਣਗੀਆਂ।'' ਰਣਜੀਤ ਚੱਕ ਤਾਰੇਵਾਲ ਬੋਲਿਆ। ਮੁੱਛਾਂ ਦੇ ਕੁੰਢ ਉਹ ਮੌਲੇ ਬਲਦ ਦੇ ਸਿੰਗਾਂ ਵਾਂਗ ਕਰੀ ਖੜ੍ਹਾ ਸੀ। ਛੀਂਟਵੀਂਆਂ ਜਿਹੀਆਂ ਅੱਖਾਂ ਵਿਚ ਰਾਤ ਦੀ ਪੀਤੀ ਦਾ ਨਸ਼ਾ ਡੋਲ ਰਿਹਾ ਸੀ। ਉਹ ਵਾਰ ਵਾਰ ਦੰਦੀਆਂ ਜਿਹੀਆਂ ਕੱਢਦਾ ਸੀ।

-''ਕਹਾਂਗੇ, ਬੇਬੇ ਕਦੇ-ਕਦੇ ਪੀਈਦੀ ਐ-ਤਾਂ ਹੀ ਚੜ੍ਹਦੀ ਐ!'' ਰੰਧਾਵੇ ਨੇ ਰੈਅ ਦਿੱਤੀ।

-''ਪਰ ਮੈਂ ਤਾਂ ਬੋਤਲ ਲੈ ਕੇ ਈ ਨਹੀਂ ਆਇਆ।'' ਜੋਗਿੰਦਰ ਬੋਲਿਆ।

-''ਅਸੀਂ ਬਾਈ ਬਾਣੀਏਂ ਦੀ ਆਖਤ ਤੇਰੇ ਤੋਂ ਹੱਟੀ ਵਾਰ ਦੇਈਏ-ਤੇਰੀ ਜਾਨ ਨੂੰ ਲੱਡੂਆਂ ਦਾ ਘਾਟੈ? ਬਾਈ ਤੂੰ ਹੁਕਮ ਕਰ-ਸਾਰਾ ਠੇਕਾ ਲੱਦ ਲਿਆਈਏ!'' ਸ਼ਿੰਗਾਰੇ ਦੀ ਪਹਿਲਾਂ ਹੀ ਲੱਗੀ ਹੋਈ ਲੱਗਦੀ ਸੀ।

-''ਸਰਬਜੀਤ! ਤੁਸੀਂ ਚੱਲ ਕੇ ਅੰਦਰ ਬੈਠੋ-ਅਸੀਂ ਆਏ।'' ਜੋਗਿੰਦਰ ਨੇ ਉਸ ਨੂੰ ਅਤੇ ਪ੍ਰੀਤ ਨੂੰ ਤੁਰਦਾ ਕਰ ਦਿੱਤਾ।

-''ਹਾਂ! ਹੁਣ ਬੋਲੋ! ਬੋਤਲ ਪੈਦਾ ਕਰੀਏ?''

-''ਸ਼ੇਰਾਂ ਦੇ ਘੋਰਨਿਆਂ 'ਚੋਂ ਬਾਈ ਮਾਸ ਕਦੇ ਮੁੱਕਿਐ?'' ਚੱਕ ਤਾਰੇਵਾਲ ਨੇ ਜਾਕਟ ਦਾ ਪਾਸਾ ਪਰ੍ਹੇ ਕਰਕੇ 'ਲਾਲ-ਪਰੀ' ਦੇ ਦਰਸ਼ਣ ਪੁਆਏ।

-''ਰਣਜੀਤ ਤੋਂ ਬਾਣੀਏਂ ਆਲੀ ਹੱਟੀ ਨਹੀਂ-ਜੱਟ ਆਲਾ ਸੁਹਾਗਾ ਵਾਰਨਾ ਪਊ!''

-''ਤੇਰੀ ਆਈ ਮੈਂ ਮਰਜਾਂ-ਤੇਰਾ ਵਾਲ ਵਿੰਗਾ ਨਾ ਹੋਵੇ।'' ਰੰਧਾਵੇ ਨੇ ਅੱਡੀ 'ਤੇ ਘੁਕ ਕੇ ਕਿਹਾ।

-''ਇਹ ਬੋਤਲ ਨੂੰ ਕਹਿੰਨੈਂ ਕਿ ਚੱਕ ਤਾਰੇਵਾਲ ਨੂੰ?''

-''ਦੋਨਾਂ ਨੂੰ ਈ ਕਹਿੰਨੈਂ-ਬੋਤਲ ਜਿਉਂ ਇਹਦੇ ਡੱਬ 'ਚ ਐ।''

ਸਾਰੇ ਹੱਸ ਪਏ।

-''ਪਾਣੀ ਤੇ ਗਿਲਾਸ ਦਾ ਪ੍ਰਬੰਧ ਕਿੱਥੋਂ ਕਰੀਏ?'' ਲਾਡੀ ਅੱਗੇ ਅਗਲੀ ਮੁਸੀਬਤ ਆ ਹਾਜ਼ਰ ਹੋਈ।

-''ਸੇਫ਼ਟੀ ਬਲੇਡ ਕੁੱਲ ਚੀਜ਼ ਮਿਲੂ-ਮੈਂ ਸਾਰੇ ਪ੍ਰਬੰਧ ਕਰੀ ਫਿਰਦੈਂ।'' ਰਣਜੀਤ ਫਿਰ ਬੋਲਿਆ।

-''ਇਹ ਤਾਂ ਬਾਈ ਤੁਰਦਾ ਫਿਰਦਾ ਮਨਜ਼ੂਰ ਸ਼ੁਦਾ ਹਾਤਾ ਐ!''

-''ਸਦਕੇ ਜਾਵਾਂ ਤੇਰੇ, ਚੱਕ ਤਾਰੇਆਲੀਆ!'' ਸ਼ਿੰਗਾਰੇ ਨੇ ਉਸ ਨੂੰ ਲੱਕੋਂ ਚੁੱਕ ਲਿਆ।

-''ਪੀਵਾਂਗੇ ਕਿੱਥੇ?''

-''ਗੱਡੀ 'ਚ ਬਹਿ ਕੇ ਇੱਕ-ਇੱਕ ਮਾਰਲੋ!''

-''ਫ਼ਲਾਈਟ ਸਹੀ ਟਾਈਮ 'ਤੇ ਈ ਆ ਰਹੀ ਐ?''

-''ਬਿਲਕੁਲ ਸਹੀ ਟਾਈਮ 'ਤੇ!''

-''ਦੇਖ ਲਿਓ! ਖਿਆਲ ਰੱਖਿਓ! ਉਹ ਨਾ ਹੋਵੇ ਮਾਈ ਯੁਗੋਸਲਾਵੀਆ ਤੋਂ ਮੋੜ ਕੇ ਲਿਆਉਣੀ ਪਵੇ?''

ਫਿਰ ਹਾਸੜ ਪੈ ਗਈ।

ਬੋਤਲ ਨੂੰ ਦੇਖ ਕੇ ਸਾਰੇ ਲਾਚੜ ਗਏ ਸਨ।

ਸ਼ਿੰਗਾਰੇ ਦੀ ਗੱਡੀ ਵਿਚ ਬੈਠ ਉਹਨਾਂ ਨੇ ਇੱਕ ਇੱਕ ਹਾੜਾ ਚਾਹੜ ਲਿਆ। ਬੋਤਲ ਗੱਡੀ ਵਿਚ ਹੀ ਰੱਖ ਕੇ ਉਹ ਹਾਥੀਆਂ ਦੇ ਝੁੰਡ ਵਾਂਗ ਏਅਰਪੋਰਟ ਦੇ ਅੰਦਰ ਨੂੰ ਤੁਰ ਪਏ।

ਫ਼ਲਾਈਟ ਬਿਲਕੁਲ ਸਹੀ ਟਾਈਮ 'ਤੇ ਹੀ ਆ ਰਹੀ ਸੀ। ਸਾਰੇ, ਏਅਰਪੋਰਟ 'ਤੇ ਭਲਵਾਨੀ-ਗੇੜੇ ਜਿਹੇ ਦੇਣ ਲੱਗ ਪਏ।

ਫ਼ਲਾਈਟ ਉੱਤਰ ਆਈ।

ਇੰਮੀਗ੍ਰੇਸ਼ਨ ਅਤੇ ਫਿਰ ਕਸਟਮ ਤੋਂ ਵਿਹਲੀ ਹੋ ਕੇ ਬੇਬੇ ਬਾਹਰ ਆਈ ਤਾਂ ਜੋਗਿੰਦਰ ਉਸ ਦੇ ਪੈਰਾਂ ਵਿਚ ਜਾ ਡਿੱਗਿਆ।

ਉਹ ਬੱਚੇ ਵਾਂਗ ਹੀ ਤਾਂ ਬੇਬੇ ਦੀ ਬੁੱਕਲ ਵਿਚ ਵੜ ਗਿਆ ਸੀ।

ਜੋਗਿੰਦਰ ਨਾਲ ਬੇਬੇ ਦੀਆਂ ਅੱਖਾਂ ਵੀ ਛਲਕ ਪਈਆਂ। ਦੇਖ ਕੇ ਬਾਕੀਆਂ ਦੇ ਮਨ ਵੀ ਭਾਰੇ ਹੋ ਗਏ। ਸਾਰਿਆਂ ਦੇ ਦਿਲਾਂ ਵਿਚ ਮਾਂ ਦਾ ਵੈਰਾਗ ਖਲਬਲੀ ਪਾਉਣ ਲੱਗ ਪਿਆ ਸੀ।

-"ਮੇਰੀ ਨੂੰਹ ਤੇ ਪੋਤਾ ਕਿੱਥੇ ਐ ਪੁੱਤ?" ਬੇਬੇ ਨੇ ਅੱਖਾਂ ਅਤੇ ਨੱਕ ਪੂੰਝਦੀ ਨੇ ਬੜੇ ਹੀ ਹੇਰਵੇ ਨਾਲ ਪੁੱਛਿਆ।

-"ਬੇਬੇ ਪਹਿਲਾਂ ਸਾਡੇ ਫੁੱਲ ਤਾਂ ਮਨਜੂਰ ਕਰ ਲੈ!" ਸ਼ਿੰਗਾਰਾ ਬੋਲਿਆ।

ਸਾਰਿਆਂ ਨੇ ਫੁੱਲ ਫੜਾ ਕੇ ਬੇਬੇ ਦੇ ਪੈਰੀਂ ਹੱਥ ਲਾਏ। ਬੇਬੇ ਨੇ ਅਸੀਸਾਂ ਦੀ ਝੜੀ ਲਾ ਦਿੱਤੀ।

-"ਮੇਰੇ ਤਾਂ ਫੁੱਲ ਪੁੱਤ ਤੁਸੀਂ ਈ ਓਂ!" ਬੇਬੇ ਨੇ ਹੱਸ ਕੇ ਕਿਹਾ। ਫੁੱਲ ਜੋਗਿੰਦਰ ਨੂੰ ਫੜਾ ਦਿੱਤੇ।

-"ਆ ਬੇਬੇ, ਤੈਨੂੰ ਦੂਜੇ ਫੁੱਲ ਦੇ ਵੀ ਦਰਸ਼ਣ ਪੁਆਈਏ!" ਚੱਕ ਤਾਰੇਵਾਲੀਆ ਬੋਲਿਆ। ਉਸ ਦਾ ਇਸ਼ਾਰਾ ਬੇਬੇ ਦੇ ਪੋਤਰੇ ਵੱਲ ਸੀ।

-"ਹੁਣ ਆਪਾਂ ਭਾਈ ਕੌਣ ਹੁੰਨੇ ਆਂ?" ਜੋਗਿੰਦਰ ਨੇ ਸ਼ਿਕਵਾ ਕੀਤਾ।

-"ਹੁਣ ਤਾਂ ਬੇਬੇ ਨੂੰ ਪੋਤਰਾ ਈ ਦੀਂਹਦੈ!"

-"ਬਾਈ, ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਈ ਐ।"

ਤੁਰਦੇ-ਤੁਰਦੇ ਉਹ ਵੇਟਿੰਗ-ਰੂਮ ਵਿਚ ਸਰਬਜੀਤ ਹੋਰਾਂ ਕੋਲ ਆ ਗਏ। ਬੇਬੇ ਨੇ ਘੁੱਟ ਕੇ ਨੂੰਹ ਨੂੰ ਜੱਫ਼ੀ ਵਿਚ ਲਿਆ। ਪ੍ਰੀਤ ਨੂੰ ਪਿਆਰ ਦਿੱਤਾ ਅਤੇ ਪੋਤਰੇ ਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ। ਖ਼ੂਨ ਦਾ ਰਿਸ਼ਤਾ ਹਿੱਕ ਨਾਲ ਲੱਗਣ ਕਾਰਨ ਬੇਬੇ ਦੇ ਸਾਰੇ ਦੁੱਖ ਟੁੱਟ ਗਏ, ਕਾਲਜਾ ਠਰ ਗਿਆ। ਖਾਨਦਾਨ ਦੀ 'ਕੁਲ' ਦਾ ਦੀਵਾ ਬੇਬੇ ਦੀ ਕੁੱਛੜ ਚੁੱਕਿਆ ਹੋਇਆ ਸੀ। ਇਸ ਕਾਰਨ ਬੇਬੇ ਤੋਂ ਚਾਅ ਨਹੀਂ ਚੁੱਕਿਆ ਜਾ ਰਿਹਾ ਸੀ। ਪਰ ਇਸ ਖੁਸ਼ੀ ਨੂੰ ਬੇਬੇ ਸਬਰ ਵਾਲੇ ਭੜੋਲੇ ਵਿਚ ਸਾਂਭ ਗਈ ਸੀ। ਬੇਬੇ ਦਿਖਾਵੇਖੋਰ ਔਰਤ ਨਹੀਂ ਸੀ। ਸੱਤਾਂ ਦਹਾਕਿਆਂ ਦਾ ਸਫ਼ਰ ਪੂਰਾ ਕਰ ਚੁੱਕੀ ਬੇਬੇ ਖੁਸ਼ੀਆਂ ਅਤੇ ਗਮੀਆਂ ਦਾ ਇੱਕ ਵੱਡਾ ਸੋਮਾਂ, ਆਪਣੇ ਵਿਸ਼ਾਲ ਹਿਰਦੇ ਵਿਚ ਸਮਾਈ ਫਿਰਦੀ ਸੀ।

ਤੇਜ ਕੌਰ ਇੱਕ ਬੜੀ ਹੀ ਕੂਨੀ ਅਤੇ ਨਰਮ ਸੁਭਾਅ ਔਰਤ ਸੀ। ਬੜੀਆਂ ਹੀ 'ਤੱਤੀਆਂ-ਠੰਢੀਆਂ' ਹਵਾਵਾਂ ਜ਼ਿੰਦਗੀ ਵਿਚ ਵਗੀਆਂ, ਬੜੇ ਹਨ੍ਹੇਰ-ਝੱਖੜ ਆਏ। ਦੁੱਖਾਂ ਦੇ ਟੋਏ-ਟਿੱਬੇ ਪਾਰ ਕੀਤੇ, ਔਖੇ-ਸੌਖੇ ਵਕਤ ਗੁਜ਼ਾਰੇ। ਪਰ ਉਹ ਆਪਣੇ ਸਿਰੜ 'ਤੇ ਕਾਇਮ ਰਹੀ। ਅਕਾਲ-ਪੁਰਖ ਦਾ ਓਟ-ਆਸਰਾ ਲੈਂਦੀ, ਡੋਲੀ ਨਹੀਂ। ਰੁੱਖੀ-ਸੁੱਖੀ ਖਾ ਕੇ ਵੀ ਵਾਹਿਗੁਰੂ ਦਾ ਸ਼ੁਕਰਾਨਾ ਕਰਦੀ ਰਹੀ।

-"ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ।। ਭਗਤ ਜਨਾ ਕੈ ਸੰਗਿ ਪਾਪ ਗਵਾਵਣਾ।।" ਦੇ ਮਹਾਂਵਾਕ ਦੀ ਧਾਰਨੀ ਹੀ ਰਹੀ। ਸੁੱਕੀ ਖਾ ਕੇ ਵੀ ਉਸ ਦਾਤੇ ਦੀ ਸ਼ੁਕਰਗੁਜ਼ਾਰ। ਲੱਖ ਦੁਖੜੇ ਜਰ ਕੇ ਵੀ ਉਸ ਪ੍ਰਮ-ਸ਼ਕਤੀ ਦੀ ਰਜ਼ਾ ਵਿਚ ਰਾਜ਼ੀ! ਲੱਖ ਔਕੜਾਂ, ਲੱਖ ਮੁਸੀਬਤਾਂ ਅਤੇ ਗਰੀਬੀ ਦੇ ਪੱਥਰ ਢੋਂਦੀ ਵੀ ਉਸ ਦੇ ਭਾਣੇਂ ਅਨੁਸਾਰ ਚੱਲਦੀ ਰਹੀ।

ਕਾਰਾਂ ਕਾਫ਼ਲੇ ਦੀ ਸ਼ਕਲ ਵਿਚ ਏਅਰਪੋਰਟ ਤੋਂ ਘਰ ਨੂੰ ਤੁਰ ਪਈਆਂ। ਦਿਲਪ੍ਰੀਤ ਨੂੰ ਬੇਬੇ ਨੇ ਬੁੱਕਲ ਵਿਚੋਂ ਨਹੀਂ ਕੱਢਿਆ ਸੀ। ਉਹ ਦਾਦੀ ਵੱਲ ਇੱਕ ਟੱਕ ਨਾਲ ਦੇਖਦਾ, ਬੁੱਲ੍ਹਾਂ ਨਾਲ 'ਕੁਲਚ-ਕੁਲਚ' ਜਿਹੀ ਕਰੀ ਜਾ ਰਿਹਾ ਸੀ।

-"ਸਿਆਣ ਕੱਢਦੈਂ ਪੁੱਤ?" ਤੇਜ ਕੌਰ ਨੇ ਪੋਤੇ ਨਾਲ ਗੱਲਾਂ ਸ਼ੁਰੂ ਕਰ ਦਿੱਤੀਆਂ।

-"ਕੱਢਲਾ-ਕੱਢਲਾ।"

ਬੇਬੇ ਨੇ ਉਸ ਦਾ ਮੂੰਹ ਪੂੰਝਿਆ।

-"ਬੇਬੇ! ਹੁਣ ਇਹਦੇ ਨਾਲ ਗੱਲਾਂ ਕਰਕੇ ਕਮਲੀ ਨਾ ਹੋਜੀਂ!" ਜੋਗਿੰਦਰ ਦੇ ਆਖਣ 'ਤੇ ਉਸ ਦੇ ਨਾਲ

ਪ੍ਰੀਤ ਵੀ ਹੱਸ ਪਿਆ।

-"ਸਾਡੀ ਕੁਲ ਵਧੀ ਐ ਪੁੱਤ-ਖਾਨਦਾਨ ਦੀ ਜੜ੍ਹ ਲੱਗੀ ਐ-ਗੁਰੂ ਆਸਰੇ ਵੇਲ ਵਧੀ ਐ-ਮੈਂ ਤਾਂ ਇਉਂ ਈ ਕਮਲੀ ਹੋਊਂ।" ਬੇਬੇ ਨੇ ਠੋਕਵਾਂ ਉਤਰ ਮੋੜਿਆ।

-"ਬੇਬੇ ਗਿੱਧਾ ਪਾ! ਖੁਸ਼ੀ ਤਾਂ ਖੁਸ਼ੀ ਈ ਹੁੰਦੀ ਐ।" ਪ੍ਰੀਤ ਨੇ ਆਖਿਆ। ਜੋਗਿੰਦਰ ਦੀ ਰੀਸ ਨਾਲ ਤੇਜ ਕੌਰ ਨੂੰ ਉਹ ਵੀ ਕਦੇ ਕਦੇ 'ਬੇਬੇ' ਹੀ ਆਖ ਦਿੰਦਾ ਸੀ।

-"ਖੁਸ਼ੀ ਅਸੀਂ ਕਿਸੇ ਤੋਂ ਖੋਹੀ ਨਹੀਂ-ਰੱਬ ਸੱਚੇ ਨੇ ਦਿੱਤੀ ਐ ਪੁੱਤ!"

-"ਮੈਂ ਤਾਂ ਉਹਦਾ ਈ ਸੁਕਰ ਕਰਦੀ ਰਹਿੰਨੀ ਐਂ ਪੁੱਤ-ਕੁੜ੍ਹੇ ਨੂੰਹ ਰਾਣੀਏਂ! ਤੂੰ ਅੱਜ ਬੜੀ ਚੁੱਪ ਜੀ ਐਂ?" ਬੇਬੇ ਨੇ ਸਰਬਜੀਤ ਨੂੰ ਸੁਆਲ ਕੀਤਾ।

-"ਬੇਜੀ ਮੇਰੀ ਤਬੀਅਤ ਅੱਜ ਕੁਛ ਠੀਕ ਜੀ ਨਹੀਂ।" ਸਰਬਜੀਤ ਬਿਮਾਰਾਂ ਵਾਂਗ ਬੋਲੀ।

-"ਫੇਰ ਪੁੱਤ ਤੂੰ ਕਾਹਨੂੰ ਆਉਣਾ ਸੀ? ਇਹਨਾਂ ਨੂੰ ਈ ਭੇਜ ਛੱਡਦੀ-ਨਾਲੇ ਜੁਆਕ ਬੇਅਰਾਮ ਕੀਤਾ।"

-"ਮੈਂ ਤਾਂ ਬੇਜੀ ਬਥੇਰ੍ਹਾ ਕਿਹਾ ਸੀ-ਪਰ ਮੇਰੀ ਸੁਣਦਾ ਈ ਕੌਣ ਐਂ?" ਗੱਲ ਦੇ ਨਾਲ ਸਰਬਜੀਤ ਨੇ ਸ਼ਿਕਵਾ ਵੀ ਦਿਖਾਇਆ।

-"ਹੁਣ ਮੈਂ ਆ ਗਈ ਆਂ ਪੁੱਤ-ਹੁਣ ਕੱਢ ਦਿਆਂਗੇ ਆਪਾਂ ਇਹਨਾਂ ਨੂੰ ਸੂਈ ਦੇ ਨਖਾਰੇ ਵਿਚ ਦੀ-ਵਹਿਮ ਨਾ ਕਰ!" ਬੇਬੇ ਦੀ ਗੱਲ ਅੰਤਾਂ ਦੀ ਅਪਣੱਤ ਨਾਲ ਲਬਰੇਜ਼ ਸੀ।

ਕਾਫ਼ਲਾ ਘਰ ਅੱਗੇ ਜਾ ਰੁਕਿਆ।

ਬੇਬੇ ਦਾ ਸਮਾਨ ਗੱਡੀ ਵਿਚੋਂ ਉਤਾਰਿਆ ਗਿਆ।

ਸਾਰੇ ਅੰਦਰ ਚਲੇ ਗਏ।

ਖੁੱਲ੍ਹੇ ਵਿਹੜਿਆਂ-ਵਰਾਂਡਿਆਂ 'ਚੋਂ ਆਈ ਬੇਬੇ ਨੂੰ ਜੋਗਿੰਦਰ ਦਾ ਖੁੱਲ੍ਹਾ-ਡੁੱਲ੍ਹਾ ਘਰ ਵੀ ਭੀੜ੍ਹਾ-ਭੀੜ੍ਹਾ ਜਿਹਾ ਜਾਪਿਆ।

-"ਸਰਬਜੀਤ! ਬੇਬੇ ਨੂੰ ਟੁਆਇਲਟ ਦੇ ਰੰਗ ਢੰਗ ਸਮਝਾ ਦੇ-ਜੇ ਬੇਬੇ ਨੇ ਬਾਥਰੂਮ ਜਾਣੈਂ ਤਾਂ ਪੁੱਛ ਲੈ!"

ਜੋਗਿੰਦਰ ਪੀਣ ਦਾ ਜੁਗਾੜ ਕਰ ਰਿਹਾ ਸੀ।

ਪ੍ਰੀਤ ਗਿਲਾਸ ਅਤੇ ਕੋਕ ਬਗੈਰਾ ਚਿਣ ਰਿਹਾ ਸੀ।

-"ਕਾਹਨੂੰ ਬਾਹਲਾ ਢਾਣਸ ਜਿਆ ਕਰੀ ਜਾਨੈਂ? ਬਿੰਦ ਕੁ ਨੂੰ ਕੁਛ ਵੀ ਨਹੀਂ ਦਿਸਣਾ!" ਸ਼ਿੰਗਾਰਾ ਹੱਸ ਕੇ ਬੋਲਿਆ।

-"ਚੱਕ ਲਿਆ ਬੱਸ ਹੁਣ ਤਾਂ-ਕੰਡੇ 'ਚ ਹੋਈਏ-ਝੱਗੇ ਲਹੇ ਪਏ ਐ।" ਰਣਜੀਤ ਨੇ ਆਖਿਆ।

-"ਬੇਬੇ ਨਾ ਐਥੇ ਆ ਕੇ ਧਰਨਾ ਮਾਰਲੇ?"

-"ਦੋ-ਦੋ ਅੰਦਰ ਜਾ ਲੈਣਦੇ-ਫੇਰ ਨਹੀਂ ਧਰਨਿਆਂ ਧੁਰਨਿਆਂ ਨੂੰ ਗੌਲਦੇ ਡੱਕਾ, ਬਾਈ।"

-"ਤੂੰ ਧਰਨਿਆਂ ਦੀ ਗੱਲ ਕਰਦੈਂ-ਉਦੋਂ ਬੰਦਾ ਲਾਠੀਚਾਰਜ ਤੋਂ ਨ੍ਹੀ ਡਰਦਾ।"

-"ਲਓ ਬਈ ਮਿੱਤਰੋ-ਕਰੋ ਮਨ ਰਾਜ਼ੀ ਤੇ ਲਾਹੋ ਪਿਛਲੇ ਉਲਾਂਭੇ।" ਜੋਗਿੰਦਰ ਨੇ ਬੋਤਲ ਮੇਜ਼ ਉਪਰ ਲਿਆ ਸਜ਼ਾਈ।

-"ਬਾਈ ਤੂੰ ਵੀ ਬਹਿਜਾ ਹੁਣ-ਖੁਰਵੱਢ ਜੀ ਕਰਦਾ ਫਿਰਦੈਂ-ਬਾਕੀ ਸਮਾਨ ਪ੍ਰੀਤ ਲੈ ਆਊ।"

-"ਲੈ ਬੈਠ ਗਿਆ।"

-"ਤੇਰੇ ਬਿਨਾ ਬਾਈ ਸਾਨੂੰ ਕਾਹਨੂੰ ਸੁਆਦ ਲੱਗਦੀ ਐ-ਅੱਗ ਲੱਗੜੀ।" ਲਾਡੀ ਨੇ ਕਿਹਾ।

-"ਨਹਿੰਗਾਂ ਨੇ ਵੀ ਬਾਪੂ ਮੰਗਵਾ ਲਿਆ!" ਪੈੱਗ ਪੀਣ ਤੋਂ ਬਾਅਦ ਸ਼ਿੰਗਾਰੇ ਨੇ ਆਦਤ ਮੂਜਬ ਗੱਲ ਛੇੜੀ।

-"ਮੰਗਵਾਉਣਾ ਈ ਸੀ-ਸਾਰੀ ਕਤੀਹੜ੍ਹ ਤਾਂ ਐਥੇ ਬੈਠੀ ਐ-ਉਥੇ 'ਕੱਲਾ ਬੁੜ੍ਹਾ ਕੀ ਕਰਦਾ?" ਰਣਜੀਤ ਨੇ ਕਿਹਾ।

-"ਨੂੰਹ ਨੇ ਮੰਗਵਾ ਕੇ ਦਿੱਤੈ-ਇਹ ਤਾਂ ਉਹਨੂੰ ਸਾਰੀ ਉਮਰ ਨ੍ਹੀ ਸੀ ਮੰਗਵਾ ਸਕਦੇ!"

-"ਹੋਰ ਤਾਂ ਸੁਣ! ਵਿੱਚੇ ਈ ਆਬਦੀ ਖੱਚਰ ਦੱਬ ਤੁਰਦੈਂ।"

-"ਸੁਣਾ!" ਰਣਜੀਤ ਵੀ ਪੈੱਗ ਦੇ ਕਾਰੇ ਲੱਗ ਗਿਆ।

-"ਕੱਲ੍ਹ ਉਹਨਾਂ ਦਾ ਵੱਡਾ, ਕੀ ਨਾਂ ਐਂ ਉਹਦਾ ਧੂਤੂ ਜਿਹੇ ਦਾ? ਜਿਹੜਾ ਯਾਰ ਕਰੇਨ ਚਲਾਉਂਦੈ?"

-"ਮਾਸਟਰ?"

-"ਹਾਂ ਮਾਸਟਰ! ਭਾਈ ਬੁੜ੍ਹੇ ਦੇ ਜੀਨ ਆਲੀ ਪੈਂਟ ਅੜਾਈ ਫਿਰਨ!"

-"ਲੈ---!" ਸਾਰੇ ਹੱਸ ਕੇ ਲੋਟ ਪੋਟ ਹੋ ਗਏ। ਗਿਲਾਸ ਛਲਕਣ ਲੱਗ ਪਏ।

-"ਤੇ ਹੋਰ ਕੀ? ਪਰ ਇੱਕ ਗੱਲ ਹੋਰ ਐ! ਪੈਂਟ ਚਾਹੇ ਬਜੁਰਗ ਦੇ ਜੀਨ ਦੀ ਈ ਪਾਈ ਵੀ ਸੀ-ਪਰ ਤੁਰਦਾ ਪਤੰਦਰ ਚਾਦਰੇ ਆਲੀ ਤੋਰ ਈ ਸੀ।" ਸ਼ਿੰਗਾਰੇ ਦੇ ਆਖਣ 'ਤੇ ਸਾਰਿਆਂ ਦੀਆਂ ਵੱਖੀਆਂ ਟੁੱਟ ਗਈਆਂ।

-"ਪੈਂਟ ਬਾਬੇ ਦੇ ਚਾਹੇ ਲੈਦਰ ਦੀ ਪੁਆ ਦੇਣ-ਤੋਰ ਉਹਨੇ ਕੱਲਰਾਂ ਆਲੀ ਈ ਤੁਰਨੀ ਐਂ।"

-"ਜੰਗੀਰੋ ਆਲੀ!"

-"ਉਏ ਸਾਰੀ ਉਮਰ ਵਿਚਾਰੇ ਬੁੜ੍ਹੇ ਨੇ ਚਾਦਰਾ ਨਹੀਂ ਲਾਹਿਆ-ਬਈ ਤੁਸੀਂ ਵਿਚਾਰੇ ਦੇ ਕੋਈ ਪਜਾਮਾ ਪਜੂਮਾ ਈ ਪੁਆ ਛੱਡੋ।"

-"ਪੈਂਟ ਪੁਆਉਣ ਨਾਲ ਬੁੜ੍ਹੇ ਦੀ ਮੋਟੀ ਚਾਲ ਬਰੀਕ ਨਹੀਂ ਹੋਣ ਲੱਗੀ।"

-"ਚਰ੍ਹੀ ਕੁਤਰ ਈ ਰਹੂ!"

-"ਯਾਰੋ-ਬੋਤਾ ਬੱਕਰੀ ਦੀ ਚਾਲ ਕਿੱਥੋਂ ਤੁਰਪੂ?"

-"ਬੱਕਰੀ ਨੇ ਪੈਰ ਮਿਣ-ਮਿਣ ਕੇ ਧਰਨੇ ਤੇ ਬੋਤੇ ਨੇ ਤੁਰਨਾ ਫ਼ਾਹਾ ਵੱਢ ਕਰਕੇ।"

ਸਾਰੇ ਹੱਸ ਪਏ।

-"ਚੱਕ ਤਾਰੇਆਲੀਆ!" ਸ਼ਿੰਗਾਰੇ ਨੇ ਕਿਹਾ।

-"ਹਾਂ?"

-"ਇੱਕ ਪੈੱਗ ਪਾ-ਫੇਰ ਤੈਨੂੰ ਇੱਕ ਗੱਲ ਹੋਰ ਸੁਣਾਉਨੈਂ।"

-"ਤੂੰ ਲਹਿਰ ਲਾਈ ਰੱਖ-ਪੈੱਗ ਜਿੰਨੇ ਕਹੇਂ!"

-"ਕੱਲ੍ਹ ਗਿਠਮੁਠੀਆਂ ਕਾ ਝਗੜਾ ਆਪ ਦੇ ਬਾਪੂ ਦੀਆਂ ਲੱਤਾਂ ਘੁੱਟੀ ਜਾਵੇ।"

-"ਇਹ ਤਾਂ ਕੋਈ ਮਾੜੀ ਗੱਲ ਨ੍ਹੀ!"

-"ਉਏ ਬਾਪੂ ਦਾ ਕੱਦ ਤਾਂ ਰੱਬ ਆਸਰੇ ਅੱਗੇ ਈ ਚਾਰ ਕੁ ਫੁੱਟ ਐ-ਮੈਂ ਝਗੜੇ ਨੂੰ ਕਿਹਾ: ਕੱਦ ਵੱਲੋਂ ਤਾਂ ਬਾਪੂ ਲੱਤਾਂ ਘੁਟਾਈ ਨੇ ਈ ਮਾਰ ਲਿਆ ਹੋਊ?"

-"ਉਹ ਕਿਵੇਂ?"

-"ਬਚਪਨ ਵੇਲੇ ਘਰਦੇ ਬਜੁਰਗ ਦੀਆਂ ਲੱਤਾਂ ਘੁੱਟਦੇ ਰਹੇ ਹੋਣਗੇ-ਲੱਤਾਂ ਘੁਟਾਉਂਦਾ ਘੁਟਾਉਂਦਾ ਵਿਚਾਰਾ ਕੱਦ ਵੱਲੋਂ ਓਡਾ ਕੁ ਈ ਰਹਿ ਗਿਆ।"

-"ਵੱਡਿਓਂ ਛੋਟੇ ਨੂੰ ਝਗੜਾ ਕਾਹਤੋਂ ਆਖਦੇ ਐ ਬਈ?" ਰੰਧਾਵਾ ਕਾਫ਼ੀ ਦੇਰ ਬਾਅਦ ਬੋਲਿਆ ਸੀ।

-"ਝਗੜਾ ਉਹਨੂੰ ਤਾਂ ਕਹਿੰਦੇ ਐ-ਅੰਮ੍ਰਿਤ ਤਾਂ ਉਹਨੇ ਹੁਣ ਆ ਕੇ ਛਕਿਐ-ਪਹਿਲਾਂ ਪੀ ਕੇ ਉਹ ਲੜਾਈ ਮੁੱਲ ਭਾਲਦਾ ਸੀ-ਲੋਕਾਂ ਨੇ ਨਾਂ ਈ 'ਝਗੜਾ' ਰੱਖ ਲਿਆ।"

-"ਲੋਕ ਵੀ ਆਪਣੇ ਬੜੇ ਘਤਿੱਤੀ ਐ ਬਾਈ ਸਿਆਂ-ਨਾਂ ਰੱਖਣ ਲੱਗੇ ਮਿੰਟ ਨਹੀਂ ਲਾਉਂਦੇ।"

-"ਰੋਟੀ ਬਾਰੇ ਕੀ ਖਿਆਲ ਐ ਜੀ?"

-"ਰੋਟੀ ਖਾ ਲੈਨੇ ਆਂ ਯਾਰ!"

-"ਰੋਟੀ ਖਾਣ ਜੋਗੇ ਤਾਂ ਹੋਜੀਏ!"

-"ਤੂੰ ਸਾਨੂੰ ਭਜਾਉਣੈਂ?"

-"ਨਾ, ਬੈਠੇ ਅਸੀਂ ਤੈਨੂੰ ਬੁਰੇ ਲੱਗਦੇ ਆਂ?"

ਸਾਰੇ ਉਸ ਦੇ ਮਗਰ ਜਿਹੇ ਪੈ ਗਏ।

-"ਮੈਂ ਤਾਂ ਊਂ ਈ ਪੁੱਛਿਆ ਸੀ।"

-"ਜੀਅ ਸਦਕੇ ਪੁੱਛ, ਸੋਹਣਿਆਂ!"

-"ਸੌ ਆਰੀ ਪੁੱਛ ਸਿਉਨਿਆਂ!"

–"ਅੱਜ ਸਾਡੇ ਭਤੀਜ ਦੀ ਪਾਰਟੀ ਐ-ਅੱਜ ਤਾਂ ਰੋਟੀ ਬੈਕ-ਗੇਅਰ 'ਚ ਪੈ ਕੇ ਈ ਖਾਵਾਂਗੇ-ਆਖ ਦੇਹ ਭਰਜਾਈ ਨੂੰ!" ਰੰਧਾਵੇ ਨੇ ਕਿਹਾ।

–"ਭਰਜਾਈ ਕੋਲੇ ਬੇਬੇ ਵੀ ਬੈਠੀ ਐ!"

–"ਡੰਡੇ ਨਾ ਪੈਣ ਲੱਗ ਜਾਣ?"

–"ਚਲਾਵੇਂ ਘੋਟਣੇ ਦੀ ਸੱਟ ਵੀ ਜ਼ਿਆਦਾ ਲੱਗਦੀ ਐ।"

–"ਬੇਬੇ ਨੂੰ ਇਹ ਵੀ ਨਹੀਂ ਪਤਾ ਲੱਗਣਾ ਬਈ ਅਗਲੇ ਦੇ ਸੱਟ ਕਿੰਨੀ ਕੁ ਵੱਜਦੀ ਐ-।"

–"ਰੋਂਭੜ੍ਹੇ ਪਾ ਕੇ ਈ ਹਟੂ!"

–"ਤੂੰ ਰਹਿਣ ਈ ਦੇਹ ਯਾਰ ਕੁਛ ਆਖਣ ਨੂੰ-।"

–"ਕਹਿ ਅੜਕ ਕੇ ਖਾਨੇ ਆਂ!"

–"ਕੱਢਦੂ ਤੇਰੀਆਂ ਰੜਕਾਂ ਬਾਪੂ ਦਾ ਖੂੰਡਾ।" ਗਿਲਾਸ 'ਤੇ ਚਮਚਾ ਮਾਰ ਕੇ ਸ਼ਿੰਗਾਰੇ ਨੇ ਗਾਉਣਾ ਸ਼ੁਰੂ ਕਰ ਦਿੱਤਾ।

–"ਖੂੰਡਾ ਬਾਪੂ ਕੋਲੇ ਹੁੰਦੈ-ਬੇਬੇ ਕੋਲੇ ਨ੍ਹੀ!" ਰਣਜੀਤ ਨੇ ਗਲਤੀ ਕੱਢੀ।

–"ਬਾਪੂ ਦੀ ਚੀਜ਼ 'ਤੇ ਬੇਬੇ ਦਾ ਹੱਕ ਨਹੀਂ?"

–"ਜੇ ਝਗੜੇ ਕਾ ਬੁੜ੍ਹਾ ਜੀਨ ਦੀ ਪੈਂਟ ਪਾ ਸਕਦੈ-ਆਪਣੀ ਬੇਬੇ ਖੂੰਡਾ ਨਹੀਂ ਰੱਖ ਸਕਦੀ?"

ਹੁਣ ਤੱਕ ਉਹਨਾਂ ਨੇ ਪੰਜ ਬੋਤਲਾਂ ਵਿਚ ਫੂਕ ਮਾਰ ਦਿੱਤੀ ਸੀ। ਨਸ਼ੇ ਨਾਲ ਸਾਰਿਆਂ ਦੇ ਚਿਹਰੇ ਖੁਰਦਰੇ ਜਿਹੇ ਹੋ ਗਏ ਸਨ।

ਹਾਸਾ ਠੱਠਾ ਚੱਲ ਰਿਹਾ ਸੀ।

## ਕਾਂਡ 9

–"ਝਗੜੇ ਦਾ ਬਾਪੂ ਅੰਦਰ ਦੇ ਦਿੱਤਾ!"

ਸਾਰੇ ਮੁਲਕ ਵਿਚ ਇਹ ਗੱਲ ਜੰਗਲ ਦੀ ਅੱਗ ਵਾਂਗ ਫ਼ੈਲਰ ਗਈ। ਧੂੰਆਂ ਰੋਲ ਹੋਇਆ ਪਿਆ ਸੀ। ਬੜੇ ਹੀ ਸ਼ਾਂਤਮਈ ਢੰਗ ਨਾਲ ਵਸ ਰਹੇ ਪੰਜਾਬੀ ਭਾਈਚਾਰੇ ਵਿਚ ਹਾਹਾਕਾਰ ਮੱਚ ਗਈ ਸੀ। ਵੱਡੀ ਗੱਲ ਇਹ ਸੀ ਕਿ "ਝਗੜੇ" ਅਰਥਾਤ ਗੁਰਦਿਆਲ ਸਿੰਘ ਦਾ ਬਾਪੂ, ਗਿੰਦਰ ਸਿੰਘ ਅੰਮ੍ਰਿਤਧਾਰੀ ਸਿੰਘ, ਪੰਜ ਕਕਾਰਾਂ ਦਾ ਧਾਰਨੀ ਅਤੇ ਗੁਰਸਿੱਖ ਸੀ। ਇਹ ਗੱਲ ਸਮੁੱਚੀ ਸਿੱਖ ਕੌਮ ਲਈ ਬੜੀ ਹੀ ਨਮੋਸ਼ੀ ਵਾਲੀ ਅਤੇ ਸ਼ਰਮਨਾਕ ਸੀ!

–"ਝਗੜੇ ਦੀ ਭੂਆ ਬਚਨੋਂ ਵੀ ਅੰਦਰ ਐ!"

ਇਹ ਖਬਰ ਉਸ ਤੋਂ ਵੀ ਵੱਧ ਹੈਰਾਨ ਕਰਨ ਵਾਲੀ ਅਤੇ ਨਿਮੋਸ਼ੀ ਭਰੀ ਸੀ। ਸਾਰੇ ਪੰਜਾਬੀ ਭਾਈਚਾਰੇ ਦੀ ਇੱਜ਼ਤ ਦਾ ਸੁਆਲ ਸੀ!

ਲੋਕ ਇੱਕ ਦੂਜੇ ਤੋਂ ਇਹ ਹੀ ਪੁੱਛ ਰਹੇ ਸਨ ਕਿ ਕੀ ਸਾਡੇ ਗੁਰੂਆਂ ਨੇ ਇਹੀ ਉਪਦੇਸ਼ ਦਿੱਤਾ ਸੀ? ਜੋ ਕਿ ਗਿੰਦਰ ਸਿੰਘ ਕਰ ਰਿਹਾ ਸੀ? ਪੰਜਾਬ ਦੀ ਧਰਤੀ ਅਸੀਂ ਸੁਖੀ ਵਸਣ ਦਾ ਸੁਪਨਾ ਲੈ ਕੇ ਹੀ ਛੱਡੀ ਹੁੰਦੀ ਹੈ! ਪਰ ਸੋਚ ਕਿਤੇ ਨਾ ਟਿਕਦੀ ਹੋਣ ਕਰਕੇ ਅਕਸਰ ਆਪਣੇ ਦੁੱਖਾਂ ਦਾ ਅੰਤ ਅਸੀਂ ਆਪ ਹੀ ਨਹੀਂ ਹੋਣ ਦਿੰਦੇ! ਇਸ ਤੋਂ ਇਹ ਵੀ ਲੱਗਦਾ ਸੀ ਕਿ ਅਸੀਂ ਆਪਣੇ ਸਭ ਤੋਂ ਵੱਡੇ ਆਪ ਦੁਸ਼ਮਣ ਹਾਂ! ਹਰ ਇੱਕ ਦੇਸ਼ ਵਿਚ ਪੁੱਜ ਕੇ ਅਸੀਂ, ਜਾਂ ਸਾਡੇ ਵੱਲੋਂ ਬਣਾਏ ਜਾ ਰਹੇ ਅਜਿਹੇ ਨਿੰਦਕ ਹਾਲਾਤਾਂ ਨੂੰ ਭਾਂਪ ਕੇ ਤਾਂ ਫਿਰ ਇੰਜ ਹੀ ਜਾਪਦਾ ਸੀ ਕਿ ਗੁਰੂਆਂ ਨੇ ਜੋ ਆਸਾਂ-ਉਮੀਦਾਂ ਸਾਡੇ ਤੋਂ ਲਗਾਈਆਂ ਸਨ, ਉਹਨਾਂ 'ਤੇ ਖ਼ਰੇ ਉਤਰਨ ਦੇ ਅਸੀਂ ਕਿਤੇ ਨੇੜੇ-ਤੇੜੇ ਵੀ ਨਹੀਂ ਸਾਂ! ਸਗੋਂ ਦਿਖਾਵਾ ਕਰਨ ਦੇ ਢਕੌਂਜ ਰਚ ਕੇ ਆਪਣਾ ਆਪ ਹੀ ਉਜਾੜ ਰਹੇ ਸਾਂ! ਅਤੇ ਬਿਗਾਨੀ ਧਰਤ 'ਤੇ, ਸੱਤ

ਸਮੁੰਦਰੋਂ ਪਾਰ ਆ ਕੇ ਵੀ ਠਾਣਿਆਂ, ਜੇਲ੍ਹਾਂ ਅਤੇ ਕੋਰਟ-ਕਚਿਹਰੀਆਂ ਵਿਚ ਪੂਰੀ ਕੌਮ ਦਾ ਹੀ ਜਲੂਸ ਕੱਢੀ ਜਾ ਰਹੇ ਹਾਂ!

ਕੀ ਗਿੰਦਰ ਸਿੰਘ ਦੀ ਇਹ ਹੀ ਸਿੱਖੀ ਸੀ? ਹਰ ਸੁਹਿਰਦ ਆਦਮੀ ਦੇ ਮੂੰਹ 'ਤੇ ਇਹ ਹੀ ਸੁਆਲ ਚੜ੍ਹਿਆ ਹੋਇਆ ਸੀ! ਇਹ ਕੋਝੀ ਅਤੇ ਅਤਿ-ਜ਼ਾਲਮਾਨਾ ਵਾਰਦਾਤ ਪੂਰੀ ਕੌਮ ਲਈ ਇਕ ਗੁੰਝਲਦਾਰ ਪ੍ਰਸ਼ਨ ਖੜ੍ਹਾ ਕਰ ਰਹੀ ਸੀ! ਗਿੰਦਰ ਸਿੰਘ ਵੱਲੋਂ ਇਹ ਕੀਤਾ ਕਾਂਡ ਗਵਾਹੀ ਦੇ ਰਿਹਾ ਸੀ ਕਿ ਸਿੱਖੀ ਨੂੰ ਕੋਈ ਹੋਰ ਨਹੀਂ, ਸਗੋਂ ਸਿੱਖਾਂ 'ਵਰਗੇ' ਦਿਸਣ ਵਾਲੇ ਆਪ ਹੀ ਕਲੰਕਤ ਕਰਕੇ ਪੈਰਾਂ ਹੇਠ ਮਧੋਲ ਰਹੇ ਸਨ।

-"ਅਸੀਂ ਬਾਈ ਦਾਹੜੀਆਂ ਆਲਿਆਂ ਨਾਲੋਂ ਫੇਰ ਵੀ ਚੰਗੇ ਐਂ!" ਸ਼ਿੰਗਾਰੇ ਨੇ ਮੁੰਨੇ ਮੂੰਹ 'ਤੇ ਹੱਥ ਫੇਰਦਿਆਂ ਕਿਹਾ ਸੀ।

-"ਜਿਹੜਾ ਕੁਛ ਕਰਦੇ ਆਂ-ਸ਼ਰੇਆਮ ਤਾਂ ਕਰਦੇ ਆਂ?" ਰਣਜੀਤ ਬੋਲਿਆ।

-"ਉਏ ਬਾਈ ਦਾਹੜੀਆਂ ਆਲਿਆਂ ਦੇ ਦਿਲ ਲੁਕੇ ਰਹਿੰਦੇ ਐ, ਦਾਹੜੀਆਂ ਹੇਠਾਂ-ਤੇ ਸਾਡੇ ਤਾਂ ਨੰਗੇ ਈ ਰਹਿੰਦੇ ਐ।"

-"ਕਸੂਰ ਬਾਈ ਦਾਹੜੀ ਦਾ ਨ੍ਹੀਂ-ਕਾਲੇ ਦਿਲਾਂ ਦਾ ਐ!"

-"ਜੇ ਐਹੋ ਜੀ ਕੁਪੱਤ ਕਰਨੀ ਐਂ ਤਾਂ ਘੱਟੋ ਘੱਟ ਸਿੱਖੀ ਸਰੂਪ 'ਚ ਤਾਂ ਨਾ ਕਰਨ!" ਰੰਧਾਵੇ ਨੇ ਕਿਹਾ।

-"ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਸਾਰਿਆਂ ਨੂੰ ਸਹਿਣਸ਼ੀਲਤਾ ਦੇ ਪੁੰਜ ਬਣੇ ਰਹਿਣ ਦੀ ਸਿੱਖਿਆ ਆਪਣੀ ਜਾਨ ਕੁਰਬਾਨ ਕਰਕੇ-ਅੱਤ ਦੇ ਤਸੀਹੇ ਝੱਲ ਕੇ ਦਿੱਤੀ-ਸਹਿਣਸ਼ੀਲਤਾ ਦੀ ਕਮੀ ਤੇ ਮਨ ਦੇ ਵਿਕਾਰਾਂ ਤੋਂ ਇਲਾਵਾ ਛੋਟੇ ਛੋਟੇ ਲਾਲਚਾਂ ਕਾਰਨ ਹੀ ਅੱਜ ਗਿੰਦਰ ਵਰਗਿਆਂ ਦੇ ਕਿੱਸੇ ਮਸ਼ਹੂਰ ਹੋਏ ਐ-ਇੱਥੇ ਈ ਨਹੀਂ ਸਗੋਂ ਆਪਣੇ ਸੁਪਨਿਆਂ ਦੇ ਸਾਰੇ ਦੇਸ਼ਾਂ ਵਿਚ ਪਹੁੰਚ ਕੇ ਵੀ ਅਸੀਂ ਆਪਣੇ ਕਾਰਨਾਵਿਆਂ ਕਾਰਨ ਕਈ ਗੁੰਝਲਦਾਰ ਚੱਕਰਵਿਊਆਂ ਵਿਚ ਫ਼ਸੇ ਫਿਰਦੇ ਆਂ-ਇੱਥੇ ਪਹੁੰਚ ਕੇ ਵੀ ਠਾਣਿਆਂ, ਜੇਲ੍ਹਾਂ ਅਤੇ ਵਕੀਲਾਂ ਦੇ ਦਫ਼ਤਰਾਂ ਵਿਚ ਮੇਲਾ ਲਾਈ ਰੱਖਦੇ ਆਂ-ਕਈ ਕਈ ਸ਼ਿਫਟਾਂ ਜਾਂ ਰਾਤਾਂ ਲਾ ਕੇ ਮਿਹਨਤ ਨਾਲ ਕਮਾਇਆ ਪੈਸਾ ਮੁਕੱਦਮੇਬਾਜ਼ੀ ਵਿਚ ਉਜਾੜੀ ਪੱਟੀ ਜਾ ਰਹੇ ਹਾਂ-ਝੂਠ ਤੂਫ਼ਾਨ ਅਤੇ ਮਾਇਆਜਾਲ ਵਿਚ ਫ਼ਸਣ ਜਾਂ ਫ਼ਸਾਉਣ ਮਗਰੋਂ ਜੇਲ੍ਹਾਂ ਵਿਚ ਅੱਡੀਆਂ ਰਗੜਨ ਵਾਲਿਆਂ ਦੀ ਗਿਣਤੀ ਦੇਖ ਕੇ ਤਾਂ ਇਉਂ ਲੱਗਦੈ ਬਈ ਜਿਵੇਂ ਗੋਰਿਆਂ ਨੇ ਜੇਲ੍ਹਾਂ ਤੇ ਅਦਾਲਤਾਂ ਸਾਡੇ ਲਈ ਹੀ ਬਣਾਈਆਂ ਹੋਣ?" ਰੰਧਾਵਾ ਇੱਕ ਤਰ੍ਹਾਂ ਨਾਲ ਇੱਥੋਂ ਦੇ ਪੰਜਾਬੀ-ਸਿਸਟਮ 'ਤੇ ਖਿਝਿਆ ਪਿਆ ਸੀ।

ਅਸਲ ਵਿਚ ਜਿਹੜੀ ਹਿਰਦੇਵੇਧਕ ਕਹਾਣੀ ਵਾਪਰ ਗਈ ਸੀ, ਉਹ ਕੋਈ ਛੋਟੀ-ਮੋਟੀ ਨਹੀਂ ਸੀ। ਸਾਰੇ ਪੰਜਾਬੀ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਲਈ ਅਤੀਅੰਤ ਸ਼ਰਮਨਾਕ ਸੀ।

ਪੁਸ਼ਪਿੰਦਰ ਕੌਰ ਜਿਹੜੀ ਤਕਰੀਬਨ ਪੰਦਰਾਂ ਕੁ ਸਾਲ ਦੀ ਉਮਰ ਵਿਚ ਹੀ ਆਪਣੇ ਭਰਾ ਅਤੇ ਭਰਜਾਈ ਕੋਲ ਆਸਟਰੀਆ ਪੁੱਜ ਗਈ ਸੀ, ਬੜੀ ਹੀ ਖੁਸ਼ ਸੀ। ਸੰਤੁਸ਼ਟ ਸੀ। ਭਰਜਾਈ ਨਾਲ ਹੀ ਕੱਪੜੇ ਦੀ ਇੱਕ ਫ਼ੈਕਟਰੀ ਵਿਚ ਕੰਮ ਮਿਲ ਗਿਆ। ਬੜੇ ਹੀ ਖੁਸ਼ਹਾਲ ਦਿਨ ਗੁਜ਼ਰਨ ਲੱਗੇ। ਤੀਆਂ ਵਰਗੇ!

ਇੱਕ ਦਿਨ ਉਸ ਦੀ ਭਰਜਾਈ ਨਾਲ ਕੰਮ ਕਰਦੀ ਸਾਥਣ ਬਚਨੋਂ ਨੇ ਪੁਸ਼ਪਿੰਦਰ ਲਈ ਇੱਕ ਮੁੰਡੇ ਬਲਬੀਰ ਦੀ ਦੱਸ ਪਾਈ। ਬਲਬੀਰ ਬਚਨੋਂ ਦਾ ਭਤੀਜਾ ਲੱਗਦਾ ਸੀ ਅਤੇ ਆਸਟਰੀਆ ਵਿਚ 'ਸਟੇਅ' ਉਪਰ 'ਸ਼ਰਨਾਰਥੀ' ਤੌਰ 'ਤੇ ਰਹਿ ਰਿਹਾ ਸੀ। ਬਲਬੀਰ ਮਸਾਂ ਹੀ ਖਿੱਚ-ਧੂਹ ਕੇ ਅੱਠ ਜਮਾਤਾਂ ਪੜ੍ਹਿਆ ਹੋਇਆ ਸੀ, ਜਦ ਕਿ ਉਸ ਦੀ 'ਫਫੇ-ਕੁੱਟਣੀ' ਭੂਆ ਬਚਨੋਂ ਨੇ ਉਸ ਨੂੰ ਬੀ। ਏ। ਪਾਸ ਦੱਸ ਰਹੀ ਸੀ!

ਅਚਾਨਕ ਬਲਬੀਰ ਦਾ 'ਸਟੇਅ' ਦਾ ਕੇਸ ਫੇਲ੍ਹ ਹੋ ਗਿਆ ਤਾਂ ਉਸ ਨੂੰ ਆਸਟਰੀਆ ਛੱਡਣ ਦੇ ਹੁਕਮ ਹੋ ਗਏ! ਵਿਆਹ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ। ਵਿਆਹ ਤੋਂ ਬਗੈਰ ਇੱਥੇ ਉਸ ਦੇ ਪੈਰ ਲੱਗਣੇ ਮੁਸ਼ਕਿਲ ਸਨ। ਫ਼ਿਕਰ ਵਿਚ ਬਲਬੀਰ ਦੀ ਭੂਆ 'ਊਰੀ' ਬਣ ਗਈ। ਉਸ ਨੇ ਗੇੜੇ ਮਾਰ-ਮਾਰ ਪੁਸ਼ਪਿੰਦਰ ਦੇ ਭਰਾ-ਭਰਜਾਈ ਦਾ ਵਿਹੜਾ ਨੀਂਵਾਂ ਕਰ ਦਿੱਤਾ।

-"ਤੁਸੀਂ ਸਾਰੀ ਗੱਲ ਮੇਰੇ 'ਤੇ ਛੱਡੋ-ਫ਼ਿਕਰ ਕਾਹਦਾ ਕਰਦੇ ਓਂ? ਲੈਣਾ ਦੇਣਾ ਡੱਕਾ ਨਹੀਂ-ਇਹ ਤਾਂ ਭਾਈ ਇੱਕ ਮੋਰੀ ਦੋ ਡਾਕੇ ਆਲੀ ਗੱਲ ਹੋ ਜਾਣੀ ਐਂ-ਸਾਡਾ ਮੁੰਡਾ ਇੱਥੇ ਰਹਿਣ ਜੋਕਰਾ ਹੋਜੂ-ਥੋਡੀ ਕਬੀਲਦਾਰੀ ਕਿਉਂਟੀ ਜਾਊ-ਬਾਹਰਲੀ ਕੁੜੀ ਦਾ ਇੰਡੀਆ ਜਾ ਕੇ ਵਿਆਹ ਕਰੋਂਗੇ ਤਾਂ ਪਹਿਲਾਂ ਤਾਂ ਥੱਬਾ ਰੁਪਈਆਂ ਦੀ

ਲਾਵੋਂਗੇ-ਫੇਰ ਇੱਥੇ ਮੁੰਡੇ ਨੂੰ ਮੰਗਵਾਉਣ ਦਾ ਯੱਭ! ਚਾਹੇ ਸਾਲ ਨਾ ਆਵੇ ਤੇ ਚਾਹੇ ਦੋ ਸਾਲ ਨਾ ਆਵੇ? ਫੇਰ ਅਗਲੇ ਪਤਾ ਨਹੀਂ ਕਿਹੋ ਜਿਹੇ ਰਿਸ਼ਤੇਦਾਰ ਮਿਲਣਗੇ? ਕਿਹੜਾ ਵੀਰ ਕੋਈ ਵਿਚ ਵੜਿਆ ਹੁੰਦੈ? ਤੇ ਹੁਣ ਲੈ ਲਓ ਆਪਣੀ ਗੱਲ-ਆਪਾਂ ਇੱਕ ਦੂਜੇ ਨੂੰ ਕਦੋਂ ਦੇ ਜਾਣਦੇ ਐਂ-ਬਲਬੀਰ ਨੂੰ ਤੁਸੀਂ ਨ੍ਹੀ ਭੁੱਲੇ-ਸਿਆਣਾ ਸਾਊ ਮੁੰਡੈ-ਬੈਲ ਨੀ ਐਬ ਨੀ-ਸੋਹਣਾ ਸੁਨੱਖਾ ਮੁੰਡੈ-ਪੜ੍ਹਿਆ ਲਿਖਿਐ-ਜੇ ਅਨਪੜ੍ਹ ਜਾਂ ਕੋਈ ਬੱਜ ਆਲਾ ਹੋਵੇ-ਬੰਦਾ ਫੇਰ ਵੀ ਆਖੇ?" ਫਫੇ-ਕੁੱਟਣੀ ਭੂਆ ਬਚਨੋ ਨੇ ਆਪਣਾ ਸਾਰਾ ਜੋਰ ਲਾ ਦਿੱਤਾ ਸੀ। ਦਲੀਲਾਂ ਵਾਲੇ ਤੀਰ ਉਸ ਨੇ ਬਿਲਕੁਲ ਨਿਸ਼ਾਨੇ 'ਤੇ ਹੀ ਠੋਕੇ ਸਨ। ਕੋਈ ਵਿਰਲ ਨਹੀਂ ਰਹਿਣ ਦਿੱਤੀ ਸੀ। ਪੁਸ਼ਪਿੰਦਰ ਦੇ ਭਰਾ-ਭਰਜਾਈ ਨੂੰ ਕੀਲ ਲਿਆ ਸੀ।

-"ਪਰ ਬਚਨੋ! ਪੁਸ਼ਪਿੰਦਰ ਦੀ ਰੈਅ ਪੁੱਛ ਲਈਏ-ਪਸੰਦ ਨਾ ਪਸੰਦ ਪੁੱਛਣੀ ਚੰਗੀ ਹੁੰਦੀ ਐ।" ਭਰਜਾਈ ਬੋਲੀ।

-"ਨਾ ਕੁਲਵਿੰਦਰੇ! ਤੇਰੀ ਮੇਰੀ ਰੈਅ ਕਿਸੇ ਨੇ ਪੁੱਛੀ ਸੀ ਵਿਆਹ ਵੇਲੇ? ਘਰਦਿਆਂ ਦਾ ਜਿੱਥੇ ਦਿਲ ਕੀਤਾ, ਤੋਰ ਦਿੱਤੀਆਂ! ਬੜੀਆਂ ਵਧੀਆ ਅਜੇ ਤੱਕ ਵਸੀ ਜਾਨੀਐਂ!" ਬਚਨੋ ਕੁਲਵਿੰਦਰ ਹੋਰਾਂ ਨੂੰ ਮਧੋਲ-ਮਧੋਲ ਸੁੱਟ ਰਹੀ ਸੀ।

-"ਬਚਨੋ! ਆਪਾਂ ਤਾਂ ਫੇਰ ਵੀ ਪੰਜਾਬ 'ਚ ਬੈਠੀਆਂ ਸੀ-ਪਰ ਪੁਸ਼ਪਿੰਦਰ ਤਾਂ ਇੱਥੇ ਬੈਠੀ ਐ।" ਕੁਲਵਿੰਦਰ ਨੇ ਕਿਹਾ।

-"ਫੇਰ ਕੀ ਹੋ ਗਿਆ? ਹੈ ਕਮਲੀ! ਆਪਾਂ ਚਾਹੇ ਦਿੱਲੀ ਦੱਖਣ ਚਲੇ ਜਾਈਏ-ਰਹਾਂਗੇ ਤਾਂ ਪੰਜਾਬੀ ਈ! ਮੱਝ ਤੇ ਬੰਦਾ ਆਬਦਾ ਅਸਲਾ ਨਹੀਂ ਤਜਦੇ, ਕੁਲਵਿੰਦਰੇ!"

ਬਚਨੋ ਦੀਆਂ ਮੋਮੋਠਗਣੀਆਂ ਦਲੀਲਾਂ ਨੇ ਰੰਗ ਲਿਆਂਦਾ।

ਦੋ ਹਫ਼ਤਿਆਂ ਦੇ ਵਿਚ ਵਿਚ ਹੀ ਪੁਸ਼ਪਿੰਦਰ ਅਤੇ ਬਲਬੀਰ ਦਾ ਵਿਆਹ ਹੋ ਗਿਆ।

ਸਾਰੇ ਹੀ ਸੰਤੁਸ਼ਟ ਸਨ।

ਬਲਬੀਰ ਉਦੋਂ ਤੱਕ ਇਕ ਚੰਗਾ ਪਤੀ ਹੋਣ ਦਾ ਬਹਾਨਾ ਕਰਦਾ ਰਿਹਾ, ਜਦੋਂ ਤੱਕ ਉਸ ਦੇ ਪਾਸਪੋਰਟ ਵਿਚ 'ਪੱਕੇ ਹੋਣ' ਦੀ ਮੋਹਰ ਨਹੀਂ ਲੱਗ ਗਈ! ਇਸ ਕਾਰਜ ਨੂੰ ਤਕਰੀਬਨ ਸਾਲ ਹੀ ਲੱਗ ਗਿਆ। ਬਚਨੋ ਭੂਆ ਬਲਬੀਰ ਨੂੰ ਵੱਖ ਵੱਖ ਨਸੀਹਤਾਂ ਦਿੰਦੀ ਰਹਿੰਦੀ ਸੀ। ਬਲਬੀਰ ਕਈ ਵਾਰ ਭੂਆ ਨੂੰ ਆਖ ਚੁੱਕਾ ਸੀ ਕਿ ਪੁਸ਼ਪਿੰਦਰ ਉਸ ਨੂੰ ਪਸੰਦ ਨਹੀਂ ਸੀ! ਪਰ ਚਤਰ ਭੂਆ 'ਅਲੀ-ਅਲੀ' ਕਰ ਕੇ ਉਸ ਦੇ ਮਗਰ ਪੈ ਗਈ:

-"ਪਿੰਡ ਆਲੇ ਥੋਨੂੰ ਗਿੱਟਲ ਐਵੇਂ ਨਹੀਂ ਆਖਦੇ-ਤੁਸੀਂ ਵਾਕਿਆ ਈ ਗਿੱਟਲ ਐਂ! ਪਿੰਡ ਆਲੇ ਸਾਰੇ ਈ ਸੱਚੇ ਐ-ਗੱਲ ਸੁਣ ਵੇ ਟੂਟਲਾ ਜਿਆ! ਮੈਂ ਐਂਵੇਂ ਨਹੀਂ ਤੇਰੀ ਖਾਤਰ ਦੁੱਕੀ ਦੇ ਪ੍ਰੀਵਾਰ ਦੀਆਂ ਮਿੰਨਤਾਂ ਕਰਦੀ ਰਹੀ-ਲਾਲ੍ਹਾਂ ਚੱਟਦੀ ਰਹੀ-ਆਬਦਾ ਪੱਕਾ ਹੋ ਤੇ ਪ੍ਰੀਵਾਰ ਮੰਗਵਾ! ਫੇਰ ਚਾਹੇ ਇਹਨੂੰ ਬੱਕਰੀ ਜੀ ਨੂੰ ਛੱਡਦੀਂ-ਤੂੰ ਇਹਦੇ ਨਾਲ ਕੋਈ ਬੰਨ੍ਹਿਆ ਵਿਆ ਨਹੀਂ-ਪਰ ਐਨਾ ਕੀਤਾ ਕਰਾਇਆ ਖੂਹ 'ਚ ਤਾਂ ਹੁਣ ਨਾ ਪਾ! ਕੁਛ ਲੈ ਕੇ ਤਾਂ ਡਿੱਗ! ਆਬਦਾ ਪੱਕੇ ਪੈਰੀਂ ਹੋ ਤੇ ਪ੍ਰੀਵਾਰ ਸੈੱਟ ਕਰ! ਫੇਰ ਚਾਹੇ ਇਹਨੂੰ ਛੱਡਦੀਂ-ਪਰ ਜਿਹਨਾਂ ਨੇ ਤੈਨੂੰ ਦੋ ਕਿੱਲੇ ਬੈਅ ਕਰਕੇ ਤੋਰਿਐ-ਉਹਨਾਂ ਬਾਰੇ ਵੀ ਤਾਂ ਕੁਛ ਸੋਚ! ਐਡੀਆਂ ਉਹ ਤੇਰੇ ਕੋਈ ਛੜਾਂ ਨ੍ਹੀ ਮਾਰਦੀ-ਜਿੱਥੇ ਐਨਾ ਚਿਰ ਕੱਟ ਲਿਆ-ਕੁਛ ਮਹੀਨੇ ਹੋਰ ਸਹੀ-ਜਿੱਦੇਂ ਪ੍ਰੀਵਾਰ ਐਥੇ ਆ ਗਿਆ-ਚਾਰ ਮਾਰੀਂ ਗੁੱਤ 'ਚ-ਦਬੱਲ ਕੇ ਪਰ੍ਹਾਂ ਕਰੀਂ! ਪਰ ਜਿਹੜੇ ਕੰਮ ਕਰਕੇ ਹੂਲਾ ਫੱਕਿਐ-ਉਹ ਤਾਂ ਸਿਰੇ ਲਾ ਲੈ! ਪਹਿਲਾਂ ਈ ਦੁਲੱਤੇ ਚਲਾਉਣ ਲੱਗ ਪਿਐਂ? ਐਡਾ ਕ੍ਰਿਸ਼ਨ ਭਗਵਾਨ ਤੂੰ ਵੀ ਨ੍ਹੀ ਹੈਗਾ!" ਅਗਲੀਆਂ ਪਿਛਲੀਆਂ, ਤੱਤੀਆਂ ਠੰਢੀਆਂ ਭੂਆ ਨੇ ਸਾਰੀਆਂ ਹੀ ਸੁਣਾ ਦਿੱਤੀਆਂ। ਬਲਬੀਰ ਠਰ ਗਿਆ। ਭੂਆ ਨੇ ਉਸ ਨੂੰ ਬਰਫ਼ ਵਿਚ ਹੀ ਤਾਂ ਲਾ ਦਿੱਤਾ ਸੀ।

ਪੁਸ਼ਪਿੰਦਰ ਬਲਬੀਰ ਦੇ ਪੱਕੇ ਹੋਣ ਤੱਕ ਦੋ-ਦੋ ਕੰਮ ਕਰਕੇ, ਘਰ ਤੋਰਦੀ ਰਹੀ ਸੀ। ਓਵਰਟਾਈਮ ਉਹ ਕਦੇ ਵੀ ਨਹੀਂ ਛੱਡਦੀ ਸੀ- ਪਿੰਦਰ ਇੱਕ ਤਰ੍ਹਾਂ ਨਾਲ ਮਸ਼ੀਨ ਬਣ ਗਈ ਸੀ। ਪੂਰਾ ਦਿਨ ਉਹ ਕੰਮ ਕਰਦੀ ਅਤੇ ਰਾਤ ਨੂੰ ਸਾਰੀ ਸਾਰੀ ਰਾਤ ਉਸ ਨੂੰ ਵਿਹਲਾ ਬਲਬੀਰ 'ਪਿੰਜਦਾ' ਰਹਿੰਦਾ। ਪਰ ਫਿਰ ਵੀ ਪਿੰਦਰ ਪਤਾ ਨਹੀਂ ਕਿਸ ਹੱਡੀ ਦੀ ਬਣੀ ਹੋਈ ਸੀ? ਦਿਨੇ, ਨਾ ਰਾਤ ਨੂੰ ਭੋਰਾ ਨਹੀਂ ਥਿੜਕਦੀ ਸੀ। ਬਲਬੀਰ ਦੀ ਹਰ ਖ਼ਾਹਿਸ਼ 'ਤੇ ਫੁੱਲ ਚੜ੍ਹਾਉਂਦੀ ਸੀ।

ਜਿਸ ਦਿਨ ਬਲਬੀਰ ਦੇ ਪਾਸਪੋਰਟ 'ਤੇ 'ਪੱਕੀ ਮੋਹਰ' ਲੱਗੀ ਤਾਂ ਉਸ ਦਿਨ ਉਸ ਨੇ ਰੱਜ ਕੇ ਸ਼ਰਾਬ ਪੀਤੀ। ਮੀਟ ਖੁਦ ਬਣਾਇਆ। ਰੱਜ ਕੇ ਖਾਧਾ ਅਤੇ ਪਿੰਦਰ ਨੂੰ ਬੈੱਡ-ਰੂਮ ਵਿਚ ਲੈ ਵੜਿਆ ਅਤੇ ਉਸ ਨੂੰ 'ਖਾਣਾ' ਸ਼ੁਰੂ ਕਰ

ਦਿੱਤਾ।

ਦੋ ਵਾਰ 'ਹਮ-ਬਿਸਤਰ' ਹੋਣ ਤੋਂ ਬਾਅਦ ਉਹ ਪਿੰਦਰ ਨੂੰ ਬਦ-ਦਿਮਾਗਿਆਂ ਵਾਂਗ ਸੰਬੋਧਨ ਹੋਇਆ।

-"ਧਰਮ ਨਾਲ ਜਿਹੋ ਜਿਆ ਤੇਰੇ ਨਾਲ ਸੈਕਸ ਕਰ ਲਿਆ-ਜਿਹੋ ਜਿਆ ਮੱਝ ਨਾਲ ਕਰ ਲਿਆ-ਜਮਾਂ ਈ ਮਰਿਆਂ ਮਾਂਗੂੰ ਪਈ ਰਹਿੰਨੀ ਐਂ!"

-"ਤੁਸੀਂ ਮੱਝ ਨਾਲ ਵੀ ਕਰ ਕੇ ਦੇਖਿਐ?" ਪਿੰਦਰ ਨੇ ਗੱਲ ਹਾਸੇ ਪਾਉਣੀ ਚਾਹੀ।

-"-----।" ਬਲਬੀਰ ਚੁੱਪ ਹੋ ਗਿਆ।

-"ਬਲਬੀਰ ਤੁਹਾਨੂੰ ਤਾਂ ਪਤਾ ਈ ਐ-ਮੈਨੂੰ ਕੰਮ ਬਹੁਤ ਰਹਿੰਦੈ-ਥੱਕ ਜਾਨੀ ਆਂ-ਥੋਨੂੰ ਸਹਿਯੋਗ ਕਿਵੇਂ ਦੇਵਾਂ? ਸਿਰਫ਼ ਤੁਹਾਡੀ ਖ਼ੁਸ਼ੀ ਕਰਕੇ ਮੈਂ ਥੋਨੂੰ ਕਦੇ ਨਾਂਹ ਨਹੀਂ ਕੀਤੀ-ਤੁਹਾਡੀ ਮਰਜ਼ੀ ਖ਼ਿਲਾਫ਼ ਮੈਂ ਕਦੇ ਨਹੀਂ ਬੋਲੀ-ਪਰ ਹੁੰਦਾ ਮੇਰੇ ਸਰੀਰ ਵਿਚ ਫੱਕਾ ਨਹੀਂ।" ਪਿੰਦਰ ਨੇ ਅੱਤ ਦੀ ਮਜ਼ਬੂਰੀ ਅਤੇ ਸਫ਼ਾਈ ਪੇਸ਼ ਕੀਤੀ।

-"ਤੂੰ ਨਾਂਹ ਕਰਦੀ ਕਿਵੇਂ? ਥੱਪੜ ਖਾਣੇ ਸੀ? ਕਰਦੀ ਕੀ ਐ ਭੈਣ ਚੋਦ ਦੀ ਬੱਕਰੀ ਜੀ!" ਬਲਬੀਰ ਨੇ ਪਹਿਲੀ ਵਾਰ ਪੁਸ਼ਪਿੰਦਰ ਨੂੰ ਗਾਲ੍ਹ ਕੱਢੀ ਸੀ।

-"-----।" ਪਿੰਦਰ ਚੁੱਪ ਹੀ ਰਹੀ। ਉਹ ਸੋਚ ਰਹੀ ਸੀ ਕਿ ਬਲਬੀਰ ਸ਼ਰਾਬ ਦੇ ਨਸ਼ੇ ਵਿਚ ਉਸ ਨਾਲ ਬਦਸਲੂਕੀ ਕਰ ਰਿਹਾ ਸੀ। ਪਰ ਇਹ ਸ਼ਾਇਦ ਉਸ ਦਾ ਭਰਮ ਸੀ। ਵੱਡਾ ਭੁਲੇਖਾ ਸੀ।

ਦਿਨੋ-ਦਿਨ ਬਲਬੀਰ ਦੀਆਂ ਪਿੰਦਰ ਪ੍ਰਤੀ ਵਧੀਕੀਆਂ ਵਧਦੀਆਂ ਹੀ ਗਈਆਂ। ਹਰ ਮਹੀਨੇ ਉਹ ਉਸ ਦੀ ਤਨਖਾਹ ਹੱਥ ਹੇਠ ਕਰ ਲੈਂਦਾ। ਖਰਚੇ ਲਈ ਵੀ ਪੈਸੇ ਨਾ ਦਿੰਦਾ। ਜੇ ਪਿੰਦਰ ਮੇਕ-ਅੱਪ ਦੇ ਸਮਾਨ ਲਈ ਵੀ ਪੈਸੇ ਮੰਗ ਲੈਂਦੀ ਤਾਂ ਉਹ ਸਿੱਧਾ ਹੀ ਸੁਆਲ ਪੁੱਛਦਾ।

-"ਸੁਰਖੀ ਬਿੰਦੀ ਲਾ ਕੇ ਕਿਹੜੇ ਯਾਰ ਨੂੰ ਦਿਖਾਉਣੀ ਐਂ? ਕੋਈ ਹੋਰ ਕਰਨ ਦਾ ਇਰਾਦਾ ਤਾਂ ਨ੍ਹੀ? ਕਿ ਕਿਸੇ ਨਾਲ ਨਿੱਕਲਣੈਂ?" ਅਜ਼ੀਬ ਜਿਹੇ ਸੁਆਲ ਪੁਸ਼ਪਿੰਦਰ ਦੇ ਕਪਾਲ ਵਿਚ ਕੱਚ ਵਾਂਗ ਵੱਜਦੇ। ਪਰ ਉਹ ਪਾਣੀ ਵਾਂਗ ਪੀ ਜਾਂਦੀ। ਡੀਕ ਜਾਂਦੀ। ਕਿਸੇ ਕੋਲ ਵੀ ਭਾਫ਼ ਨਾ ਕੱਢਦੀ। ਕਦੇ ਭਰਾ-ਭਰਜਾਈ ਜਾਂ ਨਾਲ ਕੰਮ ਕਰਦੀਆਂ ਸਾਥਣਾਂ ਕੋਲ ਉਸ ਨੇ ਆਪਣੇ ਦੁਖੀ ਹੋਣ ਦੀ ਬਾਤ ਨਹੀਂ ਪਾਈ ਸੀ। ਕਦੇ ਉਸ ਨੇ ਮਾਂ-ਬਾਪ ਨੂੰ ਫ਼ੋਨ ਨਹੀ ਸੀ ਕੀਤਾ। ਕਦੇ ਭਰਾ-ਭਰਜਾਈ ਨੂੰ ਫ਼ੋਨ ਨਹੀ ਕਰਦੀ ਸੀ। ਭਰਜਾਈ ਦਾ ਉਸ ਨੂੰ ਹਫ਼ਤੇ ਵਿਚ ਦੋ-ਤਿੰਨ ਵਾਰ ਫ਼ੋਨ ਜ਼ਰੂਰ ਆ ਜਾਂਦਾ। ਜਦ ਉਹ ਪਿੰਦਰ ਨੂੰ ਫ਼ੋਨ ਨਾ ਕਰਨ ਦਾ ਕਾਰਨ ਪੁੱਛਦੀ ਤਾਂ ਪੁਸ਼ਪਿੰਦਰ ਇੱਕੋ ਹੀ ਘੜਿਆ ਘੜਾਇਆ ਉੱਤਰ ਦੇ ਛੱਡਦੀ।

-"ਭਾਬੀ ਜੀ ਟਾਈਮ ਹੀ ਨਹੀਂ-ਥੋਨੂੰ ਤਾਂ ਪਤਾ ਈ ਐ ਕਿ ਮੇਰੇ ਕੋਲ ਕਿੰਨਾਂ ਕੰਮ ਐਂ?"

ਭਾਬੀ ਨਿਰੁੱਤਰ ਹੋ ਜਾਂਦੀ। ਬਲਬੀਰ ਦੇ ਵਿਹਲੇ ਹੋਣ ਦਾ ਉਸ ਨੂੰ ਪਤਾ ਸੀ। ਪੁਸ਼ਪਿੰਦਰ ਦੇ ਦੋ-ਦੋ ਕੰਮ ਕਰਨ ਦਾ ਉਸ ਨੂੰ ਗਿਆਨ ਸੀ। ਪਰ ਉਹ ਬੇਵੱਸ ਸੀ। ਪ੍ਰਦੇਸੀ ਜ਼ਿੰਦਗੀ ਵਿਚ ਬੰਦਾ ਆਪਣਾ ਆਪ ਹੀ ਸਮੇਟ ਲਵੇ, ਬਹੁਤ ਹੈ!

ਜਦੋਂ ਬਲਬੀਰ ਹਰ ਰੋਜ਼ ਹੀ ਪੀ ਕੇ ਗਾਲ੍ਹੀ-ਗਲੋਚ ਕਰਨ ਲੱਗ ਪਿਆ ਤਾਂ ਪੁਸ਼ਪਿੰਦਰ ਨੇ ਅੱਕ ਕੇ, ਅਤੀਅੰਤ ਦੁਖੀ ਹੋ ਕੇ ਬਚਨੋਂ ਭੂਆ ਨੂੰ ਫ਼ੋਨ ਕਰ ਦਿੱਤਾ। ਬਚਨੋਂ ਬਿੱਜ ਵਾਂਗ ਆ ਵੱਜੀ।

-"ਜੇ ਟੁੱਟੜਾ ਇਉਂ ਕਰਦਾ ਸੀ-ਮੈਨੂੰ ਪਹਿਲਾਂ ਈ ਫ਼ੋਨ ਕਰ ਦਿੰਦੀ ਪੁੱਤ!" ਬੇਈਮਾਨ ਭੂਆ ਨੇ ਫਿਰ ਫ਼ਫੇ ਕੁੱਟਣੇ ਸ਼ੁਰੂ ਕਰ ਦਿੱਤੇ।

-"ਮੈਂ ਤਾਂ ਭੰਨ ਦਿੰਦੀ ਲਹਿ ਜਾਣੇਂ ਦੀਆਂ ਜਾਭਾਂ-ਤੋੜ ਦਿੰਦੀ ਗੋਡੇ!"

-"-----।" ਪੁਸ਼ਪਿੰਦਰ ਰੋਈ ਜਾ ਰਹੀ ਸੀ।

-"ਤੂੰ ਆ ਲੈਣ ਦੇ ਅੱਜ ਕੇਰਾਂ-ਜੇ ਨਾ ਬੇਬੇ ਚੇਤੇ ਕਰਾਤੀ ਤਾਂ ਆਖੀਂ!"

-"ਹੁਣ ਤਾਂ ਭੂਆ ਜੀ ਮੈਨੂੰ ਛੇਵਾਂ ਮਹੀਨਾ ਲੱਗਣ ਆਲੈ-ਹੁਣ ਮੇਰੀ ਹਾਲਤ ਗਾਹਲਾਂ ਕੱਢਣ ਆਲੀ ਐ?" ਪੁਸ਼ਪਿੰਦਰ ਛੇ ਮਹੀਨੇ ਤੋਂ ਗਰਭਵਤੀ ਸੀ।

-"ਮੈਂ ਤਾਂ ਕਦੇ ਆਬਦੇ ਭਰਾ ਭਰਜਾਈ ਕੋਲੇ ਨਹੀਂ ਦੱਸਿਆ।"

-"ਦੱਸਣਾ ਵੀ ਕਾਹਤੋਂ ਐਂ ਪੁੱਤ? ਮੈਂ ਦੇਖਗਾਂ ਬੈਠੀ! ਉਹ ਬਾਧੂ ਦੇ ਦੁਖੀ ਹੋਣਗੇ!"

-"ਇੱਕ ਤੈਨੂੰ ਰੈਅ ਦੇਵਾਂ ਪੁਸ਼ਪਿੰਦਰ?" ਬਚਨੋਂ ਉਸ ਦੇ ਬੜਾ ਹੀ ਨੇੜੇ ਹੋ ਗਈ।

-"-----।" ਪੁਸ਼ਪਿੰਦਰ ਨੇ ਅੱਖਾਂ ਉੱਪਰ ਚੁੱਕੀਆਂ।

-"ਇਹਦੇ ਮਾਂ ਪਿਉ ਨੂੰ ਮੰਗਵਾ ਲੈ-ਜੁਆਕ ਜੱਲਾ ਹੁੰਦੇ ਨੂੰ ਆ ਜਾਣਗੇ-ਉਹ ਜਾਣੇਂ ਨਾਲੇ ਜੁਆਕ ਸਾਂਭੀ ਫਿਰਨਗੇ-ਨਾਲੇ ਇਹ ਬਿੱਜੂ ਸੂਤ ਰਹੂ-ਆਬਦੇ ਪਿਉ ਤੋਂ ਤਾਂ ਇਹ ਬਾਹਲਾ ਈ ਚਾਲੂ ਐ-ਮੂਤਦਾ ਫਿਰਦੈ ਉਹਦੇ ਮੂਹਰੇ ਤਾਂ ਇਹੇ!"

-"-----।"

-"ਇੱਕ ਆਰੀ ਦੀ ਗੱਲ ਐ!" ਬਚਨੋ ਨੇ 'ਕਹਾਣਾ' ਸ਼ੁਰੂ ਕੀਤਾ।

-"ਘਰੋਂ ਤਾਂ ਜਾਇਆ ਕਰੇ ਇਹੇ ਪੜ੍ਹਨ ਤੇ ਜਾ ਵੜਿਆ ਕਰੇ ਭਾਈ ਸਿਨਮਾ ਦੇਖਣ-ਇਹਦੇ ਪਿਉ ਕੋਲੇ ਕਿਸੇ ਨੇ ਚੁਗਲੀ ਖਾ ਦਿੱਤੀ-ਬੱਸ ਫੇਰ ਕੀ ਸੀ? ਉਹਨੇ ਬੱਸੋਂ ਉੱਤਰਦਾ ਈ ਸਿੱਟ ਲਿਆ ਤੇ ਘਰ ਤੱਕ ਕੁੱਟਦਾ ਈ ਲਿਆਇਆ-ਉਦੋਂ ਦਾ ਤਾਂ ਇਹੇ ਉਹਤੋਂ ਇਉਂ ਚੱਲਦੈ-ਜਿਵੇਂ ਤੀਰੋਂ ਕਾਂ! ਮੇਰੀ ਮੰਨ ਉਹਨਾਂ ਨੂੰ ਮੰਗਵਾ ਲੈ-ਇਹੇ ਤਾਂ ਮੂਤ ਦੀ ਝੱਗ ਮਾਂਗੂੰ ਬਹਿਜੂ-ਇਹ ਤਾਂ ਅਜੇ ਮੰਗਵਾ ਨ੍ਹੀ ਸਕਦਾ-ਤੂੰ ਤਾਂ ਜਦੋਂ ਮਰਜੀ ਐ ਸੱਦ ਲਵੇਂ-ਨਾਲੇ ਵੱਡੇ ਰੁਪਿੰਦਰ ਦੀ ਕਿਸਮਤ ਖੁੱਲ੍ਹਜੂ।" ਭੂਆ ਬਚਨੋਂ ਨੇ ਪੁਸ਼ਪਿੰਦਰ ਨੂੰ 'ਜੇਠ' ਵਾਲੀ ਬਾਤ ਵੀ ਪਾ ਦਿੱਤੀ। ਰੁਪਿੰਦਰ ਬਲਬੀਰ ਹੋਰਾਂ ਤੋਂ ਸਾਰਿਆਂ ਤੋਂ ਹੀ ਵੱਡਾ ਸੀ।

-"-----।" ਪੁਸ਼ਪਿੰਦਰ ਚੁੱਪ ਸੀ।

-"ਜੇ ਕਹੇਂ ਤਾਂ ਗੁਰਦਿਆਲ ਨੂੰ ਕਹਿ ਦਿੰਨੀ ਐਂ-ਕਾਗਜ ਪੱਤਰ ਬਣਾਉਣ 'ਚ ਤੇਰੀ ਮੱਦਤ ਕਰਦੂ-ਕਾਨੂੰਨਾਂ ਦਾ ਉਹਨੂੰ ਪਤਾ ਈ ਐ-ਕੀ ਹੋ ਗਿਆ ਲੋਕਾਂ ਨੇ ਉਹਦਾ ਨਾਂ 'ਝਗੜਾ' ਪਾ ਲਿਆ? ਪਰ ਅੰਮ੍ਰਿਤ ਛਕ ਕੇ ਬੰਦਾ ਬਣ ਗਿਆ-ਤੇਰਾ ਫੁੱਫੜ ਤਾਂ ਸਾਰੀ ਉਮਰ ਘੋਗੜ ਦਾ ਘੋਗੜ ਈ ਰਿਹਾ।"

ਬਾਹਰੋਂ ਘੰਟੀ ਵੱਜੀ।

-"ਬਲਬੀਰ ਈ ਹੋਣੈਂ? ਤੂੰ ਬੈਠ ਮੈਂ ਦਰਵਾਜਾ ਖੋਲ੍ਹ ਦਿੰਨੀ ਆਂ ਤੇ ਨਾਲੇ ਦਿੰਨੀ ਐਂ ਦੱਖੂਦਾਣਾ।"

ਭੂਆ ਨੇ ਦਰਵਾਜਾ ਖੋਲ੍ਹ ਦਿੱਤਾ।

ਬਲਬੀਰ ਅੰਦਰ ਲੰਘ ਆਇਆ।

-"ਆ ਜਾਹ-ਤੈਨੂੰ ਈ 'ਡੀਕਦੀ ਸੀ!" ਭੂਆ ਨੇ ਉਸ ਨੂੰ ਗੁੱਝੀ ਅੱਖ ਮਾਰੀ।

-"ਤੂੰ ਲੱਛਣ ਕੀ ਫੜੇ ਐ ਵੇ, ਟੂਟਲਾ! ਕੁੜੀ ਨੂੰ ਤੰਗ ਕਿਉਂ ਕਰਦੈਂ?"

ਬਲਬੀਰ ਕੁਛ ਬੋਲਣ ਹੀ ਲੱਗਿਆ ਸੀ ਕਿ ਬਚਨੋਂ ਨੇ ਗੱਲ ਉਸ ਦੇ ਮੂੰਹੋਂ ਖੋਹ ਲਈ।

-"ਬੁਲਾਉਨੇ ਆਂ ਤੇਰੇ ਮਾਂ ਪਿਉ ਨੂੰ ਐਥੇ-ਕਰਵਾਉਨੇ ਐਂ ਤੈਨੂੰ ਸੂਤ-ਜਦੋਂ ਪਈਆਂ ਚੂਕਣੇਂ 'ਚ-ਪਤਾ ਤਾਂ ਫੇਰ ਲੱਗੂ-ਨਾਲੇ ਤੂੰ ਪਤੰਦਰ ਨੂੰ ਚੰਗਾ ਭਲਾ ਜਾਣਦੈਂ? ਪਤੈ ਜਦੋਂ ਸਕੂਲੋਂ ਆਉਂਦਾ ਭੰਨਿਆਂ ਸੀ? ਯਾਦ ਐ?"

-"-----।" ਬਲਬੀਰ ਸਾਰੀ ਗੱਲ ਸਮਝ ਗਿਆ ਸੀ ਕਿ ਭੂਆ ਨੇ ਅਗਲੀ ਗੱਡੀ ਵੀ ਲੀਹ 'ਤੇ ਚਾੜ੍ਹ ਲਈ ਸੀ।

-"ਮੈਂ ਕਰਲੀ ਐ ਸਾਰੀ ਗੱਲ ਪੁਸ਼ਪਿੰਦਰ ਨਾਲ-ਭੇਜਦੇ ਐਂ ਕਾਗਜ ਪੱਤਰ ਉਹਨਾਂ ਦੇ ਅਗਲੇ ਹਫ਼ਤੇ ਤਿਆਰ ਕਰਵਾ ਕੇ-ਤੂੰ ਆਬਦੀ ਪਿੱਠ ਤਿਆਰ ਕਰ! ਤੈਨੂੰ ਚੂਹੜੇ ਲੈ ਜਾਣ! ਕੁੜੀ ਕਿਹੜੇ ਹਾਲੀਂ ਐ-ਤੇ ਤੂੰ ਨੌਸਰਾਂ ਕਰ-ਕਰ ਦਿਖਾਉਨੈਂ? ਗੁਰਦਿਆਲ ਦੇ ਵੀ ਲੈਨੀ ਆਂ ਝੱਗੇ ਦਾ ਮੇਚ! ਪੁੱਤ ਖਾਣੇ ਦਿਆਂ ਨੇ ਲੱਲੋ-ਪੱਤੋ ਈ ਸਮਝ ਰੱਖਿਐ!"

ਬਲਬੀਰ ਚੁੱਪ ਚਾਪ ਸੀਲ ਬਣਕੇ ਸੋਫ਼ੇ 'ਤੇ ਬੈਠ ਗਿਆ।

-"ਬੀਰਿਆ! ਬੰਦਾ ਬਣ ਪੁੱਤ! ਹੁਣ ਤੂੰ ਨਿਆਣਾ ਨਹੀਂ! ਪੁਸ਼ਪਿੰਦਰ ਨੂੰ ਬੱਚਾ ਬੱਚੀ ਹੋਣ ਆਲੈ-ਤੂੰ ਪਿਉ ਬਣਨ ਆਲੈਂ-ਇਹ ਗੱਲਾਂ ਤੈਨੂੰ ਸੋਭਾ ਨਹੀਂ ਦਿੰਦੀਆਂ-ਅਜੇ ਤਾਂ ਪੁਸ਼ਪਿੰਦਰ ਈ ਸਿਆਣੀ ਐਂ-ਜੇ ਧੂਤਕੜੇ ਆਲੀ ਹੁੰਦੀ ਤਾਂ ਪੰਜਾਬੀ ਲਾਣੇਂ 'ਚ ਤੇਰੀ ਮਿੱਟੀ ਪੱਟਦੀ! ਇਹਨੇ ਤਾਂ ਵਿਚਾਰੀ ਨੇ ਹਾਲੀਂ ਤੱਕ ਆਬਦੇ ਭਰਾ ਭਰਜਾਈ ਨੂੰ ਵੀ ਨ੍ਹੀ ਕੁਛ ਦੱਸਿਆ-ਸਿਆਣੀ ਵਗੀ, ਜਿਹੜਾ ਮੈਨੂੰ ਸੱਦ ਲਿਆ-ਜੇ ਕਿਸੇ ਗਏ ਘਰ ਦੀ ਹੁੰਦੀ-ਬੀਹ ਟਟਬੈਰ ਖੜ੍ਹੇ ਕਰਦੀ-ਦੁਨੀਆਂ, ਤੂੰ ਐਥੇ ਦੇਖੀ ਈ ਜਾਨੈਂ? ਨਿੱਤ ਛਿੱਤਰੀਂ ਦਾਲ ਵੰਡਦੀ ਐ-ਸਿਆਣਾ ਬਣ ਮੇਰਾ ਸ਼ੇਰ-ਜੇ ਝੱਗਾ ਚੱਕੀਏ-ਆਬਦਾ ਢਿੱਡ ਈ ਨੰਗਾ ਹੁੰਦੈ!"

-"ਪਿੰਦਰ! ਅੱਜ ਤੋਂ ਬਾਅਦ ਗਲਤੀ ਨਹੀਂ ਕਰੂੰਗਾ।" ਜਦ ਬਲਬੀਰ ਨੇ ਕਿਹਾ ਤਾਂ ਪੁਸ਼ਪਿੰਦਰ ਦੀਆਂ ਅੱਖਾਂ

ਦਾ ਹੜ੍ਹ ਫਿਰ ਵਹਿ ਤੁਰਿਆ।

-"ਤੁਸੀਂ ਦੱਸੋ ਬਈ ਤੁਹਾਨੂੰ ਹੁਣ ਤੱਕ ਕੋਈ ਉਲਾਂਭਾ ਆਉਣ ਦਿੱਤੈ? ਤੁਹਾਡੇ ਕਾਗਜ਼ ਜਿੰਨਾ ਚਿਰ ਨਹੀਂ ਬਣੇਂ-ਉਨਾਂ ਚਿਰ ਦਿਨ ਰਾਤ ਊਰੀ ਵਾਂਗ ਘੁਕਦੀ ਕੰਮ ਕਰਦੀ ਰਹੀ ਆਂ-ਕਦੇ ਮੱਥੇ ਵੱਟ ਪਾਇਆ? ਕਿਸੇ ਗੱਲੋਂ ਟੋਟ ਆਉਣ ਦਿੱਤੀ? ਲੋਕੀ ਕਹਿੰਦੇ ਰਹੇ ਬਲਬੀਰ ਨੂੰ ਚੋਰੀ ਦੇ ਕੰਮ 'ਤੇ ਚਾਹੜ ਦੇਹ-ਪਰ ਮੈਂ ਨਾ ਮੰਨੀ-ਸੋਚਿਆ, ਆਬਦਾ ਬੰਦਾ ਅੰਦਰ ਹੋ ਗਿਆ-ਦੁੱਖ ਕੀਹਨੂੰ ਐਂ? ਫੜ ਕੇ ਡਿਪੋਰਟ ਕਰ ਦੇਣਗੇ-ਤੁਸੀਂ ਹੁਣ ਤੱਕ ਮੇਰੀ ਕੋਈ ਗਲਤੀ ਵੀ ਕੱਢੋ! ਕਾਹਨੂੰ ਬੇਦੋਸ਼ੀ ਨੂੰ ਹੀ ਤੰਗ ਕਰਨ ਲੱਗੇ ਓਂ?" ਪੁਸ਼ਪਿੰਦਰ ਨੇ ਅਗਲੀਆਂ ਪਿਛਲੀਆਂ ਸਾਰੀਆਂ ਕਹਿ ਮਾਰੀਆਂ।

-"ਪਿੰਦਰ! ਛੱਡ ਪੁੱਤ! ਮਿੱਟੀ ਪਾ! ਬਹੁਤਾ ਨਹੀਂ ਕਲਪੀਦਾ ਹੁੰਦਾ-ਆਬਦੇ ਜੁਆਕ ਬਾਰੇ ਸੋਚ!" ਬਚਨੋ ਬੋਲੀ।

-"ਭੂਆ ਜੀ! ਜੁਆਕ ਇਹਨਾਂ ਦਾ ਵੀ ਐ-ਮੇਰੀ 'ਕੱਲੀ ਦਾ ਤਾਂ ਨਹੀਂ? ਇਹ ਵੀ ਸੋਚ ਕਰਨ ਕੁਛ-ਦਾਰੂ ਪੀ ਕੇ ਰਾਠ ਖਾਨ ਬਣ ਜਾਂਦੇ ਐ!"

-"ਜਦੋਂ ਇਹਦਾ ਪਿਉ ਆ ਗਿਆ-ਦਾਰੂ ਤਾਂ ਉਹਨੇ ਵਿਹੜੇ ਨ੍ਹੀ ਵੜਨ ਦੇਣੀ-ਤੂੰ ਪੀਣ ਦੀ ਗੱਲ ਕਰਦੀ ਐਂ? ਉਹ ਤਾਂ ਦਾਰੂ ਪੀਣ ਆਲਿਆਂ ਨੂੰ ਇਉਂ ਪੈਂਦੈ-ਜਿਵੇਂ ਕੁਕੜੀ ਘੰਗਾਰ ਨੂੰ ਪੈਂਦੀ ਐ---!"

-"-----।"

-"ਇਹਦੀ ਮਾਂ ਤਾਂ ਐਂਮੇ ਆਖੀਏ ਹੈਗੀ ਐ ਪੁੱਚ ਪੁੱਚ ਕਰਨ ਆਲੀ-ਪਰ ਇਹਦਾ ਪਿਉ ਤਾਂ ਅੱਗ ਦੀ ਨਾਲ ਐ-ਪੂਰਾ ਘੈਂਟ ਬੰਦਾ---!"

-"-----।"

-"ਹੁਣ ਤਾਂ ਵੱਡਾ ਹਥਿਆਰ ਥੋਡੇ ਕੋਲੇ ਜੁਆਕ ਆਲੈ-ਜੁਆਕ ਹੋਣ ਤੋਂ ਪਹਿਲਾਂ ਈ ਕਾਗਜ ਪੱਤਰ ਭੇਜ ਕੇ ਮੰਗਵਾ ਲਵੋ-ਇਹਨੂੰ ਤਾਂ ਇਹਦਾ ਪਿਉ ਲਾ ਦਿਊ ਖੁਰੀਆਂ-ਵਹਿਮ ਨਾ ਮੰਨ!" ਭੂਆ ਗੱਲ ਪੱਕੀ ਤੋਂ ਵੀ ਪੱਕੀ ਕਰਦੀ ਜਾ ਰਹੀ ਸੀ।

-"ਤੇਰਾ ਕੰਮ ਕੱਲ੍ਹ ਨੂੰ ਇਹੇ ਐ-ਗੱਲ ਸੁਣਦੈਂ ਧਿਆਨ ਦੇ ਕੇ?" ਭੂਆ ਨੇ ਬਲਬੀਰ ਨੂੰ ਠੋਹਕਰਿਆ।

-"ਸੁਣਦੈਂ।" ਉਹ ਮੁਰਕੜੀ ਜਿਹੀ ਮਾਰੀ ਬੈਠਾ ਸੀ।

-"ਕੱਲ੍ਹ ਨੂੰ ਤੂੰ ਤੇ ਪੁਸ਼ਪਿੰਦਰ ਬਣਾਓ ਕਗਜ ਪੱਤਰ-ਤੇ ਤੋਰੋ ਕੱਲ੍ਹ ਦੀ ਡਾਕ 'ਚ ਈ ਇੰਡੀਆ-ਸੁਣ ਗਿਆ? ਘੁੱਗੂ ਜਿਆ ਬਣਿਆਂ ਬੈਠੈਂ?"

-"ਸੁਣ ਗਿਆ ਜੀ।"

-"ਤੇ ਚੱਲ ਹੁਣ ਮੈਨੂੰ ਗੱਡੀ 'ਤੇ ਘਰੇ ਛੱਡ ਕੇ ਆ-ਤੇਰਾ ਫੁੱਫੜ ਆ ਕੇ ਖੁਰਗੋ ਪੱਟੂ-ਤੇ ਤੂੰ ਪੁੱਤ ਪੁਸ਼ਪਿੰਦਰ! ਭੋਰਾ ਫ਼ਿਕਰ ਨਾ ਕਰੀਂ! ਜੇ ਮੁੜ ਕੇ ਇਹੇ ਚੀਂ-ਫ਼ੀਂ ਕਰੇ-ਮੈਨੂੰ ਫੂਨ ਕਰੀਂ-ਮੈਂ ਪੱਟੂੰ ਇਹਦੀਆਂ ਬੋਦੀਆਂ ਜੀਆਂ!"

ਪੁਸ਼ਪਿੰਦਰ ਹੱਸ ਪਈ।

ਬਲਬੀਰ ਭੂਆ ਨੂੰ ਕਾਰ ਵਿਚ ਛੱਡਣ ਚਲਿਆ ਗਿਆ।

-"ਗੱਲ ਸੁਣ ਬਲਬੀਰ ਮੇਰੀ ਪੁੱਤ! ਆਪਾਂ ਹੁਣ 'ਕੱਲੇ ਆਂ।" ਭੂਆ ਨੇ ਕਹਿਣਾ ਸ਼ੁਰੂ ਕੀਤਾ।

-"ਦੁਪਿਆਰਾ ਤੂੰ ਮੈਨੂੰ ਜਮਾਂ ਈ ਨਹੀਂ-ਤੂੰ ਮੇਰਾ ਖੂਨ ਐਂ-ਮੇਰੇ ਖਾਨਦਾਨ ਦਾ ਦੀਵਾ ਐਂ-ਮੇਰੇ ਮਾਪਿਆਂ ਦੀ ਜੜ੍ਹ ਐਂ!"

-"ਗੁੱਸਾ ਮੇਰੀ ਕਿਸੇ ਵੀ ਗੱਲ ਦਾ ਨਾ ਕਰੀਂ-ਮੈਂ ਸਾਰਾ ਕੁਛ ਥੋਡੇ ਸਾਰਿਆਂ ਦੇ ਭਲੇ ਆਸਤੇ ਈ ਆਖਦੀ ਐਂ-ਕੱਲ੍ਹ ਨੂੰ ਬਾਈ ਹੁਰਾਂ ਦੇ ਕਾਗਜ ਬਣਾ ਕੇ ਭੇਜ ਦਿਓ-ਦੋ ਤਿੰਨ ਮਹੀਨਿਆਂ 'ਚ ਆ ਜਾਣਗੇ-ਮੇਰੀ ਸਕੀਮ ਪਤਾ ਕੀ ਐ?"

-"ਕੀ ਐ?" ਬਲਬੀਰ ਘੋਗੜ ਵਾਂਗ ਭੂਆ ਵੱਲ ਝਾਕਿਆ।

-"ਮੇਰੀ ਸਕੀਮ ਬ੍ਰੀਰਿਆ ਬੜੀ ਲੰਮੀ ਐਂ-ਤੇਰੇ ਬਾਪੂ ਬੇਬੇ ਆਇਆਂ ਤੋਂ-ਵੱਡੇ ਰੁਪਿੰਦਰ ਨੂੰ ਵਾੜਾਂਗੇ ਕਿਵੇਂ ਨਾ ਕਿਵੇਂ, ਐਥੇ! ਤੇਰਾ 'ਤੇ ਪੁਸ਼ਪਿੰਦਰ ਦਾ ਕਰਵਾਵਾਂਗੇ ਤਲਾਕ-ਤੇ ਰੁਪਿੰਦਰ ਨਾਲ ਕਰਾਂਗੇ ਕਾਗਜੀ ਵਿਆਹ! ਤੂੰ

ਵੀ ਸੈੱਟ ਤੇ ਉਹ ਵੀ ਸੈੱਟ-ਠੀਕ ਐ? ਇਹਨੂੰ ਕੁੱਤੀ ਨੂੰ ਘੂਰ ਨਾ! ਬੁਸ਼ਕਾਰ ਕੇ ਰੱਖ-ਇਹ ਬੜੇ ਕੰਮ ਦਿਊ, ਅਜੇ! ਜਦੋਂ ਦੋਵੇਂ ਹੋ ਗਏ ਥਾਓਂ ਥਾਈਂ ਸੈੱਟ-ਤੇ ਫੇਰ ਇਹਦੇ ਮਾਰਾਂਗੇ ਢੂਏ 'ਚ ਲੱਤ ਤੇ ਇੰਡੀਆ ਬੜੀ ਠਾਠ ਨਾਲ ਵਿਆਹ ਕਰ ਕੇ ਆਵਾਂਗੇ-ਇਹ ਸਿਲਤ ਜੀ ਸਾਰੀ ਉਮਰ ਤੈਨੂੰ ਸੁੱਖ ਕੇ ਨ੍ਹੀ ਦਿੱਤੀ-ਇੰਡੀਆ ਤੋਂ ਕੁੜੀ ਲਿਆਮਾਂਗੇ ਭੜ੍ਹਾਕੇ ਅਰਗੀ।"

-"ਪਰ ਭੂਆ ਜੀ-ਇਹ ਸਕੀਮਾਂ ਸਿਰੇ ਚੜ੍ਹਨਗੀਆਂ ਵੀ ਕਿ ਨਹੀਂ?"

-"ਵੇ ਟੂਟਲਾ! ਤੁਸੀਂ ਗਿੱਟਲ ਦੇ ਗਿੱਟਲ ਈ ਰਹੇ! ਮੈਂ ਕਾਹਦੇ ਆਸਤੇ ਬੈਠੀ ਐਂ? ਜੇ ਨਾ ਅਸਮਾਨ ਨੂੰ ਟਾਕੀ ਲਾਅਤੀ ਤਾਂ ਕਹੀਂ! ਤੂੰ ਕੱਲ੍ਹ ਨੂੰ ਇਹਤੋਂ ਕਾਗਜ ਬਣਵਾ ਕੇ ਇੰਡੀਆ ਨੂੰ ਤੋਰ-ਤੇਰੇ ਪਿਉ ਨੂੰ ਆ ਲੈਣਦੇ-ਫੇਰ ਮੈਂ ਜਾਣਾਂ ਜਾਂ ਉਹ ਜਾਣੇਂ-ਤੁਸੀਂ ਬਰੀ!"

-"-----।"

-"ਕੰਮ ਪੁੱਤ ਦਿਮਾਗ ਤੋਂ ਲਈਦੇ ਹੁੰਦੇ ਐ-ਸਿਆਣੇ ਕਹਿੰਦੇ ਐ-ਜੁੱਲ ਕੰਧੋਲੇ ਮੌਜਾਂ ਮਾਨਣ ਆਕੜ ਪਾਅਲੇ ਮਰਦੀ ਐ-ਵੱਡਾ ਗੁਰਦਿਆਲ ਤਾਂ ਕੁਛ ਕਰਨ ਕੱਤਰਨ ਜੋਗਾ ਨਹੀਂ-ਤੂੰ ਤਾਂ ਕੋਈ ਕੰਮ ਸਿਰੇ ਚਾੜ੍ਹ! ਕੰਮ ਆਬਦਾ ਸਿੱਧ ਹੁੰਦੈ ਤੇ ਸ਼ਾਬਾਸ਼ੇ ਲੋਕਾਂ ਦੀ-ਤੇ ਨਹੀਂ ਤਾਂ ਉਹ ਗੱਲ ਹੋਊ, ਬਈ ਘਰ ਬਾਰ ਗੁਆਇਆ ਤੇ ਭੜੂਆ ਅਖਵਾਇਆ-ਤੂੰ ਦੇਖ ਲੈ ਕਿਹੜੇ ਪਾਸੇ ਤੁਰਨੈਂ? ਇਹ ਤੇਰੀ ਮਰਜੀ ਐ! ਪ੍ਰੀਵਾਰ ਸੈੱਟ ਕਰਲੇਂਗਾ-ਲੋਕਾਂ ਦੀ ਬੱਲੇ ਬੱਲੇ-ਤੇ ਜੇ ਖਾ ਕੇ ਫੋਕੇ ਡਕਾਰ੍ਹ ਈ ਮਾਰੀ ਜਾਣੇ ਐਂ-ਲੋਕ ਤਾਂ ਫੇਰ ਗਿੱਟਲ ਈ ਕਹਿਣਗੇ!"

-"-----।" ਬਲਬੀਰ ਅੰਦਰ ਕੁਤਕੁਤੀਆਂ ਹੋਣ ਲੱਗ ਪਈਆਂ। ਬਘਿਆੜੀ ਭੂਆ ਦੀ ਕਾਤਿਲ ਸੋਚ ਦਾ ਉਹ ਕਾਇਲ ਹੋਇਆ ਬੈਠਾ ਸੀ।

-"ਲੋਕ ਤਾਂ ਬ੍ਹੀਰਿਆ ਪੁੱਤ, ਸਾਰੀ ਦੇ ਸੱਚੇ ਹੁੰਦੇ ਐ-ਜਿਹੜੀ ਲੋਕਾਂ ਨੇ ਥੋਡੀ ਗਿੱਟਲਾਂ ਆਲੀ ਅੱਲ ਪਾਈ ਵੀ ਐ-ਉਹ ਲਾਹ ਦਿਓ ਹੁਣ! ਉਹ ਸਾਰੀ ਉਮਰ ਥੋਨੂੰ ਨਸੂੜ੍ਹੇ ਦੀ ਗਿੜ੍ਹਕ ਮਾਂਗੂੰ ਸੁੱਖ ਕੇ ਨਹੀਂ ਦਿੱਤੀ-ਟੱਬਰ ਦਾ ਕੁਛ ਸੁਆਰ-ਲੋਕ ਆਬਦੇ ਆਪ ਈ ਨਿਹੱਥੇ ਹੋ ਕੇ ਬਹਿ ਜਾਂਦੇ ਐ-ਬਈ ਆਪਾਂ ਤਾਂ ਐਂਵੇਂ ਈ ਗਿੱਟਲ ਆਖੀ ਗਏ? ਇਹ ਤਾਂ ਦਿਮਾਗੀ ਈ ਬਹੁਤ ਐ!"

-"ਤੇ ਭੂਆ, ਹੁਣ ਮੈਂ ਕੀ ਕਰਾਂ?" ਭੂਆ ਦੇ ਛੱਡੇ ਤੀਰ ਐਨ੍ਹ ਨਿਸ਼ਾਨੇ 'ਤੇ ਵੱਜਣ ਮਗਰੋਂ ਬਲਬੀਰ ਨੇ ਪੁੱਛਿਆ।

-"ਤੂੰ ਇਹਨੂੰ ਰਾਮ ਗਊ ਨੂੰ ਪਲੋਸੀ ਰੱਖ-ਜਿੰਨਾਂ ਚਿਰ ਤੇਰੇ ਮਾਂ ਪਿਉ ਐਥੇ ਨਹੀਂ ਪਹੁੰਚਦੇ-ਕੰਮ ਸੁਆਰਨਾ ਔਖਾ ਹੁੰਦੈ-ਵਿਗਾੜ ਤਾਂ ਪੁੱਤ ਜਦੋਂ ਮਰਜੀ ਲੈ-ਮਾਂ ਪਿਉ ਦੀ ਰਾਹਦਾਰੀ ਭਿਜਵਾ-ਰੁਪਿੰਦਰ ਨੂੰ ਕਿਸੇ ਚੋਰ ਮੋਰੀ ਵਿਚ ਦੀ ਇੱਧਰ ਵਾੜ-ਇਹ ਕੰਮ ਤੇਰੇ ਹੁਣ ਕਰਨ ਦੇ ਐ-ਅਗਲੀਆਂ ਸਕੀਮਾਂ ਫੇਰ ਕਰਾਂਗੇ-ਤੇਰਾ ਪਿਉ ਆਜੂ-ਉਹ ਆਪ ਬਥੇਰ੍ਹਾ ਸਕੀਮੀ ਐਂ-ਇੱਥੇ ਪਹੁੰਚ ਕੇ ਉਹ ਆਪੇ ਕੋਈ ਭੰਨ ਘੜ ਕਰੀ ਜਾਊ-ਇਹਨਾਂ ਗੱਲਾਂ ਦਾ ਤੇਰੇ ਫੁੱਫੜ ਨੂੰ ਪਤਾ ਨਾ ਲੱਗੇ-ਤੇਰੇ ਮੇਰੇ ਵਿਚ ਹੀ ਰਹਿਣ।"

-"ਮੈਂ ਕਾਹਨੂੰ ਦੱਸਣੀਐਂ---?"

-"ਮੈਨੂੰ ਐਥੇ ਬਾਹਰ ਈ ਲਾਹ ਦੇ-ਤੇਰੇ ਫੁੱਫੜ ਦੀ ਗੱਡੀ ਖੜ੍ਹੀ ਐ-ਤੇ ਤੂੰ ਜਾਹ! ਨਾਲੇ ਘਰਆਲੀ ਨੂੰ ਦਿਲ ਦਾ ਬਾਹਲਾ ਭੇਤ ਨਹੀਂ ਦੇਈਦਾ ਹੁੰਦਾ-ਤੀਮੀਂ ਤੋਂ ਢਿੱਡ ਦੀ ਗੱਲ ਲਕੋ ਕੇ ਰੱਖੀਏ! ਜਦੋਂ ਤੀਮੀਂ ਨੂੰ ਭੇਤ ਆ ਗਿਆ-ਫੇਰ ਮੋਢਿਆਂ ਉਤੋਂ ਦੀ ਥੁੱਕਣ ਲੱਗ ਜਾਂਦੀ ਐ-ਬੱਸ ਲਾਹ ਦੇ ਮੈਨੂੰ ਐਥੇ ਈ!"

ਬਲਬੀਰ ਨੇ ਕਾਰ ਖੜ੍ਹੀ ਕਰ ਦਿੱਤੀ।

ਭੂਆ ਉੱਤਰ ਗਈ।

ਬਲਬੀਰ ਨੇ ਕਾਰ ਮੋੜ ਲਈ।

-"ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ---!" ਉਹ ਕਿਸੇ ਖੁਸ਼ੀ ਵਿਚ ਗਾਉਂਦਾ ਘਰ ਪਰਤ ਆਇਆ।

-"ਪਿੰਦਰ! ਭੂਆ ਕੋਲੇ ਕਾਹਨੂੰ ਗੱਲ ਕਰਨੀ ਸੀ?" ਉਸ ਨੇ ਸੋਫ਼ੇ 'ਤੇ ਬੈਠਦਿਆਂ ਕਿਹਾ।

-"-----।" ਪੁਸ਼ਪਿੰਦਰ ਚੁੱਪ ਹੀ ਰਹੀ।

-"ਜਿਹੜੀ ਗੱਲ ਸੀ ਮੈਨੂੰ ਆਪ ਈ ਕਹਿ ਲੈਂਦੀ?"

-"-----।"

-"ਨਾਲੇ ਮੇਰੇ ਬਾਧੂ ਦੀਆਂ ਜੁੱਤੀਆਂ ਪੁਆਈਆਂ ਤੇ ਨਾਲੇ ਭੂਆ ਨੂੰ ਦੁਖੀ ਕੀਤਾ!"

-"-----।"

-"ਪਿੰਦਰ---!" ਉਸ ਨੇ ਉਠ ਕੇ ਉਸ ਨੂੰ ਕਲਾਵੇ ਵਿਚ ਲੈ ਲਿਆ। ਪੁਸ਼ਪਿੰਦਰ ਜਜ਼ਬਾਤਾਂ ਦੇ ਹੜ੍ਹ ਵਿਚ ਵਹਿ ਪਈ ਅਤੇ ਉਸ ਦੀਆਂ ਅੱਖਾਂ ਵਿਚੋਂ ਕੋਸੇ ਹੰਝੂ 'ਪਰਲ-ਪਰਲ' ਵਹਿ ਤੁਰੇ। ਬਲਬੀਰ ਦੀ ਪਾਈ ਜੱਫ਼ੀ ਕਾਰਨ ਉਸ ਦਾ ਦਰਦ ਜਿਵੇਂ ਅੱਖਾਂ ਰਾਹੀਂ ਖਾਰੇ ਪਾਣੀ ਦੇ ਰੂਪ ਵਿਚ ਵਗ ਰਿਹਾ ਸੀ।

-"ਪਿੰਦਰ! ਮੈਨੂੰ ਮੁਆਫ਼ ਕਰਦੇ-ਮੈਂ ਤੇਰਾ ਦਿਲ ਦੁਖੀ ਕੀਤਾ-ਤੇਰਾ ਦੇਣਦਾਰ ਹਾਂ!" ਉਸ ਨੇ ਉਸ ਨੂੰ ਹੋਰ ਘੁੱਟ ਲਿਆ ਤਾਂ ਪੁਸ਼ਪਿੰਦਰ ਧਾਹ ਮਾਰ ਕੇ ਬਲਬੀਰ ਦੇ ਗਲ ਨੂੰ ਚਿੰਬੜ ਗਈ। ਮੋਹ ਮਾਰੀ। ਪਿਆਰ-ਭਾਵਨਾ ਦੇ ਦਰਿਆ ਵਹਿੰਦੀ ਹੋਈ। ਪਤੀ-ਪ੍ਰੇਮ ਵਿਚ ਗੜੁੱਚ! ਬਲਬੀਰ ਉਸ ਨੂੰ ਬੱਚਿਆਂ ਵਾਂਗ ਥਾਪੜੀ ਜਾ ਰਿਹਾ ਸੀ।

-"ਹੁਣ ਤਾਂ ਕਹਿ ਦੇ ਮੁਆਫ਼ ਕੀਤਾ?"

-"ਮੈਂ ਤਾਂ ਹਮੇਸ਼ਾ ਹੀ ਤੁਹਾਨੂੰ ਮੁਆਫ਼ ਕਰਦੀ ਆਈ ਆਂ-ਕਦੇ ਕੁਛ ਕਹਿਣ ਦਾ ਮੌਕਾ ਦਿੱਤੈ?"

-"ਬੱਸ-ਬੱਸ! ਜਿਹੜਾ ਕੁਛ ਬੀਤ ਗਿਆ-ਡਰਾਉਣਾ ਸੁਪਨਾ ਜਾਣ ਕੇ ਭੁੱਲ ਜਾਹ! ਹੁਣ ਕੋਈ ਵੀ ਸ਼ਕਾਇਤ ਦਾ ਮੌਕਾ ਨਹੀਂ ਦੇਵਾਂਗਾ।"

-"-----।"

-"ਠੀਕ ਐ?"

ਪੁਸ਼ਪਿੰਦਰ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ। ਉਸ ਦੇ ਭਾਣੇ ਸੰਕਟ ਟਲ ਗਿਆ ਸੀ। ਦਸੌਂਟਾ ਖ਼ਤਮ ਹੋ ਗਿਆ ਸੀ। ਝਮੇਲਾ ਬੀਤ ਗਿਆ ਸੀ।

-"ਜੇ ਕਹੇਂ ਤਾਂ ਮੈਂ ਘੁੱਟ ਲਾ ਲਾਂ?"

-"ਪੀਣ ਨੂੰ ਤਾਂ ਮੈਂ ਥੋਨੂੰ ਕਦੇ ਵੀ ਕੁਛ ਨਹੀਂ ਕਿਹਾ-ਮੈਂ ਤਾਂ ਖਰੂਦ ਤੋਂ ਡਰਦੀ ਐਂ।" ਪੁਸ਼ਪਿੰਦਰ ਦਾ ਚਿਹਰਾ ਅਤਿ-ਮਾਸੂਮੀਅਤ ਭਰਿਆ ਸੀ।

-"ਖਰੂਦ ਹੁਣ ਜਮਾਂ ਈ ਨਹੀਂ ਹੁੰਦਾ।"

ਉਹ ਕਿਚਨ ਵਿਚ ਚਲਾ ਗਿਆ।

ਅਗਲੇ ਦਿਨ ਹੀ ਪੁਸ਼ਪਿੰਦਰ ਨੇ ਆਪਣੀ ਸੱਸ ਅਤੇ ਸਹੁਰੇ ਦੇ ਕਾਗਜ਼ ਬਣਾ ਕੇ ਇੰਡੀਆ ਤੋਰ ਦਿੱਤੇ। ਨਾਲ ਏਅਰ-ਟਿਕਟਾਂ ਵਾਸਤੇ ਇੱਕ ਲੱਖ ਰੁਪਏ ਦਾ ਡਰਾਫ਼ਟ ਨੱਥੀ ਕਰ ਦਿੱਤਾ। ਉਸ ਦੇ ਜੇਠ, ਰੁਪਿੰਦਰ ਦੇ ਕਾਗਜ਼ ਵਕੀਲ ਨੇ ਨਾ ਭੇਜਣ ਦੀ ਰਾਇ ਦਿੱਤੀ ਸੀ। ਰੁਪਿੰਦਰ ਬਲਬੀਰ ਤੋਂ ਕਾਫ਼ੀ ਵੱਡਾ ਸੀ। ਵੀਜ਼ਾ ਲੈਣ ਦਾ ਕੋਈ 'ਬੇਸ' ਨਹੀਂ ਬਣਦਾ ਸੀ। ਅੰਬੈਸੀ ਵੱਲੋਂ ਸ਼ਰਤੀਆ ਹੀ 'ਨਾਂਹ' ਹੋ ਜਾਣੀ ਸੀ। ਰੁਪਿੰਦਰ ਨੂੰ ਇੱਥੇ ਬੁਲਾਉਣ ਦੀ ਕੋਈ ਤੁਕ ਨਹੀਂ ਬਣਦੀ ਸੀ। ਕੋਈ ਵਿਸ਼ਾ ਦੱਸਣਾ ਜ਼ਰੂਰੀ ਸੀ। ਵੀਜ਼ਾ ਅਫ਼ਸਰ ਨੂੰ ਵਿਸ਼ਵਾਸ਼-ਹਿਤ ਲਿਆਉਣਾ ਲਾਜ਼ਮੀ ਸੀ। ਵਿਸ਼ਾ ਰੁਪਿੰਦਰ ਬਾਰੇ ਕੋਈ ਬਣਦਾ ਨਹੀਂ ਸੀ।

ਕਾਗਜ਼ ਬਣਾ ਕੇ ਭੇਜਣ ਤੱਕ ਭੂਆ ਦਾ ਤਿੰਨ ਵਾਰ ਫ਼ੋਨ ਆ ਚੁੱਕਾ ਸੀ। ਪੇਪਰ ਭੇਜਣ ਦੀ ਖ਼ਬਰ ਸੁਣ ਕੇ ਉਸ ਨੇ ਸੁਖ ਦਾ ਸਾਹ ਲਿਆ ਸੀ। ਬਚਨੋਂ ਭੂਆ ਇੱਕ ਤਰ੍ਹਾਂ ਨਾਲ ਇੱਕ 'ਕੱਚੀ-ਕਚੀਲ੍ਹ' ਸੀ। ਛੇਤੀ ਕੀਤੇ ਮਗਰੋਂ ਲਹਿਣ ਵਾਲੀ ਨਹੀਂ ਸੀ।

ਕਾਗਜ਼ ਇੰਡੀਆ ਅੱਪੜਨ ਤੱਕ ਉਸ ਨੇ ਕਿਸੇ ਕੋਲ ਭਾਫ਼ ਤੱਕ ਨਾ ਕੱਢੀ। ਬਹੁਤਾ ਡਰ ਉਸ ਨੂੰ ਬਲਬੀਰ ਦੇ ਫੁੱਫੜ, ਜੀਤ ਸਿੰਘ ਤੋਂ ਸੀ। ਜਿਹੜਾ ਹਮੇਸ਼ਾਂ ਹੀ ਉਸ ਦੇ ਪ੍ਰੀਵਾਰ ਵਿਚ ਨੁਕਸ ਕੱਢਦਾ ਰਹਿੰਦਾ।

## ਕਾਂਡ 10

ਜੋਗਿੰਦਰ ਦੇ ਘਰ ਵਿਚ ਸਭ ਕੁਝ 'ਅੱਛਾ' ਨਹੀਂ ਸੀ। ਉਸ ਦੇ ਘਰਵਾਲੀ ਸਰਬਜੀਤ ਆਪਣੀ ਸੱਸ ਤੇਜ ਕੌਰ ਦੀ ਬਿਨਾਂ ਗੱਲੋਂ ਨੁਕਤਾਚੀਨੀ ਕਰਦੀ ਰਹਿੰਦੀ।

-"ਬੇਬੇ ਜੀ ਥੋਨੂੰ ਆਹ ਨਹੀਂ ਪਤਾ-ਬੇਬੇ ਜੀ ਥੋਨੂੰ ਔਹ ਨਹੀਂ ਪਤਾ।" ਦੀ ਸਰਬਜੀਤ ਹਮੇਸ਼ਾ ਹੀ ਰਟ ਲਾਈ ਰੱਖਦੀ। ਚਾਹੇ ਬੇਬੇ ਨੇ ਸਾਰੀ ਜ਼ਿੰਦਗੀ ਗਰੀਬੀ ਹੀ ਦੇਖੀ ਸੀ। ਅੱਤਿ-ਸਾਦਾ ਪਹਿਨਿਆਂ ਅਤੇ ਖਾਧਾ ਸੀ। ਪਰ ਇਖ਼ਲਾਕ ਪੱਖੋਂ ਕਦੇ ਉਸ ਨੇ 'ਉਏ' ਨਹੀਂ ਅਖਵਾਈ ਸੀ। ਪਰ ਇੱਥੇ ਪੁੱਤ ਦੇ ਘਰ ਆ ਕੇ, ਸਾਰਾ ਕੁਝ ਹੁੰਦਿਆਂ-ਸੁੰਦਿਆਂ ਵੀ ਬੇਬੇ ਦੀ ਬਿਨਾਂ ਗੱਲੋਂ 'ਨੋਕਾ-ਟੋਕੀ' ਹੁੰਦੀ ਰਹਿੰਦੀ। ਇਸ ਗੱਲ ਦਾ ਜੋਗਿੰਦਰ ਨੂੰ ਕੋਈ ਪਤਾ ਨਹੀਂ ਸੀ। ਭਰੀ-ਪੀਤੀ ਬੇਬੇ ਉਸ ਨੂੰ ਕੁਝ ਵੀ ਨਾ ਦੱਸਦੀ। ਪੁੱਤ ਦੁਖੀ ਹੋਵੇਗਾ, ਬਾਰੇ ਸੋਚ ਕੇ ਉਹ ਨੂੰਹ ਦੀ ਹਰ ਗੱਲ ਹਿੱਕ 'ਤੇ ਪੱਥਰ ਰੱਖ ਕੇ ਜਰਦੀ। ਹੋਈ ਬੇਇੱਜ਼ਤੀ ਵੀ ਠੰਢੇ ਪਾਣੀ ਵਾਂਗ ਪੀ ਜਾਂਦੀ।

ਕਦੇ ਬੇਬੇ ਮੋਹ-ਹੇਰਵੇ ਵਿਚ ਆ ਕੇ ਪੋਤਰੇ ਦਿਲਪ੍ਰੀਤ ਨੂੰ ਚੁੱਕ ਲੈਂਦੀ ਤਾਂ ਸਰਬਜੀਤ 'ਅਲੀ-ਅਲੀ' ਕਰਕੇ ਮਗਰ ਪੈ ਜਾਂਦੀ।

-"ਬੇਬੇ ਜੀ ਇਹਨੂੰ ਪਿਆ ਰਹਿਣ ਦਿਆ ਕਰੋ-ਥੋਨੂੰ ਕਿੰਨੇ ਵਾਰੀ ਆਖਿਐ? ਜੁਆਕ ਨੂੰ ਉਹੀ ਬੁਰੀ ਆਦਤ ਪੈ ਜਾਂਦੀ ਐ ਚੱਕਣ ਦੀ-ਇਹ ਇੰਡੀਆ ਨਹੀਂ ਬਈ ਜੁਆਕ ਨੂੰ ਉਤੇ ਈ ਮੂਤਾਈ ਜਾਓ-ਇੱਥੇ ਤਾਂ ਗੋਰੇ ਆਬਦੇ ਜੁਆਕ ਨੂੰ ਹੱਥ ਨਹੀਂ ਲਾਉਣ ਦਿੰਦੇ।"

-"ਪਰ ਪੁੱਤ ਆਪਾਂ ਤਾਂ ਗੋਰੇ ਨਹੀਂ ਨਾ? ਮੈਨੂੰ ਤਾਂ ਡੁੱਬੜਾ ਮੋਹ ਆਉਂਦੈ-ਫੇਰ ਵੀ ਆਬਦਾ ਖ਼ੂਨ ਐਂ।" ਬੇਬੇ ਅੰਦਰੋਂ ਝੋਕਾ ਉਠਦਾ। ਮੋਹ-ਮਾਰੀ ਉਹ ਬੇਵੱਸ ਹੋ ਕੇ ਠੰਢੀ-ਸੀਲੀ ਹੋ ਜਾਂਦੀ।

-"ਬੇਬੇ ਐਥੇ ਰਹਿਣੈਂ ਤਾਂ ਗੋਰਿਆਂ ਵਾਂਗੂੰ ਰਹਿਣਾ ਸਿੱਖ! ਜੈਸਾ ਦੇਸ਼ ਵੈਸਾ ਭੇਸ-ਜੇ ਗੋਰਿਆਂ ਦੇ ਦੇਸ਼ ਆ ਕੇ ਵੀ ਉਜੱਡ ਦੇ ਉਜੱਡ ਰਹਿਣੈਂ ਤਾਂ ਐਥੇ ਆਉਣ ਦਾ ਕੀ ਫ਼ਾਇਦਾ? ਬੰਦੇ ਨੂੰ ਦੇਖ ਕੇ ਈ ਰੀਸ ਆ ਜਾਂਦੀ ਐ-ਅਣਪੜ੍ਹਾਂ ਆਲੀ ਮੱਤ ਕਾਹਨੂੰ ਜਾਂਦੀ ਐ!"

-"ਕੁੜੇ ਪੁੱਤ ਸਰਬਜੀਤ! ਐਨੀ ਕਿਉਂ ਨਿਰਮੋਹੀ ਹੋਗੀ ਤੂੰ? ਪੁੱਤ ਮੈਂ ਤਾਂ ਤੇਰੇ ਹਮੇਸ਼ਾ ਸਾਹਾਂ 'ਚ ਸਾਹ ਲਿਆ-ਮਾਵਾਂ ਤੋਂ ਵੱਧ ਪਿਆਰ ਦਿੱਤਾ-ਸੱਸ ਆਲਾ ਕਦੇ ਕੋਈ ਵਰਤਾਰਾ ਨਹੀਂ ਰੱਖਿਆ-ਤੇ ਪੁੱਤ ਤੂੰ ਈ ਮੈਨੂੰ ਮੂੰਹ ਨਹੀਂ ਬੋਲਦੀ? ਮਾੜੀ-ਮਾੜੀ ਗੱਲ ਤੋਂ ਲਾਹ-ਲਾਹ ਮਾਰਦੀ ਐਂ!" ਬੇਬੇ ਤੇਜ ਕੌਰ ਦਿਲੋਂ ਵੈਣ-ਕੀਰਨੇ ਪਾਉਣ ਵਾਲੀ ਹੋਈ ਪਈ ਸੀ।

-"ਬੇਬੇ ਜੀ! ਐਥੇ ਕੋਈ ਸੱਸ ਸੁੱਸ ਨਹੀਂ ਨੂੰਹ ਪੁੱਤ ਨਾਲ ਰਹਿੰਦੀ! ਐਥੇ ਤਾਂ ਮੀਆਂ-ਬੀਵੀ 'ਕੱਲੇ ਰਹਿੰਦੇ ਐ-ਐਸ਼ਾਂ ਕਰਦੇ ਐ-ਐਥੇ ਕੋਈ ਨਹੀਂ ਕਿਸੇ ਦੀ ਪ੍ਰਾਈਵੇਟ ਲਾਈਫ਼ ਵਿਚ ਰੋੜਾ ਬਣਦਾ।" ਸਰਬਜੀਤ ਨੇ ਸਿੱਧੀ ਹੀ ਸੁਣਾ ਦਿੱਤੀ।

-"ਪੁੱਤ ਮੈਂ ਤਾਂ ਕੋਈ ਰੋੜਾ ਨਹੀਂ ਬਣਦੀ-ਕਦੇ ਕੋਈ ਟੋਕ-ਟਕਾਈ ਨਹੀਂ ਕੀਤੀ-ਕਦੇ ਥੋਡੇ ਕੰਮ 'ਚ ਦਖਲ ਨਹੀਂ ਦਿੱਤਾ-ਤੁਸੀਂ ਆਬਦੀ ਨੀਂਦ ਸੌਂਨੇ ਓਂ-ਆਬਦੀ ਨੀਂਦ ਉਠਦੇ ਓਂ।"

-"-----।" ਸਰਬਜੀਤ 'ਮੱਟਰ' ਬਣੀ ਸਾਰਾ ਬ੍ਰਿਤਾਂਤ ਸੁਣਦੀ ਰਹੀ।

-"ਪੁੱਤ ਜੇ ਮੇਰੀ ਆਹੀ ਦੁਰਗਤੀ ਕਰਨੀ ਸੀ ਤਾਂ ਮੈਨੂੰ ਸੱਦਿਆ ਈ ਕਾਹਤੋਂ ਸੀ-ਕੀ ਥੁੜਿਆ ਪਿਆ ਸੀ ਮੇਰਾ ਐਥੇ ਆਉਣ ਖੁਣੋਂ?"

-"ਤੇਰੇ ਪੁੱਤ ਨੇ ਈ ਬਾਹਲੀ ਪੂਛ ਚੱਕੀ ਵੀ ਸੀ ਤੈਨੂੰ ਮੰਗਵਾਉਣ ਦੀ ਮਾਈ! ਮੈਨੂੰ ਕਿਸੇ ਕੰਜਰ ਨੇ ਕੁਛ ਨਹੀਂ ਪੁੱਛਿਆ!"

-"-----।" ਬੇਬੇ ਪੁੱਤ ਨੂੰ 'ਕੰਜਰ' ਅਖਵਾ ਕੇ ਵੀ ਦਿਲ ਦਾ ਭਰਾੜ੍ਹ ਸਬਰ ਦੀ ਸੂਈ ਨਾਲ 'ਸੀਅ' ਗਈ।

-"ਜੇ ਵਾਪਿਸ ਜਾਣੈ ਮਾਈ ਐਥੇ ਕਿੱਲੇ ਨਹੀਂ ਗੱਡੇ ਹੋਏ-ਜਦੋਂ ਮਰਜੀ ਐ ਜਾ ਵੜੀਂ-ਐਥੇ ਰਹਿਣ ਵਾਸਤੇ ਤੇਰੇ ਗਲ 'ਤੇ ਕਿਸੇ ਨੇ ਤਲਵਾਰ ਨਹੀਂ ਧਰੀ ਹੋਈ।" ਸਰਬਜੀਤ ਬੇਲੱਜ ਕਾੜ-ਕਾੜ ਬੋਲ ਰਹੀ ਸੀ।

-"ਮੈਂ ਤਾਂ ਪੁੱਤ ਵਗਜਾਂ-ਮੈਂ ਤਾਂ ਤੇਰੀ ਸਤਾਈ ਹੋਈ ਇੱਥੋਂ ਭੂਅ ਕਰਕੇ ਨਿਕਲਣ ਵਾਲੀ ਹੋਈ ਪਈ ਐਂ-ਮੈਂ ਤਾਂ ਧੀਏ ਥੋਡੇ ਕਲੇਸ਼ ਤੋਂ ਡਰਦੀ ਐਂ-ਬਈ ਪੁੱਤ ਨੂੰ ਕੀ ਦੱਸੂੰ? ਹਰਖ਼ ਦਾ ਮਾਰਿਆ ਬੰਦਾ ਨਰਕ ਪੈ ਜਾਂਦੈ-ਬਹੁਤ ਲੰਮੀ ਸੋਚੀਦੀ ਐ ਧੀਏ-ਸਿਆਣੀ ਬਣ ਕੇ ਚੁੱਪ ਕਰ ਜਾਨੀ ਐਂ।"

-"ਦੱਸਣਾ ਕੀ ਐ? ਬੰਦਾ ਉਂਈਂ ਕਹਿ ਦਿੰਦੈ ਬਈ ਮੇਰਾ ਇੱਥੇ ਜੀਅ ਨਹੀਂ ਲੱਗਦਾ-ਪਿੱਛੇ ਨਹੀਂ ਸਰਦਾ-ਗੱਲਾਂ ਥੋੜ੍ਹੀਐਂ ਜੇ ਜਾਣ ਨੂੰ ਮਨ ਮੰਨਦਾ ਹੋਵੇ-ਪਰ ਕਾਹਨੂੰ?"

-"ਧੀਏ ਸਰਬਜੀਤ! ਤੂੰ ਹੁਣ ਕਲੇਸ਼ ਨਾ ਕਰ-ਮੈਂ ਕੋਈ ਬਹਾਨਾ ਮਾਰ ਕੇ ਉਂਈਂ ਚਲੀ ਜਾਊਂਗੀ-ਜਿੰਨਾਂ ਨ੍ਹਾਤੀ ਪੁੱਤ ਉਨਾਂ ਈ ਪੁੰਨ-ਜਿਉਂਦੇ ਵਸਦੇ ਰਹੋ! ਬਾਬੇ ਨਾਨਕ ਦੀ ਕ੍ਰਿਪਾ ਨਾਲ ਜੁਆਨੀਆਂ ਮਾਣੋਂ!" ਬੇਬੇ ਧੁਖਦੀ ਚਿਤਾ ਵਾਂਗ ਹਾਉਕਾ ਭਰ ਕੇ ਚੁੱਪ ਹੋ ਗਈ।

ਸ਼ਾਮ ਨੂੰ ਜਦ ਜੋਗਿੰਦਰ ਘਰ ਆਇਆ ਤਾਂ ਉਸ ਨੂੰ ਬੇਬੇ ਕੁਝ ਬਹੁਤੀ ਹੀ ਚੁੱਪ-ਚੁੱਪ ਜਿਹੀ ਲੱਗੀ। ਉਸ ਤੋਂ ਬਾਅਦ ਘਰ ਵਿਚ ਝੁਲਦੇ ਝੱਖੜ ਦਾ ਉਸ ਨੂੰ ਕੋਈ ਪਤਾ ਨਹੀਂ ਸੀ। ਉਹ ਤਾਂ ਬੇਬੇ ਨੂੰ ਇੱਥੇ ਬੁਲਾ ਕੇ ਬੜਾ ਹੀ ਖੁਸ਼ ਸੀ।

-"ਬੇਬੇ ਕਿਵੇਂ ਅੱਜ ਚੁੱਪ ਜੀ ਬੈਠੀ ਐਂ?"

-"ਬੱਸ ਪੁੱਤ ਊਂ ਈਂ ਬੈਠੀ ਐਂ।" ਬੇਬੇ ਨੇ ਸੜਦਾ-ਬਲਦਾ ਦਿਲ ਜਜ਼ਬਾਤਾਂ ਨਾਲ ਦੱਬ ਰੱਖਿਆ ਸੀ।

-"ਢਿੱਲੀ ਮੱਠੀ ਤਾਂ ਨਹੀਂ?"

-"ਨਹੀਂ ਪੁੱਤ! ਢਿੱਲੀ ਮੱਠੀ ਤਾਂ ਮੈਂ ਕਹਿਰਾਂ ਦੀ ਗਰਮੀ ਆਲੇ ਆਪਣੇ ਮੁਲਕ 'ਚ ਨਹੀਂ ਹੋਈ-ਇੱਥੇ ਠੰਢੇ ਮੁਲਕ 'ਚ ਆ ਕੇ ਤਾਂ ਕੀ ਢਿੱਲੀ ਮੱਠੀ ਹੋਣੈਂ?"

-"ਬੇਬੇ! ਤੇਰਾ ਦਿਲ ਨਹੀਂ ਲੱਗਦਾ?" ਜੋਗਿੰਦਰ ਬੋਤਲ ਅਤੇ ਗਿਲਾਸ ਚੁੱਕੀ ਆਉਂਦਾ ਬੋਲਿਆ।

-"ਪੁੱਤ ਕਮਲਿਆ! ਜੇ ਦਿਲ ਨੂੰਹ-ਪੁੱਤ ਤੇ ਪੋਤੇ 'ਚ ਨਾ ਲੱਗੂ ਤਾਂ ਲੱਗੂ ਕਿੱਥੇ-ਪਰ--।" ਕੁਝ ਆਖਦੀ-ਆਖਦੀ ਬੇਬੇ ਚੁੱਪ ਕਰ ਗਈ।

-"ਪਰ ਕੀ ਬੇਬੇ?" ਉਸ ਨੇ ਪੈੱਗ ਅੰਦਰ ਸੁੱਟ ਕੇ ਘਸਮੈਲਾ ਜਿਹਾ ਮੂੰਹ ਬਣਾਉਂਦਿਆਂ ਪੁੱਛਿਆ।

-"ਪੁੱਤ ਆਬਦਾ ਮੁਲਕ ਆਬਦਾ ਮੁਲਕ ਈ ਹੁੰਦੈ-ਬੰਦਾ ਵੀਹ ਕਿਸੇ ਨਾਲ ਦੁਖ ਸੁਖ ਕਰਦੈ-ਐਥੇ ਤਾਂ ਟੇਲੀਬੀਜਨ ਦੇਖ ਲਓ-ਬਿਮਾਰਾਂ ਮਾਂਗੂੰ ਅੰਦਰ ਬੈਠੇ ਰਹੋ-।"

-"ਪੋਤੇ ਨਾਲ ਖੇਡ ਲਿਆ ਕਰ?" ਜੋਗਿੰਦਰ ਨੇ ਕਿਹਾ। ਉਸ ਨੂੰ ਕੀ ਪਤਾ ਸੀ ਬਈ ਬੇਬੇ ਵਿਚਾਰੀ ਤਾਂ ਨੂੰਹ-ਰਾਣੀ ਦੇ ਹੁਕਮ ਸਦਕਾ ਪੋਤਰੇ ਦੇ ਨੇੜੇ ਵੀ ਨਹੀਂ ਢੁੱਕ ਸਕਦੀ ਸੀ।

-"ਜਿੰਨਾ ਕੁ ਹੁੰਦੈ ਪੁੱਤ ਪਰਚ ਲਈਦੈ-ਦੁੱਧ ਪੀ ਕੇ ਵਿਚਾਰਾ ਉਹ ਸੌਂ ਜਾਂਦੈ-ਮੇਰਾ ਫੇਰ ਜਗਾਉਣ ਨੂੰ ਜੀਅ ਨਹੀਂ ਕਰਦਾ-।" ਪੁੱਤ ਦੇ ਘਰ ਦੀ ਸ਼ਾਂਤੀ ਸਲਾਮਤ ਰੱਖਣ ਲਈ ਸ਼ਾਇਦ ਬੇਬੇ ਨੇ ਪਹਿਲੀ ਵਾਰ ਰੱਬ ਜਿੱਡਾ ਝੂਠ ਬੋਲਿਆ ਸੀ। ਉਤਲੇ ਮਨੋਂ ਵੀ ਕੁਫ਼ਰ ਤੋਲਦੀ ਬੇਬੇ ਦੀ ਜ਼ਮੀਰ ਉਸ ਨੂੰ ਲਾਹਣਤਾਂ ਪਾਉਂਦੀ ਸੀ। ਪਿੰਜਰ ਦੇਹ ਥਰ-ਥਰ

ਕੰਬਦੀ ਸੀ। ਸੁੱਚਾ ਮਨ ਮਿਹਣੇ ਮਾਰਦਾ ਸੀ।

-"ਬੇਬੇ-ਐਥੋਂ ਚਾਰ ਕੁ ਸੌ ਕਿਲੋਮੀਟਰ ਇਕ ਗੁਰਦੁਆਰੈ-ਚੱਲ ਪਰਸੋਂ ਤੈਨੂੰ ਉਥੇ ਦਰਸ਼ਣ ਕਰਵਾ ਕੇ ਲਿਆਉਨੇ ਆਂ-ਗੁਰੂ ਦੇ ਦਰਸ਼ਣ ਕਰਕੇ ਤੇਰੀ ਰੂਹ ਠਰਜੂ-ਨਾਲੇ ਇਸ ਬਹਾਨੇ ਅਸੀਂ ਮੱਥਾ ਟੇਕ ਆਵਾਂਗੇ-ਤੇ ਨਾਲੇ ਦਿਲਪ੍ਰੀਤ ਦਾ ਮੱਥਾ ਟਿਕਾਅ ਲਿਆਵਾਂਗੇ।"

-"ਜਿਵੇਂ ਤੇਰੀ ਮਰਜੀ ਐ ਪੁੱਤ।"

-"ਬੇਬੇ ਮੇਰੇ ਕੋਲੇ ਤਾਂ ਟੈਮ ਨਹੀਂ ਹੁੰਦਾ-ਤੈਨੂੰ ਪਤਾ ਈ ਐ ਕੰਮ ਬਹੁਤ ਰਹਿੰਦੈ-ਪਰ ਤੂੰ ਆਬਦੀ ਨੂੰਹ ਤੋਂ ਤਾਂ ਲੱਤਾਂ ਲੁੱਤਾਂ ਘੁਟਵਾ ਲਿਆ ਕਰ-।" ਜੋਗਿੰਦਰ ਦਾਰੂ ਪੀ ਕੇ ਲਾਚੜਿਆ ਬੈਠਾ ਸੀ। ਉਹ ਬੇਬੇ ਦੀ ਹਾਲਤ ਸਾਂਅਵੀਂ ਕਰਨਾ ਚਾਹੁੰਦਾ ਸੀ।

-"ਵੇ ਪੁੱਤ ਉਹਦੇ ਕੋਲੇ ਬੱਤੀ ਸੁਲੱਖਣੀਂ ਕੋਲੇ ਕਿਹੜਾ ਟੈਮ ਐਂ-ਜੁਆਕ ਪਾਲਣੇਂ ਪਤਾ ਕਿੰਨੇ ਔਖੇ ਐ? ਬੰਦਿਆਂ ਨੂੰ ਕੀ ਪਤੈ? ਕਦੇ ਦਿਲਪ੍ਰੀਤ ਨੂੰ ਨੁਹਾ-ਕਦੇ ਮੈਨੂੰ ਰੋਟੀ ਪਕਾ ਕੇ ਦੇਹ-ਮਸਾਂ ਬਿਚਾਰੀ ਮੰਜੇ 'ਤੇ ਡਿੱਗਦੀ ਐ।"

ਅਗਲੇ ਦਿਨ ਹੀ ਸਰਬਜੀਤ ਨੇ ਤੇਲ ਵਿਚ ਆਪਣੇ ਲਈ ਮੱਛੀ ਤਲ ਕੇ, ਉਸੇ ਤੇਲ ਵਿਚ ਹੀ ਬੇਬੇ ਦੇ ਟੋਸਟ ਤਲ ਦਿੱਤੇ। ਬੇਬੇ ਨੇ ਕਿਤੇ ਦੇਖ ਲਿਆ। ਤੇਜ਼ ਕੌਰ ਨੇ ਸਾਰੀ ਉਮਰ ਮੀਟ-ਆਂਡਾ ਖਾਣਾ ਤਾਂ ਕੀ? ਕਦੇ ਹੱਥ ਵੀ ਨਹੀਂ ਲਾਇਆ ਸੀ। ਉਸ ਦਾ ਦਿਲ 'ਕਿਰਕ' ਗਿਆ। ਨੂੰਹ ਵੱਲੋਂ ਦਿਨੋ-ਦਿਨ ਹੁੰਦੀਆਂ ਨਜਾਇਜ਼ ਜ਼ਿਆਦਤੀਆਂ

ਉਸ ਦੇ ਸਿਰ ਉਪਰੋਂ ਪਾਣੀ ਵਾਂਗ ਲੰਘਣ ਲੱਗ ਪਈਆਂ ਸਨ। ਬੇਬੇ ਦੇ ਦਿਲ ਨੇ ਸੋਚਿਆ ਕਿ ਨੂੰਹ ਨੇ ਲੱਕ ਬੰਨ੍ਹ ਕੇ ਉਸ ਨੂੰ ਘਰੋਂ ਕੱਢਣਾ ਮਿੱਥ ਲਿਆ ਸੀ। ਲਕੀਰ ਖਿੱਚ ਲਈ ਸੀ।

-''ਸਰਬਜੀਤ! ਧੀਏ ਤੂੰ ਮੇਰੇ ਆਲੀ ਡਬਲਰੋਟੀ ਵੀ ਮੱਛੀ ਆਲੇ ਤੇਲ 'ਚ ਤਲ ਦਿੱਤੀ?'' ਬੇਬੇ ਨੇ ਬੜੀ ਨਿਮਰਤਾ ਨਾਲ ਪੁੱਛਿਆ। ਉਸ ਦਾ ਦੁਖੀ ਦਿਲ 'ਬਹੁੜੀ-ਬਹੁੜੀ' ਕਰ ਰਿਹਾ ਸੀ।

-''ਆਹੋ! ਕਿਉਂ?'' ਉਹ ਖਾਣ ਵਾਲਿਆਂ ਵਾਂਗ ਪਈ।

-''ਪੁੱਤ! ਕਾਲੇ ਗਏ ਤੇ ਬੱਗੇ ਆ ਗਏ-ਮੈਂ ਤਾਂ ਸ਼ੇਰਾ ਸਾਰੀ ਉਮਰ ਮੀਟ ਆਂਡੇ ਨੂੰ ਹੱਥ ਨਹੀਂ ਲਾਇਆ-।''

-''ਦੇਖ ਮਾਈ! ਤੇਰੇ ਅਸ਼ਣੇਂ-ਪਸ਼ਣੇਂ ਮੈਥੋਂ ਨਿੱਤ ਨਹੀਂ ਸੁਣੇ ਜਰੇ ਜਾਂਦੇ-।''

-''ਪੁੱਤ ਅਸ਼ਣੇਂ-ਪਸ਼ਣੇਂ ਨ੍ਹੀ! ਮੈਂ ਤਾਂ ਖਾਣ ਆਲੀ ਉਮਰ 'ਚ ਨ੍ਹੀ ਖਾਧਾ-ਹੁਣ ਤਾਂ ਪਤਾ ਨ੍ਹੀ ਕਿੰਨੀ ਕੁ ਰਹਿਗੀ?''

-''ਦੇਖ ਮਾਤਾ! ਮੈਂ ਚੌਵੀ ਘੰਟੇ ਤੇਰੇ ਮੂਹਰੇ ਹੱਥ ਜੋੜ ਕੇ ਤਾਂ ਖੜ੍ਹਨੋਂ ਰਹੀ-ਜੋ ਮਿਲਦੈ-ਉਹ ਖਾਣੈਂ ਤਾਂ ਖਾਹ ਤੇ ਨਹੀਂ ਖਸਮਾਂ ਨੂੰ ਖਾਹ---!'' ਜਿੰਨ ਵਾਂਗ ਟੱਪਦੀ ਸਰਬਜੀਤ ਨੇ ਆਖਰੀ ਬਚਨ ਹੀ ਸੁਣਾ ਧਰਿਆ।

ਬੇਬੇ ਨੇ ਇੱਕ ਸਾਧੂ-ਚੁੱਪ ਧਾਰ ਲਈ। ਲੰਬੀ ਚੁੱਪ! ਬੋਲੇ ਪਰਬਤ ਵਰਗੀ ਚੁੱਪ!!

ਅਗਲੇ ਦਿਨ ਸਾਝਰੇ ਹੀ ਪ੍ਰੀਤ ਆ ਗਿਆ।

-''ਲੈ ਬੇਬੇ! ਚੰਗੇ ਕਰਮਾਂ ਨੂੰ ਪ੍ਰੀਤ ਵੀ ਆ ਨਿੱਤਰਿਆ-ਇਹ ਵੀ ਗੁਰਦੁਆਰੇ ਮੱਥਾ ਟੇਕ ਆਊ-।'' ਜੋਗਿੰਦਰ ਨੇ ਖੁਸ਼ ਹੁੰਦਿਆਂ ਕਿਹਾ।

-''ਗੁਰੂ ਦੇ ਦਰਸ਼ਣ ਤਾਂ ਚੰਗੇ ਭਾਗੀਂ ਈ ਮਿਲਦੇ ਐ ਪੁੱਤ!''

-''ਤੂੰ ਤਿਆਰ ਨਹੀਂ ਹੋਈ?'' ਜੋਗਿੰਦਰ ਨੇ 'ਠੁੰਮਕ-ਠੁੰਮਕ' ਕਰਦੀ ਫਿਰਦੀ ਸਰਬਜੀਤ ਨੂੰ ਪੁੱਛਿਆ।

-''ਚਾਰ ਸੌ ਕਿਲੋਮੀਟਰ ਜਾਣ ਐਂ ਤੇ ਚਾਰ ਸੌ ਕਿਲੋਮੀਟਰ ਈ ਆਉਣ ਐਂ-ਐਡੇ ਲੰਮੇ ਸਫ਼ਰ 'ਚ ਜੁਆਕ ਤੰਗ ਹੋਊ।'' ਉਹ ਬੋਲੀ।

ਜੋਗਿੰਦਰ ਚੁੱਪ ਕਰ ਗਿਆ।

-''ਗੱਲ ਸਰਬਜੀਤ ਦੀ ਠੀਕ ਐ-ਸਫ਼ਰ ਲੰਮਾ ਐਂ-ਗੁਰੂ ਲੰਮੀਆਂ ਉਮਰਾਂ ਕਰੇ-ਜਦੋਂ ਥੋੜਾ ਜਿਆ ਸੁਰਤ ਸਿਰ ਹੋ ਗਿਆ-ਮੱਥਾ ਟਿਕਾਅ ਲਿਆਇਓ।'' ਬੇਬੇ ਨੇ ਸਰਬਜੀਤ ਦੀ ਬਦਨੀਤ ਭਾਂਪਦਿਆਂ, ਦੋਨੇ ਪਾਸੇ ਰੱਖਦਿਆਂ ਕਿਹਾ।

ਅੱਜ ਪ੍ਰੀਤ ਵੀ ਬਹੁਤਾ ਨਾ ਬੋਲਿਆ।

ਨਾਨੀ, ਤੇਜ਼ ਕੌਰ ਨਾਲ ਹੀ ਦੁਖ-ਸੁਖ ਕਰਦਾ ਰਿਹਾ। ਹੱਸਦਾ ਰਿਹਾ। ਇੱਕ ਗੱਲ ਉਸ ਨੇ ਜ਼ਰੂਰ ਮਹਿਸੂਸ ਕਰ ਲਈ ਸੀ ਕਿ ਨਾਨੀ ਇੱਥੇ ਆ ਕੇ ਖੁਸ਼ ਨਹੀਂ ਸੀ। ਅੰਦਰੋ-ਅੰਦਰੀ ਜ਼ਰੂਰ ਸਰਬਜੀਤ ਉਸ ਨੂੰ ਤੰਗ ਕਰਦੀ ਹੋਵੇਗੀ। ਨਾਨੀ ਦੱਸੇ ਨਾ ਦੱਸੇ!

ਸਰਬਜੀਤ ਦੇ ਪੁੱਠੇ ਜਿਹੇ ਪ੍ਰਤੀਕਰਮ ਜੋਗਿੰਦਰ ਵੀ ਚੁੱਪ-ਚਾਪ, ਗੁਪਤ ਤਾੜਦਾ ਆ ਰਿਹਾ ਸੀ। ਉਹ ਪਾਗਲ ਜਾਂ ਨਿਆਣਾ ਤਾਂ ਹੈ ਹੀ ਨਹੀਂ ਸੀ? ਤੁਰਿਆ ਫਿਰਦਾ ਇਤਿਹਾਸ ਸੀ। ਹੰਢਿਆ-ਵਰਤਿਆ ਇਨਸਾਨ ਸੀ। ਅੱਧੀ-ਸਦੀ ਦਾ ਬਿਉਰਾ ਸੀ। ਘਰ ਵਿਚ ਚੱਲ ਰਹੇ ਘੁੱਟੋ-ਘੁੱਟੀ ਵਾਲੇ ਮਾਹੌਲ ਬਾਰੇ ਉਸ ਨੂੰ ਮਹਿਸੂਸ ਜ਼ਰੂਰ ਹੁੰਦਾ ਸੀ। ਪਰ ਬੋਲਦਾ ਨਹੀਂ ਸੀ, ਇਹ ਇਕ ਵੱਖਰੀ ਗੱਲ ਸੀ। ਇਹ ਉਸ ਦੀ ਇਕ ਮੀਰੀ ਸਿਆਣਪ ਸੀ। ਬੇਬੇ ਨੇ ਸਾਰੀ ਉਮਰ ਗਰੀਬੀ ਵਿਚ ਭੁੱਜਦੀ ਨੇ ਹੀ ਲੰਘਾਈ ਸੀ। ਪਰ ਹੁਣ ਉਹ ਕਲੇਸ਼ ਕਰਕੇ ਬੇਬੇ ਦੇ ਧੁਖਦੇ ਦਿਲ 'ਤੇ ਤੇਲ ਨਹੀਂ ਪਾਉਣਾ ਚਾਹੁੰਦਾ ਸੀ। ਬੇਬੇ ਇਕ ਦਰਵੇਸ਼ ਰੂਹ ਸੀ। ਫ਼ੱਕਰ ਆਤਮਾ ਸੀ। ਉਸ ਨਿਰਲੇਪ-ਰੂਹ ਨੂੰ ਉਹ ਸਤਾਉਣਾ ਨਹੀਂ ਚਾਹੁੰਦਾ ਸੀ। ਦਰਵੇਸ਼-ਰੂਹ ਦੇ ਧੁਰ ਅੰਦਰੋਂ ਨਿਕਲੀ ਅਸੀਸ ਜਾਂ ਦੁਰਸੀਸ ਸਿੱਧੀ ਧੁਰ-ਦਰਗਾਹ ਜਾ ਵੱਜਦੀ ਹੈ। ਬੇਬੇ ਇਕ ਪੁੱਜੀ-ਰੂਹ ਹੈ! ਇਸ ਦਾ ਜੋਗਿੰਦਰ ਨੂੰ ਅਹਿਸਾਸ ਸੀ। ਸਰਬਜੀਤ ਦੀਆਂ ਕਰਤੂਤਾਂ ਉਹ ਜ਼ਰੂਰ ਚੁੱਪ ਨਿਹਾਰਦਾ ਰਿਹਾ ਸੀ।

ਉਹ ਕਾਰ ਲੈ ਗੁਰਦੁਆਰੇ ਨੂੰ ਰਵਾਨਾ ਹੋ ਗਏ। ਕਾਰ ਜੋਗਿੰਦਰ ਚਲਾ ਰਿਹਾ ਸੀ। ਅੱਗੇ ਪ੍ਰੀਤ ਅਤੇ ਪਿੱਛੇ ਬੇਬੇ ਬੈਠੀ ਸੀ। ਚੁੱਪ-ਗੜੁੱਪ!

-"ਕੀ ਗੱਲ ਐ ਬੇਬੇ-ਚੁੱਪ ਜਿਹੀ ਬੈਠੀ ਐਂ?" ਚੁੱਪ ਜੋਗਿੰਦਰ ਨੇ ਹੀ ਤੋੜੀ।

-"ਨਹੀਂ ਪੁੱਤ! ਮੈਂ ਚੁੱਪ ਕਾਹਨੂੰ ਬੈਠਣੈਂ ਸ਼ੇਰਾ! ਮੈਂ ਤਾਂ ਪਾਠ ਕਰਦੀ ਆਂ।" ਬੇਬੇ ਬੋਲੀ। ਉਹ ਪਾਠ ਜ਼ਰੂਰ ਕਰ ਰਹੀ ਸੀ। ਪਰ ਪਾਠ ਵਿਚ ਉਸ ਦਾ ਦਿਲ ਨਹੀਂ ਲੱਗ ਰਿਹਾ ਸੀ। ਮਨ ਖੰਡਨ ਹੁੰਦਾ ਸੀ ਅਤੇ ਸੁਰਤੀ ਵਾਹਣੀਂ ਪਈ ਫਿਰਦੀ ਸੀ।

-"ਬੇਬੇ! ਐਥੇ ਆ ਕੇ ਤੂੰ ਮੈਨੂੰ ਸੁਖੀ ਜਿਹੀ ਨਹੀਂ ਲੱਗਦੀ?" ਜੋਗਿੰਦਰ ਨੇ ਬੇਬੇ ਦਾ ਅੰਦਰ ਫ਼ਰੋਲਣਾ ਚਾਹਿਆ। ਪਰ ਸਿਆਣੀ ਬੇਬੇ ਦਿਲ ਦੇ ਜ਼ਖਮ ਪੁੱਤ ਨੂੰ ਛੇਤੀ ਕੀਤੇ ਕਦੋਂ ਦਿਖਾਉਂਦੀ ਸੀ?

-"ਹੈ ਕਮਲਾ! ਨੂੰਹ-ਪੁੱਤ, ਪੋਤੇ ਤੇ ਦੋਹਤੇ ਕੋਲੇ ਆ ਕੇ ਮੈਂ ਸੁਖੀ ਨਾ ਹੋਊਂ ਤਾਂ ਹੋਊਂ ਕਿੱਥੇ?" ਬੇਬੇ ਲਾਂਬੂ ਲੱਗੇ ਦਿਲ 'ਤੇ ਬੁੱਕੋ-ਬੁੱਕ ਪਾਣੀ ਪਾਈ ਜਾ ਰਹੀ ਸੀ। ਪਰ ਪਾਣੀ ਦੇ ਛਿੱਟੇ ਭਾਂਬੜ ਨੂੰ ਕਿੱਥੋਂ ਕਾਬੂ ਕਰਦੇ ਸਨ?

-"ਬੇਬੇ ਤੇਰੀ ਨੂੰਹ ਤਾਂ ਨਹੀਂ ਕੋਈ ਅਵਲਾ-ਸਵਲਾ ਬੋਲਦੀ?" ਅਸਲੀ ਦਾਅ 'ਚੋਂ ਨਿਕਲਦੀ ਬੇਬੇ ਨੂੰ ਜੋਗਿੰਦਰ ਅੱਗਿਓਂ ਵਗਲਦਾ ਆ ਰਿਹਾ ਸੀ। ਪ੍ਰੀਤ ਚੁੱਪ ਸੀ। ਉਸ ਨੇ ਕਠੋਰ ਚੁੱਪ ਧਾਰੀ ਹੋਈ ਸੀ।

-"ਪੁੱਤ ਮੈਂ ਬਿਗਾਨੀ ਧੀ 'ਤੇ ਕਾਹਨੂੰ 'ਲਜਾਮ ਲਾਵਾਂ? ਉਹ ਤਾਂ ਬਿਚਾਰੀ ਬਾਹਲੀ ਚੰਗੀ ਐ-ਬਲ੍ਹਾਈ ਮੇਰੀ ਸੇਵਾ ਕਰਦੀ ਐ-ਸੱਤ ਬਚਨ ਦੀ ਭਾਗੀ ਐ।"

-"ਬੇਬੇ! ਮੰਨ ਚਾਹੇ ਨਾ ਮੰਨ-ਅੰਦਰੋਂ ਗੱਲ ਕੋਈ ਜਰੂਰ ਐ।" ਜੋਗਿੰਦਰ ਨੇ ਆਖਰੀ ਗੱਲ ਹੀ ਕਹਿ ਦਿੱਤੀ।

-"ਹੈ ਯਧ ਕਮਲਾ! ਜਦੋਂ ਗੱਲ ਹੈ ਈ ਕੋਈ ਨ੍ਹੀ-ਦੱਸਾਂ ਕੀ? ਬਾਧੂ ਬਿਗਾਨੀ ਧੀ ਨੂੰ ਕਾਹਤੋਂ ਕੋਈ ਦੋਸ਼ ਦੇਵਾਂ? ਕਿਸੇ 'ਤੇ ਝੂਠਾ ਦੂਸ਼ਣ ਲਾਉਣਾ ਕੋਈ ਲਾਇਕੀ ਦੀ ਗੱਲ ਐ?" ਬੇਬੇ ਨੇ ਸਿਆਣਪ ਦੀ ਆੜ ਵਿਚ, ਜੋਗਿੰਦਰ ਦੇ ਸੁੱਟੇ ਸਾਰੇ ਪੱਤੇ ਰੱਦ ਕਰ ਦਿੱਤੇ।

-"ਕਿਉਂ ਪ੍ਰੀਤ ਸਿਆਂ-ਤੇਰਾ ਕੀ ਖਿਆਲ ਐ ਬਈ?" ਦਿਲੋਂ ਨਿਕਲਦੀ ਦਰਦੀ-ਹੂਕ ਨੂੰ ਵੀ ਜੋਗਿੰਦਰ ਨੇ ਸਹਿਜ ਦੀ ਕੁਤਕੁਤੀ ਕੱਢ, ਹਾਸੇ ਪਾਇਆ ਹੋਇਆ ਸੀ।

-"ਕੀ ਪਤੈ ਮਾਮਾ ਜੀ? ਜੋ ਨਾਨੀ ਜੀ ਕਹਿੰਦੇ ਐ-ਸੱਚ ਈ ਕਹਿੰਦੇ ਹੋਣਗੇ?" ਚਾਰਾਜੋਈ ਅਤੇ ਦੁਬਿਧਾ ਵਿਚ ਫ਼ਸਿਆ ਪ੍ਰੀਤ ਫਿਰ ਵੀ ਬਰੀ ਹੋ ਗਿਆ। ਪਰ ਦਿਲ ਉਸ ਦਾ ਵੀ ਅੰਧ-ਸਾਗਰ ਦੀਆਂ ਘੁੰਮਣਘੇਰੀਆਂ ਵਿਚ ਪਿਆ ਹੋਇਆ ਸੀ।

ਜੋਗਿੰਦਰ ਚੁੱਪ ਕਰ ਗਿਆ।

ਖੁੱਲੀਆਂ ਸੜਕਾਂ 'ਤੇ ਕਾਰ ਛੂਟ ਵੱਟੀ ਦੌੜੀ ਜਾ ਰਹੀ ਸੀ। ਕਾਰ ਦੀ ਤੇਜ਼ ਰਫ਼ਤਾਰ ਸਦਕਾ ਦਰਖ਼ਤ ਅਤੇ ਪਰਬਤ ਵੀ ਬੇਬੇ ਦੇ ਦਿਮਾਗ ਵਿਚ ਉਚੇ-ਨੀਵੇਂ ਖਿਆਲਾਂ ਵਾਂਗ ਘੁੰਮਦੇ ਰਹੇ ਸਨ। ਬੇਬੇ ਸੁਤੇ-ਸਿੱਧ ਸ਼ਾਂਤ ਬੈਠੀ 'ਵਾਹਿਗੁਰੂ-ਵਾਹਿਗੁਰੂ' ਜਪਦੀ ਰਹੀ ਸੀ।

ਸਵੇਰ ਦੇ ਦਸ ਕੁ ਵਜੇ ਉਹ ਗੁਰੂ-ਘਰ ਪਹੁੰਚ ਗਏ। ਦੂਰ 'ਕਾਰ-ਪਾਰਕਿੰਗ' ਵਿਚ ਉਹਨਾਂ ਨੇ ਕਾਰ ਜਾ ਲਾਈ। ਪਾਰਕਿੰਗ ਵਿਚ ਅਨੇਕ 'ਕੋਚਾਂ' ਖੜ੍ਹੀਆਂ ਸਨ।

-"ਲੱਗਦੈ ਅੱਜ ਗੁਰਦੁਆਰੇ 'ਕੱਠ ਬਹੁਤ ਹੋਊ।" ਪਾਰਕਿੰਗ ਵੱਲ ਨਜ਼ਰ ਮਾਰਦਿਆਂ ਜੋਗਿੰਦਰ ਨੇ ਕਿਹਾ।

-"ਲੱਗਦਾ ਤਾਂ ਇਉਂ ਈ ਐਂ!" ਪ੍ਰੀਤ ਬੋਲਿਆ।

-"ਦੇਖ ਲੈ ਪ੍ਰੀਤ!" ਬੇਬੇ ਨੇ ਕਾਰ 'ਚੋਂ ਉਤਰਦਿਆਂ ਗੱਲ ਸੁਰੂ ਕੀਤੀ।

-"ਆਪਣੇ ਬੰਦੇ ਕਿੱਥੋਂ ਦੇ ਕਿੱਥੋਂ ਆ ਕੇ ਗੁਰਦੁਆਰੇ ਬਣਾਈ ਬੈਠੇ ਐ-ਇਹ ਰੱਬ ਦੀ ਮਿਹਰ ਨਹੀਂ ਤਾਂ ਹੋਰ ਕੀ ਐ?"

-"ਦੇਖ ਲਓ ਨਾਨੀ ਜੀ-ਕੁਦਰਤ ਐ ਰੱਬ ਦੀ!" ਪ੍ਰੀਤ ਵੀ ਖੁਸ਼ ਹੋਣੋਂ ਨਾ ਰਹਿ ਸਕਿਆ।

-"ਐਥੋਂ ਪਤਾ ਲੱਗਦੈ ਆਪਣੇ ਸਿੱਖਾਂ ਦੀ ਸ਼ਰਧਾ ਦਾ ਬਈ ਕਿੰਨਾ ਗੁਰੂ ਬਾਬੇ ਨਾਲ ਸਨੇਹ-ਸਤਿਕਾਰ ਰੱਖਦੇ ਐ।"

-"-----।"

-"ਕਿੱਥੇ ਸੱਤਾਂ ਸਮੁੰਦਰਾਂ ਤੋਂ ਪਾਰ ਆ ਕੇ ਵੀ ਖਾਲਸੇ ਦੇ ਬੋਲ ਬਾਲੇ ਕੈਮ ਰੱਖੇ ਐ-ਐਵੇਂ ਨਹੀਂ ਭਾਈ ਹਰ ਰੋਜ ਖਾਲਸਾ ਜੀ ਦੇ ਬੋਲ ਬਾਲੇ ਦੀਆਂ ਅਰਦਾਸਾਂ ਕਰਦੇ-ਗੁਰੂ ਨੇ ਵੀ ਫੇਰ ਕੋਈ ਘਾਟ ਨਹੀਂ ਰੱਖੀ-ਸਾਰਾ ਕੁਛ ਈ ਬਗਸ਼ਿਆ ਪਿਐ-ਕੁਛ ਲਕੋ ਕੇ ਨਹੀਂ ਰੱਖਿਆ!" ਬੇਬੇ 'ਸਤਿਨਾਮ-ਵਾਹਿਗੁਰੂ' ਅਤੇ 'ਧੰਨ ਬਾਬਾ ਨਾਨਕ-ਧੰਨ ਬਾਬਾ

ਨਾਨਕ' ਜਪਦੀ ਜਾ ਰਹੀ ਸੀ।

-"ਲੈ ਬੇਬੇ ਮੱਥਾ ਟੇਕਦੀਂ!" ਜੋਗਿੰਦਰ ਨੇ ਕੁਝ ਨੋਟ ਬੇਬੇ ਨੂੰ ਫੜਾਏ। ਬੇਬੇ ਨੇ ਹੱਥ ਜੋੜ ਕੇ ਫੜ ਲਏ। ਮੱਥੇ ਨੂੰ ਲਾਏ।

ਅਜੇ ਉਹ ਗੁਰਦੁਆਰੇ ਦੇ ਗੇਟ 'ਤੇ ਹੀ ਪੁੱਜੇ ਸਨ ਕਿ ਤਿੰਨ ਪ੍ਰਬੰਧਕਾਂ ਨੇ ਉਹਨਾਂ ਨੂੰ ਦਰਵਾਜੇ 'ਤੇ ਹੀ ਰੋਕ ਲਿਆ। ਉਹਨਾਂ ਦੇ ਹੱਥਾਂ ਵਿਚ ਨੰਗੀਆਂ ਤਲਵਾਰਾਂ ਸਨ। ਇੱਕ ਤਲਵਾਰ ਖੂਨ ਨਾਲ ਲਿੱਬੜੀ ਹੋਈ ਸੀ।

ਉਹਨਾਂ ਨੂੰ ਰੋਕਣ ਦੇ ਕਾਰਨ ਦੀ ਕੋਈ ਸਮਝ ਨਾ ਪਈ। ਗੁਰਦੁਆਰੇ ਦੇ ਅੰਦਰੋਂ ਕੋਈ ਬੇਸਮਝਾ ਜਿਹਾ ਰੌਲਾ ਸੁਣਾਈ ਦੇ ਰਿਹਾ ਸੀ। ਲਲਕਾਰੇ ਜਿਹੇ ਵੀ ਸੁਣਾਈ ਦਿੱਤੇ ਸਨ।

-"ਕੀ ਗੱਲ ਐ ਸਿੰਘ ਜੀ? ਅੰਦਰ ਕੋਈ ਰੌਲੈ?" ਜੋਗਿੰਦਰ ਨੇ ਪ੍ਰਬੰਧਕ ਨੂੰ ਪੁੱਛਿਆ।

-"ਨਹੀਂ-ਕੋਈ ਖਾਸ ਨਹੀਂ।" ਪ੍ਰਬੰਧਕ ਅਤੀ-ਅੰਤ ਅੱਖੜ, ਪਰ ਸੰਖੇਪ ਬੋਲਿਆ।

-"ਅਸੀਂ ਬੜੀ ਦੂਰੋਂ ਆਏ ਹਾਂ-।" ਗੱਲ ਅਜੇ ਜੋਗਿੰਦਰ ਦੇ ਮੂੰਹ ਵਿਚ ਹੀ ਸੀ ਕਿ ਪੁਲੀਸ ਅਤੇ ਐਂਬੂਲੈਂਸ ਦੀਆਂ ਗੱਡੀਆਂ ਭੂਚਾਲ ਵਾਂਗ ਆ ਵੱਜੀਆਂ। ਨੀਲੀਆਂ ਲਾਈਟਾਂ ਅਤੇ ਹੂਟਰ ਵਜਾਉਂਦੀਆਂ!

ਪੁਲੀਸ ਵਾਲੇ 'ਮਾਣਸ ਬੂ-ਮਾਣਸ ਬੂ' ਕਰਦੇ ਜੁੱਤੀਆਂ ਅਤੇ ਕੁੱਤਿਆਂ ਸਮੇਤ ਗੁਰਦੁਆਰੇ ਅੰਦਰ ਸਾਹਣ ਵਾਂਗ ਧੁੱਸ ਦੇ ਕੇ ਵੜ ਗਏ। ਕਿਸੇ ਨੂੰ ਕੋਈ ਖਾਸ ਸਮਝ ਨਹੀਂ ਪਈ ਸੀ। ਸਾਰੇ ਖੜ੍ਹੇ ਦੇਖਦੇ ਹੀ ਰਹਿ ਗਏ। ਸ਼ਰਧਾਲੂ ਸੰਗਤ ਸਾਹ ਰੋਕੀ, ਹਰਾਸਾਂ ਮਾਰੀ ਖੜ੍ਹੀ ਸੀ। ਪੁਲੀਸ ਦਾ ਜੁੱਤੀਆਂ ਅਤੇ ਕੁੱਤਿਆਂ ਸਮੇਤ ਗੁਰੂ-ਘਰ ਵਿਚ ਦਾਖਲਾ? ਕਦੇ ਹੋਇਆ ਨਾ ਸੁਣਿਆਂ! ਕਿੱਥੇ ਗਈ ਗੁਰੂ-ਘਰ ਦੀ ਮਰਿਆਦਾ? ਕਿੱਥੇ ਗਈਆਂ ਭਾਈ ਮਨੀ ਸਿੰਘ ਹੋਰਾਂ ਸੂਰਮਿਆਂ ਦੀਆਂ ਸ਼ਹੀਦੀਆਂ? ਗੁਰੂ ਦੇ ਸਿਰੜੀ ਸਿੰਘਾਂ ਨੇ ਤਾਂ ਖੋਪੜ ਲੁਹਾਉਣ ਲੱਗਿਆਂ 'ਸੀ' ਨਹੀਂ ਸੀ ਉਚਾਰੀ? ਭੱਠਾਂ ਵਿਚ ਝੋਕੇ ਗਏ ਸਨ। ਬੰਦ-ਬੰਦ ਕਟਵਾ ਲਿਆ ਸੀ। ਬੱਚਿਆਂ ਦੇ ਟੋਟੇ ਝੋਲੀਆਂ ਵਿਚ ਹੱਸ ਕੇ ਪੁਆ ਲਏ ਸਨ। ਬਿਨਾਂ ਸੀਸ ਤੋਂ ਬੇਹੁਰਮਤੀ ਕਰਨ ਵਾਲੇ ਦੇ ਆਹੂ ਲਾਹ ਧਰੇ ਸਨ। ਜੰਗਲਾਂ 'ਚੋਂ ਆ ਕੇ ਮੱਸੇ ਵਰਗੇ ਪਾਪੀਆਂ ਦੇ ਸਿਰ ਲਾਹ ਕੇ ਨੇਜ਼ੇ 'ਤੇ ਟੰਗ ਤੁਰੇ ਸਨ। ਪਰ ਆਹ ਕੀ? ਸਿੰਘਾਂ ਦੇ ਜਿਉਂਦੇ ਜੀਅ ਗੁਰੂ-ਘਰ ਦੀ ਮਰਿਆਦਾ ਜੁੱਤੀਆਂ ਅਤੇ ਕੁੱਤਿਆਂ ਸਮੇਤ ਮਿੱਟੀ ਵਿਚ ਮਿਲਾ ਦਿੱਤੀ ਸੀ? ਬੇਬੇ ਦਾ ਸੀਨਾ 'ਤ੍ਰਾਸ-ਤ੍ਰਾਸ' ਕਰ ਰਿਹਾ ਸੀ। ਉਹ ਪਤਾ ਨਹੀਂ ਕੀ-ਕੀ ਸੋਚੀ ਜਾ ਰਹੀ ਸੀ। ਅੱਖੀਂ ਦੇਖਿਆ ਸੱਚ ਉਸ ਦਾ ਕਾਲਜਾ ਕੱਢਦਾ ਸੀ।

ਪੁਲੀਸ ਵਾਲੇ ਗੁਰਦੁਆਰੇ ਵਿਚ ਹੇਲੀਆਂ ਦਿੰਦੇ ਫਿਰਦੇ ਸਨ।

ਇਸ ਬਾਹਰਲੇ ਮੁਲਕ ਤੋਂ ਤਾਂ ਬੇਬੇ ਪਹਿਲਾਂ ਹੀ ਬੜੀ ਦੁਖੀ ਸੀ, ਰੱਜੀ-ਧਾਈ ਸੀ। ਪਰ ਗੁਰੂ-ਘਰ ਦੀ ਆਹ ਹਾਲਤ ਦੇਖ ਕੇ ਤਾਂ ਉਸ ਦਾ ਮਨ ਪੀੜਿਆ ਗਿਆ ਸੀ।

ਪੁਲਸ ਨੇ ਕਈ ਸਿੰਘਾਂ ਨੂੰ ਗ੍ਰਿਫ਼ਤਾਰ ਕਰ, ਗੱਡੀਆਂ 'ਚ ਲੱਦ ਠਾਣੇ ਨੂੰ ਤੋਰ ਲਿਆ।

ਐਂਬੂਲੈਂਸਾਂ ਫ਼ੱਟੜਾਂ ਨੂੰ ਲੱਦ ਤੁਰੀਆਂ।

ਇਕ ਤੂਫ਼ਾਨ ਮੱਚਿਆ ਹੋਇਆ ਸੀ।

ਬੇਬੇ ਦਾ ਦਿਲ ਕਿਰਕ ਗਿਆ।

-"ਵੇ ਜੋਗਿੰਦਰਾ! ਵੇ ਪੁੱਤ ਆਹ ਪੁਲਸ ਆਲੇ ਨੂੰ ਮਾੜਾ ਜਿਆ ਰੋਕੀਂ ਕੇਰਾਂ ਮੇਰਾ ਪੁੱਤ ਬਣਕੇ!" ਬੇਬੇ ਨੇ ਲ੍ਹੇਲੜੀ ਕੱਢੀ।

-"ਕਿਉਂ ਬੇਬੇ?" ਜੋਗਿੰਦਰ ਹੈਰਾਨ ਸੀ।

-"ਵੇ ਅਸੀਂ ਕਿਸੇ ਮੜ੍ਹੀ ਮਸਾਣੀ 'ਚ ਜੁੱਤੀ ਜੋੜਾ ਪਾ ਕੇ ਨਹੀਂ ਜਾਂਦੇ-ਤੇ ਇਹੇ ਔਤਾਂ ਦੇ ਜਾਣੇ ਜੁੱਤੀਆਂ ਤੇ ਕਤੀੜ੍ਹਾਂ ਸਣੇ ਬਾਬੇ ਦੇ ਦੁਆਰੇ ਆ ਵੱਜੇ-ਕਿੰਨੇ ਦੁਸ਼ਟ ਐ ਇਹੇ?"

-"ਬੇਬੇ ਤੂੰ ਕੀ ਲੈਣੈਂ? ਛੱਡ ਪਰ੍ਹੇ ਐਵੇਂ!" ਜੋਗਿੰਦਰ ਨੇ ਟਾਲਣਾ ਚਾਹਿਆ।

-"ਨਹੀਂ ਪੁੱਤ! ਸ਼ਹੀਦਾਂ ਦੀ ਆਤਮਾ ਮੈਨੂੰ ਵਲੂੰਧਰਦੀ ਰਹੂਗੀ-ਰੋਕ ਕੇ ਪੁੱਛ ਇਹਨੂੰ-ਨਹੀਂ ਤੂੰ ਗੱਲ ਕਰ-ਮੈਂ ਸਮਝਾਉਨੀ ਆਂ-ਮੈਨੂੰ ਤਾਂ ਇਹਨਾਂ ਦੀ ਬਾਤ ਨਹੀਂ ਆਉਂਦੀ-ਜੇ ਮੈਨੂੰ ਪੁੱਤ ਇਹਨਾਂ ਦੀ ਬੋਲੀ ਆਉਂਦੀ ਹੁੰਦੀ-ਮੈਂ ਤਾਂ ਪਾ ਦਿੰਦੀ ਰੋਂਭੜ੍ਹੇ ਲਹਿ ਜਾਣਿਆਂ ਦੇ-ਇਹਨਾਂ ਨੇ ਗੁਰੂ ਦੁਆਰੇ ਨੂੰ ਸਮਝ ਕੀ ਰੱਖਿਐ?" ਬੇਬੇ ਲਾਟਾਂ ਛੱਡੀ ਜਾ ਰਹੀ ਸੀ। ਬਿਰਧ ਸਰੀਰ ਦੇ ਹੁੰਦਿਆਂ ਵੀ ਬੇਬੇ ਚੰਡੀ-ਰੂਪ ਬਣੀ ਖੜ੍ਹੀ ਸੀ।

ਬੇਬੇ ਦੀ ਹਿੰਡ ਦੇਖ ਕੇ ਜੋਗਿੰਦਰ ਨੇ ਪੁਲੀਸ ਇੰਸਪੈਕਟਰ ਨੂੰ ਰੋਕ ਲਿਆ।

ਉਹ ਬੜੇ ਸਤਿਕਾਰ ਨਾਲ ਖੜ੍ਹ ਗਿਆ।

ਜੋਗਿੰਦਰ ਨੇ ਗੋਰੇ ਪੁਲਸ ਵਾਲੇ ਨੂੰ ਬੇਬੇ ਦਾ ਸਾਰਾ ਗੁੱਸਾ ਸਮਝਾਇਆ। ਮਰਿਆਦਾ ਬਾਰੇ ਚਾਨਣਾ ਪਾਇਆ। ਗੁਰ-ਮਰਿਆਦਾ ਲਈ ਹੋਈਆਂ ਅਤੀ-ਅੰਤ ਸ਼ਹੀਦੀਆਂ ਦਾ ਸੰਖੇਪ ਬ੍ਰਿਤਾਂਤ ਦੱਸਿਆ ਤਾਂ ਗੋਰਾ ਪੁਲੀਸ-ਮੈਨ ਉਹਨਾਂ ਉਪਰ ਵਿਅੰਗਮਈ ਹੱਸ ਪਿਆ।

-"ਮਿਸਟਰ ਸਿੰਘ! ਉਤਨਾ ਮੈਨੂੰ ਸਾਡੇ ਗਿਰਜਾਘਰ ਬਾਰੇ ਗਿਆਨ ਨਹੀਂ ਜਿਤਨਾ ਮੈਨੂੰ ਤੁਹਾਡੇ ਗੁਰੂ-ਘਰ ਬਾਰੇ ਚਾਨਣ ਹੈ-ਕਿਉਂਕਿ ਸਾਡਾ ਇੱਥੇ ਆਉਣ ਜਾਣ ਬਣਿਆਂ ਹੀ ਰਹਿੰਦਾ ਹੈ-ਬਾਕੀ ਰਹੀ ਮਰਿਆਦਾ ਦੀ ਗੱਲ-ਮਰਿਆਦਾ ਸਭ ਤੋਂ ਪਹਿਲਾਂ ਤੁਹਾਡੇ ਪ੍ਰਬੰਧਕ ਭੰਗ ਕਰਦੇ ਐ-ਅਸੀਂ ਤਾਂ ਬਹੁਤ ਬਾਅਦ ਵਿਚ ਆਉਂਦੇ ਆਂ-ਤੁਸੀ ਮੇਰੀ ਗੱਲ ਦਾ ਉਤਰ ਦਿਓ ਕ੍ਰਿਪਾ ਕਰਕੇ ਕਿ ਕੀ ਗੁਰੂ ਘਰ ਵਿਚ ਕਿਰਪਾਨਾਂ ਚਲਾਉਣੀਆਂ ਮਰਿਆਦਾ ਹੈ? ਕੀ ਨਿਹੱਥੇ ਸਿੰਘਾਂ ਸਿੰਘਣੀਆਂ 'ਤੇ ਵਾਰ ਕਰਨਾ ਮਰਿਆਦਾ ਹੈ? ਕੀ ਕਿਸੇ ਦੀ ਬੇਇਜ਼ਤੀ ਕਰਨੀ ਮਰਿਆਦਾ ਹੈ? ਕੀ ਕਿਸੇ ਦੀ ਪੱਗ ਲਾਹੁਣੀ ਮਰਿਆਦਾ ਦਾ ਹੀ ਇਕ ਹਿੱਸਾ ਹੈ? ਕੀ ਚੌਧਰ ਕਾਇਮ ਰੱਖਣ ਲਈ ਲੜਾਈ ਝਗੜਾ ਕਰਨਾ ਮਰਿਆਦਾ ਹੈ? ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿਚ ਝਗੜਾ ਕਰਨਾ ਤੁਹਾਡੇ ਗੁਰੂ ਦਾ ਅਪਮਾਨ ਨਹੀਂ? ਇੱਥੇ ਮਰਿਆਦਾ ਕਿੱਥੇ ਰਹਿ ਗਈ? ਮੈਂ ਆਪ ਜੀ ਦੇ ਮਨ ਦੀ ਅਵੱਸਥਾ ਬੜੀ ਅੱਛੀ ਤਰ੍ਹਾਂ ਸਮਝਦਾ ਹਾਂ ਮਿਸਟਰ ਸਿੰਘ! ਮਾਤਾ ਜੀ ਨੂੰ ਸਮਝਾਓ-ਸਭ ਤੋਂ ਪਹਿਲਾਂ ਮਰਿਆਦਾ ਪ੍ਰਬੰਧਕ ਭੰਗ ਕਰਦੇ ਹਨ-ਅਸੀਂ ਤਾਂ ਬਾਅਦ ਵਿਚ ਆਉਂਦੇ ਹਾਂ-ਸ਼ਾਂਤੀ ਕਾਇਮ ਰੱਖਣ ਲਈ ਸਾਨੂੰ ਹਰ ਸੰਭਵ ਕੋਸ਼ਿਸ਼ ਕਰਨੀ ਪੈਂਦੀ ਹੈ-ਕਾਨੂੰਨ ਦੇ ਸਾਹਮਣੇ ਮਰਿਆਦਾ ਕੋਈ ਅਹਿਮੀਅਤ ਨਹੀਂ ਰੱਖਦੀ-ਸਾਨੂੰ ਦੋਸ਼ ਦੇਣ ਦੀ ਵਜਾਏ ਤੁਸੀਂ ਮਰਿਆਦਾ ਭੰਗ ਕਰਨ ਵਾਲੇ ਪ੍ਰਬੰਧਕਾਂ ਨੂੰ ਕਿਉਂ ਨਹੀਂ ਸਮਝਾਉਂਦੇ? ਉਹ ਸਾਨੂੰ ਇੱਥੇ ਆਉਣ ਦਾ ਮੌਕਾ ਹੀ ਨਾ ਦੇਣ? ਮਾਤਾ ਜੀ ਨੂੰ ਕਹੋ ਕਿ ਇਸ ਦਾ ਮੈਨੂੰ ਬਹੁਤ ਅਫ਼ਸੋਸ ਹੈ-ਮੈਂ ਤੁਹਾਡੇ ਮਨਾਂ ਦੀ ਹਾਲਤ ਬੜੀ ਚੰਗੀ ਤਰ੍ਹਾਂ ਸਮਝਦਾ ਹਾਂ-ਆਈ ਵਿਸ਼ ਯੂ ਆਲ ਦਾ ਬੈੱਸਟ ਮਿਸਟਰ ਸਿੰਘ!" ਤੇ ਇੰਸਪੈਕਟਰ ਤੁਰ ਗਿਆ।

ਗੁਰਦੁਆਰੇ ਵਿਚੋਂ ਸਾਰੇ ਪ੍ਰਬੰਧਕ ਅਤੇ ਸੰਗਤਾਂ ਬਾਹਰ ਕੱਢ ਕੇ ਪੁਲੀਸ ਨੇ ਗੁਰਦੁਆਰੇ ਦਾ ਕਬਜ਼ਾ ਵਕਤੀ ਤੌਰ 'ਤੇ ਆਪਣੇ ਹੱਥ ਵਿਚ ਲੈ ਲਿਆ।

ਜੋਗਿੰਦਰ, ਬੇਬੇ ਅਤੇ ਪ੍ਰੀਤ ਹਾਰੇ ਹੋਏ ਜੁਆਰੀਏ ਵਾਂਗ ਬੁੱਲ੍ਹ ਲਮਕਾ ਕੇ ਗੁਰਦੁਆਰੇ ਤੋਂ ਬਾਹਰ ਆ ਗਏ।

-"ਕਿੰਨੀ ਸ਼ਰਧਾ ਨਾਲ ਆਏ ਸੀ-ਗੋਲੀ ਪੈ ਜਾਏ ਇਹਨਾਂ ਪ੍ਰਬੰਧਕਾਂ ਨੂੰ-ਮੱਥਾ ਵੀ ਨਹੀਂ ਟੇਕਣ ਦਿੱਤਾ ਦੁਸ਼ਟਾਂ ਨੇ।" ਬੇਬੇ ਆਪਣੀ 'ਭੜ੍ਹਾਸ' ਕੱਢ ਰਹੀ ਸੀ।

-"-----।" ਜੋਗਿੰਦਰ ਅਤੇ ਪ੍ਰੀਤ ਚੁੱਪ ਸਨ। ਦਿਲੋਂ ਉਹ ਵੀ ਦੁਖੀ ਸਨ।

-"ਕੀੜੇ ਪੈ ਜਾਣ ਥੋਡੇ-ਗੁਰੂ ਦੇ ਦਰਬਾਰ ਈ ਆਹ ਘਤਿੱਤਾਂ ਕਰਦੇ ਐਂ-ਥੋਨੂੰ ਤਾਂ ਨਰਕਾਂ ਵਿਚ ਵੀ ਥਾਂ ਨ੍ਹੀ ਮਿਲਣੀ ਪਾਪੀਓ-ਪ੍ਰੇਤ ਬਣੋਗੇ ਪ੍ਰੇਤ ਤੁਸੀਂ ਤਾਂ-ਗੁਰੂ ਘਰ ਕਲੇਸ਼ ਕਰਦੇ ਐਂ!"

-"ਬੇਬੇ ਕਾਹਨੂੰ ਆਬਦਾ ਆਪ ਖਪਾਉਨੀ ਐਂ?" ਜੋਗਿੰਦਰ ਬੋਲਿਆ।

-"ਇਹ ਗੁਰੂ ਘਰ 'ਚ ਲੜਾਈ ਹੈ ਕਾਹਦੀ?" ਬੇਬੇ ਨੂੰ ਹਾਲੀਂ ਤੱਕ ਇਹ ਸਮਝ ਨਹੀਂ ਆਈ ਸੀ ਕਿ ਯੁੱਧ ਹੋਇਆ ਕਿਹੜੀ ਗੱਲੋਂ ਸੀ?

-"ਬੇਬੇ ਗੁਰੂ ਘਰ ਵਿਚ ਲੜਾਈ ਐ ਗੋਲਕ ਦੀ-ਚੌਧਰ ਦੀ-ਹਰ ਕੋਈ ਪ੍ਰਧਾਨਗੀ ਭਾਲਦੈ-ਹੋਰ ਦੱਸ?"

-"ਹੈ ਥੋਡੇ ਕੀੜੇ ਪੈ ਜਾਣ ਰਾਕਸ਼ੋ! ਗੁਰਮੁਖ ਹਾਰੇ ਤੇ ਜੱਗ ਜੀਤਾ ਵਾਲੀ ਗੱਲ ਹੋਈ ਪੁੱਤ ਫੇਰ ਤਾਂ?"

-"ਹੋਰ ਕੀ ਐ ਬੇਬੇ? ਗੁਰੂ ਪ੍ਰਤੀ ਸ਼ਰਧਾ ਤਾਂ ਤੇਰੇ ਮੇਰੇ ਦੇ ਦਿਲਾਂ ਵਿਚ ਈ ਐ-ਪ੍ਰਬੰਧਕਾਂ ਲਈ ਤਾਂ ਖੇਡ ਐ।"

-"-----।" ਬੇਬੇ ਅੱਤਿ ਦੁਖੀ ਸਿਰ ਫੇਰੀ ਜਾ ਰਹੀ ਸੀ।

-"ਸਾਡੇ ਪਿੰਡ ਇਕ ਬੰਤਾ ਮਿਸਤਰੀ ਹੁੰਦਾ ਸੀ ਮਾਮਾ ਜੀ।" ਪ੍ਰੀਤ ਨੇ ਗੱਲ ਸ਼ੁਰੂ ਕੀਤੀ।

-"ਅੱਛਾ! ਤੂੰ ਵੀ ਸੁਣ ਲੈ ਬੇਬੇ ਪ੍ਰੀਤ ਦੀ ਗੱਲ!"

-"ਸੁਣੀ ਜਾਨੀ ਆਂ ਪੁੱਤ!" ਬੇਬੇ ਦਾ ਹਿਰਦਾ ਲਹੂ-ਲੁਹਾਣ, ਨੁੱਚੜੀ ਜਾ ਰਿਹਾ ਸੀ।

-"ਉਹ ਮਿਸਤਰੀ ਸੀ ਕੱਟੜ ਕਾਮਰੇਡ-ਪੂਰਾ ਨਾਸਤਿਕ ਬੰਦਾ-ਰੱਬ ਤਾਂ ਉਹਨੂੰ ਕੁਛ ਲੱਗਦਾ ਈ ਨ੍ਹੀ ਸੀ-ਨਾ ਈ ਰੱਬ ਨੂੰ ਉਹ ਮੰਨਦਾ ਸੀ।"

-"ਸੁਣਾਈ ਚੱਲ-ਮੈਂ ਸੁਣਦੈਂ।"

-"ਇਕ ਵਾਰੀ ਅਸੀਂ ਬਾਹਰਲੇ ਘਰੇ ਕੰਧ ਕੱਢੀਏ-ਸਵੇਰ ਦਾ ਮੌਕਾ-ਮੈਂ ਇੱਟਾਂ ਫੜਾਉਂਦਾ ਸੀ ਤੇ ਦਿਹਾੜੀਏ ਗਾਰਾ ਫੜਾਉਣ 'ਤੇ ਸੀ।"

-"ਹੂੰਅ!"

-"ਕੀ ਹੋਇਆ-ਸਵੇਰੇ ਸਵੇਰੇ ਗੁਰਦੁਆਰੇ ਦਾ ਭਾਈ ਜੀ ਤੇ ਪੰਜ ਬੰਦੇ ਹੋਰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਈ ਜਾਣ-ਤੇ ਅਸੀਂ ਹੱਥ ਜੋੜ ਕੇ ਖੜ੍ਹ ਗਏ।"

-"ਖੜ੍ਹਨਾ ਈ ਸੀ ਪੁੱਤ-ਸਾਡਾ ਰੱਬ ਐ ਗੁਰੂ ਗ੍ਰੰਥ ਸਾਹਬ।" ਬੇਬੇ ਨੇ ਹੱਥ ਜੋੜ ਲਏ।

-"ਪਰ ਮਿਸਤਰੀ ਨਾ ਖੜ੍ਹਾ-ਉਹ ਉਵੇਂ ਈ ਇੱਟਾਂ ਲਾਈ ਗਿਆ।"

-"ਹੈ ਤੇਰੀ ਬੇੜੀ ਬਹਿਜੇ ਐਡੇ ਚੰਦਰੇ ਦੀ!"

-"ਜਦੋਂ ਬਾਬੇ ਦੀ ਸਵਾਰੀ ਦੂਰ ਚਲੀ ਗਈ-ਤਾਂ ਮੈਂ ਕਾਮਰੇਡ ਮਿਸਤਰੀ ਨੂੰ ਪੁੱਛਿਆ-ਮਿਸਤਰੀ ਜੀ ਬਾਬੇ ਦੀ ਬੀੜ ਲਈ ਜਾਂਦੇ ਸੀ-ਤੁਸੀਂ ਹੱਥ ਕਿਉਂ ਨਹੀਂ ਜੋੜੇ? ਮੱਥਾ ਕਿਉਂ ਨਾ ਟੇਕਿਆ? ਮੈਨੂੰ ਬਣਾ ਸਮਾਰ ਕੇ ਪਤਾ ਕੀ ਕਹਿੰਦਾ?"

-"ਕੀ ਕਹਿੰਦਾ?"

-"ਕਹਿੰਦਾ ਅਖੇ ਜਦੋਂ ਤੇਰਾ ਬਾਪੂ ਸਵੇਰੇ ਹਲ ਜੋੜ ਕੇ ਜਾਂਦੈ-ਕਦੇ ਉਹਦੇ ਹਲ ਨੂੰ ਕਿਸੇ ਨੇ ਮੱਥਾ ਟੇਕਿਐ?"

-"ਅੱਛਾ----!"

-"ਮੈਂ ਕਿਹਾ ਮਿਸਤਰੀ ਜੀ! ਹਲ ਤੇ ਬਾਬੇ ਦੀ ਬੀੜ ਦਾ ਕੀ ਮੇਲ?"

-"ਕਹਿੰਦਾ ਓਏ ਭੋਲਿਆ ਪੰਛੀਆ! ਬਾਬੇ ਦੀ ਬੀੜ ਤੇਰੇ ਲਈ ਜਾਂ ਆਹ ਦਿਹਾੜੀਆਂ ਲਈ ਰੱਬ ਹੋਊਗੀ-ਗੁਰਦੁਆਰੇ ਦੇ ਭਾਈਆਂ ਨੇ ਤਾਂ ਗੁਰੂ ਗ੍ਰੰਥ ਸਾਹਬ ਨੂੰ ਹਲ ਬਣਾਇਆ ਹੋਇਐ-ਉਹਨਾਂ ਗੱਲਾਂ ਦੀ ਹੁਣ ਸਮਝ ਆਉਂਦੀ ਐ-ਬਈ ਇਹਨਾਂ ਨੇ ਤਾਂ ਵਾਕਿਆ ਈ ਹਲ ਬਣਾਇਆ ਵਿਐ!"

-"ਗੱਲ ਸਹੀ ਐ ਭਾਈ!" ਬੇਬੇ ਨੇ ਵੀ ਅੱਕੀ ਹੋਈ ਨੇ ਆਖਿਆ।

-"ਕਿੱਡੀ ਦੂਰੋਂ ਸਤਿਕਾਰ ਨਾਲ ਮੱਥਾ ਟੇਕਣ ਆਏ ਸੀ-ਨਪੁੱਤੇ ਦਿਆਂ ਨੇ ਮਿਲਟ 'ਚ ਸ਼ਰਧਾ ਮਾਰਤੀ-ਮਿਸਤਰੀ ਸੱਚਾ ਈ ਐ ਭਾਈ-ਇਹਨਾਂ ਨੇ ਤਾਂ ਗੁਰੂ ਨੂੰ ਹਲ ਈ ਬਣਾਇਆ ਵਿਐ।"

-"ਉਹ ਕਹਿੰਦਾ ਹੁੰਦਾ ਸੀ -ਅਖੇ ਹੁਣ ਜਾ ਕੇ ਬਾਬੇ ਨੂੰ ਹਲ ਮਾਂਗੂੰ ਜੋੜ ਲੈਣਗੇ ਤੇ ਮਾਇਆ ਕਰਕੇ 'ਕੱਠੀ ਸ਼ਾਮ ਨੂੰ ਦੁਲੱਤੇ ਕੱਢਦੇ ਐ-ਚੜ੍ਹਾਵੇ ਦੇ ਸਿਰ 'ਤੇ ਈ-।"

-"ਉਹ ਗੱਲਾਂ ਕੋਈ ਮਾੜੀਆਂ ਨਹੀਂ ਕਰਦਾ ਸੀ-ਆਹ ਦੇਖਲੋ ਜੇ ਕੋਈ ਝੂਠ ਐ ਤਾਂ-ਸਿਆਣੇ ਦਾ ਕਿਹਾ ਤੇ ਆਉਲੇ ਦਾ ਖਾਧਾ ਪਿੱਛੋਂ ਪਤਾ ਲੱਗਦੈ-ਪੈਸਾ ਖੋਟਾ ਆਪਦਾ ਤੇ ਬਾਣੀਏਂ ਨੂੰ ਕੀ ਦੋਸ਼-ਜੇ ਪ੍ਰਬੰਧਕ ਈ ਤਿੰਨੋਂ ਕਾਣੇਂ ਐਂ-ਫੇਰ ਕਾਮਰੇਡਾਂ ਨੂੰ ਝੂਠੇ ਕਿਉਂ ਕਰੀਏ-ਖਿਲਾਰੇ ਤਾਂ ਇਹ ਆਪ ਪਾਉਂਦੇ ਐ? ਦੋਸ਼ ਵਾਧੂ ਪੁਲਸ ਆਲਿਆਂ ਨੂੰ!"

-"ਪੁਲਸ ਆਲੇ ਨੇ ਵੀ ਕੋਈ ਮਾੜੀ ਗੱਲ ਨਹੀਂ ਆਖੀ ਮੇਰੇ ਹਿਸਾਬ ਨਾਲ-ਸੱਚੀਆਂ ਈ ਉਹ ਮੂੰਹ 'ਤੇ ਮਾਰ ਗਿਐ।"

-"ਅਗਲੇ ਦੀ ਵੀ ਡਿਊਟੀ ਐ-ਕੀ ਕਰੇ? ਅਗਲਾ ਡਿਊਟੀ ਨਹੀਂ ਪੂਰੀ ਕਰਦਾ ਤਾਂ ਕੱਢ ਕੇ ਬਾਹਰ ਮਾਰਨਗੇ-ਇਹ ਇੰਡੀਆ ਥੋੜ੍ਹੋ ਐ?"

-"ਇੱਥੇ ਤਾਂ ਉਦੋਂ ਈ ਜਵਾਬ ਤਲਬੀ ਕਰਨ ਲੱਗ ਪੈਂਦੇ ਐ-ਕੋਈ ਲਿਹਾਜ ਨਹੀਂ ਕਰਦੇ।"

ਉਹ ਗੱਡੀ 'ਚ ਬੈਠ ਵਾਪਿਸ ਚੱਲ ਪਏ।

ਸਾਰੇ ਬੜੇ ਹੀ ਚੁੱਪ-ਗੜੁੱਪ ਸਨ। ਜਿਵੇਂ ਉਹਨਾਂ ਦੀ ਕਿਸੇ ਨੇ ਜੇਬ ਕੱਟ ਲਈ ਸੀ। ਜਾਂ ਜਿਵੇਂ ਉਹ ਲੁੱਟੇ-ਪੁੱਟੇ ਗਏ ਸਨ। ਆਏ ਉਹ ਰੱਬ ਦੇ ਘਰੇ ਸ਼ਰਧਾ ਦੇ ਗੱਡੇ ਲੱਦ ਕੇ ਸਨ। ਪਰ ਪਈ ਉਹਨਾਂ ਦੀ ਝੋਲੀ ਸਿਰਫ਼ ਨਿਰਾਸ਼ਾ ਅਤੇ ਮਾਯੂਸੀ ਹੀ ਸੀ।

ਕਾਰ ਆਪਣੇ ਪੂਰੇ ਜਲੌਅ ਵਿਚ ਮੋਟਰ-ਵੇਅ 'ਤੇ ਦੌੜੀ ਜਾ ਰਹੀ ਸੀ। ਬੇਬੇ ਪੱਥਰ ਬਣੀ ਬੈਠੀ ਸੀ। ਉਸ

ਦਾ ਮਨ ਵਾਰ-ਵਾਰ ਭਰਦਾ ਸੀ। ਉਹ ਘੁੱਟ ਜਿਹੀ ਵੱਟੀ ਬੈਠੀ ਸੀ। ਜਜ਼ਬਾਤਾਂ ਨੂੰ ਦਬਾ ਕੇ!

-"ਬੇਬੇ ਕੁਛ ਬੋਲਦੀ ਨ੍ਹੀ?" ਜੋਗਿੰਦਰ ਨੇ ਬੇਬੇ ਦੇ ਦਿਲ ਦਾ ਮੌਸਮ ਜਾਣਦਿਆਂ ਵੀ ਪੁੱਛ ਲਿਆ।

-"ਕੀ ਬੋਲਾਂ ਪੁੱਤ-ਸੁਆਹ?" ਬੇਬੇ ਨੇ ਦਿਲ ਦੀ ਬਲਦੀ ਲਾਟ ਜੋਗਿੰਦਰ ਵੱਲ ਨੂੰ ਛੱਡੀ।

ਜੋਗਿੰਦਰ ਚੁੱਪ ਕਰ ਗਿਆ।

-"ਜੋਗਿੰਦਰਾ!"

-"ਹਾਂ ਬੇਬੇ?"

-"ਪੁੱਤ ਇਕ ਗੱਲ ਆਖਾਂ-ਮੰਨੇਗਾ?"

-"ਨਾਨੀ ਜੀ ਤੁਹਾਡੀ ਗੱਲ ਨਾ ਮੰਨਾਂਗੇ ਤਾਂ ਹੋਰ ਕੀਹਦੀ ਮੰਨਾਂਗੇ?" ਜੋਗਿੰਦਰ ਦੀ ਜਗਾਹ ਪ੍ਰੀਤ ਬੋਲਿਆ।

-"ਪੁੱਤ ਮੈਨੂੰ ਵਾਪਿਸ ਆਬਦੇ ਦੇਸ਼ ਮੋੜਦੇ-ਹਾੜ੍ਹੇ ਮੇਰਾ ਸ਼ੇਰ!"

-"ਕਾਹਤੋਂ ਬੇਬੇ? ਗੁਰਦੁਆਰੇ ਆਲੀ ਵਾਰਦਾਤ ਕਰਕੇ?"

-"ਪੁੱਤ ਜਿਹੜੇ ਮੁਲਖ 'ਚ ਗੁਰੂ ਦੀ ਆਹ ਹਾਲਤ ਐ-ਮਹਾਤੜਾਂ ਦੀ ਕੀ ਹੋਊ?" ਬੇਬੇ ਨੇ ਅਗਲੀ ਪਿਛਲੀ ਸਾਰੀ ਹੀ ਜੋਗਿੰਦਰ ਨੂੰ ਆਖ ਦਿੱਤੀ।

-"ਬੇਬੇ ਐਨੀ ਈ ਗੱਲ 'ਤੇ ਈ ਥਿੜਕ ਗਈ? ਐਧਰ ਤਾਂ ਗੁਰਦੁਆਰਿਆਂ ਦਾ ਆਹੀ ਹਾਲ ਐ-ਲੜਾਈ ਝਗੜੇ ਜੁੱਤ ਪੌਅ।"

-"ਪੁੱਤ ਜਿੱਥੇ ਗੁਰੂ ਦਾ ਸਤਿਕਾਰ ਨਹੀਂ-ਉਥੇ ਮੈਂ ਤੂੰ ਕੀਹਦੇ ਪਾਣੀਹਾਰ-ਜਿੱਥੇ ਬੰਦੇ ਗੁਰੂ ਨੂੰ ਨਹੀਂ ਬਗਸ਼ਦੇ-ਮੇਰੇ ਅਰਗੀ ਨੂੰ ਕਿੱਥੇ ਬਗਸ਼ਣਗੇ? ਕੀੜੀ ਨੂੰ ਤਾਂ ਪੁੱਤ ਤੱਕਲੇ ਦਾ ਦਾਗ ਈ ਬਹੁਤ ਹੁੰਦੈ-ਆਬਦੀ ਇੱਜਤ ਪੁੱਤ ਆਬਦੇ ਹੱਥ ਹੁੰਦੀ ਐ-ਜਰੂਰੀ ਕੋਈ ਦੁਰਗਤੀ ਕਰਵਾ ਕੇ ਨਿਕਲਣਾ ਹੁੰਦੈ?"

ਪ੍ਰੀਤ ਬੈਠਾ ਸੋਚ ਰਿਹਾ ਸੀ ਕਿ ਨਾਨੀ ਤੇਜ ਕੌਰ ਦੁਖੀ ਤਾਂ ਅਸਲ ਵਿਚ ਸਰਬਜੀਤ ਤੋਂ ਸੀ। ਪਰ ਘਰੇ ਕਲੇਸ਼ ਪੈਣ ਦੇ ਡਰੋਂ ਬਹਾਨਾ ਗੁਰਦੁਆਰੇ ਦੀ ਵਾਰਦਾਤ ਦਾ ਬਣਾਉਂਦੀ ਸੀ! ਉਹ ਦਿਲੋਂ ਇੱਥੇ ਰਹਿਣਾ ਹੀ ਨਹੀਂ ਚਾਹੁੰਦੀ ਸੀ। ਹੁਣ ਹੱਥ ਆਇਆ ਗੁਰਦੁਆਰੇ ਵਾਲੀ ਵਾਰਦਾਤ ਦਾ ਹਥਿਆਰ ਨਾਨੀ ਨੇ ਮਾਮੇ ਦੇ ਮੋਢੇ 'ਤੇ ਧਰ ਲਿਆ ਸੀ। ਮਾਮਾ ਚੁੱਪ ਸੀ। ਚੁੱਪ ਵਿਯੋਗ ਦਾ ਰੂਪ ਧਾਰਨ ਕਰ ਗਈ ਸੀ।

-"ਨਾਨੀ ਕਿਤੇ ਨੂੰਹ ਰਾਣੀ ਨੇ ਤਾਂ ਨ੍ਹੀ ਕੁਛ ਆਖਤਾ ਕਦੇ?" ਪ੍ਰੀਤ ਦਿਲ ਦਾ ਦਰਦ ਸਮਝਦਾ ਹੋਇਆ ਵੀ ਤੇਜ ਕੌਰ ਨੂੰ ਕਹਿ ਬੈਠਾ।

-"ਪੁੱਤ ਰੱਬ ਨੂੰ ਜਾਨ ਦੇਣੀ ਐਂ-ਕਾਹਨੂੰ ਬਿਗਾਨੀ ਧੀ 'ਤੇ ਦੋਸ਼ ਲਾਮਾਂ-ਕਦੇ ਉਚੀ ਨ੍ਹੀ ਬੋਲੀ ਬੱਤੀ ਸੁਲੱਖਣੀ-ਬੱਸ ਮੇਰਾ ਇਸ ਮੁਲਖ ਤੋਂ ਈ ਮਨ ਮਰ ਗਿਆ।"

-"-----।" ਦੋਨੋਂ ਚੁੱਪ ਸਨ।

-"ਪੁੱਤ ਹੁਣ ਜਿੰਦਗੀ ਪਤਾ ਨ੍ਹੀ ਕੈ ਦਿਨ ਐਂ? ਕਾਹਨੂੰ ਬਿਗਾਨੇ ਦੇਸ਼ 'ਚ ਰੁਲ ਕੇ ਮਰੀਏ?"

-"ਬੇਬੇ ਗੱਲ ਕੋਈ ਜਰੂਰ ਐ-ਪਰ ਤੂੰ ਦੱਸਦੀ ਨ੍ਹੀ।" ਜੋਗਿੰਦਰ ਨੇ ਬੇਬੇ ਦਾ ਕਾਲਜਾ ਖੁਰਚਣਾ ਚਾਹਿਆ।

-"ਪੁੱਤ ਤੂੰ ਮੈਨੂੰ ਜੰਮਿਐਂ ਜਾਂ ਮੈਂ ਤੈਨੂੰ?" ਬੇਬੇ ਨੇ ਗੱਲ ਗੇੜੀਂ ਪਾ ਲਈ।

-"ਫੇਰ ਵੀ?"

-"ਬੱਸ ਪੁੱਤ ਜੇ ਮੇਰੀ ਤੂੰ ਕੋਈ ਖਾਹਸ਼ ਪੂਰੀ ਕਰਨੀ ਐਂ ਤਾਂ ਇਹੀ ਕਰਦੇ-ਮੈਨੂੰ ਵਾਪਸ ਭੇਜ ਦੇ ਮੇਰਾ ਪੁੱਤ ਬਣਕੇ-ਮੇਰੀ ਇਹ ਆਖਰੀ ਖਾਹਸ਼ ਈ ਸਮਝ ਲੈ।"

ਜੋਗਿੰਦਰ ਨਿਰੁੱਤਰ ਹੋ ਗਿਆ।

ਪ੍ਰੀਤ ਵੀ ਚੁੱਪ ਚਾਪ ਹੀ ਬੈਠਾ ਬਾਹਰ ਦੇਖ ਰਿਹਾ ਸੀ। ਉਹ ਨਾਨੀ ਦੀ ਹਾਲਤ ਬੜੀ ਅੱਛੀ ਤਰ੍ਹਾਂ ਸਮਝਦਾ ਸੀ। ਸਰਬਜੀਤ ਵਰਗੀ 'ਪ੍ਰੇਤ' ਔਰਤ ਨਾਲ ਕੱਟਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਜਿਹੜੀ ਜੁਆਨ ਮੁੰਡੇ ਦੀ ਤਹਿ ਲਾ ਸਕਦੀ ਸੀ। ਉਸ ਲਈ ਇਕ ਬਿਰਧ ਮਾਈ ਕੀ ਸ਼ੈਅ ਸੀ? ਕਿਹੜੇ ਬਾਗ ਦੀ ਮੂਲੀ ਸੀ? ਉਸ ਦੀ ਸੋਚ ਮੁਤਾਬਿਕ ਨਾਨੀ ਬਹੁਤ ਹੀ ਗੁੱਝਾ ਭੇਦ ਦਿਲ ਦੇ ਨਾਸੂਰ ਹੇਠ ਦੱਬੀ ਬੈਠੀ ਸੀ। ਪਰ ਉਸ ਫ਼ੱਟ ਤੋਂ ਪਰਦਾ ਨਹੀਂ ਚੁੱਕਣਾ ਚਾਹੁੰਦੀ ਸੀ। ਦਿਲ ਦੇ 'ਡੋਬੂ' ਨੂੰ ਦਿਲ ਵਿਚ ਹੀ ਲੈ ਕੇ ਇੰਡੀਆ ਵਾਪਿਸ ਮੁੜ ਜਾਣਾ ਚਾਹੁੰਦੀ ਸੀ।

ਨਾਨੀ ਦਾ ਦਿਲ ਉਸ ਤਿਆਗੀ ਫ਼ੱਕਰ ਫ਼ਕੀਰ ਦੀ ਕੁੱਲੀ ਵਰਗਾ ਸੀ, ਜਿਸ ਵਿਚ ਹੀਰੇ ਜਵਾਹਰਾਤ, ਰੱਬ

ਦੇ ਮਿਲਣ ਦਾ ਰਸਤਾ ਅਤੇ ਸ਼ਾਇਦ ਨਾਗ-ਮਣੀ ਜਾਂ ਬਾਸ਼ਕ-ਨਾਗ ਵੀ ਛੁਪੇ ਹੋਏ ਸਨ। ਉਹ ਕੁੱਲੀ ਜਿਸ ਵਿਚੋਂ ਹਰ ਮੁਸੀਬਤ ਜਾਂ ਖੁਸ਼ੀ ਵਿਚ ਵੀ 'ਧੰਨ-ਧੰਨ' ਦਾ ਅਵਾਜ਼ਾ ਹੀ ਆ ਸਕਦਾ ਸੀ। ਨਾਨੀ ਦਾ ਦਿਲ ਉਹ ਖ਼ਜ਼ਾਨਾ ਸੀ, ਜਿਸ ਵਿਚ ਅਸੀਸ, ਨਦਰ ਅਤੇ ਰਹਿਮਤਾਂ ਤੋਂ ਇਲਾਵਾ ਤਬਾਹੀ ਵੀ ਛੁਪੀ ਹੋਈ ਸੀ ਸ਼ਾਇਦ!

-"ਜੋਗਿੰਦਰ! ਪੁੱਤ ਮੇਰੀ ਗੱਲ ਦਾ ਜਵਾਬ ਨ੍ਹੀ ਦਿੱਤਾ ਤੂੰ?"

-"ਬੇਬੇ ਮੈਂ ਤੇਰਾ ਦਿਲ ਨਹੀਂ ਦੁਖਾ ਸਕਦਾ-ਹੋਰ ਕੁਛ ਵੀ ਕਰ ਸਕਦੈਂ-ਪਰ ਤੂੰ ਜਾਣਾ ਕਦੋਂ ਕੁ ਚਾਹੁੰਨੀ ਐਂ?" ਜੋਗਿੰਦਰ ਨੇ ਬੇਬੇ ਦਾ ਦਿਲ ਫ਼ਰੋਲਿਆ।

-"ਮੇਰੇ ਵੱਲੋਂ ਪੁੱਤ ਮੈਨੂੰ ਅੱਜ ਈ ਤੋਰ ਦੇਹ!"

-"ਕਿਉਂ ਬਈ ਪ੍ਰੀਤ?"

-"ਜੇ ਨਾਨੀ ਜੀ ਕਹਿੰਦੇ ਐ ਤਾਂ ਪਾਧਾ ਨਾ ਪੁੱਛੋ-ਬੱਸ ਤੋਰ ਦਿਓ!"

-"-----।"

-"ਗੱਲ ਪਤਾ ਕੀ ਐ ਮਾਮਾ ਜੀ-ਤੁਸੀਂ ਨਾਨੀ ਜੀ ਨੂੰ ਮੰਗਵਾਇਆ ਐਥੇ ਸੁਖ ਨੂੰ-ਤੇ ਜੇ ਇਹੇ ਇੱਥੇ ਸੁਖੀ ਈ ਨਹੀਂ ਜਾਂ ਇਹਨਾਂ ਦਾ ਇੱਥੇ ਜੀਅ ਨਹੀਂ ਲੱਗਦਾ ਫੇਰ ਇਹਨਾਂ ਨੂੰ ਦੁੱਖ ਕਾਹਤੋਂ ਦਿੱਤਾ ਜਾਵੇ? ਜੇ ਇਹ ਕੁਛ ਨਹੀਂ ਕਹਿੰਦੇ ਤਾਂ ਇਹਨਾਂ ਦੀ ਆਤਮਾ ਤਾਂ ਦੁਖੀ ਹੁੰਦੀ ਈ ਐ? ਆਤਮਾ ਦਾ ਦੁਖ ਸਭ ਤੋਂ ਮਾੜਾ-ਆਤਮਾ ਪਤਾ ਨਹੀਂ ਕਿਹੜੀ ਦੁਰਸੀਸ ਕੱਢਦੀ ਐ ਅੰਦਰੋਂ? ਤੇ ਆਤਮਾ ਦੀ ਅਸੀਸ ਤੇ ਦੁਰਸੀਸ ਸਿੱਧੀ ਦਰਗਾਹ ਜਾ ਵੱਜਦੀ ਐ!" ਪ੍ਰੀਤ ਨੇ ਸੱਚੀ ਗੱਲ ਹੀ ਨਬੇੜ ਧਰੀ।

-"ਫੇਰ ਬੇਬੇ ਦਾ ਪ੍ਰਬੰਧ ਅੱਜ ਈ ਕਰ ਦੇਈਏ?"

-"ਹੋਰ ਨਬੇੜੋ ਕੰਮ!"

ਗੱਲਾਂ ਕਰਦਿਆਂ ਉਹਨਾਂ ਨੇ ਗੱਡੀ ਆਪਣੇ ਸ਼ਹਿਰ ਦੇ ਏਅਰਪੋਰਟ 'ਤੇ ਲਾ ਦਿੱਤੀ।

ਜਹਾਜ ਦੀ ਟਿਕਟ ਬਾਰੇ ਪਤਾ ਕੀਤਾ। ਤੀਜੇ ਦਿਨ ਦੀ ਸੀਟ ਖਾਲੀ ਜਾ ਰਹੀ ਸੀ। ਪ੍ਰੀਤ ਅਤੇ ਬੇਬੇ ਦੀ ਰਾਇ ਲੈ ਕੇ ਜੋਗਿੰਦਰ ਨੇ ਤੀਜੇ ਦਿਨ ਦੀ ਸੀਟ ਬੁੱਕ ਕਰਵਾ ਦਿੱਤੀ। ਪੈਸੇ ਕਰੈਡਿੱਟ-ਕਾਰਡ ਨਾਲ ਦੇ ਦਿੱਤੇ।

ਬੇਬੇ ਨੇ ਸੁਖ ਦਾ ਸਾਹ ਲਿਆ।

ਪ੍ਰੀਤ ਨੇ ਵੀ ਨਾਨੀ ਨੂੰ ਹਲਕੀ-ਹਲਕੀ ਮਹਿਸੂਸ ਕੀਤਾ। ਖੋਭੇ 'ਚੋਂ ਨਿਕਲੀ ਗਊ ਵਾਂਗ!

ਉਹ ਨਾਨੀ ਦੇ ਦੋਫ਼ਾੜ ਦਿਲ ਨੂੰ ਬੜੀ ਅੱਛੀ ਤਰ੍ਹਾਂ ਸਮਝਦਾ ਸੀ। ਪੁੱਤ ਅਤੇ ਪੋਤਰੇ ਤੋਂ ਉਹ ਵਿਛੜਨਾ ਨਹੀਂ ਚਾਹੁੰਦੀ ਸੀ, ਨੂੰਹ ਰਹਿਣ ਨਹੀਂ ਦਿੰਦੀ ਸੀ। ਚਾਹੇ ਕਿਸੇ ਨੇ ਪ੍ਰੀਤ ਨੂੰ ਕੁਝ ਦੱਸਿਆ ਨਹੀਂ ਸੀ। ਪਰ ਹੁਣ ਉਹ ਇਤਨਾ 'ਪੱਪੂ' ਵੀ ਨਹੀਂ ਸੀ ਕਿ ਨਾਨੀ ਦੀ ਹਾਲਤ ਦਾ ਜਾਇਜ਼ਾ ਨਾ ਲੈ ਸਕਦਾ। ਸਰਬਜੀਤ ਤੇਰਾ ਕਿਹੜੇ ਜਨਮ ਭਲਾ ਹੋਊ ਦਰਵੇਸ਼ ਰੂਹ ਨੂੰ ਤੜਫ਼ਾ ਕੇ? ਬੁਰੇ ਹਾਲ ਹੋਣਗੇ ਤੇਰੇ! ਪ੍ਰੀਤ ਦਾ ਮਨ ਮਾਮੀ ਨੂੰ ਲਾਹਣਤਾਂ ਪਾ ਰਿਹਾ ਸੀ।

-"ਸਰਬਜੀਤ! ਬੇਬੇ ਦਿਲ ਨ੍ਹੀ ਲਾਉਂਦੀ-ਅਸੀਂ ਇਹਦੀ ਟਿਕਟ ਪਰਸੋਂ ਦੀ ਬੁੱਕ ਕਰ ਦਿੱਤੀ ਐ।" ਜੋਗਿੰਦਰ ਨੇ ਘਰੇ ਆ ਕੇ ਦੱਸਿਆ।

-"ਮੈਨੂੰ ਤਾਂ ਪਹਿਲਾਂ ਈ ਪਤਾ ਸੀ ਕਿ ਬੇਜੀ ਦਾ ਦਿਲ ਨਹੀਂ ਲੱਗਣਾ।" ਸਰਬਜੀਤ ਦੇ ਦਿਲ ਅੰਦਰ ਕੁਤਕੁਤੀ ਹੋਈ। ਬੇਜੀ ਜਾਣ ਤੋਂ ਬਾਅਦ ਹੁਣ ਉਸ ਦੇ ਪ੍ਰੀਵਾਰ ਦਾ ਰਾਹ ਪੱਧਰਾ ਹੋ ਜਾਣਾ ਸੀ। ਜੋਗਿੰਦਰ ਦੇ ਪ੍ਰੀਵਾਰ ਦਾ ਮਸਲਾ ਖਤਮ ਹੋ ਗਿਆ ਸੀ। ਉਸ ਦੇ ਮਨ ਅਨੁਸਾਰ ਬੇਜੀ ਨੇ ਤੁਰ ਫਿਰ ਕੇ ਮੇਲਾ ਦੇਖ ਲਿਆ ਸੀ। ਹੁਣ ਉਸ ਦੇ ਪ੍ਰੀਵਾਰ ਦੀ ਖੁਰਵੱਢ ਕਰਨ ਦੀ ਵਾਰੀ ਸੀ। ਹੁਣ ਬਿੱਲੂ ਵਰਗਿਆਂ ਦਾ ਰਾਹ ਖੁੱਲ੍ਹ ਗਿਆ ਸੀ। ਪਰ ਬੁੜ੍ਹੀ ਕਿਤੇ ਫੇਰ ਨਾ ਮੁੜ ਆਵੇ? ਉਸ ਦੇ ਦਿਲ ਨੇ ਗੋਤਾ ਖਾਧਾ! ਇਹਨੂੰ ਖੁੱਡੇ ਲਾਈਨ ਲਾ ਕੇ ਹੀ ਰੱਖਣੈਂ! ਉਸ ਨੇ ਦਿਲ ਵਿਚ ਹੀ ਸੋਚਿਆ। ਇਹਨੂੰ ਐਹੋ ਜਿਹਾ ਸਬਕ ਸਿਖਾ ਕੇ ਤੋਰੂੰ, ਜਿਹੜੀ ਮੁੜ ਕੇ ਇਧਰ ਨੂੰ ਮੂੰਹ ਨਾ ਕਰੇ!! ਉਸ ਨੇ ਦਿਲ ਵਿਚ ਕਈ ਵਿਚਾਰ ਉੱਪਰਥਲੀ ਲਿਆਂਦੇ। ਜੇ ਬੁੜ੍ਹੀ ਨੂੰ 'ਪੁੱਚ-ਪੁੱਚ' ਕੀਤੀ ਕਿਤੇ ਫੇਰ ਨਾ ਐਥੇ ਪੈਰ ਪਸਾਰ ਕੇ ਬੈਠ ਜਾਵੇ? ਮੇਰਾ ਪ੍ਰੀਵਾਰ ਤਾਂ ਫਿਰ ਕੰਨੀ ਦਾ ਕਿਆਰਾ ਹੀ ਬਣ ਕੇ ਰਹਿ ਜਾਵੇਗਾ? ਫਿਰ ਬਿੱਲੂ ਹੋਰੀਂ ਇੱਥੇ ਪੈੜਾਂ ਕਿਵੇਂ ਕਰਨਗੇ? ਇਹ ਨੂੰ ਤਰਕ ਲਾ ਕੇ ਦਫ਼ਾ ਕੀਤਾ ਹੀ ਵਧੀਐ! ਇਹਨੂੰ 'ਪੁੱਤ-ਪੁੱਤ' ਕਰਨੋਂ ਹਟਾਉਣੈਂ।

-"ਓਏ ਕਾਹਨੂੰ-ਉਥੇ ਗੁਰਦੁਆਰੇ ਮਾੜਾ ਜਿਆ ਝਗੜਾ ਜਿਆ ਹੋ ਗਿਆ-ਬੇਬੇ ਕਹਿੰਦੀ ਮੈਂ ਤਾਂ ਨਹੀਂ ਏਥੇ ਰਹਿਣਾ-ਅਖੇ ਜਿੱਥੇ ਗੁਰੂ ਦੀ ਆਹ ਹਾਲਤ ਐ-ਸਾਡੀ ਕੀ ਹੋਊ?"

-"-----।" ਸਰਬਜੀਤ ਸਮੇਤ ਪ੍ਰੀਤ ਵੀ ਚੁੱਪ ਸੀ।

-"ਕੱਲ੍ਹ ਨੂੰ ਬੇਬੇ ਨਾਲ ਜਾ ਕੇ ਸ਼ੌਪਿੰਗ ਬਗੈਰਾ ਕਰਵਾ ਦੇਈਂ-ਪਰਸੋਂ ਤਾਂ ਫ਼ਲਾਈਟ ਐ।" ਜੋਗਿੰਦਰ ਨੇ ਕਿਹਾ।

-"ਕੀ ਲੋੜ ਐ ਸ਼ੇਰਾ! ਮੈਂ ਤਾਂ ਦੋ ਰੋਟੀਆਂ ਦੀ ਭਾਈਵਾਲ ਐਂ-!"

-"ਬੇਬੇ ਕੁਛ ਨਾ ਕੁਛ ਤਾਂ ਦੇ ਕੇ ਈ ਤੋਰਾਂਗੇ।" ਜੋਗਿੰਦਰ ਨੇ ਕਿਹਾ।

-"ਖਾਲੀ ਹੱਥ ਨਹੀਂਤੋਰਦੇ ਨਾਨੀ ਜੀ!" ਪ੍ਰੀਤ ਬੋਲਿਆ।

ਤੀਜੇ ਦਿਨ ਬੇਬੇ, ਪ੍ਰੀਤ, ਸਰਬਜੀਤ, ਪੋਤਰਾ ਦਿਲਪ੍ਰੀਤ ਅਤੇ ਜੋਗਿੰਦਰ ਏਅਰਪੋਰਟ ਪਹੁੰਚ ਗਏ।

ਏਅਰਪੋਰਟ 'ਤੇ 'ਚੈੱਕ-ਇੰਨ' ਕਰਵਾ ਕੇ ਬੋਰਡਿੰਗ-ਕਾਰਡ ਲੈ ਲਿਆ। ਫ਼ਲਾਈਟ ਉਡਣ ਵਿਚ ਅਜੇ ਦੋ ਘੰਟੇ ਪਏ ਸਨ।

ਸਰਬਜੀਤ ਬੇਜੀ ਨੂੰ ਪਿਸ਼ਾਬ ਕਰਨ ਦੇ ਬਹਾਨੇ ਟੋਆਇਲੈੱਟਾਂ ਵੱਲ ਲੈ ਗਈ।

-"ਮਾਈ ਤੈਨੂੰ ਇਕ ਗੱਲ ਦੱਸਾਂ?" ਸਰਬਜੀਤ ਨੇ ਅਤੀ ਅੰਤ ਰੁੱਖੇ ਲਹਿਜੇ ਵਿਚ ਕਿਹਾ। ਉਹ ਕਿਸੇ ਡੈਣ ਵਾਂਗ ਬੋਲੀ ਸੀ!

-"ਦੱਸ ਪੁੱਤ?" ਬੇਬੇ ਨੇ ਹਮੇਸ਼ਾ ਵਾਂਗ ਬੜੀ ਨਿਮਰਤਾ ਨਾਲ ਆਖਿਆ। ਨਿਮਰਤਾ ਉਸ ਨੇ ਵਿੱਡੋਂ ਨਹੀਂ ਗੁਆਈ ਸੀ।

-"ਜੀਹਨੂੰ ਤੂੰ ਪੋਤਾ ਪੋਤਾ ਕਰਦੀ ਐਂ-ਇਹ ਤੇਰੇ ਪੁੱਤ ਦਾ ਨ੍ਹੀ---!"

-"ਹੈਂ---?" ਬੇਬੇ ਕਲਯੁਗੀ ਨੂੰਹ ਵੱਲ ਦੇਖਦੀ ਹੀ ਰਹਿ ਗਈ, "ਕੀਹਦੈ ਫੇਰ?" ਬੇਬੇ ਨੇ ਮੂੰਹ ਵਿਚ ਹੀ ਬੋਚ ਲਿਆ।

-"ਤੇਰੇ ਪੁੱਤ 'ਚ ਹੈਨੀ ਕਣਕੰਡਾ-ਮੇਮ 'ਤੇ ਈ ਸੱਤੂ ਮੁਕਾਈ ਫਿਰਦੈ-ਮੈਂ ਤਾਂ ਵੀਹ ਪਾਪੜ ਵੇਲੇ ਐ-ਸੱਚ ਤੈਨੂੰ ਦੱਸ ਦਿੱਤਾ-ਇੱਜਤ ਰੱਖਣੀ ਤੇਰਾ ਕੰਮ ਐਂ-ਰੌਲਾ ਪਾਉਣੈਂ ਤੇਰੀ ਮਰਜੀ ਐ-ਮੈਨੂੰ ਕਿਸੇ ਦਾ ਡਰ ਨਹੀਂ ਮਾਰਿਆ-ਬਾਹਲਾ ਗਿਆ ਤਲਾਕ ਲੈ ਲਊਂ-ਪਰ ਏਸ ਗੱਲ ਦਾ ਤੇਰੇ ਪੁੱਤ ਨੂੰ ਨ੍ਹੀ ਪਤਾ! ਪੁੱਤ ਨੂੰ ਕੀ, ਕਿਸੇ ਨੂੰ ਵੀ ਨਹੀਂ ਪਤਾ।" ਉਹ ਬਘਿਆੜੀ ਵਾਂਗ ਮੂੰਹ ਖੋਲ੍ਹ ਕੇ ਬੋਲੀ ਸੀ।

ਬੇਬੇ ਨਿਰਲੱਜ ਨੂੰਹ ਵੱਲ ਅਵਾਕ ਖੜ੍ਹੀ ਦੇਖਦੀ ਰਹੀ। ਬੇਬੇ ਆਖਣ ਤਾਂ ਲੱਗੀ ਸੀ ਕਿ ਜਿਹੜੇ ਕੰਜਰ ਨੇ ਇਹ ਬਣਾਇਐ, ਉਹਨੂੰ ਤਾਂ ਪਤਾ ਹੋਊ? ਉਹਤੋਂ ਗੋਝ ਕਿਵੇਂ ਰੱਖੇਂਗੀ ਕੰਜਰੀਏ!

ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਉਸ ਨੂੰ ਆਪਣੇ ਪੈਰ ਘੁਕਦੇ ਪ੍ਰਤੀਤ ਹੋ ਰਹੇ ਸਨ। ਏਅਰਪੋਰਟ ਦੀ ਇਮਾਰਤ ਉਪਰ ਡਿੱਗਦੀ ਨਜ਼ਰ ਆਉਂਦੀ ਸੀ।

-"ਆਜੋ ਨਾਨੀ ਜੀ-ਟਾਈਮ ਹੋ ਗਿਆ!" ਪ੍ਰੀਤ ਲੈਣ ਆ ਗਿਆ।

ਬੇਬੇ ਗੱਡੇ ਵਰਗੇ ਭਾਰੇ ਪੈਰ ਪੱਟਦੀ ਤੁਰ ਪਈ। ਮਗਰ ਹੀ ਸਰਬਜੀਤ ਸੀ।

ਦਿਲਪ੍ਰੀਤ ਪ੍ਰੀਤ ਕੋਲ ਚੁੱਕਿਆ ਹੋਇਆ ਸੀ।

ਲੋਕ-ਲਾਜ ਨੂੰ ਬੇਬੇ ਨੇ ਦਿਲਪ੍ਰੀਤ ਨਾਲ ਓਪਰਾ ਜਿਹਾ ਪਿਆਰ ਕੀਤਾ। ਸ਼ਗਨ ਦਿੱਤਾ।

ਸਾਰਿਆਂ ਨੂੰ ਗਲਵਕੜੀ ਵਿਚ ਲੈਣ ਤੋਂ ਬਾਅਦ ਬੇਬੇ ਭੁੱਬਾਂ ਮਾਰਦੀ ਤੁਰ ਪਈ।

-"ਬੇਬੇ ਜੇ ਨਹੀਂ ਦਿਲ ਕਰਦਾ ਜਾਣ ਨੂੰ ਤਾਂ ਰਹਿਪਾ-ਟਿਕਟ ਈ ਐ-ਜਾਂਦੀ ਐ ਤਾਂ ਜਾਣਦੇ।"

-"ਨਹੀਂ ਪੁੱਤ ਤੂੰ ਤਾਂ ਮੇਰਾ ਸਰਵਣ ਪੁੱਤ ਐਂ-ਜਾਊਂ ਤਾਂ ਮੈਂ ਆਬਦੇ ਦੇਸ਼ ਈ-!" ਅੱਗਿਓਂ ਬੇਬੇ ਕੁਛ ਬੋਲ ਨਾ ਸਕੀ। ਗਲ ਰੁਕ ਗਿਆ ਸੀ।

ਸਰਬਜੀਤ ਤੋਂ ਬਿਨਾ ਸਾਰੇ ਭਰੇ ਮਨ ਲਈ ਖੜ੍ਹੇ ਸਨ।

-"ਲੱਗਦੈ ਪੁੱਤ ਹੁਣ ਆਪਣੇ ਮੇਲੇ ਨਹੀਂ ਹੋਣੇ!"

-"ਨਾਨੀ ਜੀ ਕਿਹੜਿਆਂ ਵਹਿਣਾਂ ਵਿਚ ਪੈ ਗਏ? ਰੱਬ ਸੁੱਖ ਰੱਖੇ-ਅਜੇ ਤਾਂ ਦਿਲਪ੍ਰੀਤ ਦਾ ਵਿਆਹ ਕਰਨੈਂ।" ਪ੍ਰੀਤ ਨੇ ਮਾਹੌਲ ਸੁਖਾਵਾਂ ਬਣਾਉਣ ਲਈ ਕਿਹਾ।

-"ਪੁੱਤ ਲਿਖ ਲੈ-ਆਪਣੇ ਮੇਲ ਨ੍ਹੀ ਹੋਣੇ ਹੁਣ!" ਬੇਬੇ ਨੇ ਜੋਗਿੰਦਰ ਨੂੰ ਘੁੱਟ ਕੇ ਬੁੱਕਲ ਵਿਚ ਲੈ ਲਿਆ। ਬੱਚਿਆਂ ਵਾਂਗ! ਦਿਲ ਦੇ ਟੁਕੜੇ ਨੂੰ ਛੱਡ ਕੇ ਬੇਬੇ ਦੀਆਂ ਆਂਦਰਾਂ ਮੱਚੀ ਜਾ ਰਹੀਆਂ ਸਨ।

ਸਾਰਿਆਂ ਨੇ ਬੇਬੇ ਤੋਂ ਵਿਦਾਇਗੀ ਲਈ। ਬੱਚਿਆਂ ਵਾਂਗ ਡੁਸਕਦੀ ਬੇਬੇ ਲਹੂ-ਲੁਹਾਣ ਹੋਏ, ਨੁੱਚੜਦੇ ਦਿਲ ਨੂੰ ਲੈ ਕੇ ਤੁਰ ਗਈ। ਪੱਲੜੇ ਝਾੜ ਕੇ ਖਾਲੀ ਹੱਥ ਤੁਰੇ ਵਪਾਰੀ ਵਾਂਗ!

## ਕਾਂਡ 11

ਬਲਬੀਰ ਦੇ ਬਾਪੂ ਗਿੰਦਰ ਅਤੇ ਬੇਬੇ, ਮੁਕੰਦ ਕੌਰ ਦਾ ਵੀਜ਼ਾ ਲੱਗ ਗਿਆ।

ਹਫ਼ਤੇ ਕੁ ਵਿਚ ਹੀ ਉਹ 'ਭੂਤ' ਵਾਂਗ ਆ ਵੱਜੇ।

ਮੁਕੰਦ ਕੌਰ ਨੇ ਨੂੰਹ ਪੁਸ਼ਪਿੰਦਰ ਨੂੰ ਬੁੱਕਲ ਵਿਚ ਲੈ ਕੇ ਵਾਰ-ਵਾਰ ਪਿਆਰ ਕੀਤਾ। ਗਿੰਦਰ ਨੇ ਵੀ ਕਾਫ਼ੀ ਅਪਣੱਤ ਜਤਾਈ ਸੀ। ਪੁਸ਼ਪਿੰਦਰ ਨੇ ਵੀ ਕੋਈ ਦਰਿਆਦਰੀ ਨਹੀਂ ਦਿਖਾਈ ਸੀ। ਉਹ ਉਸ ਨੂੰ ਆਪਣੇ ਸਕੇ ਮਾਂ-ਬਾਪ ਵਰਗੇ ਹੀ ਤਾਂ ਲੱਗੇ ਸਨ। ਕੌਣ ਸੀ ਇੱਥੇ ਉਸ ਦਾ? ਮਾਂ-ਬਾਪ ਤਾਂ ਭਾਰਤ ਬੈਠੇ ਸਨ। ਸੱਸ-ਸਹੁਰਾ ਹੀ ਹੁਣ ਤਾਂ ਮਾਂ-ਬਾਪ ਸਨ। ਦੁਖ-ਸੁਖ ਦੇ ਸਾਂਝੀ।

ਭੂਆ ਅਤੇ ਫ਼ੁੱਫੜ ਗਿੰਦਰ ਹੋਰਾਂ ਨੂੰ ਮਿਲਣ ਆਏ। ਫ਼ੁੱਫੜ ਕੁਝ ਜ਼ਿਆਦਾ ਹੀ ਖਿਝਿਆ ਹੋਇਆ ਸੀ। ਇੰਜ ਜਾਪਦਾ ਸੀ ਕਿ ਉਹ ਗਿੰਦਰ ਅਤੇ ਮੁਕੰਦ ਕੌਰ 'ਤੇ ਆਉਣ 'ਤੇ ਖੁਸ਼ ਨਹੀਂ ਸੀ। ਉਹ ਵਾਰ-ਵਾਰ ਸੂਣ ਵਾਲੀ ਮੱਝ ਵਾਂਗ 'ਵੱਟ' ਜਿਹਾ ਕਰਦਾ ਸੀ। ਕਿਚਨ ਵਿਚ ਵੜ ਕੇ ਫ਼ੁੱਫੜ ਨੇ ਦੋ ਪੈੱਗ ਲਾ ਲਏ। ਪੁਸ਼ਪਿੰਦਰ ਉਸ ਨੂੰ ਕਾਫ਼ੀ ਖੁਸ਼ ਨਜ਼ਰ ਆਈ।

-"ਪੁਸ਼ਪਿੰਦਰ! ਇਹ ਤੂੰ ਕਿੱਥੋਂ ਦੱਦ ਲਾ ਲਏ? ਇਹ ਤਾਂ ਭੁੱਖੇ ਮਰਦੇ, ਇੰਡੀਆ ਨਹੀਂ ਸੀ ਮਾਨ-ਐਥੇ ਰੱਜਵੀਂ ਰੋਟੀ ਖਾਂਦੇ ਤਾਂ ਇਹ ਪਤਾ ਨਹੀਂ ਕੀ ਖੁਰਗੋ ਪੱਟਣਗੇ? ਇਹਨਾਂ ਨੂੰ ਲੋਕ ਗਿੱਟਲਾਂ ਦਾ ਟੱਬਰ ਐਵੇਂ ਨਹੀਂ ਆਖਦੇ-ਇਹ ਤਾਂ ਭੁੱਖੇ ਮਰਦੇ ਵੀ ਦੋ ਪੈਰ ਧਰਤੀ ਤੋਂ ਉਤਾਂਹ ਈ ਰੱਖਦੇ ਸੀ-ਬੜਾ ਚੱਕਵਾਂ ਟੱਬਰ ਐ ਇਹੇ-ਂ!" ਫ਼ੁੱਫੜ ਨੇ ਪੁਸ਼ਪਿੰਦਰ ਨੂੰ ਦੱਬਵਾਂ ਜਿਹਾ ਕਿਹਾ।

ਪੁਸ਼ਪਿੰਦਰ ਸਤੰਭ ਖੜ੍ਹੀ ਦੇਖਦੀ ਹੀ ਰਹਿ ਗਈ। ਉਸ ਨੂੰ ਇਸ ਪ੍ਰੀਵਾਰ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਸੀ।

-"ਮੈਨੂੰ ਪਤੈ, ਤੇਰੀ ਭੂਆ ਨੇ ਈ ਇਹਨਾਂ ਦੀਆਂ ਸਿਫ਼ਤਾਂ ਦੇ ਫਿੜਕੇ ਕਸੇ ਹੋਣਗੇ? ਉਹਤੋਂ ਬਿਨਾ, ਇਸ ਟੱਬਰ ਦੀ ਕੋਈ ਸਿਫ਼ਤ ਨਹੀਂ ਕਰਦਾ-ਲਿਖ ਲੈ!"

ਪੁਸ਼ਪਿੰਦਰ ਫ਼ੁੱਫੜ ਦੀ ਅਜੀਬ-ਅਜੀਬ ਅਕਾਸ਼ਬਾਣੀ ਸੁਣ ਰਹੀ ਸੀ।

-"ਖੁਆਜੇ ਦਾ ਗਵਾਹ ਪੁਸ਼ਪਿੰਦਰ ਡੱਡੂ ਈ ਹੁੰਦੈ ਪੁੱਤ-ਉਹ ਡੱਡੂ ਤੇਰੀ ਭੂਆ ਬਚਨੋਂ ਐਂ।"

ਪੁਸ਼ਪਿੰਦਰ ਨੂੰ ਕੋਈ ਉੱਤਰ ਨਾ ਔੜਿਆ।

-"ਜੇ ਇਹ ਸਾਰੇ ਰਲ ਕੇ ਕੋਈ ਚੀਂ ਫ਼ੀਂ ਕਰਨ, ਮੈਨੂੰ ਦੱਸੀਂ-'ਕੱਲੀ ਤੋਂ ਤੈਥੋਂ ਇਹ ਸਾਰੇ ਲੋਟ ਨ੍ਹੀ ਆਉਣੇ-ਇਹ ਸਾਰਾ ਟੱਬਰ ਭਰਿੰਡਾਂ ਦੀ ਖੱਖਰ ਐ-ਇਕ ਲੜਿਆ, ਸਾਰੇ ਈ ਗਲ ਨੂੰ ਆਉਣਗੇ।"

ਪੁਸ਼ਪਿੰਦਰ ਚੁੱਪ ਹੀ ਰਹੀ।

-"ਨਾਲੇ ਇਹ ਪ੍ਰੀਵਾਰ ਤਾਂ ਦੂਜੇ ਦਾ ਖਾ ਕੇ ਕੱਛਾਂ ਮਾਰਨ ਜੋਗਾ ਈ ਐ-ਆਬਦੇ ਰੁਪਈਏ ਨੂੰ ਤਾਂ ਇਹ ਲੀਰ ਫੇਰ ਕੇ ਰੱਖਦੇ ਐ!"

ਪੈੱਗ ਲਾ ਕੇ ਉਹ ਕਿਚਨ ਵਿਚੋਂ ਬਾਹਰ ਆ ਗਿਆ। ਆਪਣੇ ਵੱਲੋਂ ਉਸ ਨੇ ਪੁਸ਼ਪਿੰਦਰ ਨੂੰ ਸੁਚੇਤ ਕਰ ਦਿੱਤਾ ਸੀ।

ਡਰਾਇੰਗ-ਰੂਮ ਵਿਚ ਬੈਠੀ ਭੂਆ ਬਚਨੋਂ ਦਾ ਚੁਸਤ ਕੰਨ ਕਿਚਨ ਵੱਲ ਹੀ ਰਿਹਾ ਸੀ। ਪਰ ਉਸ ਨੂੰ ਕੋਈ ਖਾਸ ਸਮਝ ਨਹੀਂ ਲੱਗੀ ਸੀ। ਫ਼ੁੱਫੜ ਹੀ ਬੋਲਦਾ ਰਿਹਾ ਸੀ। ਪੁਸ਼ਪਿੰਦਰ ਕੁਝ ਨਹੀਂ ਬੋਲੀ ਸੀ। ਜਿਸ ਕਰਕੇ ਭੂਆ

ਨੂੰ ਕੁਝ ਕੁ ਤਸੱਲੀ ਸੀ। ਕਿਉਂਕਿ ਫੁੱਫੜ ਤਾਂ ਬਚਨੋਂ ਦੇ ਪ੍ਰੀਵਾਰ 'ਤੇ ਨੱਕ-ਬੁੱਲ੍ਹ ਮਾਰਦਾ ਹੀ ਰਹਿੰਦਾ ਸੀ। ਕੋਈ ਨਾ ਕੋਈ ਨੁਕਸ ਕੱਢਦਾ ਹੀ ਰਹਿੰਦਾ ਸੀ। ਇਸ ਦੀ ਬਚਨੋਂ ਨੂੰ ਕੋਈ ਪ੍ਰਵਾਹ ਹੀ ਨਹੀਂ ਸੀ। ਉਸ ਦੇ ਭਰਾ ਦਾ ਪ੍ਰੀਵਾਰ ਇੱਥੇ ਪੁੱਜ ਗਿਆ ਸੀ। ਹੁਣ ਉਸ ਦੀ ਜਾਣਦੀ ਸੀ ਜੁੱਤੀ! ਬੱਸ! ਇਕੱਲਾ ਰੁਪਿੰਦਰ ਹੀ ਰਹਿੰਦਾ ਸੀ। ਉਹ ਭੂਆ ਨੇ ਕੋਈ ਨਾ ਕੋਈ 'ਟੋਚਨ' ਪਾ ਕੇ ਖਿੱਚ ਹੀ ਲੈਣਾ ਸੀ। ਭੂਆ ਸੱਤਾਂ ਪੱਤਣਾਂ ਦੀ ਤਾਰੂ ਔਰਤ ਸੀ। ਉਹ ਫੁੱਫੜ ਨੂੰ ਕੀ ਗੌਲਦੀ ਸੀ? ਭੂਆ ਨੂੰ ਆਪਣੇ ਸ਼ੈਤਾਨ ਦਿਮਾਗ 'ਤੇ ਪੂਰਾ ਫ਼ਖਰ ਸੀ, ਭਰੋਸਾ ਸੀ। ਉਸ ਦੇ ਰੇਡੀਓ ਵਰਗੇ ਦਿਮਾਗ ਨੇ ਕੋਈ ਨਾ ਕੋਈ ਸਟੇਸ਼ਨ ਫੜ ਹੀ ਲੈਣਾ ਸੀ।

ਫੁੱਫੜ ਦੇ ਕੰਨ ਕਰਨ 'ਤੇ ਵੀ ਪੁਸ਼ਪਿੰਦਰ ਸੱਸ-ਸਹੁਰੇ ਦੀ ਦਿਲੋਂ ਸੇਵਾ ਕਰਦੀ ਸੀ। ਸੱਸ-ਸਹੁਰੇ ਨੇ ਵੀ ਅਜੇ ਤੱਕ ਉਸ ਨੂੰ ਮੰਦਾ ਬਚਨ ਨਹੀਂ ਕਿਹਾ ਸੀ। ਪੁਸ਼ਪਿੰਦਰ ਦੇ ਮਨ ਨੂੰ ਤਸੱਲੀ ਸੀ। ਸੰਤੁਸ਼ਟੀ ਸੀ।

ਭੂਆ ਆਉਂਦੀ ਤਾਂ ਪੁਸ਼ਪਿੰਦਰ ਨਾਲ ਮਿੱਠੀਆਂ ਮਾਰ ਜਾਂਦੀ। ਗਿੰਦਰ ਸਿੰਘ ਅਤੇ ਬਚਨੋਂ ਘੰਟਾ-ਘੰਟਾ ਪਤਾ ਨਹੀਂ ਕੀ 'ਗੁਫ਼ਤਗੂ' ਕਰਦੇ ਰਹਿੰਦੇ। ਸੱਸ ਮੁਕੰਦ ਕੌਰ ਪੁਸ਼ਪਿੰਦਰ ਨਾਲ ਰਸੋਈ ਵਿਚ ਚੱਕਣ-ਧਰਨ ਕਰਵਾਉਂਦੀ ਰਹਿੰਦੀ। ਉਹ ਬਚਨੋ ਅਤੇ ਗਿੰਦਰ ਦੀਆਂ ਗੱਲਾਂ ਵਿਚ ਨਾ ਤਾਂ ਬਹੁਤਾ ਧਿਆਨ ਦਿੰਦੀ ਅਤੇ ਨਾ ਹੀ ਬਹੁਤੀ ਦਖਲ-ਅੰਦਾਜ਼ੀ ਕਰਦੀ। ਸੁਭਾਅ ਪੱਖੋਂ ਉਹ ਆਪ-ਮਤੀ ਜਿਹੀ ਬੁੜ੍ਹੀ ਸੀ। ਨਾ ਕਿਸੇ ਨਾਲ ਬਹੁਤਾ ਬੋਲਣਾ ਅਤੇ ਨਾ ਹੀ ਕਿਸੇ ਨੂੰ ਬਹੁਤਾ ਬੁਲਾਉਣਾ। ਹਾਂ, ਕਦੇ ਕਦੇ ਬਲਬੀਰ ਉਹਨਾਂ ਦੀਆਂ ਗੱਲਾਂ ਦਾ ਭਾਈਵਾਲ ਜਰੂਰ ਬਣ ਜਾਂਦਾ। ਪੁਸ਼ਪਿੰਦਰ ਅਵੇਸਲੀ ਹੀ ਰਹਿੰਦੀ। ਉਹ ਪਿਉ-ਪੁੱਤਾਂ ਦੀ ਗੱਲ ਵਿਚ ਦਖਲ ਦੇਣਾ ਨਹੀਂ ਚਾਹੁੰਦੀ ਸੀ।

ਪੁਸ਼ਪਿੰਦਰ ਗਰਭਵਤੀ ਹੋਣ ਕਰਕੇ ਹੁਣ ਬਹੁਤਾ ਕੰਮ ਨਹੀਂ ਕਰ ਸਕਦੀ ਸੀ। ਘਰ ਦਾ ਸਾਰਾ ਕੰਮ ਉਸ ਦੀ ਸੱਸ ਹੀ ਸੰਭਾਲਦੀ। ਰੋਟੀ-ਟੁੱਕ ਨੂੰ ਉਹ ਬੜੀ ਉੱਦਮੀਂ ਔਰਤ ਸੀ।

ਪੁਸ਼ਪਿੰਦਰ ਦੇ ਦਿਨ ਨੇੜੇ ਆਉਂਦੇ ਜਾਂਦੇ ਸਨ। ਕਿਸੇ ਨੇ ਕੋਈ ਸ਼ੱਕੀ ਗੱਲ ਨਹੀਂ ਕੀਤੀ ਸੀ। ਸਭ ਸੁੱਖ-ਸਾਂਦ ਸੀ। ਸ਼ਾਂਤੀ ਸੀ। ਉਹ ਸੋਚ ਰਹੀ ਸੀ ਕਿ ਫੁੱਫੜ ਜੀ ਨੂੰ ਤਾਂ ਇਸ ਪ੍ਰੀਵਾਰ ਨੂੰ ਮਾੜਾ ਆਖਣ ਦੀ 'ਬਾਣ' ਸੀ। ਇਹ ਪ੍ਰੀਵਾਰ ਤਾਂ ਜੇ ਉਸ ਨੂੰ ਚੰਗੀ ਨਹੀਂ ਆਖਦਾ ਸੀ, ਤਾਂ ਮਾੜੀ ਵੀ ਨਹੀਂ ਕਹਿੰਦਾ ਸੀ। ਉਹ ਕਿਸੇ ਨੂੰ ਮਾੜਾ ਕਿਉਂ ਕਹੇ? ਉਹ ਕਮਲੀ ਸੀ ਕਿ ਫੁੱਫੜ ਦੇ ਕਹੇ ਆਪਦਾ ਘਰ ਵਿਗਾੜਦੀ?

ਇੱਕ ਸ਼ਾਮ ਨੂੰ ਜਦੋਂ ਪੁਸ਼ਪਿੰਦਰ ਲੇਡੀ-ਡਾਕਟਰ ਤੋਂ ਚੈੱਕ-ਅੱਪ ਕਰਵਾ ਕੇ ਮੁੜੀ ਤਾਂ ਉਸ ਦੀ ਹੈਰਾਨੀ-ਪ੍ਰੇਸ਼ਾਨੀ ਦੀ ਕੋਈ ਹੱਦ ਨਾ ਰਹੀ। ਉਸ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਾ ਆਇਆ। ਉਸ ਨੇ ਦੇਖਿਆ ਕਿ ਉਸ ਦੇ ਅੰਮ੍ਰਿਤਧਾਰੀ ਸਹੁਰਾ ਸਾਹਿਬ ਨੇ ਆਪਣਾ 'ਗਾਤਰਾ' ਲਾਹ ਕੇ ਇੱਕ ਪਾਸੇ 'ਹੈਂਗਰ' 'ਤੇ ਟੰਗਿਆ ਹੋਇਆ ਸੀ ਅਤੇ ਉਹ ਰਸੋਈ 'ਚ ਖੜ੍ਹਾ ਦਾਰੂ ਪੀ ਰਿਹਾ ਸੀ! ਕੁੱਕੜ ਦੀ ਲੱਤ ਨੂੰ ਉਹ ਹੱਡਾਂਰੋੜੀ ਦੇ ਕੁੱਤੇ ਵਾਂਗ ਚੂੰਡੀ ਜਾ ਰਿਹਾ ਸੀ। ਅੰਮ੍ਰਿਤ ਅਤੇ ਸ਼ਰਾਬ? ਇਹ ਦੋ ਇਕੱਠੇ ਕਿਵੇਂ? ਮੀਟ ਉਸ ਤੋਂ ਵੀ ਵੱਡੀ ਕੁਰਾਹਿਤ! ਉਸ ਦੀਆਂ ਲੱਤਾਂ ਕੰਬੀ ਜਾ ਰਹੀਆਂ ਸਨ। ਉਹ ਪਾਸਾ ਜਿਹਾ ਵੱਟ ਕੇ ਪੌੜੀਆਂ ਰਸਤੇ ਉਪਰ ਚਲੀ ਗਈ। ਉਸ ਦੇ ਦਿਲ ਵਿਚ ਸੀ ਕਿ ਜੇ ਉਸ ਦਾ ਸਹੁਰਾ ਉਸ ਤੋਂ ਚੋਰੀ ਪੀ-ਖਾ ਰਿਹਾ ਸੀ ਤਾਂ ਉਹ ਆਪਣੀ ਚੋਰੀ ਲੁਕਾ ਲਵੇਗਾ ਅਤੇ ਉਹ ਖੁਦ ਵੀ ਸੱਚੀ ਜਿਹੀ ਰਹਿ ਜਾਵੇਗੀ ਕਿ ਉਸ ਨੇ ਉਸ ਦਾ ਕੋਈ 'ਕੋਝ' ਨਹੀਂ ਦੇਖਿਆ ਸੀ।

ਪਰ ਜਦ ਉਹ ਖੰਘਦੀ ਜਿਹੀ ਵਾਪਿਸ ਆਈ ਤਾਂ ਉਸ ਦਾ ਸਹੁਰਾ ਅਜੇ ਵੀ ਗੰਧਾਲੇ ਵਾਂਗ ਗੱਡਿਆ, ਰਸੋਈ ਵਿਚ ਹੀ ਖੜ੍ਹਾ ਸੀ। ਉਸ ਨੂੰ ਮਹਿਸੂਸ ਹੋਇਆ ਕਿ ਗਿੰਦਰ ਉਸ ਤੋਂ ਕੋਈ ਲਕੋ ਨਹੀਂ ਰੱਖ ਰਿਹਾ ਸੀ। ਸ਼ਰੇਆਮ ਪੀ ਰਿਹਾ ਸੀ। ਪਰ ਭੂਆ ਬਚਨੋਂ ਤਾਂ ਕਹਿੰਦੀ ਸੀ ਕਿ ਇਹ ਸ਼ਰਾਬ ਵਾਲੇ ਨੂੰ ਘਰੇ ਨਹੀਂ ਵੜਨ ਦਿੰਦਾ?

ਪੁਸ਼ਪਿੰਦਰ ਦੇ ਮਨ ਵਿਚ ਖਿਆਲਾਂ ਦਾ ਭੂਚਾਲ ਹਿੱਲ ਪਿਆ। ਜੇ ਇਸ ਦੁਸ਼ਟ ਨੇ ਦਾਰੂ ਹੀ ਪੀਣੀਂ ਸੀ, ਮੀਟ ਹੀ ਖਾਣਾ ਸੀ, ਤਾਂ ਅੰਮ੍ਰਿਤਪਾਨ ਹੀ ਕਿਉਂ ਕੀਤਾ? ਕੋਈ ਗਲ 'ਤੇ ਤਲਵਾਰ ਧਰੀ ਹੋਈ ਸੀ? ਤੇ ਜੇ ਗੁਰੂ ਦੇ ਲੜ ਲੱਗ ਹੀ ਗਿਆ ਸੀ ਤਾਂ ਇਹ ਕੁਰਾਹਿਤਾਂ ਕਿਉਂ ਕਰਦਾ ਸੀ? ਉਸ ਨੂੰ ਕੋਈ ਸਮਝ ਨਾ ਪਈ। ਉਸ ਦਾ ਸਿਰ ਘੁਮਿਆਰ ਦੇ ਚੱਕ ਵਾਂਗ ਘੁੰਮੀ ਜਾ ਰਿਹਾ ਸੀ। ਜੇ ਇਹ ਦੁਸ਼ਟ ਗੁਰੂ ਦਾ ਬਣ ਕੇ ਨਹੀਂ ਰਹਿ ਸਕਿਆ, ਤਾਂ ਤੇਰਾ ਕਿੱਥੋਂ ਬਣੇਗਾ ਪੁਸ਼ਪਿੰਦਰ ਕੌਰੇ? ਇਹ ਕੁਰਾਹੀਏ ਅਤੇ ਕੁਰੀਤੀਏ ਲੋਕ ਐ! ਭੇਖ ਦਿਖਾਵਣ ਜਗਤ ਕੋ ਲੋਗਨ ਕੋ ਵੱਸ ਕੀਨ।। ਦੇ ਕਥਨ ਅਨੁਸਾਰ ਇਹ ਲੋਕ ਦਿਖਾਵਾ ਕਰਨ ਵਾਲੇ ਠੱਗ ਲੋਕ ਐ! ਰਹਤ ਅਵਰ ਕਿਛੁ ਅਵਰ ਕਮਾਵਤ।। ਮਨਿ ਨਹੀ ਪ੍ਰੀਤਿ ਮੁਖੌਂ ਗੰਢੁ ਲਾਵਤੁ।। ਵਾਂਗ ਇਹਨਾਂ ਦੀ ਰਹਿਤ ਕੁਛ ਹੋਰ ਅਤੇ ਕਰਦੇ-ਕਮਾਉਂਦੇ ਕੁਛ ਹੋਰ ਐ! ਦਸਮ-ਪਿਤਾ ਨੇ ਮਸੰਦ ਐਵੇਂ ਨਹੀਂ ਗੁੜ ਪਾ ਕੇ ਸਾੜੇ ਸੀ!

-"ਬਾਪੂ ਜੀ!" ਉਸ ਨੇ ਲੇਰ ਮਾਰਨ ਵਾਂਗ, ਹਾਕ ਮਾਰੀ।

-"ਹਾਂ ਭਾਈ?" ਉਹ ਖਰਾੜ੍ਹਾ ਜਿਹਾ ਬੋਲਿਆ। ਜਿਵੇਂ ਪਾਟੇ ਢੋਲ 'ਚੋ ਅਵਾਜ਼ ਨਿਕਲਦੀ ਹੈ।

-"ਬੇਜੀ ਹੋਰੀਂ ਕਿੱਥੇ ਗਏ ਐ?"

-"ਉਹ ਭਾਈ, ਤੇਰੀ ਬਚਨੋਂ ਭੂਆ ਨੂੰ ਮਿਲਣ ਗਈ ਐ, ਆਪਣੇ ਬੀਰ੍ਹੇ ਨੂੰ ਨਾਲ ਲੈ ਕੇ।" ਬਲਬੀਰ ਨੂੰ ਸਾਰੇ 'ਬੀਰ੍ਹਾ' ਆਖ ਕੇ ਹੀ ਬੁਲਾਉਂਦੇ ਸਨ।

ਪੁਸ਼ਪਿੰਦਰ ਚੁੱਪ ਕਰ ਗਈ।

ਉਹ ਐਵੇਂ ਹੀ ਅੱਕਾਂ ਵਿਚ ਡਾਂਗਾਂ ਮਾਰਨ ਵਾਂਗ, ਰਸੋਈ ਵਿਚ ਸਫ਼ਾਈ ਕਰਨ ਜਾ ਲੱਗੀ।

ਸਹੁਰਾ ਦਾਰੂ ਪੀਂਦਾ ਰਿਹਾ।

ਪਸ਼ੂਆਂ ਵਾਂਗ ਮੀਟ 'ਚਰਦਾ' ਰਿਹਾ।

ਉਸ ਨੂੰ ਉਸ ਦੀਆਂ ਲਾਲ ਝਰੰਗ ਅੱਖਾਂ ਤੋਂ ਭੈਅ ਆ ਰਿਹਾ ਸੀ। ਉਸ ਦੀ ਦਾਹੜ੍ਹੀ ਮੀਟ ਦੀ ਤਰੀ ਨਾਲ ਲਿਬੜ ਗਈ ਸੀ। ਮਸਾਲਾ ਦਾੜ੍ਹੀ ਵਿਚ ਫ਼ਸ ਗਿਆ ਸੀ। ਉਹ ਵੱਡੇ-ਵੱਡੇ ਖੰਘੂਰੇ ਜਿਹੇ ਮਾਰਦਾ ਸੀ।

-"ਪੁਸ਼ਪਿੰਦਰ ਆਪਾਂ ਬੜੇ ਖਾਨਦਾਨੀ ਬੰਦੇ ਐਂ, ਪੁੱਤ! ਮੈਥੋਂ ਐਵੇਂ ਨਾ ਡਰੀ ਜਾਇਆ ਕਰ!" ਪਤਾ ਨਹੀਂ ਉਸ ਨੂੰ ਕੀ ਸੁੱਝਿਆ ਸੀ? ਉਸ ਨੇ ਉੱਭੜਵਾਹੇ ਜਿਹੇ ਗੱਲ ਕਹੀ ਸੀ।

ਪੁਸ਼ਪਿੰਦਰ ਚੁੱਪ ਹੀ ਰਹੀ।

ਉਸ ਨੂੰ ਪਤਾ ਨਹੀਂ ਲੱਗਿਆ ਸੀ ਕਿ ਉਸ ਦੇ ਸਹੁਰੇ ਨੇ ਉਸ ਨੂੰ ਇਹ ਗੱਲ ਕਿਉਂ ਕਹੀ ਸੀ? ਜਾਂ ਕਿਸ ਵਜਾਹ ਕਰਕੇ ਕਹੀ ਸੀ? ਪਰ ਉਸ ਨੂੰ, ਉਸ ਤੋਂ ਅੰਮ੍ਰਿਤਧਾਰੀ ਹੋ ਕੇ ਸ਼ਰਾਬ ਪੀਣ ਕਾਰਨ ਨਫ਼ਰਤ ਜਿਹੀ ਜ਼ਰੂਰ ਹੋ ਗਈ ਸੀ। ਜਿਹੜਾ ਗੁਰੂ ਵਾਲਾ ਬਣ ਕੇ, ਗੁਰੂ ਦੇ ਸਿਧਾਤਾਂ 'ਤੇ ਨਹੀਂ ਤੁਰ ਸਕਦਾ, ਉਹ ਬੰਦੇ ਦੇ ਸਿਧਾਂਤਾਂ 'ਤੇ ਕਿੱਥੋਂ ਤੁਰੇਗਾ? ਐਹੋ ਜਿਹੇ ਦੰਭੀ ਬੰਦੇ ਨੂੰ ਤਾਂ ਸ਼ਰੇਆਮ ਖੜ੍ਹਾ ਕਰਕੇ ਗੋਲੀ ਮਾਰ ਦੇਣੀ ਚਾਹੀਦੀ ਐ! ਬੋਟੀ-ਬੋਟੀ ਕਰਕੇ ਕੁੱਤਿਆਂ ਨੂੰ ਪਾ ਦੇਣੀ ਚਾਹੀਦੀ ਐ। ਐਹੋ ਜਿਹੇ ਪਾਖੰਡੀ ਤਾਂ ਸਮਾਜ ਵਿਚੋਂ ਚੁਗ ਦੇਣੇ ਚਾਹੀਦੇ ਹਨ। ਫੜ-ਫੜ ਕੇ ਫ਼ਾਹੇ ਲਾ ਦੇਣੇ ਚਾਹੀਦੇ ਹਨ!

ਬਲਬੀਰ ਅਤੇ ਮੁਕੰਦ ਕੌਰ ਆ ਗਏ।

ਪੁਸ਼ਪਿੰਦਰ ਨੇ ਸੁਖ ਦਾ ਸਾਹ ਲਿਆ।

ਪਰ ਸਹੁਰਾ ਅਜੇ ਵੀ ਬੋਤਲ ਦੁਆਲੇ ਹੋਇਆ ਖੜ੍ਹਾ ਸੀ।

-"ਥੋਨੂੰ ਇਕ ਗੱਲ ਪੁੱਛਾਂ?" ਰਾਤ ਨੂੰ ਪੁਸ਼ਪਿੰਦਰ ਨੇ ਬਲਬੀਰ ਨੂੰ ਨਾਲ ਪਈ ਨੇ ਪੁੱਛਿਆ।

-"ਹਾਂ ਪੁੱਛ!"

-"ਬਾਪੂ ਜੀ ਨੇ ਅੰਮ੍ਰਿਤ ਛਕਿਐ-ਪਰ ਫੇਰ ਵੀ ਸ਼ਰਾਬ ਪੀਂਦੇ ਐ?" ਉਸ ਨੇ ਗੱਲ ਮੂੰਹ ਨਾਲੋਂ ਤੋੜ ਕੇ ਮਸਾਂ ਹੀ ਸੁੱਟੀ ਸੀ।

-"ਹੁਣ ਹੋਰ ਨਾ ਕਿਸੇ ਕੋਲੇ ਬਕ ਦੇਈਂ! ਆਬਦਾ ਮੂੰਹ ਬੰਦ ਰੱਖਿਆ ਕਰ!" ਬਲਬੀਰ ਉਸ ਨੂੰ ਹਲਕੇ ਕੁੱਤੇ ਵਾਂਗ ਘੁਰਕ ਕੇ ਪਿਆ।

-"ਮੈਂ ਕਮਲੀ ਤਾਂ ਨਹੀਂ, ਬਈ ਆਬਦੇ ਘਰ ਦੀ ਮਿੱਟੀ ਪੱਟੂੰਗੀ?"

-"ਬਾਪੂ ਤਾਂ ਦਾਰੂ ਈ ਪੀਂਦੈ-ਲੋਕ ਅੰਮ੍ਰਿਤ ਦੀ ਆੜ ਹੇਠ ਹੋਰ ਬਹੁਤ ਕੁਛ ਕਰੀ ਜਾਂਦੇ ਐ-ਕਲਜੁੱਗ ਐ ਕਲਜੁੱਗ ਪਿੰਦਰ-ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ!"

-"ਮੈਂ ਦਾਰੂ ਪੀਣ ਨੂੰ ਨਹੀਂ ਕਹਿੰਦੀ-ਮੈਂ ਤਾਂ ਇਹ ਕਹਿੰਨੀ ਐਂ ਬਈ ਅੰਮ੍ਰਿਤ ਛਕ ਕੇ ਦਾਰੂ ਪੀਣੀਂ ਘੋਰ ਪਾਪ ਐ।"

-"ਅਗਲੇ ਨੂੰ ਸਾਰਾ ਕੁਛ ਈ ਪਤਾ ਹੁੰਦੈ-ਬਈ ਕੀ ਪਾਪ ਐ, ਕੀ ਪੁੰਨ ਐਂ-ਤੂੰ ਆਬਦੀ ਜ਼ਬਾਨ ਸੰਭਾਲ!" ਉਹ ਅੱਜ ਅਤੀ-ਅੰਤ ਅੱਕਰਾ ਬੋਲ ਰਿਹਾ ਸੀ।

ਪੁਸ਼ਪਿੰਦਰ ਚੁੱਪ ਵੱਟ ਗਈ।

ਉਸ ਨੇ ਸੋਚਿਆ ਜਿਹੜਾ ਕਰੂਗਾ ਆਪੇ ਭਰੂਗਾ, ਤੂੰ ਆਪਦੇ ਘਰੇ ਕਿਉਂ ਕਲੇਸ਼ ਪਾਉਂਦੀ ਹੈਂ? ਫ਼ਰੀਦਾ ਤੇਰੀ ਝੌਂਪੜੀ ਗਲ ਕਟੀਅਨ ਕੇ ਪਾਸ। ਜੋ ਕਰਨਗੇ ਸੋ ਭਰਨਗੇ ਤੂੰ ਕਿਉਂ ਭਇਉਂ ਉਦਾਸ? ਨਰਕਾਂ ਦਾ ਭਾਗੀ ਉਹੀ

ਬਣੂੰ ਜਿਹੜਾ ਵਲ-ਛਲ ਕਰੂ! ਤੂੰ ਵਾਧੂ ਘਰ ਵਿਚ ਮਾੜੀ ਕਾਹਤੋਂ ਬਣਦੀ ਐਂ? ਜਿਹੜਾ ਗੁਰੂ ਦੀ ਸ਼ਰਮ ਨਹੀਂ ਕਰਦਾ ਤੇਰੀ ਕੀ ਕਰੂ? ਉਹ ਪਈ ਸੋਚੀ ਜਾ ਰਹੀ ਸੀ।

ਪੁਸ਼ਪਿੰਦਰ ਦੇ ਦਿਨ ਪੂਰੇ ਹੋ ਗਏ।

ਉਸ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ।

ਭਰਾ-ਭਰਜਾਈ ਨੂੰ ਪਤਾ ਲੱਗਿਆ ਤਾਂ ਉਹ ਤੁਰੰਤ ਹਸਪਤਾਲ ਪਹੁੰਚੇ।

ਬਚਨੋਂ ਭੂਆ ਵੀ ਪੁੱਜੀ ਹੋਈ ਸੀ। ਉਹ 'ਲੂਤ-ਲੂਤ' ਕਰਦੀ ਫਿਰਦੀ ਸੀ।

-"ਤੁਸੀਂ ਕਾਹਤੋਂ ਜੱਫਰ ਜਾਲਦੇ ਫਿਰਦੇ ਓਂ-ਹੁਣ ਤਾਂ ਪੁਸ਼ਪਿੰਦਰ ਦੀ ਸੱਸ ਵੀ ਹੈਗੀ ਐ-ਤੁਸੀਂ ਆਪਣਾ ਕੰਮ ਸੰਭਾਲੋ ਜਾ ਕੇ-ਕਾਹਨੂੰ ਐਂਵੇਂ ਟੈਮ ਖਰਾਬ ਕਰਦੇ ਓਂ?" ਬਚਨੋਂ ਨੇ ਪੁਸ਼ਪਿੰਦਰ ਦੇ ਭਰਾ ਨੂੰ ਕਿਹਾ।

-"ਤੇਰੇ ਉਹ ਚੂੰਢੀਆਂ ਵੱਢਦੇ ਐ? ਉਹਦੀ ਭੈਣ ਐਂ, ਪਤਾ ਵੀ ਨਾ ਕਰਨ ਆਉਣ? ਕੁੜੀ ਯਹਾਵੇ ਦੀ ਕਿਵੇਂ ਰੇਡੂਏ ਮਾਂਗੂੰ ਬੋਲਣ ਲੱਗਪੀ!" ਫੁੱਫੜ ਨੇ ਡਾਂਟ ਕੇ ਕਿਹਾ।

ਭੂਆ ਚੁੱਪ ਕਰ ਗਈ। ਘਰਵਾਲੇ ਤੋਂ ਉਹ ਕੰਨ ਭੰਨਦੀ ਸੀ। ਉਹ ਬੜਾ ਅੜਬ ਇਨਸਾਨ ਸੀ। ਭੂਆ ਦੇ ਟੱਬਰ 'ਤੇ ਤਾਂ ਉਹ ਬੁਰੀ ਤਰ੍ਹਾਂ ਅੱਕਿਆ ਹੀ ਰਹਿੰਦਾ ਸੀ।

ਤੀਜੇ ਦਿਨ ਪੁਸ਼ਪਿੰਦਰ ਨੇ ਇੱਕ ਸੋਹਣੀ-ਸੁਨੱਖੀ ਬੱਚੀ ਨੂੰ ਜਨਮ ਦਿੱਤਾ। ਬੱਚੀ ਦੇ ਜਨਮ ਵੇਲੇ ਉਹ ਤੰਗ ਬਹੁਤ ਹੋਈ ਸੀ। ਜਿਵੇਂ ਉਸ ਦਾ ਦੂਜਾ ਜਨਮ ਹੋਇਆ ਸੀ।

-"ਪੱਥਰ ਜੰਮ ਕੇ ਧਰਤਾ!" ਭੂਆ ਨੇ ਮੂੰਹ ਭੁਆ ਕੇ ਬੁੱਲ੍ਹ ਟੇਰੇ। ਉਹ ਟਾਹਲੀ 'ਤੇ ਬੈਠੇ ਘੋਗੜ ਵਾਂਗ, ਘੁੱਗੂ ਜਿਹੀ ਬਣੀ ਬੈਠੀ ਸੀ।

-"ਤੇ ਤੂੰ ਕੀ ਸੀ?" ਫੁੱਫੜ ਨੇ ਇੱਟ ਦਾ ਜਵਾਬ ਪੱਥਰ ਨਾਲ ਮੋੜਿਆ।

-"ਤੂੰ ਵੀ ਤਾਂ ਕਦੇ ਕੁੜੀ ਈ ਸੀ? ਗੱਲਾਂ ਕੀ ਕਰਨ ਲੱਗਪੀ ਭੈਣ ਦਾ ਕੰਢਾ ਦੇਣੀ, ਚਗਲ!" ਫੁੱਫੜ ਨੇ ਖੁਰਗੋ ਪੱਟੀ।

-"ਮੈਂ ਤੈਨੂੰ ਕਾਹਤੋਂ ਬੁਰੀ ਲੱਗਦੀ ਆਂ?" ਭੂਆ ਨੇ ਬਹੁੜੀ ਘੱਤੀ।

-"ਜਦੋਂ ਭੈਣ ਯਹਾਉਨੀ ਐਂ, ਪੁੱਠੀ ਗੱਲ ਕਰਦੀ ਐਂ-ਉਦੋਂ ਬੁਰੀ ਲੱਗਦੀ ਐਂ-ਹੁਣ ਤਾਂ ਸਾਰਾ ਟੱਬਰ ਚੁੱਪ ਹੋਜੋ, ਥੋਡੀ ਭੈਣ ਦੇ ।।।। ਮਾਰਿਆ, ਗਿੱਟਲਾਂ ਦਿਆ ਲਾਣਿਆਂ!" ਫੁੱਫੜ ਨੇ ਪੈਰਾਂ ਹੇਠੋਂ ਮਿੱਟੀ ਕੱਢੀ।

ਪੰਜ ਦਿਨ ਬਾਅਦ ਪੁਸ਼ਪਿੰਦਰ ਨੂੰ ਹਸਪਤਾਲੋਂ ਛੁੱਟੀ ਮਿਲ ਗਈ।

ਸਹੁਰੇ ਘਰ ਵਿਚ ਉਸ ਨਾਲ ਕੋਈ ਸਿੱਧੇ ਮੂੰਹ ਨਾਲ ਗੱਲ ਨਹੀਂ ਕਰਦਾ ਸੀ। ਜਿਵੇਂ ਉਸ ਨੇ ਜਾਣ ਬੁੱਝ ਕੇ ਧੀ ਜੰਮੀ ਸੀ! ਜਿਵੇਂ ਉਸ ਨੇ ਨਿੰਠ ਕੇ ਉਹਨਾਂ ਦੇ ਪ੍ਰੀਵਾਰ ਦੀ ਹੇਠੀ ਕੀਤੀ ਸੀ। ਜਿਵੇਂ ਪੁਸ਼ਪਿੰਦਰ ਉਹਨਾਂ ਦੇ ਖਾਨਦਾਨ ਦੀ ਦੁਸ਼ਮਣ ਸੀ। ਕੋਈ ਖੁੰਧਕ ਕੱਢਦੀ ਸੀ। ਧੀ ਆਉਣ ਕਰਕੇ ਪੁਸ਼ਪਿੰਦਰ ਨੂੰ ਅਥਾਹ ਪੀੜਾਂ ਨੇ ਆ ਘੇਰਿਆ ਸੀ। ਮੁਸੀਬਤਾਂ ਨੇ ਵਲ ਲਿਆ ਸੀ। ਸੱਸ-ਸਹੁਰੇ ਦਾ ਵਤੀਰਾ ਇੱਕ ਦਮ ਬਦਲ ਗਿਆ।

ਕੁੜੀ ਜੰਮਣ ਕਰਕੇ ਸਾਰੇ ਪ੍ਰੀਵਾਰ ਦਾ ਵਿਉਹਾਰ ਪੁਸ਼ਪਿੰਦਰ ਨਾਲ ਅਤੀਅੰਤ ਰੁੱਖਾ ਹੋ ਗਿਆ।

ਕੋਈ ਉਸ ਨੂੰ ਸਿੱਧੇ ਮੂੰਹ ਬੁਲਾਉਂਦਾ ਨਹੀਂ ਸੀ! ਹਰ ਕੋਈ 'ਟੀਰਾ' ਝਾਕਦਾ। ਬਲਬੀਰ ਉਸ ਨੂੰ ਗਾਲ੍ਹ ਤੋਂ ਬਿਨਾ ਨਾ ਬੋਲਦਾ। ਕੁੜੀ ਰੋਣ ਲੱਗਦੀ ਤਾਂ ਉਸ ਨੂੰ ਬੋਲ ਕਬੋਲ ਕਰਦਾ।

-"ਆਹ ਲੀਰ ਜੀ ਨਹੀਂ ਲੋਟ ਆਉਂਦੀ!" ਉਹ ਆਪਣੀ ਧੀ ਨੂੰ ਆਖਦਾ।

-"ਜਿਉਣਾ ਦੁੱਭਰ ਕੀਤਾ ਪਿਐ, ਹਰਾਮਜਾਦੀ ਨੇ! ਤੂੰ ਭੈਣ ਯਹਾਉਨੀ ਹੁੰਨੀ ਐਂ-ਇਹਨੂੰ ਮਾਂ ਨੂੰ ਚੁੱਪ ਨਹੀਂ ਕਰਵਾਇਆ ਜਾਂਦਾ? ਜੇ ਨਹੀਂ ਸੰਭਦੀ, ਲੈ ਕੇ ਇਹਨੂੰ ਪੇਕੀਂ ਦਫ਼ਾ ਹੋਜਾ!" ਉਹ ਉਜੱਡਾਂ ਵਾਗ ਬੋਲਦਾ!

ਪੁਸ਼ਪਿੰਦਰ ਜਿਹੜੀ ਉਂਜ ਦੁਖੀ ਸੀ, ਉਹ ਤਾਂ ਸੀ ਹੀ। ਪਰ ਜਦੋਂ ਉਸ ਦੀ ਰਤੀ ਭਰ ਧੀ ਨੂੰ ਹੀ ਨਾਲ ਲਾਹਣਤਾਂ ਪੈਣ ਲੱਗ ਪਈਆਂ ਤਾਂ, ਉਹ ਹੋਰ ਜ਼ਿਆਦਾ ਦੁਖੀ ਹੋ ਗਈ। ਪਰ ਕਰ ਉਹ ਕੁਝ ਸਕਦੀ ਨਹੀਂ ਸੀ। ਮਜ਼ਬੂਰ ਸੀ। ਕਰਦੀ ਵੀ ਕੀ? ਕਿਹੜਾ ਉਹਦੀ ਕੋਈ ਸੁਣਦਾ ਸੀ? ਭੂਆ ਨੇ ਵੀ ਕੁੜੀ ਹੋਣ ਤੋਂ ਬਾਅਦ ਗੇੜਾ ਨਹੀਂ ਮਾਰਿਆ ਸੀ। ਪੁਸ਼ਪਿੰਦਰ ਅੰਦਰੇ ਅੰਦਰ ਹੀ ਧੁਖਦੀ ਰਹਿੰਦੀ! ਉਸ ਦਾ ਦਿਲ ਕਰਦਾ ਕਿ ਢਿੱਡ ਦੀ ਆਂਦਰ ਨੂੰ ਲੈ ਕੇ ਕਿਸੇ ਪਾਸੇ ਦਫ਼ਾ ਹੋ ਜਾਵੇ। ਕਈ ਵਾਰ ਉਸ ਨੇ ਭਰਾ-ਭਰਜਾਈ ਨੂੰ ਫ਼ੋਨ ਕਰਨਾ ਚਾਹਿਆ। ਪਰ ਸਹੁਰਾ ਸੱਪ ਵਾਂਗ ਫ਼ਣ ਚੁੱਕੀ ਟੈਲੀਫ਼ੋਨ ਕੋਲ ਹੀ ਬੈਠਾ ਹੁੰਦਾ ਸੀ। ਗੁੰਝਲੀ ਜਿਹੀ ਮਾਰੀ। ਉਹ ਬੇਵੱਸ ਹੋ ਕੇ ਰਹਿ ਜਾਂਦੀ! ਕਦੇ

ਕਦੇ ਉਸ ਦਾ ਦਿਲ ਮਰ ਜਾਣ ਨੂੰ ਕਰਦਾ। ਪਰ ਫਿਰ ਆਪਣੀ ਧੀ ਬਾਰੇ ਸੋਚ ਕੇ, ਚੁੱਪ ਕਰ ਜਾਂਦੀ। ਧੀ ਦਾ ਕੀ ਕਸੂਰ ਸੀ? ਉਹ ਤਾਂ ਉਸ ਦਾ ਖ਼ੂਨ ਸੀ। ਰੱਬ ਦਾ ਜੀਅ ਸੀ! ਉਸ ਵਿਚਾਰੀ ਨੇ ਕਿਸੇ ਦਾ ਕੀ ਵਿਗਾੜਿਆ ਸੀ? ਕਿਸੇ ਦਾ ਕੀ ਚੁੱਕ ਲਿਆ ਸੀ? ਉਹ ਅਜੀਬ ਹੀ ਸਥਿਤੀ ਵਿਚ ਫ਼ਸੀ ਰਹਿੰਦੀ! ਉਸ ਨੂੰ ਭੁੱਖ ਪਿਆਸ ਲੱਗਣੋਂ ਹਟ ਗਈ ਸੀ। ਉਹ ਸਿਹਤ ਪੱਖੋਂ ਦਿਨੋਂ ਦਿਨ ਥੱਲੇ ਨੂੰ ਜਾ ਰਹੀ ਸੀ।

ਇੱਕ ਦਿਨ ਸਹੁਰਾ ਨਹਾਉਣ ਵੜਿਆ ਤਾਂ ਪੁਸ਼ਪਿੰਦਰ ਨੇ ਅੱਖ ਬਚਾ ਕੇ ਭੂਆ ਨੂੰ ਫ਼ੋਨ ਕਰ ਦਿੱਤਾ ਅਤੇ ਸਾਰੇ ਹਾਲਾਤ 'ਤੇ ਸੰਖੇਪ ਚਾਨਣਾ ਪਾਇਆ।

ਭੂਆ ਬੇਰੰਗ ਖ਼ਤ ਵਾਂਗ ਆ ਵੱਜੀ।

-"ਕੀ ਹਾਲ ਬਣਾਇਐ ਤੂੰ ਆਬਦਾ ਹੈਂ? ਖ਼ਾਨਦਾਨੀ ਘਰ ਦੀ ਨੂੰਹ ਐਂ-ਤੂੰ ਤਾਂ ਜਮਾਂ ਈ ਟੱਪਰੀਵਾਸਾਂ ਮਾਂਗੂੰ ਬਣੀ ਪਈ ਐਂ!" ਭੂਆ ਨੇ ਘਰਾਟ ਰਾਗ ਚਾਲੂ ਕਰ ਦਿੱਤਾ ਸੀ।

ਸਭ ਕੁਝ ਸਮਝਦਾ, ਸਹੁਰਾ ਵੀ ਚੁੱਪ ਸੀ।

ਬਲਬੀਰ ਮੀਸਣਾਂ ਬਣਿਆਂ ਫਿਰਦਾ ਸੀ!

ਭੂਆ ਪੁਸ਼ਪਿੰਦਰ ਨੂੰ ਉਪਰਲੇ ਬੈੱਡ-ਰੂਮ ਵਿਚ ਲੈ ਗਈ।

-"ਜੇ ਕੁੜੀ ਹੋ ਗਈ ਭੂਆ ਜੀ, ਇਹਦੇ 'ਚ ਮੇਰਾ ਕੀ ਕਸੂਰ ਐ?" ਪੁਸ਼ਪਿੰਦਰ ਨੇ ਭੂਆ ਅੱਗੇ ਭਰਾੜ੍ਹ ਹੋਏ ਦਿਲ ਦਾ ਦੁੱਖ ਰੋਇਆ।

-"ਤੂੰ ਫਿਕਰ ਨਾ ਕਰ ਪਿੰਦਰ! ਮੈਂ ਅੱਜ ਬਾਈ ਨੂੰ ਆਬਦੇ ਕੋਲੇ ਲੈ ਕੇ ਜਾਨੀ ਐਂ-ਤੇ ਪੁੱਛਦੀ ਆਂ ਸਾਰੀ ਗੱਲ, ਬਈ ਇਹ ਚਾਹੁੰਦੇ ਕੀ ਐ? ਬਾਕੀ ਰਹੀ ਕੁੜੀ ਆਲੀ ਗੱਲ? ਇਹ ਤਾਂ ਭਾਈ ਸਾਨੂੰ ਹਾਲੇ ਤੱਕ ਮਾਰੂੰ ਮਾਰੂੰ ਕਰੀ ਗਏ ਐ-ਨਾਲੇ ਬੁੜ੍ਹੀਆਂ ਹੋਈਆਂ ਪਈਐਂ-ਤੂੰ ਫਿਕਰ ਨਾ ਕਰ, ਲੈ ਕੇ ਜਾਨੀ ਐਂ ਨਾਲ ਮੈਂ ਇਹਨੂੰ।" ਭੂਆ ਨੇ ਮਿੱਠੀ ਉਂਗਲ ਚਟਾਈ।

-"ਭੂਆ ਜੀ ਤੁਸੀਂ ਤਾਂ ਕਹਿੰਦੇ ਸੀ, ਬਈ ਇਹ ਆ ਕੇ ਮੇਰੀ ਮੱਦਦ ਕਰਨਗੇ-ਇਹ ਤਾਂ ਬਲਬੀਰ ਨਾਲੋਂ ਵੀ ਜ਼ਿਆਦਾ ਤੰਗ ਕਰਨ ਲੱਗ ਪਏ-ਤੇ ਉਹ ਵੀ ਬਿਨਾਂ ਗੱਲੋਂ-ਮੇਰਾ ਕੋਈ ਦੋਸ਼ ਤਾਂ ਦੱਸੋ-ਜੇ ਕੁੜੀ ਹੋ ਗਈ ਤਾਂ ਮੈਂ ਕੀ ਕਰਾਂ-ਕੋਈ ਵੱਸ ਐ ਮੇਰੇ?" ਕੁੜੀ ਨੇ ਵਿਆਈਆਂ ਪਾਟੇ ਦਿਲ ਦਾ ਹਾਲ ਦੱਸਿਆ।

-"ਕੋਈ ਵੱਸ ਨਹੀਂ ਭਾਈ-ਕੋਈ ਵੱਸ ਨਹੀਂ!"

ਭੂਆ ਫ਼ੋਕੀ 'ਹਮਕੋ-ਤੁਮਕੋ' ਕਰਕੇ ਥੱਲੇ ਉਤਰ ਆਈ।

-"ਬਲਬੀਰ! ਵੇ ਬੀਰ੍ਹਿਆ!!"

-"ਉਹ ਬਾਹਰ ਨੂੰ ਗਿਐ ਬੀਬੀ!" ਮੁਕੰਦ ਕੌਰ ਨੇ ਆਖਿਆ।

-"ਬਾਈ ਚੱਲ ਤੂੰ ਤਿਆਰ ਹੋ! ਉਦੋਂ ਨੂੰ ਬੀਰ੍ਹਾ ਆਜੂਗਾ-ਆਪਾਂ ਅੱਜ ਉਧਰ ਈ ਰਹਾਂਗੇ-ਜੀਤ ਸਿਉਂ ਤਾਂ ਅੱਜ ਬਾਹਰ ਗਿਐ-ਕੱਲ੍ਹ ਨੂੰ ਆਊਗਾ।"

ਗਿੰਦਰ ਤਿਆਰ ਹੋਣ ਲੱਗ ਪਿਆ। ਸਟੋਰ-ਰੂਮ 'ਚੋਂ ਉਸ ਨੇ ਬੋਤਲ ਬੈਗ ਵਿਚ ਪਾ ਲਈ।

-"ਇਹ ਕੀ ਕਰਨੀ ਐਂ ਬਾਈ? ਬਥੇਰੀ ਪਈ ਐ ਘਰੇ, ਅੱਗਲੱਗੜੀ!"

-"ਜੀਤ ਸਿਉਂ ਲੜੂ-ਉਹ ਤਾਂ ਅੱਗੇ ਈ ਨ੍ਹੀ ਮਾਨ-ਘਰੂਟ ਵੱਢਣ ਆਉਂਦੈ!"

-"ਕੁਛ ਨ੍ਹੀ ਕਹਿੰਦਾ! ਉਹਦਾ ਸੁਭਾਅ ਈ ਐਹੋ ਜਿਐ।" ਭੂਆ ਬੋਲੀ।

-"ਕੋਈ ਨਾ! ਬਾਹਲਾ ਗਿਆ, ਮੈਂ ਨਾਲ ਮੋੜ ਲਿਆਊਂ!" ਉਹ ਬੈਗ ਵਿਚੋਂ ਬੋਤਲ ਕੱਢਣੋਂ ਇਨਕਾਰੀ ਸੀ।

ਬਲਬੀਰ ਆ ਗਿਆ।

-"ਤੂੰ ਕਿੱਥੇ ਜੱਭਦਾ ਆਇਐਂ ਵੇ?"

-"ਕੰਮ ਗਿਆ ਸੀ ਮਾੜਾ ਜਿਆ।"

-"ਚੱਲ ਸਾਨੂੰ ਘਰੇ ਲਾਹ ਕੇ ਆ-ਤੇਰਾ ਬਾਪੂ ਅੱਜ ਉੱਥੇ ਈ ਰਹੂਗਾ-ਅਸੀਂ ਕੋਈ ਜਰੂਰੀ ਗੱਲ ਬਾਤ ਕਰਨੀ ਐਂ!"

ਬਲਬੀਰ ਅੱਗੇ ਲੱਗ ਕੇ ਤੁਰ ਪਿਆ। 'ਜ਼ਰੂਰੀ' ਗੱਲ ਬਾਤ ਦਾ ਉਸ ਨੂੰ ਤਕਰੀਬਨ ਪਤਾ ਹੀ ਸੀ!

-"ਹੁਣ ਕੁੜੀ ਹੋਣ ਕਰਕੇ ਬਹੂ ਬਾਹਲਾ ਡੋਲੀ ਵੀ ਐ-ਹੁਣ ਲੋਹਾ ਗਰਮ ਐਂ-ਮਾਰ ਦਿਓ ਮੋਰਚਾ!" ਕਾਰ

ਵਿਚ ਬੈਠੀ ਭੂਆ ਗਾਲੜ੍ਹ ਵਾਂਗ ਬੋਲੀ।

ਗਿੰਦਰ ਅਤੇ ਬਲਬੀਰ ਦੋਹਾਂ 'ਚੋਂ ਕੋਈ ਨਾ ਬੋਲਿਆ।

-"ਮੈਂ ਥੋਡੇ ਨਾਲ ਗੱਲ ਕਰਦੀ ਐਂ-ਸੁੰਨੀ ਈ ਵੱਟ ਲਈ? ਕੁਛ ਤਾਂ ਮੂੰਹੋਂ ਫੁੱਟੋ, ਗਿੱਟਲਾਂ ਦਿਆ ਟੱਬਰਾ!" ਭੂਆ ਉੱਬਲਣ ਲੱਗ ਪਈ।

-"ਤੂੰ ਆਪ ਈ ਸਿਆਣੀ ਐਂ-ਸਾਨੂੰ ਤਾਂ ਕਾਨੂੰਨਾਂ ਦਾ ਪਤਾ ਨ੍ਹੀ-ਜਿਵੇਂ ਤੂੰ ਕਰਦੇਂ, ਸਾਨੂੰ ਮਨਜੂਰ ਐ-ਅੱਗੇ ਤੈਥੋਂ ਆਕੀ ਹੋਏ ਐਂ?" ਗਿੰਦਰ ਨੇ ਆਖਿਆ।

-"ਹੁਣ ਰੁਪਿੰਦਰ ਨੂੰ ਮੰਗਵਾਉਣ ਦਾ ਮੌਕੈ-ਹੁਣ ਇਹਨੂੰ ਸਿੱਧੀ ਈ ਸੁਣਾਈ ਕਰ ਦਿਓ-!"

-"ਕੀ?"

-"ਬਈ ਬੀਰ੍ਹੇ ਨੂੰ ਦੇਹ ਕਾਗਜਾਂ ਦੇ ਵਿਚ ਤਲਾਕ ਤੇ ਰੁਪਿੰਦਰ ਨੂੰ ਐਥੇ ਕਿਵੇਂ ਨਾ ਕਿਵੇਂ ਬੁਲਾ ਲੈਨੇ ਐਂ, ਚੋਰ ਮੋਰੀ ਰਾਹੀਂ-ਤੇ ਉਹਦੇ ਨਾਲ ਕਰੋ ਵਿਆਹ! ਤੇ ਚੱਲ ਮੇਰੇ ਭਾਈ ਦੋਨੋਂ ਮੁੰਡੇ ਸੈੱਟ-ਆਬਦਾ ਮੌਜਾਂ ਕਰਿਓ।"

-"ਦੇਖਲਾ-ਕਿਤੇ ਊਂ ਨਾ ਲੱਤ ਚੱਕ ਜਾਵੇ-ਲੱਗਦੀ ਮੈਨੂੰ ਚਲਾਕ ਜੀ ਈ ਐ?"

-"ਲੱਤ ਕਿਵੇਂ ਚੱਕਜੂ? ਤੁਸੀਂ ਨਾ ਲੱਤ ਚੱਕ ਜਾਇਓ! ਮੈਨੂੰ ਤਾਂ ਥੋਥੋਂ ਡਰ ਲੱਗਣ ਲੱਗ ਪੈਂਦੈ! ਨਾਲੇ ਤੂੰ ਨਾ ਵੇ ਭੌਂਕਣ ਲੱਗਜੀਂ ਕੁਛ, ਔਤਾਂ ਦਿਆ ਬਿੱਜੂਆ!" ਉਸ ਨੇ ਬਲਬੀਰ ਨੂੰ ਤਾੜਨਾ ਕੀਤੀ।

-"ਮੈਂ ਕਮਲੈਂ?" ਬਲਬੀਰ ਪਹਾੜ੍ਹੀ ਕਾਂ ਵਾਂਗ ਬੋਲਿਆ।

-"ਰੁਪਿੰਦਰ ਨੂੰ ਤੁਰਕੀ-ਤਰਕੀ ਜਾਂ ਕਿਸੇ ਹੋਰ ਪਾਸੇ ਦੀ ਵਾੜ ਲੈਨੇਂ ਆਂ, ਐਥੇ-ਤੇ ਤੇਰੇ ਤਲਾਕ ਤੋਂ ਬਾਅਦ ਰੂਪ ਨਾਲ ਹੋਜੂ ਵਿਆਹ-ਰਹੀ ਚਾਹੇ ਤੇਰੇ ਨਾਲ ਜਾਵੇ-ਜਿੰਨਾਂ ਚਿਰ ਸੈੱਟਲਮਿੰਟ ਨ੍ਹੀ ਹੁੰਦੀ! ਤੇ ਫੇਰ ਕਰਾਂਗੇ ਮੁੰਡਿਆਂ ਦੇ ਵਿਆਹ ਇੰਡੀਆ ਤੇ ਡਲੇ ਅਰਗੀਆਂ ਬਹੂਆਂ ਲਿਆਮਾਂਗੇ-ਨਾਲੇ ਲਮਾਂਗੇ ਰੱਜ ਕੇ ਦਾਜ!"

-"ਫੁੱਫੜ ਨਾ ਰੈਂਗੜਾ ਚੱਕਲੇ?"

-"ਫੁੱਫੜ ਦੀ ਗੱਲ ਤਾਂ ਤੂੰ ਛੱਡ-ਮੈਨੂੰ ਤਾਂ ਕਦੇ ਕਦੇ ਥੋਡੇ ਤੋਂ ਡਰ ਲੱਗਣ ਲੱਗ ਪੈਂਦੈ!"

ਦੋਨੋਂ ਫੇਰ ਚੁੱਪ ਹੀ ਰਹੇ। ਭੂਆ ਉਹਨਾਂ ਦੀ ਹਮਦਰਦਣ ਸੀ।

-"ਥੋਡਾ ਟੱਬਰ ਕਮਲੈ-ਉਹ ਗੱਲ ਨਾ ਹੋਵੇ ਬਈ ਗਧੇ ਨੂੰ ਦਿੰਦੇ ਸੀ ਨੂਣ, ਕਹਿੰਦਾ ਅਖੇ ਮੇਰੇ ਕੰਨ ਪਾੜਦੇ ਐ-ਤੁਸੀਂ ਮੇਰੇ ਮਗਰ ਲੱਗ ਕੇ ਤੁਰਿਓ!"

-"ਤੇਰੇ ਨਾਲ ਈ ਆਂ ਬਚਨੋਂ-ਕਾਹਨੂੰ ਬੇਤਬਾਰੀ ਕਰਦੀ ਐਂ?" ਗਿੰਦਰ ਵੱਟ ਖਾ ਗਿਆ ਸੀ।

ਬਲਬੀਰ ਉਹਨਾਂ ਨੂੰ ਲਾਹ ਕੇ ਮੁੜ ਗਿਆ।

-"ਤੂੰ ਜਾਹ! ਅਸੀਂ ਰੂਪ ਨੂੰ ਮੰਗਵਾਉਣ ਦੀ ਕੋਈ ਸਕੀਮ ਬਣਾਉਨੇ ਐਂ!" ਭੂਆ ਨੇ ਉਸ ਨੂੰ ਕਿਹਾ ਸੀ।

ਗਿੰਦਰ ਸਾਰੀ ਸ਼ਾਮ ਦਾਰੂ ਪੀਂਦਾ ਰਿਹਾ।

ਬਚਨੋਂ ਉਸ ਨਾਲ ਘਾੜਤਾਂ ਘੜਦੀ ਰਹੀ।

-"ਬਾਈ ਇੱਕ ਗੱਲ ਕਹਾਂ?"

-"ਹਾਂ ਕਹਿ?" ਉਹ ਦਾਰੂ ਨਾਲ ਰੱਜਿਆ, ਕੋਚਰ ਵਾਂਗ ਝਾਕਿਆ।

-"ਕਿਸੇ ਏਜੰਟ ਨੂੰ ਦੇ ਕੇ ਪੈਸੇ-ਰੂਪ ਨੂੰ ਐਧਰ ਕੱਢ-ਬਾਕੀ ਮੇਰੇ 'ਤੇ ਛੱਡ!"

-"ਅਜੰਟ ਦਾ ਮੈਨੂੰ ਤਾਂ ਕੋਈ ਪਤਾ ਨ੍ਹੀ-ਕਿਹੜਾ ਕਦੇ ਵਾਹ ਪਿਐ?"

-"ਇਹ ਕੰਮ ਵੀ ਮੈਨੂੰ ਈ ਕਰਨਾ ਪਊ?"

-"ਦੇਖ ਕੁੜੀਏ! ਤੈਨੂੰ ਇੱਕ ਆਰੀ ਈ ਆਖ ਦਿੱਤਾ ਕਿ ਤੇਰਾ ਅੱਗਾ ਤੇ ਸਾਡਾ ਪਿੱਛਾ ਐ-ਤੂੰ ਪੰਜ ਕਰ ਪੰਜਾਹ ਕਰ-ਤੇਰਾ ਕਦੇ ਆਖਾ ਮੋੜਿਐ?"

-"ਮੈਂ ਥੋਡਾ ਕਦੇ ਮਾੜਾ ਕਰਨਾ ਤਾਂ ਕੀ ਸੀ-ਮਾੜਾ ਸੋਚਿਆ ਵੀ ਨਹੀਂ-ਮੈਂ ਤਾਂ ਥੋਡੇ ਭਲੇ ਨੂੰ ਈ ਆਖਦੀ ਐਂ!"

-"ਤਾਹੀਂ ਤਾਂ ਤੇਰੇ ਪੈਰ ਧੋ-ਧੋ ਕੇ ਪੀਨੇ ਆਂ?"

ਉਹ ਅੱਧੀ ਰਾਤ ਤੱਕ ਦਾਰੂ ਪੀਂਦਾ ਰਿਹਾ।

ਸਕੀਮਾਂ ਉਲੀਕੀਆਂ ਜਾਂਦੀਆਂ ਰਹੀਆਂ।

# ਕਾਂਡ 12

ਜਦੋਂ ਦੀ ਜੋਗਿੰਦਰ ਦੀ ਬੇਬੇ ਗਈ ਸੀ। ਉਦੋਂ ਤੋਂ ਉਸ ਦਾ ਚੱਜ ਨਾਲ ਫ਼ੋਨ ਨਹੀਂ ਆਇਆ ਸੀ। ਜੇ ਜੋਗਿੰਦਰ ਫ਼ੋਨ ਕਰਦਾ ਤਾਂ ਆਖ ਦਿੰਦੀ, "ਚਿੱਤ ਜਿਆ ਢਿੱਲੈ ਪੁੱਤ!" ਪਰ ਇਸ ਤੋਂ ਵੱਧ ਉਹ ਕੋਈ ਗੱਲ ਨਾ ਕਰਦੀ। ਕਦੇ ਮੌਸਮ ਜਾਂ ਪਾਣੀ ਬਦਲਣ ਦਾ ਕਾਰਨ ਜ਼ਾਹਿਰ ਕਰਦੀ। ਪਰ ਦਿਲੀ ਗੱਲ ਨਾ ਦੱਸਦੀ। ਚੁੱਪ ਹੀ ਰਹਿੰਦੀ।

ਜੋਗਿੰਦਰ ਨੇ ਪ੍ਰੀਤ ਨੂੰ, ਬੇਬੇ ਨੂੰ ਫ਼ੋਨ ਕਰਨ ਲਈ ਆਖਿਆ। ਉਸ ਨੇ ਇਹ ਵੀ ਕਿਹਾ ਕਿ ਉਹ ਕਾਰਨ ਲੱਭੇ, ਕਿ ਬੇਬੇ ਇਤਨੀ ਚੁੱਪ ਜਿਹੀ ਕਿਉਂ ਕਰ ਗਈ ਸੀ? ਕਾਰਨ ਦਾ ਜੋਗਿੰਦਰ ਨੂੰ ਪਤਾ ਨਾ ਲੱਗਦਾ। ਉਹ ਹਨ੍ਹੇਰੇ ਵਿਚ ਹੱਥ ਜਿਹੇ ਮਾਰਦਾ ਰਹਿੰਦਾ। ਪਰ ਕੁਝ ਪੱਲੇ ਨਾ ਪੈਂਦਾ ਦੇਖ ਕੇ ਚੁੱਪ ਚਾਪ ਦਾਰੂ ਪੀਣ ਬੈਠ ਜਾਂਦਾ। ਬੇਬੇ ਦੀ ਚੁੱਪ ਦਾ ਉਸ ਨੂੰ ਅਤੀ-ਅੰਤ ਦੁੱਖ ਸੀ। ਮੰਗਵਾਈ ਬੇਬੇ ਇੱਥੇ ਸੁਖ ਦੇਣ ਨੂੰ ਸੀ, ਪਰ ਬੇਬੇ ਤਾਂ ਗੁੰਮ-ਸੁੰਮ ਜਿਹੀ ਹੋ ਕੇ ਤੁਰ ਗਈ ਸੀ।

ਪ੍ਰੀਤ ਨੇ ਤੇਜ ਕੌਰ ਨੂੰ ਫ਼ੋਨ ਕੀਤਾ।

ਪਰ ਉਸ ਨੇ ਪ੍ਰੀਤ ਨੂੰ ਵੀ ਕੋਈ ਲੜ-ਪੱਲਾ ਨਹੀਂ ਫੜਾਇਆ ਸੀ।

ਉਹੀ, ਪਹਿਲਾਂ ਵਾਲੀਆਂ ਗੱਲਾਂ ਹੀ ਦੁਹਰਾ ਦਿੱਤੀਆਂ ਸਨ।

ਪਰ ਪ੍ਰੀਤ ਨੂੰ ਸ਼ੱਕ ਹੀ ਨਹੀਂ, ਯਕੀਨ ਸੀ ਕਿ ਜਰੂਰ ਸਰਬਜੀਤ ਨੇ ਨਾਨੀ ਨੂੰ ਕੋਈ ਗੱਲ ਕਹੀ ਸੀ। ਪਰ ਦਿਲਪ੍ਰੀਤ ਵਾਲੀ ਗੱਲ ਦੱਸੀ ਹੋਵੇਗੀ? ਇਹ ਗੱਲ ਉਸ ਦਾ ਦਿਲ ਨਹੀਂ ਮੰਨਦਾ ਸੀ। ਕੋਈ ਔਰਤ ਇਤਨੀ 'ਗਿਰੀ' ਹੋਵੇਗੀ ਕਿ ਆਪਣੇ 'ਨਜਾਇਜ਼' ਬੱਚੇ ਬਾਰੇ ਦੱਸੇ? ਇਹ ਕਦੇ ਹੋ ਹੀ ਨਹੀਂ ਸਕਦਾ ਸੀ! ਸਰਬਜੀਤ ਔਲਾਦ ਖਾਤਰ ਜਰੂਰ ਇਖ਼ਲਾਕ ਤੋਂ ਡਿੱਗ ਸਕਦੀ ਹੈ, ਪਰ ਹੋਕਾ ਦੇ ਕੇ ਇਹ ਨਹੀਂ ਕਹਿ ਸਕਦੀ ਕਿ ਇਹ 'ਚੋਰੀ' ਦਾ ਮਾਲ ਹੈ! ਇਸ ਤੋਂ ਇਲਾਵਾ ਆਪਣੀ ਸਕੀ ਸੱਸ ਨੂੰ ਤਾਂ ਕਿਸੇ ਕੀਮਤ 'ਤੇ ਵੀ ਨਹੀਂ ਦੱਸ ਸਕਦੀ। ਕਈ ਵਾਰ ਉਸ ਦਾ ਮਨ ਬਣਿਆਂ ਕਿ ਇਸ ਮਾਮਲੇ ਬਾਰੇ ਸਰਬਜੀਤ ਨਾਲ ਗੱਲ ਕੀਤੀ ਜਾਵੇ? ਪਰ ਪ੍ਰੀਤ ਦਾ ਦਿਲ ਡਰ ਜਾਂਦਾ।

ਪ੍ਰੀਤ ਨੇ ਜੋਗਿੰਦਰ ਨੂੰ ਦੱਸ ਦਿੱਤਾ ਕਿ ਨਾਨੀ ਨੇ ਉਸ ਨੂੰ ਵੀ ਕੁਝ ਨਹੀਂ ਦੱਸਿਆ ਸੀ।

ਇੱਕ ਦਿਨ ਜੋਗਿੰਦਰ ਇਕੱਲਾ ਪ੍ਰੀਤ ਕੋਲ ਗਿਆ।

-"ਕੀ ਸੋਚੀਏ? ਬੇਬੇ ਤਾਂ ਜਦੋਂ ਦੀ ਗਈ ਐ-ਗੱਲ ਈ ਨਹੀਂ ਕਰਦੀ!" ਜੋਗਿੰਦਰ ਪਿੱਟਣ ਵਾਲਾ ਹੋਇਆ ਪਿਆ ਸੀ। ਉਸ ਨੂੰ ਬੇਬੇ ਦਾ ਇੱਕ ਦਮ ਚੁੱਪ ਕਰ ਜਾਣਾ ਧੁਰੋਂ ਪਰੇਸ਼ਾਨ ਕਰਦਾ ਸੀ।

-"ਮਾਮਾ ਜੀ-ਕੋਈ ਸਮਝ ਜੀ ਨ੍ਹੀ ਲੱਗਦੀ!" ਪ੍ਰੀਤ ਨੇ ਵੀ ਹਨ੍ਹੇਰੇ ਵਿਚ ਦਿਮਾਗ ਫੇਰਿਆ।

-"ਤੇਰਾ ਮਨ ਕੀ ਕਹਿੰਦੈ ਬਈ ਸਰਬਜੀਤ ਨੇ ਕੁਛ ਕਿਹਾ ਹੋਊ?"

-"ਰੱਬ ਜਾਣੇਂ! ਪਰ ਉਹਨਾਂ ਨੇ ਕੀ ਕਹਿਣਾ ਸੀ?"

-"ਇਹ ਟੱਬਰ ਬੜਾ ਭੈਣ ਚੋਦ ਐ ਪ੍ਰੀਤ, ਤੇ ਬੇਬੇ ਹੈਗੀ ਐ ਕੂੰਨੀ-ਕੀ ਐ ਕੁਛ ਆਖਤਾ ਹੋਵੇ?"

-"-----।" ਪ੍ਰੀਤ ਚੁੱਪ ਸੀ।

-"ਬੇਬੇ ਬੁਲਾਈ ਕਿਸ ਕੰਮ ਨੂੰ ਸੀ? ਤੇ ਮੈਨੂੰ ਮੈਦ ਐ, ਆਪਾਂ ਹੋਰ ਦੁਖੀ ਕਰ ਕੇ ਤੋਰਤੀ।"

ਪ੍ਰੀਤ ਨਾ ਬੋਲਿਆ।

ਦਿਨ ਢਲੇ ਜਿਹੇ ਜੋਗਿੰਦਰ ਚਲਾ ਗਿਆ।

ਉਸ ਨੇ ਸਰਬਜੀਤ ਤੋਂ ਕੁਝ ਪੁੱਛਣ ਦਾ ਮਨ ਬਣਾਇਆ। ਪਰ ਕਿਸੇ ਡਰੋਂ ਉਸ ਨੇ ਚੁੱਪ ਵੱਟਣੀ ਹੀ ਬਿਹਤਰ ਸਮਝੀ। ਜੇ ਕੋਈ ਗੱਲ ਨਾ ਹੋਈ, ਤਾਂ ਵਾਧੂ ਘਰੇ ਕਲੇਸ਼ ਪਾਉਣ ਵਾਲੀ ਗੱਲ ਸੀ। ਬਿਨਾ ਕਿਸੇ ਗੱਲੋਂ ਕਿਸੇ

'ਤੇ ਕਾਹਤੋਂ ਦੂਸ਼ਣ ਲਾਉਣਾ ਸੀ? ਜੋਗਿੰਦਰ ਨੇ ਸਿਆਣੀ ਗੱਲ ਸੋਚੀ।

ਸਵੇਰੇ ਤਿੰਨ ਕੁ ਵਜੇ ਫ਼ੋਨ ਖੜਕ ਪਿਆ।

ਜੋਗਿੰਦਰ ਨੇ ਹੀ ਚੁੱਕਿਆ।

ਫ਼ੋਨ ਪਿੰਡੋਂ, ਚਾਚੇ ਦੇ ਮੁੰਡੇ ਦਾ ਸੀ।

-"ਹਾਂ, ਐਡੀ ਤੜਕੇ ਫ਼ੋਨ ਕੀਤਾ-ਸੁੱਖ ਐ?" ਜੋਗਿੰਦਰ ਨੇ ਅਧਸੁੱਤੇ ਜਿਹੇ ਨੇ ਪੁੱਛਿਆ। ਵੈਸੇ ਉਸ ਦਾ ਮੱਥਾ ਫ਼ੋਨ ਖੜਕਣ ਵੇਲੇ ਹੀ ਠਣਕਿਆ ਸੀ।

-"ਸੁੱਖ ਕਿੱਥੇ ਬਾਈ ਜੀ? ਤਾਈ ਜੀ ਚੜ੍ਹਾਈ ਕਰ ਗਏ!" ਚਾਚੇ ਦੇ ਮੁੰਡੇ ਨੇ ਦੱਸਿਆ।

-"ਹੈਂ! ਕਦੋਂ?"

-"ਘੰਟਾ ਕੁ ਈ ਹੋਇਐ!"

-"ਯਾਰ ਹੱਦ ਹੋ ਗਈ-ਇੱਥੋਂ ਚੰਗੀ ਭਲੀ ਤਾਂ ਗਈ ਐ-ਗੱਲ ਕੀ ਹੋਈ? ਇਹ ਤਾਂ ਦੱਸ!" ਜੋਗਿੰਦਰ ਦੇ ਦਿਮਾਗ ਵਿਚ ਭੰਮੀਰੀਆਂ ਘੁਕੀ ਜਾ ਰਹੀਆਂ ਸਨ।

-"ਗੱਲ ਬਾਈ ਜੀ ਕੁਛ ਨਹੀ ਹੋਈ-ਮਾੜਾ ਜਿਆ ਵੱਖੀ 'ਚ ਦਰਦ ਹੋਇਆ-ਤੇ ਅਸੀਂ ਚੱਕ ਕੇ ਡਾਕਟਰ ਦੇ ਲੈਗੇ-ਉਹਨੇ ਟੀਕਾ ਲਾਅਤਾ-ਜਦੋਂ ਦਰਦ ਨਾ ਟਿਕਿਆ ਤਾਂ ਡਾਕਟਰ ਕਹਿੰਦਾ ਸ਼ਹਿਰ ਲੈਜੋ-ਅਸੀਂ ਕਾਰ 'ਚ ਪਾ ਕੇ ਸ਼ਹਿਰ ਲੈ ਤੁਰੇ-ਤੇ ਬੱਸ ਦੋ ਕੁ ਕਿਲੋਮੀਟਰ ਈ ਗਏ ਹੋਵਾਂਗੇ-ਸਾਹ ਪੂਰੇ ਹੋਗੇ।" ਮੁੰਡਾ ਬੜਾ ਸੰਖੇਪ ਦੱਸੀ ਜਾ ਰਿਹਾ ਸੀ।

-"ਕੁਛ ਬੋਲੀ ਕਰੀ?" ਜੋਗਿੰਦਰ ਦਾ ਮਨ ਵੈਣ ਪਾਈ ਜਾ ਰਿਹਾ ਸੀ।

-"ਬਾਈ ਜੀ ਬੋਲਣ ਜੋਗਾ ਟੈਮ ਈ ਨਹੀਂ ਸੀ-ਬੱਸ ਮਾੜੀ ਜੀ ਢਿੱਲੀ ਹੋਈ ਤੇ ਬੱਸ----!"

-"ਕੋਈ ਗੱਲ ਵੀ ਨਹੀਂ ਹੋਈ?" ਉਸ ਦਾ ਦਿਮਾਗ ਟਾਈਮਪੀਸ ਵਾਂਗ ਖੜਕੀ ਜਾ ਰਿਹਾ ਸੀ।

-"ਗੱਲ ਬਾਈ ਜੀ ਕੋਈ ਵੀ ਨਹੀਂ ਹੋਈ-ਤੁਸੀਂ ਹੁਣ ਪਹੁੰਚਣ ਦਾ ਜੁਗਾੜ ਕਰੋ-ਸਸਕਾਰ ਥੋਡੇ ਆਇਆਂ ਤੋਂ ਕਰਾਂਗੇ।"

-"-----।"

-"ਕਦੋਂ ਕੁ ਤੱਕ ਪਹੁੰਚ ਸਕਦੇ ਓਂ-ਸਸਕਾਰ ਬਾਰੇ ਸੋਚੀਏ?"

-"ਹੁਣ ਤਿੰਨ ਵੱਜੇ ਐ-ਨੌਂ ਕੁ ਵਜੇ ਈ ਦੱਸ ਸਕਦੈਂ-ਅਜੇ ਤਾਂ ਏਅਰਪੋਰਟ 'ਤੇ ਵੀ ਕੋਈ ਨ੍ਹੀ ਹੋਣਾ-ਟਿਕਟ ਦਾ ਪਤਾ ਕਰਕੇ ਈ ਦੱਸ ਸਕਦੈਂ-ਕਈ ਆਰੀ ਖੜ੍ਹੇ ਪੈਰ ਟਿਕਟ ਨੀ ਮਿਲਦੀ-।"

-"ਬਾਈ ਜੀ ਤੁਸੀਂ ਜਲਦੀ ਪਹੁੰਚੋ-ਸਸਕਾਰ ਥੋਡੇ ਆਇਆਂ ਤੋਂ ਈ ਕਰਾਂਗੇ।"

-"ਮੈਂ ਤੈਨੂੰ ਨੌਂ ਕੁ ਵਜੇ ਫ਼ੋਨ ਕਰੂੰਗਾ-ਹੁਣ ਐਥੇ ਸਵਾ ਤਿੰਨ ਹੋਏ ਐ।"

ਜੋਗਿੰਦਰ ਨੇ ਫ਼ੋਨ ਰੱਖ ਦਿੱਤਾ।

ਉਸ ਦਾ ਦਿਲ ਬੇਬੇ ਦੇ ਗਮ ਵਿਚ ਦੋਫ਼ਾੜ ਹੋਇਆ ਪਿਆ ਸੀ।

ਉਸ ਦਾ ਆਪ ਮੁਹਾਰੇ ਹੀ ਰੋਣ ਨਿਕਲ ਗਿਆ।

ਉਹ ਸੋਫ਼ੇ 'ਤੇ ਬੈਠ ਕੇ ਬੇਬੇ ਨੂੰ ਰੋਣ ਲੱਗ ਪਿਆ। ਕਈ ਦਿਨਾਂ ਦਾ ਨੱਕੋ-ਨੱਕ ਭਰਿਆ ਮਨ ਹੌਲਾ ਕਰਨ ਲੱਗ ਪਿਆ। ਬੇਬੇ ਦੀਆਂ ਕੀਤੀਆਂ ਗੱਲਾਂ ਉਸ ਨੂੰ ਵਾਰ ਵਾਰ ਯਾਦ ਆ ਰਹੀਆਂ ਸਨ।

ਸਰਬਜੀਤ ਉਠ ਕੇ ਆ ਗਈ।

-"ਕੀ ਹੋ ਗਿਆ-?"

-"ਸਰਬਜੀਤ, ਬੇਬੇ ਸੁਰਗਵਾਸ ਹੋਗੀ।" ਉਸ ਨੇ ਮੂੰਹ ਹੱਥਾਂ ਵਿਚ ਲਕੋ ਲਿਆ।

-"-----।" ਸਰਬਜੀਤ ਪੱਥਰ ਬਣੀ ਖੜ੍ਹੀ ਰਹੀ। ਕੁਝ ਨਾ ਬੋਲੀ।

ਸਵੇਰੇ ਸੱਤ ਕੁ ਵਜੇ ਜੋਗਿੰਦਰ ਨੇ ਪ੍ਰੀਤ ਨੂੰ ਟੈਲੀਫ਼ੋਨ ਘੁਮਾਇਆ।

ਸੁਣ ਕੇ ਪ੍ਰੀਤ ਸਤੰਭ ਰਹਿ ਗਿਆ।

ਹੁਣ ਉਸ ਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਸਰਬਜੀਤ ਨੇ ਕੁਝ ਨਾ ਕੁਝ ਨਾਨੀ ਨੂੰ ਜਰੂਰ ਕਿਹਾ ਸੀ, ਜਿਹੜਾ ਉਹ ਬਰਦਾਸ਼ਤ ਨਹੀਂ ਕਰ ਸਕੀ। ਨਹੀਂ ਤਾਂ ਨਾਨੀ ਫ਼ੌਲਾਦੀ ਸਰੀਰ ਸੀ। ਮਾੜੀ ਮੋਟੀ ਬਿਮਾਰੀ ਨੂੰ ਤਾਂ

ਗੌਲਦੀ ਹੀ ਡੱਕਾ ਨਹੀਂ ਸੀ। ਉਸ ਨੇ ਤੇਜ ਕੌਰ ਨੂੰ ਬੰਦਿਆਂ ਵਾਂਗ ਕੰਮ ਕਰਦਿਆਂ ਦੇਖਿਆ ਸੀ। ਦਿਨ ਰਾਤ ਕੰਮ ਵਿਚ ਘੁਕਦੇ ਹੋਏ ਤੱਕਿਆ ਸੀ।

-"ਮੈਂ ਘੰਟੇ ਕੁ 'ਚ ਪਹੁੰਚਿਆ, ਮਾਮਾ ਜੀ! ਥੋਡਾ ਜਾਣ ਦਾ ਕੀ ਪ੍ਰੋਗਰਾਮ ਐਂ?" ਪ੍ਰੀਤ ਨੇ ਪੁੱਛਿਆ।

-"ਟਿਕਟ ਦਾ ਪਤਾ ਕਰਦੈਂ-ਉਨਾਂ ਚਿਰ ਕੁਛ ਨਹੀਂ ਕਹਿ ਸਕਦਾ।" ਜੋਗਿੰਦਰ ਦੇ ਦਿਲ ਅੰਦਰੋਂ ਬੇਬੇ ਦੇ ਵਿਯੋਗ ਵਿਚ ਟੀਸ ਉਠਦੀ ਸੀ। ਬੇਬੇ ਕਾਹਤੋਂ ਐਡੀ ਜਲਦੀ ਚੜ੍ਹਾਈ ਕਰ ਗਈ? ਉਸ ਦੇ ਮਨ ਅੰਦਰ ਤਰ੍ਹਾਂ ਤਰ੍ਹਾਂ ਦੇ ਉਤਰਾਅ-ਚੜ੍ਹਾਅ ਆ, ਜਾ ਰਹੇ ਸਨ।

-"ਤੁਸੀਂ ਪੈਸੇ ਧੇਲੇ ਦਾ ਫਿਕਰ ਨਾ ਕਰਿਓ-ਤੁਸੀਂ ਤਿਆਰੀ ਕਰੋ-ਮੈਂ ਜਿੰਨੀ ਜਲਦੀ ਹੋ ਸਕਿਆ, ਪਹੁੰਚੂੰਗਾ।" ਪ੍ਰੀਤ ਨੇ ਜੋਗਿੰਦਰ ਨੂੰ ਹੌਸਲਾ ਦਿੰਦਿਆਂ ਕਿਹਾ।

-"ਫਿਕਰ ਮੈਨੂੰ ਪੈਸੇ ਦਾ ਨਹੀਂ, ਪ੍ਰੀਤ-ਦੁੱਖ ਜਿਹੜੀ ਗੱਲ ਦਾ ਐ-ਬੱਸ, ਉਸੇ ਦਾ ਈ ਐ।"

ਜੋਗਿੰਦਰ ਨੇ ਫ਼ੋਨ ਰੱਖ ਦਿੱਤਾ।

ਦਿਨ ਚੜ੍ਹਦੇ ਨਾਲ ਹੀ ਪ੍ਰੀਤ ਆ ਗਿਆ।

ਉਸ ਨੇ ਮਾਮੇ ਦੇ ਅੱਗੇ ਨੋਟਾਂ ਦੀ ਢੇਰੀ ਲਾ ਦਿੱਤੀ।

ਜੋਗਿੰਦਰ ਦਾ ਮਨ ਭਰ ਆਇਆ।

-"ਪੈਸਿਆਂ ਵੱਲੋਂ ਮਾਰ ਨਹੀਂ ਖਾਂਦੇ ਪ੍ਰੀਤ-ਬੱਸ----!" ਜੋਗਿੰਦਰ ਦੀਆਂ ਅੱਖਾਂ ਭਰ ਕੇ ਉਛਲ ਗਈਆਂ। ਗਲ ਰੁਕ ਗਿਆ। ਅਵਾਜ਼ ਘਗਿਆ ਗਈ।

ਪ੍ਰੀਤ ਦਾ ਮਨ ਵੀ ਭੈੜਾ ਹੋ ਗਿਆ।

ਪਰ ਸਰਬਜੀਤ ਬਿਲਕੁਲ ਚੁੱਪ ਫਿਰਦੀ ਸੀ।

ਪ੍ਰੀਤ ਦਾ ਦਿਲ ਕੀਤਾ ਕਿ ਸਰਬਜੀਤ ਨੂੰ ਗਿੱਚੀ ਤੋਂ ਫੜ ਕੇ ਕਹੇ ਕਿ ਤੂੰ ਦੁਸ਼ਟੇ ਜੇ ਉਸ ਦਰਵੇਸ਼ ਦੀ ਰੂਹ ਸਤਾਈ ਹੋਈ ਤਾਂ ਜ਼ਿੰਦਗੀ ਵਿਚ ਸੁਖ ਤੂੰ ਵੀ ਨਹੀਂ ਪਾਵੇਂਗੀ। ਸਾਰੀ ਜ਼ਿੰਦਗੀ ਭੁੱਜ ਕੇ ਮਰੇਂਗੀ! ਨਾਨੀ ਇਕ ਦਰਵੇਸ਼ ਹੀ ਤਾਂ ਸੀ! ਰੱਬੀ ਰੂਹ! ਕਦੇ ਕਿਸੇ ਨੂੰ ਚੰਗੀ ਨਹੀਂ, ਮਾੜੀ ਨਹੀਂ! ਉਸ ਦਾ ਆਤਮਾ ਦੁਖਾ ਕੇ ਸੁਖ ਕੀਹਨੇ ਪਾਉਣਾ ਸੀ?

ਖ਼ੈਰ! ਜੋਗਿੰਦਰ ਨੂੰ ਸੀਟ ਮਿਲ ਗਈ।

ਉਹ ਪਿੰਡ ਪਹੁੰਚ ਗਿਆ।

ਚੁੱਪ ਚਾਪ ਬੈਠੀਆਂ ਬੁੜ੍ਹੀਆਂ ਨੇ ਵੈਣ ਫਿਰ ਸ਼ੁਰੂ ਕਰ ਲਏ।

ਜਿਵੇਂ ਪਹਿਲਾਂ ਉਹ ਰੋਣਾ ਭੁੱਲ ਹੀ ਗਈਆਂ ਸਨ।

ਰੋਣਾਂ ਉਹਨਾਂ ਨੂੰ ਜਿਵੇਂ ਜੋਗਿੰਦਰ ਨੇ ਯਾਦ ਕਰਵਾਇਆ ਸੀ।

ਬੇਬੇ ਦੀ ਲਾਸ਼ ਅੱਧੇ ਕੁ ਮੰਜੇ 'ਤੇ ਹੀ ਪਈ ਸੀ। ਬੇਬੇ ਦਾ ਭੋਲਾ ਜਿਹਾ ਮੂੰਹ ਦੇਖ ਕੇ ਜੋਗਿੰਦਰ ਦੇ ਕਾਲਜੇ ਆਰੀ ਫਿਰ ਗਈ। ਉਹ ਬੇਬੇ ਦੀ ਲਾਸ਼ 'ਤੇ ਡਿੱਗ ਕੇ ਦਿਲ ਦਾ ਭਾਰ ਹੌਲਾ ਕਰਨ ਲੱਗ ਪਿਆ। ਬੇਬੇ ਬੇਖ਼ਬਰ, ਬੇਫ਼ਿਕਰ, ਅਹਿਲ ਪਈ ਸੀ। ਸਾਰੀ ਉਮਰ ਚਿੰਤਾ ਕਰੀ ਜਾਣ ਵਾਲੀ ਬੇਬੇ ਅੱਜ ਬੇਫ਼ਿਕਰ ਅਤੇ ਸ਼ਾਂਤ ਪਈ ਸੀ।

-"ਵੇ ਜੋਗਿੰਦਰਾ-ਪੁੱਤ ਇਹ ਤਾਂ ਐਥੋਂ ਚੰਗੀ ਭਲੀ ਗਈ ਸੀ-ਕੀ ਆਖਤਾ ਕਿਸੇ ਨੇ ਇਹਨੂੰ-ਜਿਹੜੀ ਆਉਂਦੀ ਈ ਡਿੱਗਪੀ?" ਕਿਸੇ ਗੁਆਂਢਣ ਨੇ ਜੋਗਿੰਦਰ ਦੀ ਧੁਖਦੀ ਹਿੱਕ 'ਤੇ ਚਾਰ ਕੋਲੇ ਹੋਰ ਸੁੱਟ ਦਿੱਤੇ।

-"ਤਾਈ ਉਥੇ ਇਹਨੂੰ ਕੀਹਨੇ ਕੁਛ ਕਹਿਣਾ ਸੀ? ਢਾਈ ਤਾਂ ਅਸੀਂ ਟੋਟਰੂ ਆਂ!"

-"ਪੁੱਤ! ਬੰਦਾ ਐਡੀ ਛੇਤੀ ਐਵੇਂ ਤਾਂ ਨਹੀਂ ਜੱਗੋਂ ਜਾਂਦਾ-ਕੋਈ ਗੱਲ ਜਰੂਰ ਹੋਈ ਹੋਊ?"

-"ਤਾਈ ਮੈਨੂੰ ਤਾਂ ਕਿਸੇ ਗੱਲ ਦਾ ਪਤਾ ਨਹੀਂ।"

-"ਭਾਈ ਸਤਜੁਗੀ ਬੁੜ੍ਹੀ ਸੀ-ਦਿਲ ਦੀ ਗੱਲ ਤਾਂ ਕਿਸੇ ਨੂੰ ਦੱਸਦੀ ਨ੍ਹੀ ਸੀ-ਚਾਹੇ ਕਿੰਨੀ ਦੁਖੀ ਹੁੰਦੀ।"

-"ਰੱਬ ਭਾਈ ਉਹਦੀ ਆਤਮਾ ਨੂੰ ਸ਼ਾਂਤੀ ਦੇਵੇ।" ਕਿਸੇ ਦੂਜੀ ਨੇ ਕਿਹਾ।

ਜਿਹੜੀ ਜੋਗਿੰਦਰ ਦੇ ਆਪਣੇ ਮਨ ਵਿਚ ਸ਼ੱਕ ਦੀ ਸੂਈ ਸੀ, ਉਹ ਤਾਂ ਲੋਕ ਵੀ ਮੂੰਹੋਂ ਮੂੰਹ ਆਖੀ ਜਾ ਰਹੇ ਸਨ? ਦੁਨੀਆਂ ਝੂਠੀ ਨਹੀਂ ਹੁੰਦੀ ਜੋਗਿੰਦਰ ਸਿਆਂ! ਜੇ ਕੋਈ ਗੱਲ ਹੋਈ, ਤਾਂ ਹੀ ਦੁਨੀਆਂ ਨੇ ਫੜੀ? ਸਰਬਜੀਤ ਨੇ ਬੇਬੇ ਨੂੰ ਜ਼ਰੂਰ ਕੁਛ ਆਖਿਆ ਹੋਊ? ਉਸ ਦੇ ਮਨ ਨੇ ਸ਼ੱਕ ਕੀਤੀ। ਪਰ ਕੀ? ਅਜਿਹੀ ਕਿਹੜੀ ਗੱਲ ਸਰਬਜੀਤ

ਬੇਬੇ ਨੂੰ ਆਖ ਸਕਦੀ ਸੀ? ਜਿਹੜੀ ਬੇਬੇ ਤੋਂ ਸਹਾਰੀ ਨਾ ਗਈ, ਤੇ ਬੇਬੇ ਚਾਲੇ ਪਾ ਗਈ?

-"ਸਾਸਰੀਕਾਲ ਪ੍ਰਾਹੁਣਿਆਂ!" ਸਰਬਜੀਤ ਦਾ ਭਰਾ ਬਿੱਲੂ ਬੈਠਣ ਆਇਆ ਸੀ। ਬਿੱਲੂ ਉਸ ਨੂੰ 'ਭੂਤ' ਵਰਗਾ ਲੱਗਿਆ। ਉਸ ਦਾ ਚਿੱਤ ਕੀਤਾ, ਬਿੱਲੂ ਦੇ ਲਫ਼ੇੜਾ ਕੱਢ ਮਾਰੇ। ਪਰ ਸਮਾਂ ਕਸੂਤਾ ਸੀ। ਉਸ ਨੇ 'ਸਾਸਰੀਕਾਲ' ਕਬੂਲ ਕਰ ਲਈ।

-"ਬੜੀ ਮਾੜੀ ਗੱਲ ਹੋਈ-ਮੈਨੂੰ ਤਾਂ ਜਦੋਂ ਪਤਾ ਲੱਗਿਆ, ਐਧਰ ਨੂੰ ਤੁਰ ਪਿਆ।" ਬਿੱਲੂ ਦਾ ਖੱਖਰ ਖਾਧਾ ਜਿਹਾ ਮੂੰਹ ਜੋਗਿੰਦਰ ਨੂੰ ਬੜਾ ਹੀ ਭੈੜਾ ਜਾਪਿਆ।

ਉਹ ਪਰਾਂਹ ਨੂੰ ਤੁਰ ਗਿਆ।

-"ਬਾਈ ਸਸਕਾਰ ਦੀ ਤਿਆਰੀ ਐ।" ਚਾਚੇ ਦੇ ਮੁੰਡੇ ਨੇ ਆ ਕੇ ਕਿਹਾ।

ਸਸਕਾਰ ਹੋ ਗਿਆ।

ਬੇਬੇ ਨਵਿੱਰਤ ਆਖੰਡ ਪਾਠ ਰਖਵਾ ਕੇ ਭੋਗ ਪਾ ਦਿੱਤਾ ਗਿਆ।

-"ਪੁੱਤ, ਮਿਲ ਗਿਲ ਜਾਇਆ ਕਰੋ-ਮੇਲੇ ਗੇਲੇ ਈ ਰਹਿ ਜਾਂਦੇ ਐ, ਸ਼ੇਰਾ-ਉਹ ਤਾਂ ਤੁਰਨ ਆਲੀ ਵਿਚਾਰੀ ਤੁਰ ਗਈ!" ਗੁਆਂਢਣ ਨੇ ਆ ਕੇ ਫਿਰ ਆਖਿਆ।

-"ਬੇਬੇ ਨਾਲ ਈ ਆਹ ਪਿੰਡ ਵਸਦਾ ਸੀ ਤਾਈ-ਹੁਣ ਕੀਹਦੇ ਕੋਲੇ ਆਉਣੈਂ?" ਜੋਗਿੰਦਰ ਨੇ ਬੇਬੇ ਦੀ ਚਿਤਾ ਵਾਂਗ ਧੁਖਦਾ ਹਾਉਕਾ ਲਿਆ।

-"ਪੁੱਤ ਫੇਰ ਵੀ ਆਬਦਾ ਪਿੰਡ ਐ-ਆਂਢ ਗੁਆਂਢ ਸੁੱਖ ਨਾਲ ਵਸਦੈ-ਆਬਦਾ ਪਿੰਡ ਥੋੜ੍ਹੋ ਛੱਡਿਆ ਜਾਂਦੈ?"

ਜੋਗਿੰਦਰ ਚੁੱਪ ਚਾਪ ਤੁਰ ਆਇਆ ਸੀ।

ਬੇਬੇ ਦੇ ਵਿਛੋੜੇ ਦਾ ਦਰਦ, ਹਿੱਕ ਵਿਚ ਦਫ਼ਨ ਕਰੀ।

ਬਿੱਲੂ ਉਸ ਦੇ ਆਲੇ ਦੁਆਲੇ ਪੂਛ ਮਾਰਦਾ ਰਿਹਾ ਸੀ। ਸ਼ਾਇਦ ਮੰਗਵਾਉਣ ਲਈ ਬਾਤ ਪਾਉਣ ਨੂੰ ਫਿਰਦਾ ਸੀ। ਪਰ ਜੋਗਿੰਦਰ ਨੂੰ ਸਰਬਜੀਤ ਕੇ ਸਾਰੇ ਟੱਬਰ ਤੋਂ ਹੀ ਨਫ਼ਰਤ ਜਾਗ ਪਈ ਸੀ। ਜਿਹਨਾਂ ਨੇ ਉਸ ਦੀ ਭਲੀਮਾਣਸ ਬੇਬੇ ਖਾ ਲਈ ਸੀ। ਕਿਸੇ ਨੂੰ ਮੰਦਾ ਚੰਗਾ ਨਾ ਆਖਣ ਵਾਲੀ ਬੇਬੇ ਨਾਲ ਪਤਾ ਨਹੀਂ ਕਿਹੜੀ ਖੁੰਧਕ ਕੱਢੀ ਸੀ?

ਜਹਾਜ ਵਿਚ ਬੈਠੇ ਜੋਗਿੰਦਰ ਦੇ ਪਤਾ ਨਹੀਂ ਮਨ ਵਿਚ ਕੀ-ਕੀ ਆਉਂਦਾ ਰਿਹਾ ਸੀ?

ਪਰ ਦਿਲ ਉਸ ਦਾ ਪੁੱਛਿਆ ਹੀ ਜਾਣਦਾ ਸੀ।

## ਕਾਂਡ 13

ਗਿੰਦਰ ਦੇ ਘਰੇ ਭੂਚਾਲ ਪਿਆ ਹੋਇਆ ਸੀ।

ਬਲਬੀਰ ਵੀ ਪੁਸ਼ਪਿੰਦਰ ਨੂੰ ਮੂੰਹ ਨਹੀਂ ਬੋਲਦਾ ਸੀ। ਭੂਤਰੇ ਬਲਬੀਰ ਨੇ ਰਤੀ-ਭਰ ਬੱਚੀ ਦੇ ਵੀ ਚਪੇੜਾਂ ਮਾਰ ਧਰੀਆਂ ਸਨ। ਪੁਸ਼ਪਿੰਦਰ ਦਾ ਕਾਲਜਾ ਲੂਹਿਆ ਗਿਆ ਸੀ। ਉਸ ਨੂੰ ਕੋਈ ਰਸਤਾ ਨਜ਼ਰ ਨਹੀਂ ਆਉਂਦਾ ਸੀ। ਜਿਵੇਂ ਸਾਰਾ ਜੱਗ ਹੀ ਉਸ ਦਾ ਦੁਸ਼ਮਣ ਬਣ ਗਿਆ ਸੀ। ਉਸ ਨੇ ਭੂਆ ਬਚਨੋਂ ਨੂੰ ਫ਼ੋਨ ਕੀਤਾ। ਉਹ ਇੱਟ ਵਾਂਗ ਆ ਵੱਜੀ।

-"ਭੂਆ ਜੀ-ਹੁਣ ਤਾਂ ਇਹ ਮੇਰੀ ਧੀ ਨੂੰ ਵੀ ਕੁੱਟਣ ਲੱਗ ਪਏ-ਮੈਨੂੰ ਇਹ ਨਹੀਂ ਸਮਝ ਆਉਂਦੀ ਬਈ ਇਹ ਆਹ ਕੰਜਰਖਾਨਾ ਕਰਦੇ ਕਿਉਂ ਐਂ?" ਅੱਕੀ ਪੁਸ਼ਪਿੰਦਰ ਨੇ ਭੂਆ ਨੂੰ ਸਿੱਧੀਆਂ ਹੀ ਸੁਣਾ ਦਿੱਤੀਆਂ। ਹੁਣ

ਤਸ਼ੱਦਦ ਦੀ ਅੱਤ ਹੋ ਗਈ ਸੀ। ਉਸ ਲਈ ਦਿਲ ਵਿਚ ਸਾਂਭਣਾਂ ਮੁਸ਼ਕਿਲ ਸੀ। ਉਹ ਹਰ ਚੀਜ਼ ਜਰ ਸਕਦੀ ਸੀ। ਪਰ ਆਪਣੀ ਧੀ ਨੂੰ ਕੁੱਟਿਆ ਜਾਂਦਾ ਨਹੀਂ ਦੇਖ ਸਕਦੀ ਸੀ। ਉਹ ਫਿਰ ਵੀ ਯੂਰਪ ਵਿਚ ਵਸਦੀ ਸੀ, ਕਿਹੜਾ ਇੰਡੀਆ ਸੀ? ਬਈ ਇੱਥੇ ਉਸ ਦੀ ਗੱਲ ਕਿਸੇ ਨੇ ਸੁਣਨੀ ਨਹੀਂ ਸੀ? ਇੱਥੇ ਉਹ ਗੱਲ ਤਾਂ ਹੈ ਨਹੀਂ ਸੀ ਕਿ ਪੰਚਾਇਤ ਇਕੱਠੀ ਹੋਈ ਅਤੇ "ਕੋਈ ਨਾ ਭਾਈ-ਕੋਈ ਨਾ ਭਾਈ" ਕਰਕੇ ਤੁਰਦੀ ਬਣੀ। ਇੱਥੇ ਤਾਂ ਸਰਕਾਰ ਦੁੱਧੋਂ ਪਾਣੀ ਛਾਣ ਧਰਦੀ ਹੈ। ਸਤਾਈ ਹੋਈ ਪਿੰਦਰ ਬਹੁਤ ਕੁਝ ਸੋਚੀ ਜਾ ਰਹੀ ਸੀ!

-"ਪੁੱਤ ਪਿੰਦਰ! ਜਿਹੜਾ ਕੁਛ ਕਹਿੰਦੇ ਐ-ਉਹ ਕਰਲਾ ਫੇਰ-ਤੂੰ ਆਬਦੇ ਵਸਣ ਦਾ ਵਸੀਲਾ ਕਰ!" ਭੂਆ ਨੇ ਆਪਣੇ ਵੱਲੋਂ ਨਿਰਣਾ ਦਿੱਤਾ। ਇਹੋ ਕੁਝ ਤਾਂ ਉਹ ਕਹਿਣਾ ਚਾਹੁੰਦੀ ਸੀ। ਜਿਹੜਾ ਪਿੰਦਰ ਨੇ ਉਸ ਕੋਲੋਂ ਆਪ ਕਹਾ ਲਿਆ ਸੀ। ਉਸ ਨੇ ਵਸੇਬੇ ਦਾ ਵੇਰਵਾ ਪਾ ਕੇ ਇੱਕ ਤਰ੍ਹਾਂ ਨਾਲ ਉਸ ਨੂੰ ਡਰਾਇਆ।

ਅਸਲ ਵਿਚ ਗਿੰਦਰ ਨੇ ਆਪਣਾ ਵੱਡਾ ਮੁੰਡਾ ਰੁਪਿੰਦਰ ਏਜੰਟ ਨੂੰ ਸਾਢੇ ਪੰਜ ਲੱਖ ਰੁਪਏ ਦੇ ਕੇ ਤੁਰਕੀ, ਬੁਲਗਾਰੀਆ ਅਤੇ ਸਲਵਾਕ ਵਿਚ ਦੀ, ਆਸਟਰੀਆ ਵਾੜ ਲਿਆ ਸੀ। ਏਜੰਟ ਦਾ ਪ੍ਰਬੰਧ ਭੂਆ ਦੇ ਕਿਸੇ ਜਾਣਕਾਰ ਨੇ ਕਰ ਕੇ ਦਿੱਤਾ ਸੀ। ਹੁਣ ਸਾਰਾ ਟੱਬਰ ਪੁਸ਼ਪਿੰਦਰ 'ਤੇ ਦਬਾ ਪਾ ਰਿਹਾ ਸੀ ਕਿ ਪਿੰਦਰ ਬਲਬੀਰ ਨੂੰ ਕਾਗਜ਼ੀ-ਤਲਾਕ ਦੇਵੇ ਅਤੇ ਰੁਪਿੰਦਰ ਨਾਲ ਫ਼ਰਜ਼ੀ ਵਿਆਹ ਕਰੇ। ਤਾਂ ਕਿ ਰੁਪਿੰਦਰ ਦੇ ਪੈਰ ਆਸਟਰੀਆ ਵਿਚ ਲੱਗ ਸਕਣ।

-"ਲੋਕਾਂ ਦੀਆਂ ਤਿੰਨ-ਤਿੰਨ ਖਸਮ ਕਰੀ ਫਿਰਦੀਐਂ-ਇਹਨੂੰ ਮੌਤ ਪੈਂਦੀ ਐ?" ਸਹੁਰੇ ਨੇ ਬਚਨ ਕੀਤਾ ਸੀ।

ਪਰ ਰੁਪਿੰਦਰ, ਪੁਸ਼ਪਿੰਦਰ ਨੂੰ ਉਂਜ ਹੀ ਬੜਾ ਭੈੜਾ ਲੱਗਦਾ ਸੀ। ਉਸ ਦੀ ਇੱਕ ਅੱਖ ਵਿਚ 'ਭੈਂਗ' ਸੀ ਅਤੇ ਉਹ ਹਮੇਸ਼ਾ ਪੁਸ਼ਪਿੰਦਰ ਵੱਲ ਕੁਣੱਖਾ ਝਾਕਦਾ ਸੀ। ਉਸ ਦਾ 'ਛਾਂਗਾ' ਹੱਥ ਜਿਵੇਂ ਪੁਸ਼ਪਿੰਦਰ ਨੂੰ ਡਰਾਉਣ ਆਉਂਦਾ। ਉਸ ਨੇ ਕਿਚਨ ਵਿਚ ਵੜਦੇ ਕਰਦੇ ਨੇ ਪੁਸ਼ਪਿੰਦਰ ਦੇ ਚੂੰਢੀਆਂ ਵੀ ਵੱਢੀਆਂ ਸਨ। ਉਹ ਉਸ 'ਤੇ ਆਪਣਾ ਜਮਾਂਦਰੂ 'ਹੱਕ' ਸਮਝਦਾ ਸੀ। ਚਾਹੇ ਪੁਸ਼ਪਿੰਦਰ ਨੇ ਉਸ ਦਾ ਹੱਥ ਕਈ ਵਾਰ ਝਣਕ ਦਿੱਤਾ ਸੀ, ਪਰ ਭੈਂਗੇ ਰੁਪਿੰਦਰ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਸੀ। ਜਦ ਉਸ ਨੇ ਇਸ ਬਾਰੇ ਬਲਬੀਰ ਨਾਲ ਗੱਲ ਕੀਤੀ ਤਾਂ ਉਸ ਨੇ ਇੱਕੋ ਵਿਚ ਹੀ ਨਬੇੜ ਦਿੱਤੀ, "ਫੇਰ ਵੀ ਤੇਰਾ ਜੇਠ ਐ-ਕੋਈ ਨੀ ਤੈਨੂੰ ਗੋਲੀ ਮਾਰਦਾ-ਸਾਲੀ ਗੱਲਾਂ ਇਉਂ ਕਰਦੀ ਐ ਜਿਵੇਂ ਕੁਛ ਦੇਖਿਆ ਈ ਨ੍ਹੀ ਹੁੰਦਾ!"

ਪਰ ਪੁਸ਼ਪਿੰਦਰ ਨੂੰ ਇਹ ਸਾਰਾ ਕੁਝ ਮਨਜ਼ੂਰ ਨਹੀਂ ਸੀ। ਉਹ ਜੇ ਚੁੱਪ ਸੀ ਤਾਂ ਸਿਰਫ਼ ਆਪਣੀ ਧੀ ਕਰਕੇ ਸੀ। ਕਿੱਥੇ ਲੈ ਕੇ ਜਾਵਾਂਗੀ ਆਪਣੀ ਮਾਲੂਕ ਧੀ ਨੂੰ? ਲੋਕ ਕੀ ਕਹਿਣਗੇ? ਕਈ ਗੱਲਾਂ ਸੋਚ ਕੇ ਉਹ ਚੁੱਪ ਵੱਟ ਜਾਂਦੀ। ਪਰ ਉਸ ਦੀ ਇਸ ਚੁੱਪ ਨੂੰ ਬੜਾ ਗਲਤ ਤਰੀਕੇ ਨਾਲ ਲਿਆ ਜਾ ਰਿਹਾ ਸੀ। ਹੁਣ ਪਾਣੀ ਪਿੰਦਰ ਦੇ ਸਿਰ ਉਪਰੋਂ ਦੀ ਵਗਣ ਲੱਗ ਪਿਆ ਸੀ। ਸਬਰ ਦਾ ਪਿਆਲਾ ਭਰ ਕੇ ਉਤੋਂ ਦੀ ਡੁੱਲ੍ਹਣ ਲੱਗ ਪਿਆ ਸੀ।

-"ਭੂਆ ਜੀ, ਤੁਸੀਂ ਪੁੱਛ ਤਾਂ ਲਵੋ ਬਈ ਇਹੇ ਕਹਿੰਦੇ ਕੀ ਐ?" ਪੁਸ਼ਪਿੰਦਰ ਕਰੋਧ ਵਿਚ ਬੋਲੀ।

-"ਕੀ ਕਹਿੰਦੇ ਐ?"

-"ਕਹਿੰਦੇ ਐ, ਬਈ ਮੈਂ ਐਸ ਟੀਰੇ ਜੇ ਨਾਲ ਸੈੱਟ ਕਰਨ ਵਾਸਤੇ ਵਿਆਹ ਕਰਵਾਵਾਂ ਤੇ ਬ੍ਹੀਰੇ ਨੂੰ ਦੇਵਾਂ ਕਾਗਜੀ ਤਲਾਕ-ਮੈਥੋਂ ਨ੍ਹੀ ਜੀਓ ਜੀਅ ਦੀਆਂ ਲਾਲ੍ਹਾਂ ਚੱਟ ਹੋਣੀਆਂ-ਹੋਰ ਤਾਂ ਹੋਰ, ਮੇਰੇ 'ਤੇ ਤਾਂ ਮੇਰਾ ਸਹੁਰਾ ਕੰਜਰ ਵੀ ਪਾਣੀਂ ਕੱਢਣ ਨੂੰ ਫਿਰਦੈ-ਹੋਰ ਮੈਂ ਕੀ-ਕੀ ਦੱਸਾਂ? ਇਹ ਵੀ ਮੇਰੇ ਪਿੱਛੇ ਬੜੇ ਕੱਟੇ ਵੱਛੇ ਬੰਨ੍ਹਦਾ ਫਿਰਦੈ-ਮੈਂ ਤਾਂ ਜੀਓ ਜੀਅ ਤੋਂ ਆਬਦੀ ਇੱਜ਼ਤ ਬਚਾਉਂਦੀ ਫਿਰਦੀ ਐਂ---! ਹੋਰ ਦੱਸ? ਹੋਰ ਸੁਣਨੀਐਂ ਸੱਚੀਆਂ ਹੁਣ ਮੈਥੋਂ? ਜੇ ਸੁਣਨੀਐਂ ਹੋਰ ਸੁਣਾ ਦਿੰਨੀ ਆਂ---! ਅੰਮ੍ਰਿਤ ਛੱਕ ਕੇ ਇਹ ਦਾਰੂ ਮੀਟ ਡੱਫਦੈ-ਇਹਨੇ ਤਾਂ ਗੁਰੂ ਨੂੰ ਨਹੀਂ ਬਖਸ਼ਿਆ-ਮੈਨੂੰ ਗਰੀਬ ਮਹਾਤੜ ਨੂੰ ਇਹ ਜਮਦੂਤ ਕੀ ਬਖਸ਼ੂ?"

-"ਕੁੜੀਏ ਤੂੰ ਬੋਲਦੀ ਕਿਵੇਂ ਐਂ?" ਗਿੰਦਰ ਕਰੋਧ ਵਿਚ ਦਧਨ ਹੋ ਗਿਆ। ਸੱਚੀਆਂ ਗੱਲਾਂ ਕਪਾਲ ਵਿਚ ਹੀ ਤਾਂ ਵੱਜੀਆਂ ਸਨ! ਇੱਟ ਵਾਂਗ!!

-"ਹੈਂਅ! ਜਿੰਨਾਂ ਪਿਆਰ ਸਤਿਕਾਰ ਨਾਲ ਗੱਲ ਕਰਦੇ ਐਂ-ਉਨਾਂ ਈ ਉਤੇ ਚੜ੍ਹਦੀ ਐ।" ਮੁਕੰਦ ਕੌਰ ਬੋਲੀ।

-"ਤੇਰੇ ਵਰਗੀਆਂ ਦੀ ਤਾਂ ਅਸੀਂ ਲੈਨ ਲਾ ਦੀਏ!" ਰੁਪਿੰਦਰ ਦਾ ਭੈਂਗ ਘੁਕਿਆ। ਛਾਂਗਾ ਹੱਥ ਉਸ ਨੇ ਪਸਤੌਲ ਵਾਂਗ 'ਸਿੰਨ੍ਹ' ਲਿਆ ਸੀ।

-"ਉਦੋਂ ਕਿੱਥੇ ਗਏ ਸੀ ਤੁਸੀਂ-ਜਦੋਂ ਥੋਡੇ ਬ੍ਰੀਰੇ ਨੂੰ ਡਿਪੋਰਟੇਸ਼ਨ ਦੇ ਹੁਕਮ ਆ ਗਏ ਸੀ? ਉਦੋਂ ਤਾਂ ਤੁਸੀਂ ਮੇਰੇ ਭਰਾ ਭਰਜਾਈ ਦਾ ਵਿਹੜਾ ਨੀਂਵਾਂ ਕਰਤਾ ਸੀ-ਹੁਣ ਥੋਨੂੰ ਸਾਰੇ ਟੱਬਰ ਨੂੰ ਆਉਣ ਲੱਗ ਪਈਆਂ ਬਾਤਾਂ!"

-"ਮੂੰਹ ਸੰਭਾਲ ਕੇ ਗੱਲ ਕਰ! ਕੁੱਤੀ ਕਿਸੇ ਥਾਂ ਦੀ!" ਗਿੰਦਰ ਬੋਲਿਆ।

-"ਕੁੱਤੀ ਹੋਊਗੀ, ਤੇਰੀ ਮਾਂ! ਤੇਰੀ ਧੀ! ਤੇ ਤੇਰੀ ਆਹਾ, ਭੈਣ-ਜਿਹੜੇ ਦੁਨੀਆਂ ਭਰ ਦੇ ਗੰਦ ਓਂ!"

ਬਲਬੀਰ ਨੇ ਪੁਸ਼ਪਿੰਦਰ ਨੂੰ ਬੱਕਰੇ ਵਾਂਗ ਢਾਹ ਲਿਆ।

ਧੱਫ਼ਿਆਂ-ਮੁੱਕੀਆਂ ਨਾਲ ਉਸ ਨੂੰ ਮਧੋਲ ਦਿੱਤਾ।

ਪਰ ਉਹ ਰੌਲੇ ਰੱਪੇ ਵਿਚ ਖਿੱਚਦੀ ਧੂੰਹਦੀ, ਕਿਵੇਂ ਨਾ ਕਿਵੇਂ ਆਪਣੀ ਕੁੜੀ ਚੁੱਕ ਕੇ, ਦਰਵਾਜਿਓਂ ਬਾਹਰ ਆ ਡਿੱਗੀ। ਗਿੰਦਰ ਅਤੇ ਬਲਬੀਰ ਉਸ ਨੂੰ ਕੁੱਟਣ ਮਗਰ ਆਏ। ਪੁਸ਼ਪਿੰਦਰ ਸੜਕ 'ਤੇ ਪਈ ਰੋਈ, ਬਿਲਕੀ ਜਾ ਰਹੀ ਸੀ। ਨਿੱਕੀ ਜਿਹੀ ਕੁੜੀ ਦੀਆਂ ਚੰਘਿਆੜ੍ਹਾਂ ਉਸ ਤੋਂ ਵੀ ਉੱਚੀਆਂ ਸਨ।

ਕਿਸੇ ਬਜੁਰਗ ਗੋਰੇ ਨੇ ਉਹਨਾਂ ਨੂੰ ਦੇਖ ਲਿਆ।

-"ਹੇ ਯੰਗ ਮੈਨ! ਵਾਏ ਆਰ ਯੂ ਬੀਟਿੰਗ ਹਰ?" ਉਹ ਗੋਰਾ ਬਜੁਰਗ ਚੀਕਿਆ।

-"ਫ਼ੱਕ ਆਫ਼, ਯੂ ਬਲੱਡੀ ਓਲਡ ਮੈਨ! ਮਾਈਂਡ ਯੂਅਰ ਓਨ ਬਿਜ਼ਨਿੱਸ! ਡੋਂਟ ਇੰਟਰਫ਼ੀਅਰ!" ਬਲਬੀਰ ਚਿੱਲਾਇਆ।

ਉਸ ਗੋਰੇ ਬਜ਼ੁਰਗ ਨੇ ਪੁਲੀਸ ਨੂੰ ਫ਼ੋਨ ਕਰ ਦਿੱਤਾ।

ਰੌਲਾ ਪੈਣ 'ਤੇ ਉੱਥੇ ਗੋਰਿਆਂ ਦਾ ਕਾਫ਼ੀ ਇਕੱਠ ਬੱਝ ਗਿਆ ਸੀ।

-"ਮੈਡ ਇੰਡੀਅਨ!" ਖੜ੍ਹੇ ਗੋਰੇ ਸਮੁੱਚੇ ਦੇਸੀ ਭਾਈਚਾਰੇ ਨੂੰ ਬੁਰਾ ਭਲਾ ਆਖ ਰਹੇ ਸਨ। ਗਲਤੀ ਇੱਕ ਪ੍ਰੀਵਾਰ ਨੇ ਕੀਤੀ ਸੀ ਅਤੇ ਖ਼ਮਿਆਜ਼ਾ ਸਾਰਾ ਭਾਈਚਾਰਾ ਭੁਗਤ ਰਿਹਾ ਸੀ।

ਪੁਲੀਸ ਦੀਆਂ ਗੱਡੀਆਂ, ਐਂਬੂਲੈਂਸਾਂ ਜਿੰਨ ਵਾਂਗ ਆ ਖੜ੍ਹੀਆਂ। ਮਗਰੇ ਹੀ 'ਪ੍ਰੈੱਸ' ਦੀਆਂ ਗੱਡੀਆਂ ਆ ਗਈਆਂ ਸਨ। ਟੀ। ਵੀ। ਵਾਲੇ ਗੁਆਂਢੀਆਂ ਦੀ ਇੰਟਰਵਿਊ ਲੈ ਰਹੇ ਸਨ। ਗੁਆਂਢੀ ਬੋਲ ਕਬੋਲ ਸਾਰੇ ਇੰਡੀਅਨ ਭਾਈਚਾਰੇ ਨੂੰ ਕਰ ਰਹੇ ਸਨ। "ਨੈਰੋ-ਮਾਈਂਡਿੱਡ" ਪਤਾ ਨਹੀਂ ਕੀ ਕੀ ਬੋਲ ਰਹੇ ਸਨ।

ਛੋਟੀ ਬੱਚੀ ਅਤੇ ਪੁਸ਼ਪਿੰਦਰ ਨੂੰ "ਫ਼ਸਟ-ਏਡ" ਦੇ ਕੇ ਐਂਬੂਲੈਂਸ ਵਿਚ ਪਾ ਲਿਆ।

ਐਂਬੂਲੈਂਸ ਤੁਰ ਗਈ।

ਭੂਆ, ਗਿੰਦਰ ਬਲਬੀਰ ਸਮੇਤ, ਸਾਰਾ ਟੱਬਰ ਪੁਲੀਸ ਨੇ ਗੱਡੀਆਂ ਵਿਚ ਲੱਦ ਕੇ ਜੇਲ੍ਹ ਵਿਚ ਧੱਕ ਦਿੱਤਾ।

ਜਦੋਂ ਹੀ ਟੈਲੀਵੀਯਨ ਨੇ ਸ਼ਾਮ ਨੂੰ ਇਹ ਖ਼ਬਰ ਨਸ਼ਰ ਕੀਤੀ ਤਾਂ ਦੇਸੀ ਭਾਈਚਾਰੇ ਵਿਚ ਹਾਹਾਕਾਰ ਮੱਚ ਗਈ। ਲੋਕ ਸਿਰ ਫੇਰ ਰਹੇ ਸਨ। ਇੱਕ ਮੱਝ ਨੇ ਸਾਰਿਆਂ ਨੂੰ ਲਬੇੜ ਧਰਿਆ ਸੀ। ਸਾਰਾ ਦੇਸੀ ਭਾਈਚਾਰਾ ਕਲੰਕਿਤ ਕਰ ਮਾਰਿਆ ਸੀ। ਚਾਰੇ ਪਾਸਿਓਂ 'ਥੂ-ਥੂ' ਹੋ ਰਹੀ ਸੀ। ਭਾਰਤੀਆਂ ਨੂੰ ਚੰਗਾ ਮੰਦਾ ਆਖਿਆ ਜਾ ਰਿਹਾ ਸੀ।

ਤੀਜੇ ਦਿਨ ਪੁਲੀਸ ਨੇ ਪੁਸ਼ਪਿੰਦਰ ਦੇ ਬਿਆਨ ਲਏ।

ਪੁਸ਼ਪਿੰਦਰ ਨੇ ਸਾਰਾ ਬ੍ਰਿਤਾਂਤ ਹੀ ਪੁਲੀਸ ਅੱਗੇ ਖੋਲ੍ਹ ਦਿੱਤਾ ਸੀ।

ਅਗਲੀਆਂ ਪਿਛਲੀਆਂ ਸਾਰੀਆਂ ਹੀ ਦੱਸ ਦਿੱਤੀਆਂ ਸਨ।

ਭਰਾ-ਭਰਜਾਈ ਕੋਲ ਬੈਠੇ ਰੋ ਰਹੇ ਸਨ। ਬੇਵੱਸ ਅਤੇ ਮਾਯੂਸ! ਫੁੱਫੜ ਜੀਤ ਸਿੰਘ ਵੀ ਇਨਸਾਨੀਅਤ ਤੌਰ 'ਤੇ ਪੁਸ਼ਪਿੰਦਰ ਦਾ ਪਤਾ ਲੈਣ ਆਇਆ ਸੀ। ਉਹ ਬੜਾ ਭਲਾ ਬੰਦਾ ਸੀ।

-"ਮੈਂ ਤੈਨੂੰ ਕਿਹਾ ਸੀ ਨਾ ਪਿੰਦਰ? ਬਈ ਇਹ ਟੱਬਰ ਬੜਾ ਈ ਝੰਡੇ ਹੇਠਲੈ-ਇਹਨਾਂ ਦੇ ਤਾਂ 'ਕੱਠੇ ਕਰਕੇ ਸਾਲਿਆਂ ਦੇ ਗੋਲੀ ਮਾਰੇ!" ਫੁੱਫੜ ਵਾਕਿਆ ਹੀ ਦਿਲੋਂ ਦੁਖੀ ਸੀ।

-"ਮੇਰੇ ਮਨ ਵਿਚ ਤਾਂ ਰੋਜ ਖੁੜਕਦੀ ਸੀ, ਬਈ ਜਿਹੜੀ ਮੇਰੇ ਆਲੀ ਰਿਹਾਅ ਢਾਂਡੀ ਜੀ ਉੱਥੇ ਈ ਗੇੜਾ ਰੱਖਦੀ ਐ-ਕੋਈ ਪੁਆੜਾ ਖੜ੍ਹਾ ਕਰੂ-ਮੈਂ ਇਹਨਾਂ ਦੀ ਜਾਤ ਨੂੰ ਬਹੁਤ ਚਿਰ ਦਾ ਜਾਣਦੈਂ, ਧੀਏ ਮੇਰੀਏ! ਮੈਂ ਤਾਂ ਇਸ ਲਾਣੇ ਦੀ ਚਾਲ ਦੇਖ ਕੇ ਦੱਸ ਦਿਆਂ, ਬਈ ਹੁਣ ਕੋਈ ਸੱਪ ਕੱਢਣਗੇ-ਮਿਰਗਾਂ 'ਚ ਧੀ ਮੇਰੀਏ, ਕੋਈ ਕਮਚਾਲਾ ਨਹੀਂ ਹੁੰਦਾ-ਸਾਰੇ ਇੱਕੋ ਜਿਹੀ ਛਾਲ ਈ ਮਾਰਦੇ ਐ-ਚਲੋ ਆਹ ਵਧੀਆ ਹੋਇਆ ਜਿੱਥੇ ਇਹਨਾਂ ਦਾ ਸਾਰੇ ਟੱਬਰ ਦਾ ਅਸਲੀ ਟਿਕਾਣਾ ਸੀ-ਉੱਥੇ ਈ ਆਖਰ ਨੂੰ ਪਹੁੰਚ ਗਏ-ਰੱਬ ਦੇ ਘਰ ਦੇਰ ਐ ਭਾਈ ਕੁੜੀਏ, ਹਨ੍ਹੇਰ ਨ੍ਹੀ!" ਜੀਤ ਸਿੰਘ ਅੱਕਿਆ ਹੋਇਆ, ਬੋਲੀ ਜਾ ਰਿਹਾ ਸੀ।

-''ਚੱਲ ਹੁਣ ਚਾਰ ਦਿਨ 'ਰਾਮ ਰਹੂ-ਵਧੀਆ ਦਿਨ ਕਟੀ ਹੋਈ ਜਾਊ-ਮੇਰੇ ਆਲੀ ਤਾਂ ਅੱਗ ਦਾ ਕੂਚਾ ਚੱਕੀ ਫਿਰਦੀ ਰਹਿੰਦੀ ਐ-ਬਈ ਕਿੱਥੇ ਥਾਂ ਮਿਲੇ, ਤੇ ਕਦੋਂ ਲਾਵਾਂ!''

-''ਫੁੱਫੜ ਜੀ ਮੈਂ ਤਾਂ ਬੜੀ ਸਮਾਈ ਕੀਤੀ-ਪਰ ਇਹਨਾਂ ਨੇ ਮੈਨੂੰ ਤੰਗ ਕਰਨ ਆਲੀ ਕਸਰ ਕੋਈ ਨ੍ਹੀ ਛੱਡੀ-ਤੱਤੇ ਤਵੇ 'ਤੇ ਈ ਪਾਈ ਰੱਖਿਐ ਜਦੋਂ ਦੀ ਓਸ ਘਰੇ ਗਈ ਆਂ।''

-''ਤੂੰ ਸਾਡੇ ਕੋਲੇ ਕੋਈ ਗੱਲ ਤਾਂ ਕਰਦੀ, ਪਿੰਦਰ?'' ਭਰਜਾਈ ਨੇ ਪੂਰੀ ਹਮਦਰਦੀ ਨਾਲ ਆਖਿਆ। ਉਸ ਦਾ ਮਨ ਅਥਾਹ ਦੁਖੀ ਸੀ।

-''ਭਾਬੀ ਜੀ ਮੇਰਾ ਥੋਨੂੰ ਸਤਾਉਣ ਨੂੰ ਦਿਲ ਨੀ ਕਰਦਾ ਸੀ-ਸੋਚਦੀ ਸੀ ਆਪ ਤਾਂ ਦੁਖੀ ਹਾਂ ਹੀ-ਥੋਨੂੰ ਦੁਖੀ ਕਾਹਤੋਂ ਕਰਾਂ?'' ਪੁਸ਼ਪਿੰਦਰ ਡੁਸਕ ਪਈ।

-''ਧੀਏ ਜੋ ਹੋ ਗਿਆ, ਉਸ ਨੂੰ ਘੋੜੇ ਨੀ ਮਿਲਣੇ-ਹੁਣ ਸੰਭਲੀਂ-ਬਥੇਰੇ ਬਚੋਲੇ ਤੇਰੇ ਕੋਲੇ ਭੇਜਣਗੇ-ਪਰ ਰਾਜ਼ੀਨਾਮਾਂ ਨਾ ਕਰੀਂ-ਇਹ ਖੂਨ ਪੀਣਾ ਟੱਬਰ ਕਦੇ ਨੀ ਸੁਧਰ ਸਕਦਾ-ਹੋਰ ਤਾਂ ਹੋਰ, ਗਿੰਦਰ ਨੇ ਤਾਂ ਆਬਦਾ ਸਕਾ ਪਿਉ ਵੀ ਪੈਲੀ ਖਾਤਰ ਗਲ 'ਗੂਠਾ ਦੇ ਕੇ ਮਾਰਿਆ ਵਿਐ-ਹੋਰ ਇਹ ਕੀਹਨੂੰ ਬਖਸ਼ਣਗੇ? ਨਾਲੇ ਤੂੰ ਤਾਂ ਸੱਤ ਬਿਗਾਨੀ ਧੀ ਤਾਂ ਇਹਨਾਂ ਦੀ ਲੱਗਦੀ ਈ ਕੀ ਐਂ?'' ਫੁੱਫੜ ਨੇ ਨਵੀਂ ਅਕਾਸ਼ਬਾਣੀ ਕੀਤੀ।

ਪੁਸ਼ਪਿੰਦਰ ਦਾ ਸੁਣ ਕੇ ਸਾਹ ਰੁਕ ਗਿਆ।

ਕੋਈ ਜ਼ਮੀਨ ਖਾਤਰ ਆਪਣੇ ਜਨਮ ਦੇਣ ਵਾਲੇ ਸਕੇ ਬਾਪ ਨੂੰ ਵੀ ਮਾਰ ਸਕਦਾ ਸੀ?

ਇਸ ਤੋਂ ਦੁਸ਼ਟ ਦੁਨੀਆਂ 'ਤੇ ਹੋਰ ਕੌਣ ਹੋ ਸਕਦਾ ਸੀ? ਜਿਸ ਬਾਰੇ ਪਰਮ ਪਵਿੱਤਰ ਬਾਬੇ ਦੀ ਗੁਰਬਾਣੀ ਵੀ ਫੁਰਮਾਉਂਦੀ ਐ, ਗੁਰਦੇਵ ਮਾਤਾ ਗੁਰਦੇਵ ਪਿਤਾ।। ਜਿਹੜੇ ਰੱਬ ਦੇ ਬਣ ਕੇ ਨਹੀਂ ਰਹਿੰਦੇ, ਉਹ ਮਾਨੁੱਖ ਦੇ ਕਿੱਥੋਂ ਬਣ ਜਾਣਗੇ? ਚੰਗਾ ਹੋਇਆ ਨੇੜੇ ਹੀ ਖਹਿੜਾ ਛੁੱਟ ਗਿਆ। ਨਹੀਂ, ਅੱਗੇ ਪਤਾ ਨਹੀਂ ਕੀ ਪਰਲੋਂ ਆਉਣੀ ਸੀ? ਇਸ ਪ੍ਰੀਵਾਰ ਨਾਲ ਵਸੇਬਾ ਤਾਂ ਕੀ? ਰਹਿਣਾ ਵੀ ਮੁਹਾਲ ਸੀ। ਦਿਨ ਤੋੜਨੇ ਔਖੇ ਸਨ।

'ਕਰਿਮੀਨਲ-ਪੁਲੀਸ' ਪੁਸ਼ਪਿੰਦਰ ਦੇ ਬਿਆਨ ਲੈ ਕੇ ਤੁਰ ਗਈ।

ਗਿੰਦਰ ਦੇ ਪ੍ਰੀਵਾਰ 'ਤੇ ਵੱਖੋ-ਵੱਖ ਦਫ਼ਾਵਾਂ ਲਾ ਕੇ, ਕੇਸ ਇਨਕੁਆਰੀ-ਜੱਜ ਦੇ ਹਵਾਲੇ ਕਰ ਦਿੱਤਾ ਗਿਆ। ਸਰਕਾਰੀ ਵਕੀਲ ਅਤੇ ਇਲਾਕਾ ਮਜਿਸਟਰੇਟ ਨੇ ਕੇਸ ਆਪਣੇ ਹੱਥ ਵਿਚ ਲੈ ਕੇ ਕਾਰਵਾਈ ਆਰੰਭ ਕਰ ਦਿੱਤੀ। ਗਿੰਦਰ ਸਮੇਤ ਸਾਰੇ ਪ੍ਰੀਵਾਰ ਨੂੰ 'ਲੌਕ-ਅੱਪ' ਵਿਚ ਭੇਜ ਦਿੱਤਾ ਗਿਆ। ਹੱਥਕੜੀਆਂ ਵਿਚ ਜਕੜ ਕੇ!

ਸਾਰਾ ਪੰਜਾਬੀ ਭਾਈਚਾਰਾ ਸਤੰਭ ਹੋਇਆ ਫਿਰਦਾ ਸੀ। ਕਮਲਿਆਂ ਵਾਂਗ! ਚੋਰ ਦੀ ਮਾਂ ਕੋਠੀ 'ਚ ਮੂੰਹ, ਵਾਲੀ ਗੱਲ ਹੋਈ ਪਈ ਸੀ। ਫੈਕਟਰੀਆਂ ਦੀਆਂ ਕੰਟੀਨਾਂ, ਬੀਅਰ-ਬਾਰਾਂ, ਰੈੱਸਟੋਰੈਂਟਾਂ ਅਤੇ ਪਬਲਿਕ ਸਥਾਨਾਂ ਉਪਰ ਇਹ ਵਿਸ਼ਾ ਹੀ ਮਘ ਰਿਹਾ ਸੀ। ਲੋਕ ਭਾਂਤ ਭਾਂਤ ਦੀਆਂ ਗੱਲਾਂ, ਇੰਡੀਅਨਾਂ ਬਾਰੇ ਹੀ ਕਰ ਰਹੇ ਸਨ। ਮੀਡੀਏ ਵੱਲੋਂ ਇੰਡੀਅਨ ਭਾਈਚਾਰੇ ਅਤੇ ਇੰਡੀਅਨ ਕਲਚਰ ਨੂੰ ਇੱਕ 'ਹਊਆ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ। ਪੁਰਾਣੇ ਕੇਸ, ਅਰਥਾਤ ਦੱਬੇ ਮੁਰਦੇ ਦਿਖਾ ਕੇ ਲੋਕਾਂ ਨੂੰ ਡਰਾਇਆ ਜਾ ਰਿਹਾ ਸੀ। ਲੋਕ ਇੰਡੀਅਨਾਂ ਤੋਂ ਭੈਅ ਜਿਹਾ ਖਾਣ ਲੱਗ ਪਏ ਸਨ। ਜਿਵੇਂ ਇੰਡੀਅਨ ਕੋਈ ਪ੍ਰੇਤ ਸਨ, ਜਿਵੇਂ ਇੰਡੀਅਨ ਕੋਈ ਹਤਿਆਰੇ ਸਨ। ਜਿਵੇਂ ਇੰਡੀਅਨ ਕੋਈ ਬੰਦੇ ਨਹੀਂ, ਆਦਮਖੋਰ ਸਨ। ਪਰ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਗਿੰਦਰ ਦਾ ਪ੍ਰੀਵਾਰ ਇੰਡੀਅਨ ਸੀ ਅਤੇ ਉਸ ਪ੍ਰੀਵਾਰ ਨੇ ਨੂੰਹ 'ਤੇ ਘੋਰ ਜ਼ੁਲਮ ਕੀਤਾ ਸੀ। ਬਲੀ ਦਾ ਬੱਕਰਾ ਬਣਾਈ ਰੱਖਿਆ ਸੀ। ਇਹ ਗੋਰੇ ਲੋਕਾਂ ਲਈ ਅਸਹਿ ਸੀ। ਗੈਰ ਕਾਨੂੰਨੀ ਅਤੇ ਗੈਰ ਕੁਦਰਤੀ ਸੀ।

ਵੱਖੋ ਵੱਖ ਸਰਕਾਰੀ ਸੰਸਥਾਵਾਂ ਪੁਸ਼ਪਿੰਦਰ ਦੀ ਹਮਾਇਤ 'ਤੇ ਉੱਤਰ ਆਈਆਂ ਸਨ। ਉਸ ਨੂੰ ਹਰ ਸੰਭਵ ਮੱਦਦ ਦੇਣ ਦਾ ਵਚਨ ਦਿੱਤਾ ਜਾ ਰਿਹਾ ਸੀ। ਪੁਸ਼ਪਿੰਦਰ ਹਰ ਇੱਕ ਲਈ ਤਰਸ ਦੀ ਪਾਤਰ ਬਣ ਗਈ ਸੀ। ਜਿਸ ਨੇ ਇਤਨਾ ਜ਼ੁਲਮ ਸਹਿਣ ਕੀਤਾ ਸੀ। ਉਸ ਅਤੇ ਉਸ ਦੀ ਬੱਚੀ ਦੇ ਭਵਿੱਖ ਲਈ ਸੋਚਿਆ ਜਾ ਰਿਹਾ ਸੀ। ਸੰਸਥਾਵਾਂ ਜੰਗੀ ਪੱਧਰ 'ਤੇ ਉਪਰੋਥਲੀ ਮੀਟਿੰਗਾਂ ਕਰੀ ਜਾ ਰਹੀਆਂ ਸਨ। ਨਰਮ ਦਿਲ ਅਤੇ ਦਾਨੀ ਲੋਕਾਂ ਵੱਲੋਂ ਪੁਸ਼ਪਿੰਦਰ ਨੂੰ ਹਸਪਤਾਲ ਦੇ ਪਤੇ 'ਤੇ ਚੈੱਕ ਅਤੇ ਡਰਾਫ਼ਟ ਭੇਜੇ ਜਾ ਰਹੇ ਸਨ। ਸੰਸਥਾ ਨੇ ਉਸ ਦੇ ਨਾਂ 'ਤੇ ਬੈਂਕ ਅਕਾਊਂਟ ਖੁੱਲ੍ਹਵਾ ਦਿੱਤਾ ਸੀ, ਹਰ ਦਾਨੀ ਪੁਰਸ਼ ਸਿੱਧਾ ਬੈਂਕ ਵਿਚ ਪੈਸਾ ਭੇਜ ਸਕਦਾ ਸੀ। ਯੂਰਪ ਦੇ ਲੋਕ ਸਤਜੁਗੀ ਸਨ। ਗਰੀਬ ਦੇ ਅਸਲੀ ਹਮਦਰਦ!

ਪੁਸ਼ਪਿੰਦਰ ਦੇ ਕੇਸ ਦੀ ਬੜੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਸੀ।

# ਕਾਂਡ 14

ਜਦੋਂ ਦਾ ਜੋਗਿੰਦਰ ਇੰਡੀਆ ਤੋਂ ਬੇਬੇ ਦਾ ਸਸਕਾਰ ਕਰ ਕੇ ਆਇਆ ਸੀ, ਬਿਲਕੁਲ ਗੁੰਮ-ਸੁੰਮ ਜਿਹਾ ਹੀ ਰਹਿੰਦਾ ਸੀ। ਪ੍ਰੀਤ ਨੇ ਵੀ ਕਈ ਵਾਰ ਆ ਕੇ ਉਸ ਦਾ ਦਿਲ ਹੋਰ ਪਾਸੇ ਲਾਉਣਾ ਚਾਹਿਆ। ਪਰ ਕਾਮਯਾਬ ਨਾ ਹੋ ਸਕਿਆ।

ਜੋਗਿੰਦਰ ਨੇ ਆਪਣੀ ਚੁੱਪ ਨਾ ਤੋੜੀ।

ਪ੍ਰੀਤ ਨੇ ਗੱਲੀਂ ਬਾਤੀਂ ਸਰਬਜੀਤ ਤੋਂ ਵੀ ਪੁੱਛਿਆ, ਕਿ ਕੀ ਉਸ ਨੇ ਕਦੇ ਨਾਨੀ ਨੂੰ ਕੁਛ ਐਸੀ ਵੈਸੀ ਗੱਲ ਤਾਂ ਨਹੀਂ ਕਹੀ ਸੀ? ਪਰ ਸਰਬਜੀਤ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਉਹ ਆਪਣੇ ਵੱਲੋਂ ਸੱਚੀ ਬਣੀ ਰਹੀ ਸੀ। ਬਿਲਕੁਲ ਦੁੱਧ ਧੋਤੀ!

-"ਸਰਬਜੀਤ!" ਇਕ ਸ਼ਾਮ ਜੋਗਿੰਦਰ ਨੇ ਕਿਹਾ। ਕਈ ਦਿਨਾਂ ਤੋਂ ਉਸ ਨੇ ਦਾਰੂ ਵੀ ਨਹੀਂ ਪੀਤੀ ਸੀ।

-"ਹਾਂ ਜੀ?"

-"ਜਾਹ ਬੋਤਲ ਲਿਆ!"

ਉਹ ਬੋਤਲ ਲੈ ਆਈ। ਗਿਲਾਸ ਅਤੇ ਸੋਢਾ ਲਿਆ ਕੇ ਕੋਲ ਰੱਖ ਦਿੱਤਾ।

-"ਹੁਣ ਮੇਰਾ ਪਤਾ ਕੀ ਦਿਲ ਕਰਦੈ?" ਜੋਗਿੰਦਰ ਨੇ ਪੈੱਗ ਪੀ ਕੇ ਕਿਹਾ।

-"ਦੱਸੋ?"

-"ਮੇਰਾ ਜੀਅ ਜਿਆ ਨ੍ਹੀ ਲੱਗਦਾ-ਆਪਾਂ ਬਿੱਲੂ ਨੂੰ ਮੰਗਵਾ ਲਈਏ-ਦਿਲ ਜਿਆ ਲੱਗਿਆ ਰਹੂ।"

ਸਰਬਜੀਤ ਦੇ ਦਿਲ ਦੀ ਹੋ ਗਈ।

ਪਰ ਉਹ ਚੁੱਪ ਹੀ ਰਹੀ। ਤੱਤਾ ਖਾਣ ਵਿਚ ਉਸ ਨੂੰ ਘਾਟਾ ਸੀ। ਪੈਰ ਛੱਡਣਾ ਬੇਵਕੂਫ਼ੀ ਸੀ!

-"ਦੇਖ ਲਵੋ।" ਉਸ ਨੇ ਸਿਰਫ਼ ਇਤਨਾ ਹੀ ਕਿਹਾ।

-"ਆਪਾਂ ਇਉਂ ਕਰਦੇ ਆਂ।"

-"-----।"

-"ਮੈਂ ਕਰਦੈਂ ਵਕੀਲ ਨਾਲ ਗੱਲ-ਦਿਲਪ੍ਰੀਤ ਨੂੰ ਛੱਡ ਦਿਆਂਗੇ ਪ੍ਰੀਤ ਕੋਲੇ-ਤੇ ਆਪਾਂ ਕਾਗਜ਼ ਬਣਾ ਕੇ ਤੋਰ ਦਿੰਨੇ ਆਂ-ਆਪੇ ਮਹੀਨੇ ਖੰਡ 'ਚ ਆਜੂ।"

ਖੁਸ਼ੀ ਸਰਬਜੀਤ ਦੀਆਂ ਕੱਛਾਂ ਵਿਚੋਂ ਦੀ ਡੁੱਲ੍ਹਣ ਲੱਗ ਪਈ।

-"ਪ੍ਰੀਤ ਨੂੰ ਵੀ ਪੁੱਛ ਲਵੋ।"

-"ਕਾਹਦੇ ਬਾਰੇ? ਬਿੱਲੂ ਬਾਰੇ?"

-"ਬਿੱਲੂ ਬਾਰੇ ਨਹੀਂ-ਦਿਲਪ੍ਰੀਤ ਨੂੰ ਸਾਂਭਣ ਬਾਰੇ।"

-"ਪਰਸੋਂ ਉਹਦਾ ਹੋਟਲ ਬੰਦ ਹੋ ਰਿਹੈ-ਸੀਜ਼ਨ ਖਤਮ ਹੋਣ ਕਰਕੇ-ਉਹਨੇ ਆਪਣੇ ਕੋਲੇ ਈ ਤਾਂ ਆ ਜਾਣੈਂ।"

-"ਮੈਨੂੰ ਐਸ ਗੱਲ ਦਾ ਨ੍ਹੀ ਸੀ ਪਤਾ-ਨਾ ਈ ਉਹਨੇ ਕਦੇ ਗੂੰਗੇ ਜਿਹੇ ਨੇ ਦੱਸਿਐ।" ਸਰਬਜੀਤ ਗਿੱਧਾ ਪਾਉਣ ਵਾਲੀ ਹੋਈ ਪਈ ਸੀ। ਉਸ ਦੇ ਪ੍ਰੀਵਾਰ ਲਈ ਤਾਂ ਜੋਗਿੰਦਰ ਦੀ ਬੇਬੇ ਦਾ ਮਰਨਾ 'ਸ਼ੁਭ' ਸਾਬਤ ਹੋਇਆ ਸੀ!

-''ਨਹੀਂ ਦਿਮਾਗ 'ਚ ਆਇਆ ਹੋਣਾ-!''

ਜੋਗਿੰਦਰ ਨੇ ਪ੍ਰੀਤ ਨੂੰ ਫ਼ੋਨ ਮਿਲਾ ਲਿਆ।

-''ਹਾਂ ਬਈ ਪ੍ਰੀਤ! ਕੀ ਹਾਲ ਐ ਸ਼ੇਰਾ, ਤੇਰਾ?'' ਜੋਗਿੰਦਰ ਅੱਜ ਕੁਝ ਗੜ੍ਹਕੇ ਨਾਲ ਗੱਲ ਕਰ ਰਿਹਾ ਸੀ।

-''ਠੀਕ ਠਾਕ, ਮਾਮਾ ਜੀ-ਤੁਸੀਂ ਸੁਣਾਓ?''

-''ਬੱਸ ਕਈ ਦਿਨ ਹੋ ਗਏ ਸੀ-ਦਾਰੂ ਨੀ ਸੀ ਪੀਤੀ-ਅੱਜ ਮੂਡ਼੍ਹ ਜਿਆ ਬਦਲਣ ਲਈ, ਘੁੱਟ ਕੁ ਲਾਈ ਐ।''

-''ਕੋਈ ਮਾੜੀ ਗੱਲ ਨਹੀਂ-ਪਰ ਨਾਲ ਕੁਛ ਖਾ ਲਿਆ ਕਰੋ।''

-''ਉਹ ਤਾਂ ਖਾ ਈ ਲਈਦੈ-ਕਦੋਂ ਵਿਹਲਾ ਹੋਣੈਂ ਤੂੰ?''

-''ਪਰਸੋਂ ਹੋ ਜਾਣੈਂ-ਕੱਲ੍ਹ ਨੂੰ ਸਫ਼ਾਈ-ਸਫੂਈ ਕਰਨੀ ਐਂ ਤੇ ਪਰਸੋ ਦੁਪਿਹਰੋਂ ਬਾਅਦ, ਫ਼ਾਰਗ!''

-''ਕਿੰਨਾਂ ਚਿਰ ਵਿਹਲੈਂ ਫਿਰ?''

-''ਪੂਰੇ ਛੇ ਹਫਤੇ।''

-''ਇੰਡੀਆ ਈ ਮਾਰ ਆ ਚੱਕਰ ਫੇਰ-ਟਾਈਮ ਬਹੁਤ ਐ?''

-''ਨਹੀਂ ਮਾਮਾ ਜੀ-ਅਗਲੇ ਸਾਲ ਦੇਖਾਂਗੇ-ਐਤਕੀਂ ਜੀਅ ਜਿਆ ਨੀ ਕਰਦਾ।''

-''ਤੇਰੀ ਮਰਜੀ ਐ-ਅਗਲੇ ਸਾਲ ਸਹੀ-ਨਾਲੇ ਤੇਰਾ ਦੋ ਸਾਲ ਦਾ ਵੀਜ਼ਾ ਲੱਗ ਜਾਊ।''

-''ਚੱਲ ਠੀਕ ਐ-ਪਰਸੋਂ ਆਉਣ ਲੱਗਿਆ ਫ਼ੋਨ ਕਰਦੀਂ।''

-''ਠੀਕ ਐ ਜੀ!''

ਜੋਗਿੰਦਰ ਨੇ ਫ਼ੋਨ ਰੱਖ ਦਿੱਤਾ।

-''ਆਪਾਂ ਇਉਂ ਕਰਦੇ ਆਂ-ਕੱਲ੍ਹ ਨੂੰ ਕਾਗਜ਼ ਪੱਤਰ ਬਣਾ ਕੇ ਭੇਜ ਦਿੰਨੇ ਆਂ-ਦਿਲਪ੍ਰੀਤ ਨੂੰ ਨਾਲ ਈ ਲੈ ਚੱਲਾਂਗੇ-ਵਕੀਲ ਕਿਹੜਾ ਬਹੁਤਾ ਦੂਰ ਐ? ਪ੍ਰੀਤ ਤਾਂ ਪਰਸੋਂ ਵਿਹਲਾ ਹੋਊ-।''

-''ਥੋਡੀ ਮਰਜੀ ਐ।''

ਅਗਲੇ ਦਿਨ ਜੋਗਿੰਦਰ ਨੇ ਬਿੱਲੂ ਦੇ ਕਾਗਜ਼ ਬਣਾ ਕੇ ਤੋਰ ਦਿੱਤੇ।

ਸਰਬਜੀਤ ਨੂੰ ਹਾਲੀਂ ਤੱਕ ਇਹ ਨਹੀਂ ਪਤਾ ਲੱਗ ਸਕਿਆ ਸੀ ਕਿ ਜੋਗਿੰਦਰ ਉਸ ਦੇ ਪ੍ਰੀਵਾਰ, ਖਾਸ ਤੌਰ 'ਤੇ ਬਿੱਲੂ 'ਤੇ ਇਤਨੀ ਜਲਦੀ, ਇਤਨਾ ਮਿਹਰਵਾਨ ਕਿਉਂ ਹੋ ਗਿਆ ਸੀ? ਉਹ ਤਾਂ ਬਿੱਲੂ ਨੂੰ ਹਮੇਸ਼ਾ 'ਲੰਡਰ' ਹੀ ਦੱਸਦਾ ਰਿਹਾ ਸੀ। ਉਸ ਨੂੰ 'ਉਜੱਡ' ਅਤੇ 'ਲਫ਼ੰਗਾ' ਆਖ ਕੇ ਸੰਬੋਧਨ ਹੁੰਦਾ ਰਿਹਾ ਸੀ। ਪਰ ਫਿਰ ਇਤਨੀ ਜਲਦੀ, ਇਤਨੀ ਤਬਦੀਲੀ ਕਿਵੇਂ? ਸ਼ਾਇਦ ਬੇਬੇ ਮਰੀ ਕਰਕੇ? ਬੇਬੇ ਮਰੀ ਤੋਂ ਬਾਅਦ ਜੋਗਿੰਦਰ ਡੋਲ ਗਿਆ? ਇਸ ਕਰਕੇ ਉਹ ਸਹਾਰੇ ਵਜੋਂ ਬਿੱਲੂ ਨੂੰ ਮੰਗਵਾ ਰਿਹਾ ਸੀ? ਆਪਦੇ ਤਾਂ ਫਿਰ ਵੀ, ਆਪਦੇ ਹੀ ਹੁੰਦੇ ਹਨ! ਆਪਦਿਆਂ ਨੂੰ ਬੰਦਾ ਫਿਰ ਕਿਉਂ ਝੁਰੇ? ਸਿਆਣੇ ਕਹਿੰਦੇ ਹੁੰਦੇ ਐ ਕਿ, ਆਪਦਾ ਮਾਰੂ ਤਾਂ ਵੀ ਛਾਂਵੇਂ ਸਿੱਟੂ! ਬੇਬੇ ਮਰੀ ਤੋਂ ਬਾਅਦ ਜੋਗਿੰਦਰ ਨੂੰ ਆਸਰੇ ਦੀ ਜ਼ਰੂਰਤ ਹੈ! ਚਲੋ ਕੁਛ ਵੀ ਹੋਵੇ, ਸਾਡਾ ਬਿੱਲੂ ਸਿਉਂ ਆ ਜਾਊ! ਆਪਾਂ ਅੰਬ ਖਾਣੇ ਐਂ ਕਿ ਪੇਡ ਗਿਣਨੇ ਐਂ? ਤੂੰ ਇਹਦੀ ਮੁੱਠੀ-ਚਾਪੀ ਅਤੇ ਚਾਪਲੂਸੀ ਕਰੀ ਚੱਲ, ਤੇ ਬਿੱਲੂ ਸਿਉਂ ਨੂੰ ਮੰਗਵਾ! ਲੋਕ ਤਾਂ ਬਾਹਰ ਆਉਣ ਲਈ ਸੱਤ ਬਿਗਾਨਿਆਂ ਦੀਆਂ ਲਾਲ੍ਹਾਂ ਚੱਟੀ ਜਾਂਦੇ ਐ, ਹਰ ਚੰਗੀ-ਮੰਦੀ 'ਖ਼ਾਹਿਸ਼' ਪੂਰੀ ਕਰਦੇ ਐ, ਇਹ ਤਾਂ ਫੇਰ ਵੀ ਤੇਰਾ ਆਪਦਾ ਖ਼ਸਮ ਐਂ! ਚਾਹੇ ਬੁੱਢਾ ਹੀ ਹੈ, ਹੈ ਤਾਂ ਆਪਦਾ ਹੀ ਬੰਦਾ? ਲੋਕਾਂ ਦੀਆਂ ਤੀਮੀਆਂ ਤਾਂ ਆਪਦੇ ਰਿਸ਼ਤੇਦਾਰ ਬਾਹਰ ਭੇਜਣ ਖਾਤਰ ਪਰਾਏ ਲੋਕਾਂ ਦੀਆਂ ਰਜਾਈਆਂ ਵੀ 'ਨਿੱਘੀਆਂ' ਕਰਦੀਐਂ, ਇਹ ਤਾਂ ਫੇਰ ਵੀ ਆਪਦੇ ਘਰਵਾਲੈ! ਖੂਹ 'ਚ ਪਵੇ ਸੋਚਣਾ! ਤੂੰ ਇਹਨੂੰ ਪਲੋਸ ਕੇ ਰੱਖ, ਸਰਬਜੀਤ ਕੌਰੇ!

-''ਥੋਨੂੰ ਕੁਛ ਬਣਾ ਕੇ ਦੇਵਾਂ?'' ਸਰਬਜੀਤ ਨੇ ਪੁੱਛਿਆ।

-''ਦੋ ਆਂਡੇ ਤੜਕ ਕੇ ਦੇਹ-ਸੁੱਕੀ ਤਾਂ ਅੰਦਰ ਲੂਹ ਦਿਊ-ਨਾਲੇ ਹੁਣ ਕਈ ਦਿਨ ਹੋ ਗਏ, ਪੀਤੀ ਨਹੀਂ!''

ਸਰਬਜੀਤ ਨੇ ਅੰਡੇ ਤੜਕ ਦਿੱਤੇ।

ਅਗਲੇ ਦਿਨ ਜੋਗਿੰਦਰ ਨੇ ਬਿੱਲੂ ਦੇ ਸਾਰੇ ਕਾਗਜ਼ ਪੱਤਰ ਬਣਾ ਕੇ ਇੰਡੀਆ ਤੋਰ ਦਿੱਤੇ।

ਕਾਗਜ਼ ਮਿਲਣ 'ਤੇ ਤੁਰੰਤ ਅੰਬੈਸੀ ਜਾ ਕੇ ਅਪਲਾਈ ਕਰਨ ਲਈ ਸਰਬਜੀਤ ਤੋਂ ਸਖ਼ਤ ਹਦਾਇਤ ਕਰਵਾ ਦਿੱਤੀ। ਸਰਬਜੀਤ ਨੇ ਵਾਰ ਵਾਰ ''ਤੇਰੇ ਜੀਜਾ ਜੀ ਕਹਿੰਦੇ ਐ!'' ਆਖ ਕੇ ਤਾਕੀਦ ਕੀਤੀ ਸੀ। ਏਅਰ-ਟਿਕਟ ਦਾ

ਤੁਰੰਤ ਪਤਾ ਕਰਨ ਲਈ ਕਿਹਾ ਸੀ।

ਤੀਜੇ ਦਿਨ ਪ੍ਰੀਤ ਆ ਗਿਆ। ਉਸ ਨੂੰ ਛੇ ਹਫ਼ਤੇ ਦੀਆਂ ਛੁੱਟੀਆਂ ਹੋ ਗਈਆਂ ਸਨ। ਹੁਣ ਉਹ ਵਿਹਲਾ ਸੀ।

ਜਦੋਂ ਉਸ ਨੂੰ ਜੋਗਿੰਦਰ ਵੱਲੋਂ ਬਿੱਲੂ ਦੇ ਕਾਗਜ਼ ਭੇਜੇ ਜਾਣ ਬਾਰੇ ਪਤਾ ਲੱਗਿਆ, ਤਾਂ ਉਹ ਹੈਰਾਨ ਰਹਿ ਗਿਆ। ਜੋਗਿੰਦਰ ਤਾਂ ਬਿੱਲੂ ਨੂੰ ਹਮੇਸ਼ਾ ਗਾਲ੍ਹਾਂ ਹੀ ਦਿੰਦਾ ਰਿਹਾ ਸੀ। ਫੇਰ ਕਾਗਜ਼? ਇਸ ਪਿੱਛੇ ਜ਼ਰੂਰ ਕੋਈ ਕਾਰਨ ਛੁਪਿਆ ਹੋਇਆ ਸੀ।

ਕੀ ਕਾਰਨ ਹੋ ਸਕਦਾ ਸੀ? ਸਰਬਜੀਤ ਨੇ ਮਿੱਠੀਆਂ ਮਾਰੀਆਂ ਹੋਣਗੀਆਂ? ਕਦਾਚਿੱਤ ਨਹੀਂ! ਉਸ ਦੇ ਮਨ ਨੇ ਆਖਿਆ। ਮਾਮਾ ਜੀ ਦੇ ਕਹਿਣ ਵਾਂਗ, ਇਹ ਕੌੜ-ਟੱਬਰ ਹੈ, ਮਿੱਠਾ ਹੋਣਾ ਇਸ ਟੱਬਰ ਨੂੰ ਆਉਂਦਾ ਹੀ ਨਹੀਂ! ਲਚਕ ਇਸ ਪ੍ਰੀਵਾਰ ਵਿਚ ਹੈ ਹੀ ਨਹੀਂ! ਇਹ ਮਰ ਜਾਣਗੇ ਪਰ ਮਿੱਠਤ ਨਹੀਂ ਵਰਤਣਗੇ! ਪਰ ਇਸ ਕਾਗਜ਼ ਭੇਜਣ ਪਿੱਛੇ ਕੋਈ ਗੱਲ ਲਾਜ਼ਮੀ ਹੈ! ਇਹ ਲੋਹੇ 'ਤੇ ਲਕੀਰ ਹੈ! ਮਾਮਾ ਕਦੇ ਇਸ ਪ੍ਰੀਵਾਰ ਦੇ ਕਾਗਜ਼ ਨਹੀਂ ਭੇਜ ਸਕਦਾ। ਕੋਈ ਗੜਬੜ ਜ਼ਰੂਰ ਹੈ! ਦਾਲ 'ਚ ਕਿਤੇ ਕਾਲਾ ਜ਼ਰੂਰ ਹੈ, ਪਰ ਕਿੱਥੇ? ਕੋਈ ਖ਼ਤਰਨਾਕ ਗੱਲ ਹੋ ਸਕਦੀ ਹੈ? ਖ਼ਤਰਨਾਕ ਗੱਲ ਬਾਰੇ ਉਹ ਘੱਟੋ-ਘੱਟ ਜੋਗਿੰਦਰ ਵੱਲੋਂ ਨਹੀਂ ਸੋਚ ਸਕਦਾ ਸੀ! ਪਰ ਇਸ ਰਹੱਸ ਦੀ ਉਸ ਨੂੰ ਸਮਝ ਨਹੀਂ ਆ ਰਹੀ ਸੀ। ਗੁੰਝਲਦਾਰ ਸੁਆਲ ਉਸ ਦੇ ਸਿਰ ਵਿਚ ਵਦਾਣ ਮਾਰੀ ਜਾ ਰਿਹਾ ਸੀ! ਉਸ ਦੀ ਸੋਚ ਖੋਤੀ-ਗੇੜੇ ਪਈ ਹੋਈ ਸੀ! ਜੋਗਿੰਦਰ ਜੇ ਕਿਸੇ ਦਾ ਚੰਗਾ ਨਹੀਂ ਕਰ ਸਕਦਾ ਸੀ, ਤਾਂ ਕਿਸੇ ਦਾ ਘੱਟੋ ਘੱਟ ਮਾੜਾ ਨਹੀਂ ਕਰਦਾ ਸੀ! ਉਸ ਦੇ ਦਿਮਾਗ ਨੇ ਕੋਈ ਏਰੀਅਲ ਨਾ ਫੜਿਆ। ਉਹ ਸੋਚਾਂ ਦੇ ਸਾਗਰ ਵਿਚ ਹੀ ਗੋਤੇ ਖਾਈ ਗਿਆ ਸੀ।

ਅਗਲੇ ਦਿਨ ਬਿੱਲੂ ਦਾ ਫ਼ੋਨ ਆ ਗਿਆ।

ਸਾਲਜ਼ਬਰਗ ਦੀ ਸਿੱਧੀ ਟਿਕਟ ਨਹੀਂ ਮਿਲ ਰਹੀ ਸੀ।

ਏਜੰਟ ਅਨੁਸਾਰ ਟਿਕਟ ਵਿਆਨਾ ਦੀ ਮਿਲਦੀ ਸੀ। ਵਿਆਨਾ ਇੱਥੋਂ ਤਿੰਨ ਸੌ ਕਿਲੋਮੀਟਰ ਦੂਰ ਸੀ।

-"ਤੂੰ ਵੀਜ਼ਾ ਲੱਗ ਲੈਣਦੇ-ਤੈਨੂੰ ਵਿਆਨਾ ਤੋਂ ਹੀ ਜਾ ਕੇ ਲੈ ਆਵਾਂਗੇ।" ਜੋਗਿੰਦਰ ਨੇ ਉਸ ਦਾ ਦਿਲ ਧਰਾਇਆ। ਤਸੱਲੀ ਦਿੱਤੀ। ਪ੍ਰੀਤ ਨੂੰ ਜੋਗਿੰਦਰ ਦੇ ਬਿੱਲੂ ਨਾਲ ਵਰਤਾਓ ਬਾਰੇ ਸਮਝ ਨਹੀਂ ਆਈ ਸੀ। ਉਹ ਉਸ ਨਾਲ ਬੜਾ ਸੁਰ ਵਿਚ ਬੋਲ ਰਿਹਾ ਸੀ। ਸਾਰੀ ਜ਼ਿੰਦਗੀ ਬਿੱਲੂ ਨੂੰ ਗਾਲ੍ਹਾਂ ਕੱਢਣ ਵਾਲਾ ਜੋਗਿੰਦਰ ਅੱਜ ਭਿੱਜੀ ਜਿਹੀ ਬਿੱਲੀ ਕਿਵੇਂ ਬਣਿਆਂ ਬੈਠਾ ਸੀ? ਇਤਨਾ ਵੱਡਾ ਬਦਲਾਓ? ਕੋਈ ਘੁੰਡੀ ਜ਼ਰੂਰ ਸੀ! ਪਰ ਘੁੰਡੀ ਕੀ ਸੀ? ਇਸ ਬਾਰੇ ਪ੍ਰੀਤ ਨੂੰ ਲੱਲ ਨਹੀਂ ਲੱਗ ਰਿਹਾ ਸੀ!

ਖ਼ੈਰ! ਬਿੱਲੂ ਦਾ ਵੀਜ਼ਾ ਲੱਗ ਗਿਆ।

ਵੀਜ਼ਾ ਤਿੰਨ ਮਹੀਨੇ ਦਾ ਲੱਗਿਆ ਸੀ।

ਟਿਕਟ ਵਿਆਨਾ ਦੀ ਹੀ ਲੈ ਲਈ ਗਈ।

-"ਚੱਲ ਵਿਆਨਾ ਤੋਂ ਈ ਜਾ ਕੇ ਲੈ ਆਵਾਂਗੇ-ਚਾਰ ਘੰਟੇ ਦੀ ਤਾਂ ਵਾਟ ਐ।" ਜੋਗਿੰਦਰ ਨੇ ਕਿਹਾ ਸੀ।

-"ਚਾਰ ਘੰਟੇ ਜਾਣ ਦੇ, ਤੇ ਚਾਰ ਘੰਟੇ ਆਉਣ ਦੇ-ਅੱਠ ਘੰਟੇ ਬਣ ਗਏ-ਦਿਲਪ੍ਰੀਤ ਦਾ ਕੀ ਕਰਾਂਗੇ?" ਸਰਬਜੀਤ ਬੋਲੀ। ਉਸ ਨੂੰ ਪਤਾ ਸੀ ਕਿ ਜਦੋਂ ਜੋਗਿੰਦਰ ਹੋਰੀਂ ਬੇਬੇ ਨੂੰ ਗੁਰਦੁਆਰੇ ਲੈ ਕੇ ਗਏ ਸਨ, ਤਾਂ ਸਰਬਜੀਤ ਨੇ ਦਿਲਪ੍ਰੀਤ ਦੇ ਤੰਗ ਹੋਣ ਵਾਲੀ ਗੱਲ ਕਹੀ ਸੀ। ਹੁਣ ਉਹ ਆਪਣੇ ਵੱਲੋਂ ਸੱਚੀ ਜਿਹੀ ਰਹਿਣਾ ਚਾਹੁੰਦੀ ਸੀ।

-"ਦਿਲਪ੍ਰੀਤ ਨੂੰ ਪ੍ਰੀਤ ਰੱਖਲੂ-ਇਹਨੇ ਹੋਰ ਮੱਕੀ ਗੁੱਡਣੀ ਐਂ?" ਜੋਗਿੰਦਰ ਨੇ ਗੱਲ ਹਾਸੇ ਪਾਉਣੀ ਚਾਹੀ।

-"ਕਿਉਂ ਬਈ ਪ੍ਰੀਤ ਸਿਆਂ?"

-"ਰੱਖ ਲਊਂ ਮਾਮਾ ਜੀ! ਤੁਸੀਂ ਕਿਹੜੀਆਂ ਗੱਲਾਂ ਕਰਦੇ ਓਂ?" ਪ੍ਰੀਤ ਨੇ ਬੜੀ ਅਪਣੱਤ ਨਾਲ ਕਿਹਾ। ਉਹ ਮਾਮੇ ਲਈ ਜਿੰਦ ਵਾਰਨ ਲਈ ਤਿਆਰ ਸੀ।

-"ਵਿਹਲਾ ਕੀ ਕਰੂ? ਨਾਲ ਈ ਇਹਨੂੰ ਲੈ ਚੱਲੋ!"

-"ਕਿਉਂ ਮੇਰੇ 'ਕੱਲੇ ਨਾਲ ਜਾਂਦੀ ਨੂੰ ਡਰ ਲੱਗਦੈ?" ਜੋਗਿੰਦਰ ਨੇ ਕਿਹਾ।

ਸਰਬਜੀਤ ਹੱਸ ਪਈ।

-"ਦੁੱਧ ਬਗੈਰਾ ਬਣਾ ਕੇ ਇਹਨੂੰ ਦੇ ਜਾਈਂ-ਸ਼ਾਮ ਤੱਕ ਆਪਾਂ ਮੁੜ ਆਉਣੈਂ! ਨਾਲੇ ਕਿੱਤੇ ਲੱਗਿਆ ਰਹੂ-

ਜੁਆਕ ਸਾਂਭਣ ਦੀ ਜਾਂਚ ਹੁਣ ਤੋਂ ਈ ਸਿੱਖ ਲੈ-ਫੇਰ ਔਖਾ ਹੋਵੇਂਗਾ।''

ਸਾਰੇ ਹੱਸ ਪਏ।

ਬਿੱਲੂ ਦੇ ਪਹੁੰਚਣ ਦਾ ਦਿਨ ਵੀ ਆ ਗਿਆ।

ਉਸ ਨੇ ਅਗਲੇ ਦਿਨ ਵਿਆਨਾ ਏਅਰਪੋਰਟ 'ਤੇ ਉਤਰਨਾ ਸੀ।

ਸਰਬਜੀਤ ਸਵੇਰੇ ਤਿੰਨ ਵਜੇ ਹੀ ਉਠ ਖੜ੍ਹੀ ਹੋਈ। ਦਿਲਪ੍ਰੀਤ ਲਈ ਦੁੱਧ ਅਤੇ ਖੁਰਾਕ ਬਗੈਰਾ ਤਿਆਰ ਕਰ ਕੇ ਰੱਖ ਦਿੱਤੀ। ਜੋਗਿੰਦਰ ਨੂੰ ਜਗਾ ਦਿੱਤਾ। ਉਸ ਨੇ ਨਹਾ ਧੋ ਕੇ ਕੱਪੜੇ ਪਾ ਲਏ। ਦਾਰੂ ਦੀਆਂ ਦੋ ਬੋਤਲਾਂ ਅਤੇ ਗਿਲਾਸ ਗੱਡੀ ਵਿਚ ਰੱਖ ਲਏ।

-''ਗੱਡੀ ਚਲਾਉਣ ਵੇਲੇ ਤੁਸੀਂ ਥੋੜ੍ਹੋ ਪੀਣੀ ਐਂ?'' ਸਰਬਜੀਤ ਨੇ ਕਿਹਾ।

-''ਇੱਕ ਅੱਧਾ ਤਾਂ ਲਾਵਾਂਗੇ ਈ-ਫੇਰ ਵੀ ਸਾਲਾ ਸਾਹਬ ਨੇ ਆਉਣੈਂ!'' ਜੋਗਿੰਦਰ ਹੱਸਿਆ। ਪਰ ਹਾਸੇ ਵਿਚ ਖੁਸ਼ੀ ਨਹੀਂ ਸੀ। ਹਾਸਾ ਜ਼ਾਹਿਰਾ ਤੌਰ 'ਤੇ ਓਪਰਾ ਸੀ।

-''ਫੇਰ ਦੋ ਬੋਤਲਾਂ ਕੀ ਕਰਨੀਐਂ?''

-''ਤੂੰ ਹੁਣ ਮੇਰੇ ਨਾਲ ਲੜਨੈਂ? ਬੋਤਲਾਂ ਮੁੜ ਕੇ ਨਹੀਂ ਆਉਣਗੀਆਂ?''

ਉਸ ਨੇ ਪ੍ਰੀਤ ਨੂੰ ਜਗਾ ਕੇ ਦਿਲਪ੍ਰੀਤ ਦੇ ਦੁੱਧ ਅਤੇ ਖੁਰਾਕ ਬਾਰੇ ਸਮਝਾ ਦਿੱਤਾ।

-''ਜਦੋਂ ਨੂੰ ਦਿਲਪ੍ਰੀਤ ਨੇ ਜਾਗਣੈਂ-ਉਦੋਂ ਨੂੰ ਤਾਂ ਤੁਸੀਂ ਵਿਆਨਾ ਹੋਵੋਗੇ-ਤੁਸੀਂ ਇਹਦੀ ਚਿੰਤਾ ਨਾ ਕਰਿਓ-ਰੱਬ ਆਸਰੇ ਜਾਓ, ਤੇ ਖੁਸ਼ੀ ਖੁਸ਼ੀ ਮੁੜ ਆਓ!'' ਪ੍ਰੀਤ ਨੇ ਕਿਹਾ।

-''ਤੈਨੂੰ ਚਾਹ ਬਣਾ ਕੇ ਦੇ ਜਾਵਾਂ?''

-''ਤੁਸੀਂ ਮੇਰੀ ਚਿੰਤਾ ਨਾ ਕਰੋ-ਤੁਸੀਂ ਰੱਬ ਦਾ ਨਾਂ ਲਓ, ਤੇ ਜਾਓ-ਮੈਂ ਆਪੇ ਸਾਰਾ ਕੁਛ ਬਣਾ ਲਊਂ-ਮੋਬਾਇਲ ਚਲਦਾ ਰੱਖਿਓ-ਜੇ ਜੁਆਨ ਜੀ ਤੰਗ ਕਰਨ ਲੱਗ ਪਏ-ਫ਼ੋਨ ਤਾਂ ਕਰ ਲਊਂ।''

-''ਮੋਬਾਇਲ ਅਸੀਂ ਜਮਾਂ ਬੰਦ ਨਹੀਂ ਕਰਦੇ-ਬੇਫ਼ਿਕਰ ਰਹਿ!''

ਉਹ ਤੁਰ ਗਏ।

ਕਾਰ 'ਹਾਈ-ਵੇ' 'ਤੇ ਸਿਰਪੱਟ ਦੌੜੀ ਜਾ ਰਹੀ ਸੀ।

ਪਤਾ ਨਹੀਂ ਜੋਗਿੰਦਰ ਆਸੇ ਪਾਸੇ ਗਹੁ ਨਾਲ ਕੀ ਨਿਰਖਦਾ ਜਾ ਰਿਹਾ ਸੀ?

ਉਹ ਅੱਜ ਕੁਝ ਬਹੁਤਾ ਹੀ ਚੁੱਪ ਜਿਹਾ ਸੀ। ਕੁਝ ਜ਼ਿਆਦਾ ਹੀ ਸੋਚਾਂ ਵਿਚ ਡੁੱਬਿਆ ਹੋਇਆ!

-''ਸਿਆਣੇ ਆਖਦੇ ਐ-ਪੁੱਤਾਂ ਬਿਨਾਂ ਜੜ੍ਹ ਨਹੀਂ ਹੁੰਦੀ ਬੰਦੇ ਦੀ, ਸਰਬਜੀਤ!'' ਪਤਾ ਨਹੀਂ ਜੋਗਿੰਦਰ ਨੂੰ ਕੀ ਸੁੱਝਿਆ, ਉਸ ਨੇ ਅਚਨਚੇਤ ਸਰਬਜੀਤ ਨੂੰ ਕਿਹਾ।

ਸਰਬਜੀਤ ਹੈਰਾਨ ਜਿਹੀ ਹੋਈ ਜੋਗਿੰਦਰ ਵੱਲ ਝਾਕੀ, ਕਿ ਉਹ ਇਹ ਕਹਿ ਕੇ, ਕੀ ਕਹਿਣਾ ਚਾਹੁੰਦਾ ਸੀ?

ਪਰ ਉਸ ਨੂੰ ਜੋਗਿੰਦਰ ਦੀ ਗੱਲ ਦੀ ਸਮਝ ਨਾ ਪਈ।

-''ਗਾਉਣ ਆਲੇ ਗਾਉਂਦੇ ਹੁੰਦੇ ਐ: ਪੁੱਤਰ ਜੜ੍ਹ ਮਾਪਿਆਂ ਦੀ-ਪੁੱਤਾਂ ਨਾਲ ਸਾਂਝ ਜਗਤ ਵਿਚ ਪੈਂਦੀ-ਬਾਬੇ ਦੀ ਬਾਣੀ ਵੀ ਆਖਦੀ ਐ-ਪੁੱਤੀਂ ਗੰਢੁ ਪਵੈ ਸੰਸਾਰ।''

-''ਇਹ ਤੁਸੀਂ ਕਿਹੋ ਜਿਹੀਆਂ ਗੱਲਾਂ ਕਰੀ ਜਾਂਦੇ ਓਂ?'' ਸਰਬਜੀਤ ਉਸ ਵੱਲ ਘੁੱਟਾਂਬਾਟੀ ਜਿਹੀ ਝਾਕੀ।

ਜੋਗਿੰਦਰ ਹੱਸ ਪਿਆ।

-''ਸਰਬਜੀਤ! ਕਹਿੰਦੇ ਹੁੰਦੇ ਐ-ਰਾਵਣ ਦੇ 'ਏਕ ਲੱਖ ਪੂਤ ਸਵਾ ਲੱਖ ਨਾਤੀ' ਸੀ-ਮਤਲਬ ਇੱਕ ਲੱਖ ਪੁੱਤ ਤੇ ਸਵਾ ਲੱਖ ਰਿਸ਼ਤੇ ਨਾਤੇ ਆਲੇ ਸੀ-ਪਰ ਜਦੋਂ ਕੋੜਮਾਂ ਤਬਾਹ ਹੋਇਆ ਤਾਂ ਗਰੰਥ ਦੱਸਦੇ ਐ ਬਈ ਲੰਕਾ ਵਿਚ ਉਹਦਾ ਕੋਈ ਦੀਵਾ ਜਗਾਉਣ ਵਾਲਾ ਵੀ ਹੈਨੀ ਸੀ!''

-''ਤੁਸੀਂ ਕਿਤੇ ਸਵੇਰੇ ਤਾਂ ਈ ਨਹੀਂ ਪੈੱਗ ਲਾ ਲਿਆ?''

-''ਓਏ ਨਹੀਂ! ਕਾਹਨੂੰ?'' ਜੋਗਿੰਦਰ ਫਿਰ ਹੱਸ ਪਿਆ।

ਸਰਬਜੀਤ ਨੂੰ ਹੈਰਾਨਗੀ ਹੋਈ ਕਿ ਜੋਗਿੰਦਰ ਅੱਜ ਕੀ ਬੱਕੜਵਾਹ ਕਰੀ ਜਾ ਰਿਹਾ ਸੀ?

ਕਿਤੇ ਇਹਦੇ ਦਿਮਾਗ 'ਚ ਫ਼ਰਕ ਤਾਂ ਨਹੀਂ ਪੈ ਗਿਆ?

-''ਲੈ ਆਹ ਸਮੁੰਦਰ ਆ ਗਿਆ-ਤੇ ਹੁਣ ਏਅਰਪੋਰਟ ਐਥੋਂ ਸਾਰਾ ਈ ਅੱਧੇ ਘੰਟੇ ਦਾ ਰਸਤਾ ਐ।''

ਜੋਗਿੰਦਰ ਨੇ 'ਸਾਈਨ-ਬੋਰਡ' ਪੜ੍ਹਦਿਆਂ ਕਿਹਾ।

ਸਰਬਜੀਤ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ।

ਬਿੱਲੂ ਦੇ ਉਤਰਨ ਵਿਚ ਅਜੇ ਪੂਰੇ ਦੋ ਘੰਟੇ ਪਏ ਸਨ। ਬੜਾ ਟਾਈਮ ਸੀ।

ਏਅਰਪੋਰਟ ਜਾ ਕੇ ਜੋਗਿੰਦਰ ਨੇ ਸਰਬਜੀਤ ਨੂੰ 'ਇੰਨਟਰੈਂਸ' ਕੋਲ ਲਾਹ ਦਿੱਤਾ ਅਤੇ ਆਪ ਕਾਰ ਪਾਰਕ ਕਰਨ ਚਲਾ ਗਿਆ। ਕਾਰ ਪਾਰਕ ਕਰਕੇ ਉਸ ਨੇ ਦੋ 'ਲੰਡੇ' ਪੈੱਗ ਸੜ੍ਹਾਕ ਧਰੇ। ਪਤਾ ਨਹੀਂ ਅੱਜ ਉਸ ਨੂੰ ਕੀ ਚੰਡੀ ਚੜ੍ਹੀ ਹੋਈ ਸੀ? ਉਹ ਅਜ਼ੀਬ ਜਿਹੀਆਂ ਹਰਕਤਾਂ ਕਰੀ ਜਾ ਰਿਹਾ ਸੀ! ਅਜੀਬੋ-ਗਰੀਬ ਹਰਕਤਾਂ!

ਉਹ ਕਾਰ ਪਾਰਕ ਕਰ ਕੇ ਏਅਰਪੋਰਟ ਹਾਲ ਵਿਚ ਆ ਗਿਆ।

ਉਸ ਨੇ ਇੰਨਫ਼ਾਰਮੇਸ਼ਨ ਸਕਰੀਨ 'ਤੇ ਪੜ੍ਹਿਆ ਤਾਂ ਬਿੱਲੂ ਦੀ ਫ਼ਲਾਈਟ ਬਿਲਕੁਲ ਸਹੀ ਸਮੇਂ 'ਤੇ ਹੀ ਆ ਰਹੀ ਸੀ। ਸਕਰੀਨ 'ਤੇ ਜਹਾਜ਼ ਦੇ ਉਤਰਨ ਦਾ ਟਾਈਮ, ਨੈਣ ਦੀ ਅੱਖ ਵਾਂਗ ਜਗ ਰਿਹਾ ਸੀ!

ਸਰਬਜੀਤ ਖ਼ੁਸ਼ ਸੀ।

-''ਫ਼ਲਾਈਟ ਉਤਰਨ 'ਚ ਅਜੇ ਪੂਰਾ ਘੰਟਾ ਪਿਐ-ਮੈਂ ਪ੍ਰੀਤ ਨੂੰ ਫ਼ੋਨ ਕਰਲਾਂ।'' ਜੋਗਿੰਦਰ ਨੇ ਕਿਹਾ।

-''ਕਰਲੋ!'' ਉਹ ਉਤਰਦੇ ਅਤੇ ਚੜ੍ਹਦੇ ਜਹਾਜ਼ਾਂ ਨੂੰ ਦੇਖ ਰਹੀ ਸੀ। ਕੀ ਤਕਨੀਕ ਦੀ ਕਾਢ ਸੀ? ਉਸ ਦਾ ਤਕਨੀਕ ਦੇ ਬਲਿਹਾਰੇ ਜਾਣ ਨੂੰ ਦਿਲ ਕਰਦਾ ਸੀ! ਬੰਦਾ ਕਿੱਥੋਂ ਉੱਡ ਕੇ, ਘੰਟਿਆਂ ਵਿਚ ਕਿੱਥੇ ਚਲਾ ਜਾਂਦਾ ਸੀ।

ਜੋਗਿੰਦਰ ਨੇ ਪ੍ਰੀਤ ਨੂੰ ਫ਼ੋਨ ਕੀਤਾ। ਦਿਲਪ੍ਰੀਤ ਅਜੇ ਵੀ ਸੁੱਤਾ ਪਿਆ ਸੀ।

ਫ਼ਲਾਈਟ ਆਉਣ ਤੋਂ ਪਹਿਲਾਂ ਜੋਗਿੰਦਰ ਨੇ ਇਕ ਪੈੱਗ ਹੋਰ ਖਿੱਚ ਆਂਦਾ।

ਸਰਬਜੀਤ ਨੂੰ ਇਸ ਬਾਰੇ ਕੋਈ ਪਤਾ ਨਹੀਂ ਸੀ।

ਫ਼ਲਾਈਟ ਉਤਰ ਆਈ। ਸਰਬਜੀਤ ਨੇ ਏਅਰਪੋਰਟ ਦੀ ਗੈਲਰੀ ਵਿਚੋਂ ਹੀ ਬਿੱਲੂ ਨੂੰ ਹੱਥ ਹਿਲਾਇਆ। ਬਿੱਲੂ ਦੇ ਕੋਟ ਪੈਂਟ ਪਾਇਆ ਹੋਇਆ ਸੀ, ਕੋਟ ਆਫ਼ਰੇ ਝੋਟੇ 'ਤੇ ਦਿੱਤੇ ਹੋਏ ਝੁੱਲ ਵਰਗਾ ਲੱਗਦਾ ਸੀ। । ਬੂਝੜ ਜੱਟ ਨੇ ਟਾਈ ਰੱਸੇ ਵਾਂਗ ਨਰੜੀ ਹੋਈ ਸੀ। ਕੱਸੀ ਦੇ ਨੱਕੇ ਛੱਡਣ ਵਾਲੇ ਬੰਦੇ ਨੂੰ ਟਾਈ ਲਾਉਣ ਦਾ ਕੀ ਚੱਜ ਸੀ? ਬਿੱਲੂ ਕਿਸਾਈਆਂ ਦੇ ਕੱਟੇ ਵਾਂਗ ਟਾਈ ਅਤੇ ਕੋਟ ਪੈਂਟ ਵਿਚ ਨਰੜਿਆ, ਰੇਲਵੇ ਇੰਜਣ ਵਾਂਗ ਔਖੇ ਔਖੇ ਜਿਹੇ ਸਾਹ ਲੈ ਰਿਹਾ ਸੀ।

ਕਣਕਾਂ-ਕਪਾਹਾਂ ਵਿਚ ਖੁਰਵੱਢ ਕਰਨ ਵਾਲਾ ਜੱਟ, ਸਾਹਣ ਵਾਂਗ ਧੁੱਸ ਦੇਈ ਸਿੱਧਾ ਹੀ ਏਅਰਪੋਰਟ ਦੇ ਬਾਹਰ ਨੂੰ ਹੋ ਤੁਰਿਆ।

ਇੰਮੀਗਰੇਸ਼ਨ ਆਫ਼ੀਸਰ ਨੇ ਉਸ ਨੂੰ ਰੋਕ ਲਿਆ ਅਤੇ ਹੱਥ ਦੇ ਇਸ਼ਾਰੇ ਨਾਲ ਇੰਮੀਗਰੇਸ਼ਨ ਕਾਊਂਟਰ ਵੱਲ ਨੂੰ ਤੋਰ ਦਿੱਤਾ।

ਇੰਮੀਗਰੇਸ਼ਨ ਤੋਂ ਵਿਹਲਾ ਹੋ ਕੇ, ਸਮਾਨ ਲੈ ਉਹ ਬਾਹਰ ਆ ਗਿਆ।

ਅਟੈਚੀ ਦੇ ਨਾਲ ਉਹ ਬਿਸਕੁਟਾਂ ਵਾਲਾ ਪੀਪਾ ਚੁੱਕੀ ਫਿਰਦਾ ਸੀ।

-''ਭੈਣ ਚੋਦ ਦੀ ਕੁੱਤੀ ਜਾਅਤ ਨੂੰ ਨਾ ਅਕਲ, ਨਾ ਮੌਤ-ਬਿਸਕੁਟਾਂ ਆਲਾ ਪੀਪਾ ਚੱਕੀ ਆਉਂਦੈ, ਜਿਵੇਂ ਫ਼ੌਜ 'ਚ ਭਰਤੀ ਹੋਣ ਚੱਲਿਆ ਹੁੰਦੈ-ਕੁੜੀ ਯਾਵ੍ਹੇ ਦਾ ਕਮਲਾ ਲਾਣਾਂ!'' ਜੋਗਿੰਦਰ ਨੇ ਨਮੋਸ਼ੀ ਜਿਹੀ ਮੰਨਦਿਆਂ ਕਿਹਾ।

-''ਕੋਈ ਨਾ! ਹੁਣ ਕਾਹਤੋਂ ਕਚੀਰ੍ਹਾ ਕਰਦੇ ਓਂ? ਇੱਥੇ ਆ ਕੇ ਆਪੇ ਸਮਝ ਆ ਜਾਊ-ਹੁਣ ਆਉਣ ਸਾਰ ਈ ਨਾ ਕੁਛ ਕਹਿਓ-ਮੇਰੀ ਮਿੰਨਤ ਐ।'' ਸਰਬਜੀਤ ਨੇ ਜੋਗਿੰਦਰ ਅੱਗੇ ਹੱਥ ਜੋੜੇ।

ਬਿੱਲੂ ਨੇ ਆਉਣਸਾਰ ਸਰਬਜੀਤ ਦੇ ਗਲ ਨੂੰ ਗਲਵਕੜੀ ਪਾ ਲਈ। ਜਿਵੇਂ ਬਲਦ ਨੂੰ 'ਕਾੜ੍ਹਾ' ਦੇਣ ਲੱਗੇ ਪਾਈਦੀ ਹੈ।

-''ਤਕੜੀ ਐਂ ਕੁੜੀਏ?'' ਉਸ ਨੇ ਵੱਡੇ-ਵੱਡੇ ਬੂਟਾਂ ਨਾਲ ਸਰਬਜੀਤ ਦੇ ਪੈਰ ਵੱਢ ਧਰੇ। ਪਰ ਉਹ ਜੋਗਿੰਦਰ ਤੋਂ ਡਰਦੀ ਕੁਝ ਨਾ ਬੋਲੀ। ਉਸ ਨੂੰ ਪਤਾ ਸੀ ਕਿ ਜੇ ਉਸ ਨੂੰ ਕੁਝ ਕਿਹਾ ਤਾਂ ਜੋਗਿੰਦਰ ਨੇ ਗਾਲ੍ਹਾਂ ਦੀ ਛੂਟ ਵੱਟ ਲੈਣੀ ਸੀ। ਉਹ ਤਾਂ ਅੱਗੇ ਹੀ ਨਹੀਂ ਮਾਨ ਸੀ? ਪਤਾ ਨਹੀਂ ਕਿਉਂ ਅੱਕਿਆ ਪਿਆ ਸੀ!

-''ਸਾਸਰੀਕਾਲ ਪ੍ਰਾਹੁਣਿਆਂ-ਸਾਸਰੀਕਾਲ!''

-''ਆਜਾ-ਸਾਸਰੀਕਾਲ! ਆਹ ਚੱਕਲਾ ਆਬਦੀ ਟਿੰਡ ਫ਼ੌਹੜੀ ਤੇ ਕਾਰ ਕੋਲੇ ਆ ਜਾਹ!'' ਜੋਗਿੰਦਰ ਪੀਪਾ ਚੁੱਕਣੋਂ ਇਨਕਾਰੀ ਸੀ। ਉਸ ਨੂੰ ਸ਼ਰਮ ਆ ਰਹੀ ਸੀ।

ਬਿੱਲੂ ਪੀਪਾ ਚੁੱਕ ਕੇ ਉਹਨਾਂ ਦੇ ਪਿੱਛੇ ਪਿੱਛੇ ਤੁਰ ਪਿਆ। ਪਟਵਾਰੀ ਮਗਰ ਚੌਂਕੀਦਾਰ ਚੱਲਣ ਵਾਂਗ!

ਉਹ ਅਟੈਚੀ ਅਤੇ ਪੀਪਾ ਚੁੱਕੀ ਨਵੇਂ ਦੁੱਧ ਹੋਣ ਵਾਲੀ ਮੱਝ ਵਾਂਗ ਧੂੜਾਂ ਪੱਟਦਾ ਜਾ ਰਿਹਾ ਸੀ।

ਕਾਰ ਕੋਲ ਜਾ ਕੇ ਜੋਗਿੰਦਰ ਨੇ ਸਮਾਨ ਕਾਰ ਦੇ ਬੂਟ ਵਿਚ ਰਖਵਾ ਲਿਆ। ਜਿਵੇਂ ਕੁਲੀ ਤੋਂ ਰਖਵਾਈਦੈ!

-"ਲਾਉਣੀ ਐਂ ਘੁੱਟ?" ਉਸ ਨੇ ਅੱਖੜ ਬੋਲ ਵਿਚ ਪੁੱਛਿਆ।

-"ਚੰਗੇ ਕੰਮ ਤੇ ਪੁੱਛ-ਪੁੱਛ ਕੇ ਪ੍ਰਾਹੁਣਿਆਂ? ਜੇ ਬਾਹਰਲੀ ਪਿਆਵੇਂਗਾ ਤਾਂ, ਲਾਲਾਂਗੇ!"

ਜੋਗਿੰਦਰ ਨੇ ਬੋਤਲ ਕੱਢ ਕੇ ਇੱਕ ਲੰਡਾ ਪੈੱਗ ਲੁਆ ਦਿੱਤਾ ਅਤੇ ਇੱਕ ਕਰੜਾ ਜਿਹਾ ਆਪ ਵੀ ਲਾ ਲਿਆ।

-"ਤੁਸੀਂ ਨਾ ਬਹੁਤੀ ਪੀਓ-ਗੱਡੀ ਚਲਾਉਣੀ ਐਂ।"

-"ਮਰਨਾ ਇੱਕ ਦਿਨ ਈ ਐ-ਨਿੱਤ ਨਿੱਤ ਨਹੀਂ ਮਰਨਾ ਸਰਬਜੀਤ ਕੌਰੇ! ਕਿਉਂ ਬਈ ਬਿੱਲੂ?"

-"ਬਿਲਕੁਲ! ਖਾਂਦੇ ਪੀਂਦੇ ਮਰਜੀਏ ਸੌ ਆਰੀ ਮਰਜੀਏ-ਪਰ ਭੁੱਖੇ ਮਰਨਾ ਮਰਦਾਂ ਨੂੰ ਮਿਹਣੈਂ, ਪ੍ਰਾਹੁਣਿਆਂ!"

-"ਆਹ ਕੀਤੀ ਐ ਨਾ ਗੱਲ-ਲੈ ਇੱਕ ਹੋਰ ਲਾ-ਕੱਢ ਲੈ ਕੁੱਖਾਂ-ਤੂੰ ਵੀ ਕੀ ਜਾਣੇਂਗਾ-ਬਈ ਪ੍ਰਾਹੁਣੇ ਨੇ ਸੇਵਾ ਨਹੀਂ ਕੀਤੀ-ਨਿੱਤ ਨਿੱਤ ਨੀ ਭਾਣਜੇ ਵਿਆਹੁਣੇ ਖਾ ਲੈ ਬਿੱਲੋ ਨਾਸ਼ਪਾਤੀਆਂ!"

ਉਹਨਾਂ ਦੋਨਾਂ ਨੇ ਬੋਤਲ ਖਾਲੀ ਕਰ ਮਾਰੀ।

ਸਰਬਜੀਤ ਪਿਆਸੇ ਕਾਂ ਵਾਂਗ ਉਹਨਾਂ ਵੱਲ ਝਾਕ ਰਹੀ ਸੀ।

-"ਚੱਲੀਏ ਬਈ?" ਜੋਗਿੰਦਰ ਨੇ ਵੱਡਾ ਸਾਰਾ ਖੰਘੂਰਾ ਮਾਰ ਕੇ ਪੁੱਛਿਆ।

-"ਚਲੋ!"

-"ਪ੍ਰੀਤ ਨੂੰ ਫ਼ੋਨ ਕਰਲਾਂ।" ਉਸ ਨੇ ਪ੍ਰੀਤ ਨੂੰ ਫ਼ੋਨ ਕੀਤਾ। ਦਿਲਪ੍ਰੀਤ ਉਠ ਖੜ੍ਹਿਆ ਸੀ। ਪ੍ਰੀਤ ਨੇ ਉਸ ਨੂੰ ਦੁੱਧ ਪਿਆ ਦਿੱਤਾ ਸੀ। ਹੁਣ ਖੇਡ ਰਿਹਾ ਸੀ।

-"ਹੁਣ ਇਹਦੀ ਜ਼ਿੰਮੇਵਾਰੀ ਤੇਰੇ 'ਤੇ ਐ ਪ੍ਰੀਤ-ਇਹਨੂੰ ਰੋਣ ਨਾ ਦੇਈਂ!" ਜੋਗਿੰਦਰ ਨੇ ਕਿਹਾ।

-"ਤੁਸੀਂ ਫਿਕਰ ਕਾਹਦਾ ਕਰਦੇ ਐਂ ਜੀ? ਤੁਸੀਂ ਜਦੋਂ ਨੂੰ ਮੁੜਨੈਂ ਉਦੋਂ ਨੂੰ ਜੁਆਨ ਨੇ ਫੇਰ ਸੌਂ ਜਾਣੈਂ।"

-"ਓਏ ਗਇਆਂ ਦਾ ਕੋਈ ਇਤਬਾਰ ਨਹੀਂ ਹੁੰਦਾ-ਬੰਦੇ ਦਾ ਕੀ ਹੁੰਦੈ ਐ, ਪ੍ਰੀਤ ਸਿਆਂ? ਸਾਹ ਆਇਆ, ਨਾ ਆਇਆ? ਬੰਦਾ ਤਾਂ ਪਾਣੀ ਦਾ ਬੁਲ੍ਹਬੁਲਾ ਐ-ਜਦੋਂ ਫੂਕ ਨਿਕਲ ਗਈ ਤਾਂ, ਗਿਆ!"

-"ਤੁਸੀਂ ਮੈਨੂੰ ਮੈਦ ਐ, ਅੱਜ ਫੇਰ ਤੜਕੇ ਈ ਪੈੱਗ ਲਾ ਗਏ?" ਪ੍ਰੀਤ ਹੱਸਿਆ।

-"ਓਏ ਕਾਹਨੂੰ ਸਾਰੇ ਮਾਰੂੰ-ਮਾਰੂੰ ਕਰੀ ਜਾਨੇ ਰਹਿੰਨੇ ਐਂ? ਦੇਖੀਂ ਤੈਨੂੰ ਜਾਗ ਨਹੀਂ ਆਉਣੀ, ਇੱਕ ਦਿਨ ਐਸਾ ਸੌਣਾ-ਯਮਲਾ ਗਾਉਂਦਾ ਹੁੰਦਾ ਸੀ-ਦੇਖ ਲੈ ਮਿੱਤਰ ਆਪ ਵੀ ਤੁਰ ਗਿਆ।"

-"ਤੁਸੀਂ ਕ੍ਰਿਪਾ ਕਰੋ, ਹੁਣ ਹੋਰ ਨਾ ਪੀਓ-ਤੇ ਰੱਬ ਦਾ ਨਾਂ ਲੈ ਕੇ ਆ ਜਾਓ!"

-"ਓਏ ਗਏ ਕਦੇ ਮੁੜੇ ਐ? ਬੱਸ ਤੂੰ ਦਿਲਪ੍ਰੀਤ ਦਾ ਖਿਆਲ ਰੱਖੀਂ-ਹੁਣ ਇਹ ਤੇਰੇ ਜਿੰਮੇ ਐਂ-ਬੱਸ ਇਹਦਾ ਖਿਆਲ ਰੱਖਣਾ ਹੁਣ ਤੇਰਾ ਕੰਮ ਐਂ-ਚੱਲ ਠੀਕ ਐ ਰੱਬ ਰਾਖਾ-ਜਿਉਂਦਾ ਰਹਿ!" ਉਸ ਨੇ ਕਮਲ ਜਿਹਾ ਮਾਰਦੇ ਨੇ ਟੈਲੀਫ਼ੋਨ ਕੱਟ ਦਿੱਤਾ।

ਉਹ ਕਾਰ ਲੈ ਕੇ ਤੁਰ ਪਏ।

ਜੋਗਿੰਦਰ ਕਾਰ ਪਾਗਲਾਂ ਵਾਂਗ ਚਲਾ ਰਿਹਾ ਸੀ।

ਸਰਬਜੀਤ ਕਾਲਜਾ ਫੜੀ ਬੈਠੀ ਸੀ।

ਬਿੱਲੂ ਤੇਜ਼ ਕਾਰ ਚੱਲਦੀ ਦੇਖ ਕੇ ਲਾਚੜਿਆ ਬੈਠਾ ਸੀ। ਜੱਟ ਤਾਂ ਸੁਹਾਗੇ 'ਤੇ ਨਹੀਂ ਸੀ ਮਾਨ? ਹੁਣ ਤਾਂ 'ਬਾਹਰਲੀ' ਕਾਰ 'ਚ ਬੈਠਾ ਸੀ।

-"ਹਵਾ ਨਾਲ ਈ ਗੱਲਾਂ ਕਰਦੀ ਜਾਂਦੀ ਐ।"

-"ਵੇ ਤੂੰ ਕਾਹਨੂੰ ਫੂਕ ਦੇਈ ਜਾਨੈਂ, ਨਿੰਜ ਨੂੰ ਜਾਣਿਆਂ? ਇਹ ਤਾਂ ਅੱਗੇ ਈ ਨੀ ਮਾਨ!" ਸਰਬਜੀਤ ਖਿਝ ਕੇ ਬਿੱਲੂ ਨੂੰ ਪਈ।

-"ਕਾਹਨੂੰ ਝਿੜਕੀ ਜਾਨੀ ਐਂ, ਮੁੰਡੇ ਨੂੰ? ਬਿੱਲੂ ਸਿਆਂ!"

-"ਹੋ---?"

-"ਅੱਗੇ ਸਮੁੰਦਰ ਆ ਰਿਹੈ-ਸੈਰ ਕਰਨੀ ਐਂ?"

-"ਕਰਲਾਂਗੇ ਪ੍ਰਾਹੁਣਿਆਂ-ਜਿਉਂਦਾ ਵਸਦਾ ਰਹਿ!"

-"ਜਿਉਂਦੇ ਵਸਦੇ ਰਹੀਏ, ਚਾਹੇ ਨਾ ਰਹੀਏ-ਤੈਨੂੰ ਸਮੁੰਦਰ ਦੀ ਸੈਰ ਜ਼ਰੂਰ ਕਰਵਾਉਣੀ ਐਂ-ਪਹਿਲਾਂ ਖੜ੍ਹ ਕੇ ਪੈੱਗ ਲਾ ਲਈਏ?"

-"ਜਰੂਰ ਲਾਮਾਂਗੇ।" ਬਿੱਲੂ ਨੇ ਕਿਲਕਾਰੀ ਮਾਰੀ।

ਜੋਗਿੰਦਰ ਨੇ ਗੱਡੀ ਪਾਰਕ ਵਿਚ ਰੋਕ ਲਈ।

ਦੋਨਾਂ ਨੇ ਇੱਕ-ਇੱਕ ਪੈੱਗ ਲਾ ਲਿਆ।

ਸਰਬਜੀਤ ਹੁਣ ਬੋਲਣਾ ਫ਼ਜੂਲ ਸਮਝਦੀ ਸੀ। ਉਸ ਅਨੁਸਾਰ ਹੁਣ ਦੋ ਪਾਗਲ ਰਲ ਗਏ ਸਨ, ਹੁਣ ਤਾਂ ਰੱਬ ਹੀ ਰਾਖਾ ਸੀ।

ਜੋਗਿੰਦਰ ਨੇ ਗੱਡੀ ਫੇਰ ਤੋਰ ਲਈ।

-"ਕਿਉਂ ਆਇਆ ਸਰੂਰ ਕਿ ਨਹੀਂ?"

-"ਮੈਂ ਕਹਿੰਨੈ ਬਾਹਰਲੀ ਦਾਰੂ, ਬਾਹਰਲੀ ਈ ਹੁੰਦੀ ਐ-ਆਪਣੇ ਆਲਾ ਤਾਂ ਲਾਹਣ ਸਾਲਾ ਚੱਕਰੀ ਘੁੰਮਾ ਦਿੰਦੈ-ਇਉਂ ਹੁੰਦੈ, ਜਿਵੇਂ ਸਪਰੇਅ ਆਲੀ ਦੁਆਈ ਪੀਤੀ ਹੁੰਦੀ ਐ।"

-"ਲੈ ਬਈ ਬਿੱਲੂ ਸਿਆਂ, ਸਮੁੰਦਰ ਆ ਗਿਆ-ਪਾ ਲੈ ਦਰਸ਼ਣ! ਜਾਂ ਵਿਚ ਜਾ ਕੇ ਦਰਸ਼ਣ ਪਾਉਣੇ ਐਂ?"

-"ਵਿਚ ਜਾ ਕੇ ਈ ਪਾਵਾਂਗੇ, ਪ੍ਰਾਹੁਣਿਆਂ-ਬਾਹਰੋਂ ਕੀ ਪਾਉਣੇ ਐਂ?"

ਉਹਨਾਂ ਦੀ ਗੱਡੀ ਸਮੁੰਦਰ ਦੇ ਕਿਨਾਰੇ ਦੌੜਨ ਲੱਗ ਪਈ। ਸਮੁੰਦਰ ਬੜਾ ਵਿਸ਼ਾਲ ਸੀ। ਕਈ ਕਿਲੋਮੀਟਰਾਂ ਵਿਚ ਫ਼ੈਲਿਆ ਹੋਇਆ। ਕਿਲੋਮੀਟਰ ਤੱਕ ਲਹਿਰਾਂ ਹੀ ਲਹਿਰਾਂ ਤਰਦੀਆਂ ਦਿਸਦੀਆਂ ਸਨ। ਬੜਾ ਦਿਲਕਸ਼ ਨਜ਼ਾਰਾ ਸੀ।

ਬੱਦਲਵਾਈ ਹੋ ਚੁੱਕੀ ਸੀ।

-"ਬਿੱਲੂ, ਦੇਖ ਸਮੁੰਦਰ ਕਿੱਡੈ!"

-"ਪ੍ਰਾਹੁਣਿਆਂ, ਕਮਾਲ ਈ ਐ!"

-"ਹੈ ਨਾ ਕਿੱਡਾ ਵੱਡੈ?"

-"ਬਿਲਕੁਲ!"

-"ਮੇਰੀ ਬੇਬੇ ਦਾ ਹਿਰਦਾ, ਐਡਾ ਈ ਵੱਡਾ ਸੀ।" ਜੋਗਿੰਦਰ ਨੇ ਕਿਹਾ। ਉਸ ਦੀ ਜ਼ੁਬਾਨ ਥਿੜਕਣ ਲੱਗ ਪਈ ਸੀ।

ਬਿੱਲੂ ਅਤੇ ਸਰਬਜੀਤ ਤ੍ਰਭਕ ਕੇ ਜਿਹੇ ਇੱਕ ਦੂਜੇ ਵੱਲ ਝਾਕੇ।

-"ਬਿੱਲੂ! ਪੀਪੇ 'ਚ ਕੀ ਐ?"

-"ਖੋਆ ਐ-ਬੇਬੇ ਨੇ ਮਾਰ ਭੇਜਿਐ।"

-"ਹੁਣ ਉਪਰ, ਦਰਗਾਹ 'ਚ ਚੱਲ ਕੇ ਈ ਖਾਵਾਂਗੇ ਬਿੱਲੂ----।"

-"ਕਿੱਥੇ ਚੱਲ ਕੇ ਪ੍ਰਾਹੁਣਿਆਂ?" ਬਿੱਲੂ ਦੀ ਜਿਵੇਂ ਚੀਕ ਨਿੱਕਲੀ ਸੀ।

-"ਉਪਰ ਦਰਗਾਹ 'ਚ! ਬੇਬੇ ਕੋਲੇ!! ਮੈਨੂੰ ਮੇਰੀ ਬੇਬੇ ਬਹੁਤ ਯਾਦ ਆਉਂਦੀ ਐ, ਬਿੱਲੂ ਸਿਆਂ।"

ਉਸ ਨੇ ਬਦਮਗਜਿਆਂ ਵਾਂਗ ਕਹਿਣਾ ਸ਼ੁਰੂ ਕਰ ਦਿੱਤਾ।

-"ਤੇਰੀ ਬੇਬੇ ਨੇ ਤਾਂ ਖੋਆ ਮਾਰ ਕੇ ਭੇਜਤਾ-ਪਰ ਮੇਰੀ ਬੇਬੇ ਤਾਂ ਤੁਸੀਂ ਉੱਤੇ ਭੇਜਤੀ, ਬਿੱਲੂਆ!"

ਬਿੱਲੂ ਡਰ ਗਿਆ।

-"ਬਿੱਲੂ! ਮੈਨੂੰ ਮੇਰੀ ਬੇਬੇ ਬਹੁਤ ਚੇਤੇ ਆਉਂਦੀ ਐ-ਮੈਂ ਦਿਲਪ੍ਰੀਤ ਨੂੰ ਤਾਂਹੀਂ ਘਰੇ ਛੱਡ ਕੇ ਆਇਆ ਸੀ-ਬਈ ਚਲੋ, ਕੁਲ ਦੀ ਜੜ੍ਹ ਤਾਂ ਰਹੂ----!" ਕਰਦੇ ਕਰਦੇ ਜੋਗਿੰਦਰ ਨੇ ਪੂਰੀ ਰੇਸ ਦੇ ਕੇ, ਕਾਰ ਸਮੁੰਦਰ ਨੂੰ ਸਿੱਧੀ ਕਰ ਦਿੱਤੀ। ਬਿੱਲੂ ਅਤੇ ਸਰਬਜੀਤ ਦੀਆਂ ਚੀਕਾਂ ਵੱਜਣ ਲੱਗ ਪਈਆਂ। ਉਹ ਡੌਰ-ਭੌਰੇ ਚੀਕੀ ਜਾ ਰਹੇ ਸਨ! ਅੱਖਾਂ ਅੱਗੇ ਭੂਚਾਲ ਆ ਗਿਆ ਸੀ।

-"ਬਿੱਲੂ! ਮੈਨੂੰ ਬੇਬੇ ਹਾਕਾਂ ਮਾਰਦੀ ਐ-ਤੁਸੀਂ ਮੇਰੀ ਇੱਕ ਬੇਬੇ ਲੈ ਲਈ-ਮੈਂ ਥੋਡੇ ਟੱਬਰ ਦੇ ਦੋ ਜੀਅ ਲੈ

ਕੇ ਚੱਲਿਐਂ, ਬਿੱਲੂ ਸਿਆਂ! ਇਸੇ ਕਰਕੇ ਈ ਤੈਨੂੰ ਐਥੇ ਮੰਗਵਾਇਐ-ਲੈ ਬੋਲ ਹੁਣ ਵਾਹਿਗੁਰੂ ਬਿੱਲੂ ਸਿਆਂ---!! ਬੋਲ ਵਾਹਿਗੁਰੂ!!!" ਤੇ ਕਾਰ 'ਫੁੱਲ-ਸਪੀਡ' 'ਤੇ ਜਹਾਜ ਵਾਂਗ ਉਡਦੀ ਹੋਈ 'ਗੜੁੱਭ' ਕਰ ਕੇ ਸਮੁੰਦਰ ਵਿਚ ਜਾ ਡਿੱਗੀ। ।

ਡੁੱਬਦੀ ਕਾਰ 'ਚੋਂ ਬੁੱਲ੍ਹਬੁਲੀਆਂ ਉਠ ਰਹੀਆਂ ਸਨ। ਸਰਬਜੀਤ ਅਤੇ ਬਿੱਲੂ ਚੰਘਿਆੜਾਂ ਮਾਰੀ ਜਾ ਰਹੇ ਸਨ। ਕਾਰ ਪਲ ਪਲ ਸਮੁੰਦਰ ਦੀ ਗੋਦ ਵਿਚ ਸਮਾਉਂਦੀ ਜਾ ਰਹੀ ਸੀ। ਬਿੱਲੂ ਅਤੇ ਸਰਬਜੀਤ ਸ਼ੀਸ਼ਿਆਂ 'ਤੇ ਜ਼ੋਰ ਜ਼ੋਰ ਦੀ ਹੱਥ ਮਾਰ ਰਹੇ ਸਨ। ਪਾਣੀ ਸਿਰ ਚੜ੍ਹਦਾ ਆ ਰਿਹਾ ਸੀ।

-"ਬੇਬੇ ਕੋਲੇ ਚੱਲੇ ਆਂ-ਕਾਹਨੂੰ ਘਬਰਾਉਨੇਂ ਐਂ? ਵਾਹਿਗੁਰੂ ਬੋਲੋ! ਆਪਾਂ ਨੂੰ ਬੇਬੇ 'ਡੀਕਦੀ ਐ!!" ਜੋਗਿੰਦਰ ਉੱਚੀ-ਉੱਚੀ ਬੋਲੀ ਜਾ ਰਿਹਾ ਸੀ।

ਕਾਰ ਵਿਚ ਪਾਣੀ ਭਰ ਗਿਆ ਅਤੇ ਕਾਰ ਸਮੁੰਦਰ ਵਿਚ ਹੀ ਛੁਪ ਗਈ।

ਕਿਸੇ ਨੇ ਡਿੱਗਦੀ ਕਾਰ ਦੇਖ ਕੇ ਹੀ ਪੁਲੀਸ ਨੂੰ ਫ਼ੋਨ ਕਰ ਦਿੱਤਾ ਸੀ।

ਹੈਲੀਕਾਪਟਰ 'ਤੇ ਤੁਰੰਤ ਪੁਲੀਸ ਪੁੱਜ ਗਈ। ਫ਼ਾਇਰ-ਬਰਗੇਡ ਬਿਨਾ ਉਹ ਕੁਝ ਕਰ ਨਹੀਂ ਸਕਦੇ ਸਨ। ਫ਼ਾਇਰ-ਬਰਗੇਡ ਤੋਂ ਬਿਨਾ ਗੱਡੀ ਬਾਹਰ ਨਹੀਂ ਨਿਕਲ ਸਕਦੀ ਸੀ। ਜਦੋਂ ਨੂੰ ਐਂਮਰਜੈਂਸੀ ਡਾਕਟਰ, ਐਂਬੂਲੈਂਸ ਅਤੇ ਫ਼ਾਇਰ-ਬਰਗੇਡ ਦੀਆਂ ਗੱਡੀਆਂ ਪਹੁੰਚੀਆਂ, ਉਦੋਂ ਤੱਕ ਕਾਰ ਸਮੁੰਦਰ ਦੇ ਹੇਠ ਪੁੱਜ ਚੁੱਕੀ ਸੀ। ਲਹਿਰਾਂ ਸੱਪ ਵਾਂਗ ਉਪਰ ਦੀ ਪ੍ਰਕਰਮਾਂ ਕਰ ਰਹੀਆਂ ਸਨ।

ਫ਼ਾਇਰ-ਬਰਗੇਡ ਨੇ ਬੇਵਸੀ ਜ਼ਾਹਿਰ ਕੀਤੀ ਤਾਂ ਪੁਲੀਸ ਨੇ ਗੋਤਾਖੋਰ ਮੰਗਵਾ ਲਏ। ਜਦੋਂ ਨੂੰ ਗੋਤਾਖੋਰਾਂ ਨੇ ਕਾਰ ਨੂੰ ਟੋਚਨ ਪਾ ਕੇ, ਹੈਲੀਕਾਪਟਰ ਰਾਹੀਂ ਬਾਹਰ ਕੱਢਿਆ, ਉਦੋਂ ਤੱਕ ਜੋਗਿੰਦਰ ਹੋਰੀਂ ਮਰ ਚੁੱਕੇ ਸਨ। ਪੁਲੀਸ ਨੇ ਤਿੰਨੇ ਲਾਸ਼ਾਂ ਸਮੁੰਦਰ ਕਿਨਾਰੇ ਲਿਆ ਲਿਟਾਈਆਂ। ਐਂਮਰਜੈਂਸੀ ਡਾਕਟਰਾਂ ਨੇ ਸਾਰਿਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਫ਼ੇਫ਼ੜਿਆਂ ਵਿਚ ਪਾਣੀ ਭਰਿਆ ਪਿਆ ਸੀ। ਲਾਸ਼ਾਂ ਪੋਸਟ-ਮਾਰਟਮ ਲਈ ਹਸਪਤਾਲ ਭੇਜ ਦਿੱਤੀਆਂ ਗਈਆਂ।

ਪੁਲੀਸ ਨੇ ਕਾਰ ਵਿਚੋਂ ਅੱਧਭਿੱਜੇ ਕਾਗਜ਼ ਸ਼ਨਾਖਤ ਲਈ ਕੱਢ ਲਏ।

ਕਾਰ ਦੀ ਨੰਬਰ ਪਲੇਟ ਤੋਂ ਨੰਬਰ ਪੜ੍ਹ ਕੇ ਇੰਨਕੁਆਰੀ-ਆਫ਼ਿਸ ਤੋਂ ਪਤਾ ਕੀਤਾ। ਕਾਰ, ਜੋਗਿੰਦਰ ਸਿੰਘ ਦੇ ਨਾਂ 'ਤੇ ਰਜਿਸਟਰ ਸੀ। ਪੂਰਾ ਐਡਰੈਸ ਅਤੇ ਟੈਲੀਫ਼ੋਨ ਨੰਬਰ ਲੈ ਕੇ ਪੁਲੀਸ ਅਫ਼ਸਰ ਨੇ ਜੋਗਿੰਦਰ ਦੇ ਘਰੇ ਫ਼ੋਨ ਕੀਤਾ ਤਾਂ ਪ੍ਰੀਤ ਨੇ ਫ਼ੋਨ ਚੁੱਕ ਲਿਆ।

-"ਤੁਸੀਂ ਜੋਗਿੰਦਰ ਸਿੰਘ ਨੂੰ ਜਾਣਦੇ ਹੋ?" ਪੁਲੀਸ ਨੇ ਪ੍ਰੀਤ ਨੂੰ ਪੁੱਛਿਆ।

-"ਹਾਂ ਸਰ!" ਇਤਨੀ ਕੁ ਭਾਸ਼ਾ ਪ੍ਰੀਤ ਨੂੰ ਆਉਣ ਲੱਗ ਹੀ ਪਈ ਸੀ।

-"ਤੁਹਾਡਾ ਉਸ ਨਾਲ ਕੀ ਰਿਸ਼ਤਾ ਸੀ?"

-"ਮੇਰੇ ਅੰਕਲ ਹਨ ਸਰ!" ਪ੍ਰੀਤ ਫ਼ੋਨ 'ਤੇ ਖੜ੍ਹਾ ਕੰਬੀ ਜਾ ਰਿਹਾ ਸੀ।

-"ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹੈ ਮਿਸਟਰ ਕਿ ਜੋਗਿੰਦਰ ਸਿੰਘ ਅਤੇ ਦੋ ਨਾਲ ਦੇ ਸਾਥੀ ਸਮੁੰਦਰ ਵਿਚ ਡੁੱਬ ਕੇ ਮਰ ਚੁੱਕੇ ਹਨ!"

-"-----!" ਪ੍ਰੀਤ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਉਸ ਦੇ ਦਿਮਾਗ ਵਿਚ ਘੜ੍ਹਿਆਲ ਖੜਕੀ ਜਾ ਰਹੇ ਸਨ।

-"ਕੀ ਤੁਸੀਂ ਸ਼ਨਾਖਤ ਲਈ ਆ ਸਕਦੇ ਹੋ?"

-"ਕਿੱਥੇ?"

ਅਫ਼ਸਰ ਨੇ ਹਸਪਤਾਲ ਦਾ ਪਤਾ ਦੱਸ ਦਿੱਤਾ, ਆਪਣਾ ਟੈਲੀਫ਼ੋਨ ਨੰਬਰ ਵੀ ਦੇ ਦਿੱਤਾ।

ਪ੍ਰੀਤ ਨੇ ਲਿਖ ਲਿਆ।

ਫ਼ੋਨ ਪ੍ਰੀਤ ਦੇ ਹੱਥ ਵਿਚ ਕੰਬੀ ਜਾ ਰਿਹਾ ਸੀ। ਲੱਤਾਂ ਜਵਾਬ ਦਿੰਦੀਆਂ ਜਾ ਰਹੀਆਂ ਸਨ। ਦਿਮਾਗ ਦਾ ਚਕਰਚੂੰਢਾ ਬਣਿਆ ਪਿਆ ਸੀ।

ਉਸ ਨੇ ਤੁਰੰਤ ਰੰਧਾਵੇ ਨੂੰ ਫ਼ੋਨ ਕੀਤਾ ਅਤੇ ਸਾਰੀ ਗੱਲ ਸੰਖੇਪ ਦੱਸ ਦਿੱਤੀ। ਉਸ ਨੂੰ ਕੁਝ ਸੁੱਝ ਹੀ ਨਹੀਂ ਰਿਹਾ ਸੀ!

ਰੰਧਾਵੇ ਦੇ ਪੈਰਾਂ ਹੇਠੋਂ ਵੀ ਜ਼ਮੀਨ ਤਿਲ੍ਹਕ ਚੱਲੀ ਸੀ। ਉਸ ਨੇ ਸ਼ਿੰਗਾਰੇ ਹੋਰਾਂ ਨੂੰ ਵੀ ਦੁਖਦਾਈ ਖ਼ਬਰ ਪਹੁੰਚਾ ਦਿੱਤੀ। ਜਿਉਂ ਜਿਉਂ ਖ਼ਬਰ ਫ਼ੈਲਦੀ ਜਾ ਰਹੀ ਸੀ, ਤਿਉਂ ਤਿਉਂ ਸਾਰਿਆਂ ਦੇ ਹਰਾਸ ਮਾਰੇ ਜਾ ਰਹੇ ਸਨ। ਜੋਗਿੰਦਰ ਅਤੇ ਇਤਨਾ ਵੱਡਾ ਕਾਰਾ ਕਰਨ ਵਾਲਾ? ਕੋਈ ਮੰਨ ਨਹੀਂ ਰਿਹਾ ਸੀ! ਹਰ ਕੋਈ ਮੁਨੱਕਰ ਸੀ। ਜਿਹੜਾ ਸੁਣਦਾ ਸੀ, ਐਕਸੀਡੈਂਟ ਹੋਣ ਬਾਰੇ ਹੀ ਆਖਦਾ ਸੀ। ਜੋਗਿੰਦਰ ਤੋਂ ਕਿਸੇ ਨੂੰ ਐਡੇ ਵੱਡੇ ਕਾਂਡ ਦੀ ਆਸ ਨਹੀਂ ਸੀ। ਜੋਗਿੰਦਰ ਤਾਂ ਹੱਸਣ ਖੇਡਣ ਅਤੇ ਖਾਣ ਪੀਣ ਵਾਲਾ ਖੁਸ਼ਦਿਲ ਬੰਦਾ ਸੀ। ਕਦੇ ਕਿਸੇ ਨੂੰ ਮੰਦੀ ਨਹੀਂ, ਕਦੇ ਕਿਸੇ ਨੂੰ ਚੰਗੀ ਨਹੀਂ! ਕੋਈ ਕਿਸੇ ਮਾੜੀ ਗੱਲ 'ਤੇ ਉਂਗਲ ਧਰ ਕੇ ਕੁਝ ਨਹੀਂ ਕਹਿ ਸਕਦਾ ਸੀ। ਜੋਗਿੰਦਰ ਤਾਂ ਜੀਓ ਅਤੇ ਜਿਉਣ ਦਿਓ, ਦਾ ਧਾਰਨੀ ਸੀ। ਹਰ ਕਿਸੇ ਨਾਲ ਖਿੜੇ ਮੱਥੇ ਗੱਲ ਕਰਨ ਵਾਲਾ ਸਾਊ ਇਨਸਾਨ!

ਪ੍ਰੀਤ ਸਿਰ ਫੜ ਲੈ ਬੈਠ ਗਿਆ। ਉਸ ਨੂੰ ਖੁੜਕ ਤਾਂ ਪਹਿਲਾਂ ਹੀ ਗਈ ਸੀ ਕਿ ਗੱਲ ਕੋਈ ਜ਼ਰੂਰ ਸੀ। ਪਰ ਜੋਗਿੰਦਰ ਇਤਨਾ ਵੱਡਾ ਕਦਮ ਚੁੱਕੇਗਾ? ਉਸ ਨੇ ਕਦੇ ਜ਼ਿੰਦਗੀ ਵਿਚ ਵੀ ਨਹੀਂ ਸੋਚਿਆ ਸੀ! ਕੀ ਨਾਨੀ, ਮਾਮੇ ਨੂੰ ਕੋਈ ਗੱਲ ਦੱਸ ਗਈ ਸੀ? ਜਾਂ ਫਿਰ ਮਾਮੇ ਨੂੰ ਉਂਜ ਹੀ ਕੋਈ ਸ਼ੱਕ ਸੀ? ਨਾਨੀ ਅਜਿਹੀ ਗੱਲ ਕਦੇ ਨਹੀਂ ਦੱਸ ਸਕਦੀ! ਉਹ ਬੜੀ ਹਾਜ਼ਮੇ ਵਾਲੀ ਬੁੜ੍ਹੀ ਸੀ। ਮਾਮੇ ਦੇ ਵੈਸੇ ਹੀ ਕੋਈ ਗੱਲ ਦਿਮਾਗ ਵਿਚ ਆਈ ਹੋਵੇਗੀ! ਬਿੱਲੂ ਨੂੰ ਉਸ ਨੇ ਸਿਰਫ਼ ਮਾਰਨ ਲਈ ਹੀ ਬੁਲਾਇਆ ਸੀ? ਜਦੋਂ ਬੰਦੇ ਦੇ ਦਿਲ ਵਿਚ ਇੰਤਕਾਮ ਭਖ਼ ਪਵੇ ਤਾਂ ਉਸ ਦਾ ਰੱਬ ਹੀ ਰਾਖਾ ਹੁੰਦਾ ਹੈ!

ਦਿਲਪ੍ਰੀਤ ਨੇ ਰੋਣਾ ਸ਼ੁਰੂ ਕਰ ਦਿੱਤਾ ਤਾਂ ਪ੍ਰੀਤ ਵੀ ਬੱਚਿਆਂ ਵਾਂਗ ਨਾਲ ਹੀ ਰੋਣ ਲੱਗ ਪਿਆ। ਉਸ ਦੇ ਹੰਝੂ ਨਹੀਂ ਰੁਕਦੇ ਸਨ। ਦੁਖ-ਸੁਖ ਦਾ ਸਾਂਝੀ ਮਾਮਾ, ਉਸ ਨੂੰ ਇਕੱਲਾ ਛੱਡ ਕੇ ਤੁਰ ਗਿਆ ਸੀ।

ਉਸ ਨੇ ਚੁੱਕ ਕੇ ਦਿਲਪ੍ਰੀਤ ਨੂੰ ਵਿਰਾਇਆ। ਪਰ ਉਸ ਦਾ ਆਪਣਾ ਰੋਣਾਂ ਬੰਦ ਨਹੀਂ ਹੋ ਰਿਹਾ ਸੀ। ਉਸ ਦਾ ਦਿਲ ਵਾਰ ਵਾਰ ਉਛਲਦਾ ਸੀ। ਜਿਗਰੀ ਮਾਮਾ ਵਿਛੋੜਾ ਦੇ ਗਿਆ ਸੀ। ਹੁਣ ਉਸ ਦਾ ਇੱਥੇ ਕੋਈ ਨਹੀਂ ਸੀ। ਜਿਵੇਂ ਪ੍ਰੀਤ ਅੱਜ ਅਨਾਥ ਹੋ ਗਿਆ ਸੀ। ਨਿਆਸਰਾ ਹੋ ਗਿਆ ਸੀ। ਕਿਨਾਰੇ ਖੜ੍ਹੀ ਕਿਸ਼ਤੀ ਵਾਂਗ ਡੋਲਣ ਲੱਗ ਪਿਆ ਸੀ। ਉਸ ਨੂੰ ਥੰਮ੍ਹਣ ਵਾਲਾ ਕੋਈ ਨਹੀਂ ਸੀ।

ਜਦੋਂ ਦਿਲਪ੍ਰੀਤ ਚੁੱਪ ਕਰ ਗਿਆ ਤਾਂ ਪ੍ਰੀਤ ਨੇ ਉਸ ਨੂੰ ਦੁੱਧ ਪਿਆ ਦਿੱਤਾ ਅਤੇ ਬਾਬਾ ਨੱਥਾ ਸਿੰਘ ਨੂੰ ਫ਼ੋਨ ਮਿਲਾ ਲਿਆ।

ਫ਼ਾੜੀਆਂ ਹੋਏ ਦਿਲ ਦੀ ਦਾਸਤਾਨ ਪ੍ਰੀਤ ਨੇ ਬਾਬਾ ਜੀ ਦੇ ਅੱਗੇ ਰੱਖ ਦਿੱਤੀ।

ਬਾਬਾ ਜੀ ਨੇ ਕਾਫ਼ੀ ਦੇਰ ਚੁੱਪ ਧਾਰੀ ਰੱਖੀ। ਕੁਝ ਨਾ ਬੋਲੇ।

-''ਬਾਬਾ ਜੀ ਐਡਾ ਵੱਡਾ ਇਮਤਿਹਾਨ? ਮੈਂ ਨਿਤਾਣਾ ਪਾਸ ਕਿਵੇਂ ਹੋਊਂ?'' ਪ੍ਰੀਤ ਨੇ ਹੀ ਫ਼ੌਲਾਦੀ ਚੁੱਪ ਨੂੰ ਤੋੜਿਆ।

-''ਸੰਯੋਗ ਵਿਯੋਗ ਦੁਇ ਕਾਰੁ ਚਲਾਵੈ ਲੇਖੇ ਆਵੈ ਭਾਗੁ-ਕਿਹਾ ਸੀ ਨਾ ਪ੍ਰੀਤ ਤੈਨੂੰ? ਇਹ ਸਾਰਾ ਜਗਤ ਤਮਾਸ਼ਾ ਉਸ ਅਪਾਰ ਸ਼ਕਤੀ ਦਾ ਹੀ ਰਚਿਆ ਹੋਇਐ, ਸ਼ੇਰਾ-ਡੀਗਨ ਡੋਲਾ ਤਊ ਲਉ ਜਿਉ ਮਨਿ ਕੇ ਭਰਮਾ।। ਭ੍ਰਮ ਕਾਟੈ ਗੁਰੁ ਆਪਨੇ ਪਾਇ ਬਿਸਰਾਮਾ।। ਜਿੰਨਾ ਚਿਰ ਬੰਦੇ ਦੇ ਮਨ ਵਿਚ ਭਰਮ ਭੁਲੇਖੇ ਰਹਿੰਦੇ ਹਨ-ਉਹ ਡਿੱਗਦਾ ਤੇ ਡੋਲਦਾ ਰਹਿੰਦੈ ਤੇ ਜਦੋਂ ਉਹ ਗੁਰੂ ਭਰਮ ਕੱਟ ਦਿੰਦੈ ਤਾਂ ਫਿਰ ਬੰਦੇ ਨੂੰ ਵਿਸ਼ਰਾਮ ਮਿਲਦੈ-ਹੁਣ ਇਹ ਅਮਾਨਤ ਅਕਾਲ ਪੁਰਖ ਨੇ ਤੈਨੂੰ ਬਖਸ਼ੀ ਐ ਪੁੱਤਰਾ! ਇਹਨੂੰ ਆਪਣੀ ਅਮਾਨਤ ਸਮਝ ਕੇ ਪਾਲ-ਰੱਬ ਭਲੀ ਕਰੂ-ਜੋ ਉਸ ਨੂੰ ਮਨਜ਼ੂਰ ਐ-ਉਹ ਹੀ ਹੋਈ ਜਾ ਰਿਹੈ-ਕਰੈ ਕਰਾਵੈ ਆਪੇ ਆਪ ਮਾਨੁਖ ਕੇ ਕਿਛੁ ਨਾਹਿ ਹਾਥਿ-ਜੋ ਕਰਦਾ ਕਰਵਾਉਂਦੈ, ਉਹ ਹੀ ਕਰਵਾਉਂਦੈ-ਆਪਣੇ ਹੱਥ ਵੱਸ ਕੁਛ ਨਹੀਂ ਗੁਰੂ ਦੇ ਸਿੰਘਾ-!''

ਰੰਧਾਵਾ ਆ ਪਹੁੰਚਿਆ।

ਪ੍ਰੀਤ ਨੇ ਬਾਬਾ ਜੀ ਤੋਂ ਮੁਆਫ਼ੀ ਮੰਗ ਕੇ ਫ਼ੋਨ ਬੰਦ ਕਰ ਦਿੱਤਾ।

-''ਮੈਂ ਸ਼ਿੰਗਾਰੇ ਹੋਣਾਂ ਨੂੰ ਵੀ ਦੱਸ ਦਿੱਤੈ-ਸਾਰੇ ਆਉਂਦੇ ਹੀ ਹੋਣਗੇ।''

ਪ੍ਰੀਤ ਰੋਈ ਜਾ ਰਿਹਾ ਸੀ। ਉੱਚੀ-ਉੱਚੀ। ਬੱਚਿਆਂ ਵਾਂਗ!

-''ਦਿਲ ਧਰ ਪ੍ਰੀਤ!''

ਰੋਂਦੇ ਪ੍ਰੀਤ ਨੇ ਅਫ਼ਸਰ ਵੱਲੋਂ ਲਿਖਾਇਆ ਟੈਲੀਫ਼ੋਨ ਨੰਬਰ ਰੰਧਾਵੇ ਦੇ ਹੱਥ ਫੜਾ ਦਿੱਤਾ।

ਰੰਧਾਵੇ ਨੇ ਫ਼ੋਨ ਨੰਬਰ ਦੇਖਿਆ ਤਾਂ ਕਿਤੋਂ ਦੂਰ ਦਾ ਸੀ।

ਉਸ ਨੇ ਫ਼ੋਨ ਕਰਕੇ ਅਫ਼ਸਰ ਨਾਲ ਰਾਬਤਾ ਕਾਇਮ ਕੀਤਾ।

ਅਫ਼ਸਰ ਨੇ ਸਾਰਾ ਰਾਹ ਸਮਝਾ ਦਿੱਤਾ। ਸ਼ਿੰਗਾਰੇ ਹੋਰੀਂ ਵੀ ਆ ਗਏ। ਸਾਰੇ ਠੱਗੇ ਠੱਗੇ ਜਿਹੇ ਝਾਕ ਰਹੇ ਸਨ।

ਜਿਗਰੀ ਯਾਰ ਛੱਡ ਕੇ ਤੁਰ ਗਿਆ ਸੀ।

ਇਸ ਦਾ ਸਾਰਿਆਂ ਨੂੰ ਅਥਾਹ ਦੁੱਖ ਸੀ।

ਉਹਨਾਂ ਨੇ ਅਫ਼ਸਰ ਦੇ ਸਮਝਾਏ ਰਸਤੇ ਮੁਤਾਬਿਕ ਉੱਧਰ ਨੂੰ ਚਾਲੇ ਪਾ ਦਿੱਤੇ।

ਹਸਪਤਾਲ ਪੁਲੀਸ ਦੀ ਮੌਜੂਦਗੀ ਵਿਚ ਉਹਨਾਂ ਨੇ ਸਾਰੀਆਂ ਲਾਸ਼ਾਂ ਦੀ ਸ਼ਨਾਖ਼ਤ ਕਰ ਦਿੱਤੀ। ਸਸਕਾਰ ਬਾਰੇ ਅਜੇ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਕਿੱਥੇ ਕਰਨਾ ਸੀ। ਲਾਸ਼ਾਂ ਇੰਡੀਆ ਭੇਜੀਆਂ ਜਾਣ ਜਾਂ ਇੱਥੇ ਹੀ ਸਸਕਾਰ ਕਰ ਦਿੱਤਾ ਜਾਵੇ? ਸਾਰੇ ਦੁਬਿਧਾ ਜਿਹੀ ਵਿਚ ਫ਼ਸੇ ਪਏ ਸਨ।

-''ਸਸਕਾਰ ਬਾਰੇ ਜ਼ਰੂਰ ਸੋਚੋ!'' ਸ਼ਿੰਗਾਰੇ ਨੇ ਸਲਾਹ ਦਿੱਤੀ।

-''ਲਾਸ਼ਾਂ ਦੀ ਖੱਜਲਖੁਆਰੀ ਨਾ ਕਰੋ।''

-''ਤੂੰ ਦੱਸ ਪ੍ਰੀਤ ਕੁਛ?'' ਰਣਜੀਤ ਚੱਕ ਤਾਰੇਵਾਲ ਨੇ ਕਿਹਾ।

-''ਢੇਰੀ ਢਾਹ ਕੇ ਕੁਛ ਨਹੀਂ ਬਣਨਾ-ਹੌਸਲੇ ਤੇ ਸਬਰ ਤੋਂ ਕੰਮ ਲੈ!''

-''ਤੁਸੀਂ ਜੋ ਕਰੋਂਗੇ-ਮੈਨੂੰ ਮਨਜ਼ੂਰ ਐ-ਮੈਂ ਕਿਹੜਾ ਥੋਡੇ ਤੋਂ ਭੱਜਿਆ ਹੋਇਐਂ?''

-''ਮੇਰੀ ਮੰਨੋਂ!'' ਰੰਧਾਵੇ ਨੇ ਕਹਿ ਕੇ ਸਾਰਿਆਂ ਦਾ ਧਿਆਨ ਇੱਧਰ ਖਿੱਚਿਆ।

ਸਾਰੇ ਉਸ ਦੇ ਮੂੰਹ ਵੱਲ ਦੇਖਣ ਲੱਗ ਪਏ।

-''ਤਿੰਨ ਲਾਸ਼ਾਂ ਇੰਡੀਆ ਭੇਜਣੀਆਂ ਮੁਸ਼ਕਿਲ ਹੋ ਜਾਣਗੀਆਂ-!''

-''ਖਰਚਾ ਈ ਬੇਹਿਸਾਬਾ ਆਜੂ!''

-''ਖਰਚੇ ਨੂੰ ਤਾਂ ਮਾਰ ਗੋਲੀ-ਜਿਹੜੀ ਏਅਰਪੋਰਟ ਤੋਂ ਲੈ ਕੇ ਪਿੰਡ ਤੱਕ ਖੱਜਲਖੁਆਰੀ ਹੋਊ-ਉਹਦੇ ਬਾਰੇ ਸੋਚੋ।''

-''ਗੱਲ ਨਬੇੜ ਦਿਓ!''

-''ਸਸਕਾਰ ਐਥੇ ਕਰ ਦਿਓ ਤੇ ਤਿੰਨਾਂ ਦੇ ਫੁੱਲ ਦੇ ਕੇ ਪ੍ਰੀਤ ਨੂੰ ਭੇਜ ਦਿਓ।''

-''ਇਹ ਵੀ ਠੀਕ ਐ-ਰਿਸ਼ਤੇਦਾਰਾਂ ਨੂੰ ਫ਼ੋਨ ਕਰਕੇ ਇਤਲਾਹ ਦੇ ਛੱਡੋ!''

-''ਦਿਲਪ੍ਰੀਤ ਦਾ ਕੀ ਬਣੂੰਗਾ ਯਾਰ-ਮੇਰਾ ਤਾਂ ਇਹਨੂੰ ਦੇਖ ਕੇ ਕਾਲਜਾ ਫਿੱਸੀ ਜਾਂਦੈ।''

-''ਇਹ ਤੁਸੀਂ ਫ਼ਿਕਰ ਮੇਰੇ 'ਤੇ ਛੱਡੋ-ਇਹਨੂੰ ਮੈਂ ਪਾਲੂੰਗਾ-ਇਹ ਅੱਜ ਤੋਂ ਮੇਰਾ ਪੁੱਤ ਐ-ਜਿੰਨਾ ਚਿਰ ਇਹਨੂੰ ਸੁਰਤ ਨਹੀਂ ਆਉਂਦੀ-ਉਨਾਂ ਚਿਰ ਪਿੰਡ ਮੇਰੇ ਬੀਜੀ ਪਾਲੀ ਜਾਣਗੇ-ਜਦੋਂ ਸੁਰਤ ਸਿਰ ਹੋ ਗਿਆ-ਐਥੇ ਲੈ ਆਊਂ।'' ਪ੍ਰੀਤ ਨੇ 'ਬਾਪੂ' ਵਾਂਗ ਉਸ ਦੇ ਸਿਰ 'ਤੇ ਹੱਥ ਰੱਖ ਦਿੱਤਾ।

-''ਸ਼ਾਬਾਸ਼ੇ ਪ੍ਰੀਤ ਤੇਰੇ-ਤੂੰ ਸਤਜੁਗੀ ਬੰਦੈਂ!'' ਰਣਜੀਤ ਚੱਕ ਤਾਰੇਵਾਲ ਨੇ ਉਸ ਨੂੰ ਬੁੱਕਲ ਵਿਚ ਲੈ ਲਿਆ।

ਸਾਰੇ ਮੁੜ ਆਏ।

ਤਿੰਨਾਂ ਦਾ ਸਸਕਾਰ ਕਰ ਦਿੱਤਾ ਅਤੇ 'ਫੁੱਲ' ਦੇ ਕੇ ਪ੍ਰੀਤ ਨੂੰ ਇੰਡੀਆ ਤੋਰ ਦਿੱਤਾ ਗਿਆ।

ਏਅਰਪੋਰਟ 'ਤੇ ਪ੍ਰੀਤ, ਦਿਲਪ੍ਰੀਤ ਅਤੇ ਫੁੱਲਾਂ ਨੂੰ ਸਾਂਭੀ, ਭਰਿਆ ਮਨ ਲਈ ਫਿਰਦਾ ਸੀ। ਉਹ ਸੋਚ ਰਿਹਾ ਸੀ ਕਿ ਬਾਬਾ ਨੱਥਾ ਸਿੰਘ ਸੱਚ ਹੀ ਆਖਦੇ ਸਨ। ਇੱਥੇ ਲੈਣੇ ਦੇਣੇ ਦੇ ਸਰਬੰਧ ਐ ਭਾਈ! ਕਿਸੇ ਨੇ ਇਸ ਜੱਗ 'ਤੇ ਕਿਸੇ ਕੋਲੋਂ ਲੈਣੈ ਅਤੇ ਕਿਸੇ ਨੇ ਕਿਸੇ ਦਾ ਦੇਣੈ! ਇਹ ਗੁਰੂ ਦਾ ਕੁਦਰਤੀ ਗੇੜ ਹੈ।

ਅਚਾਨਕ ਦਿਲਪ੍ਰੀਤ ਉੱਚੀ-ਉੱਚੀ ਹੱਸ ਪਿਆ। ਚਾਂਭੜ੍ਹਾਂ ਮਾਰਦਾ ਹੋਇਆ।

ਪ੍ਰੀਤ ਨੂੰ ਉਸ ਦਾ ਅਥਾਹ ਮੋਹ ਆਇਆ।

-''ਤੂੰ ਮੈਥੋਂ ਕੁਛ ਲੈਣੈਂ ਕਿ ਮੇਰਾ ਕੁਛ ਦੇਣੈਂ ਓਏ?'' ਲਾਡ ਜਿਹੇ ਨਾਲ ਦਿਲਪ੍ਰੀਤ ਨੂੰ ਉਸ ਨੇ ਬੁੱਕਲ ਵਿਚ ਘੁੱਟ ਲਿਆ। ਜਿਵੇਂ ਉਸ ਤਪਦੀ ਦੀ ਛਾਤੀ ਠਰ ਗਈ ਸੀ।

## ਕਾਂਡ 15

ਗਿੰਦਰ ਹੋਰਾਂ ਦੇ ਕੇਸ ਦੀ ਤਾਰੀਖ਼ ਆ ਗਈ।

ਗਿੰਦਰ, ਬਚਨੋਂ, ਰੁਪਿੰਦਰ, ਮੁਕੰਦ ਕੌਰ ਅਤੇ ਬਲਬੀਰ ਨੂੰ ਹੱਥਕੜੀਆਂ ਲਾ ਕੇ ਪੁਲੀਸ ਨੇ ਜੱਜ ਸਾਹਮਣੇ ਪੇਸ਼ ਕਰ ਦਿੱਤਾ।

ਸਾਰੇ ਹੀ ਡਰੇ ਜਿਹੇ ਫਿਰਦੇ ਸਨ। ਬਚਨੋਂ ਅਤੇ ਮੁਕੰਦ ਕੌਰ ਨੂੰ ਲੇਡੀ ਪੁਲੀਸ, ਭੂਸਰੀ ਗਾਂ ਵਾਂਗ ਧੂਹੀ ਫਿਰਦੀ ਸੀ।

ਕੇਸ ਸ਼ੁਰੂ ਹੋਇਆ।

ਸਰਕਾਰੀ ਵਕੀਲ ਨੇ ਸਾਰਾ ਕੇਸ ਵਿਸਥਾਰ ਸਹਿਤ ਪੜ੍ਹ ਕੇ ਸੁਣਾਇਆ।

ਅਦਾਲਤ ਵਿਚ ਸਨਸਨੀ ਫ਼ੈਲ ਗਈ। ਬੋਲ ਕਬੋਲ ਫਿਰ ਹੋਣ ਲੱਗ ਪਏ।

ਜੱਜ ਨੇ ਸ਼ਾਂਤੀ ਰੱਖਣ ਦੀ ਹਦਾਇਤ ਕੀਤੀ।

ਸਾਰਾ ਕੇਸ 'ਪ੍ਰੈੱਸ' ਵੱਲੋਂ ਨਾਲ ਦੀ ਨਾਲ 'ਕਵਰ' ਕੀਤਾ ਜਾ ਰਿਹਾ ਸੀ।

ਪੁਸ਼ਪਿੰਦਰ ਸਮੇਤ ਹਮਾਇਤੀ ਸੰਸਥਾਵਾਂ ਦੇ ਵਕੀਲ ਹਾਜ਼ਰ ਸਨ। ਛੋਟੀ ਬੱਚੀ ਨੂੰ 'ਬੇਬੀ-ਸਿਟਰ' ਨੇ ਚੁੱਕਿਆ ਹੋਇਆ ਸੀ।

ਉਸ ਦੇ ਭਰਾ-ਭਰਜਾਈ ਚੁੱਪ ਚਾਪ ਅਦਾਲਤ ਦੇ ਬੈਂਚਾਂ ਉਪਰ ਬੈਠੇ ਸਨ।

ਦਸੌਂਟੇ ਤੋਂ ਮੁਕਤੀ ਪਾ ਕੇ, ਹੁਣ ਪੁਸ਼ਪਿੰਦਰ ਮਾਨਸਿਕ ਤੌਰ 'ਤੇ ਕੁਝ ਠੀਕ ਲੱਗ ਰਹੀ ਸੀ। ਫੁੱਫੜ ਜੀਤ ਸਿੰਘ ਅਦਾਲਤ ਵਿਚ ਹੀ ਬਚਨੋਂ ਅਤੇ ਉਸ ਦੇ ਪੇਕੇ ਪ੍ਰੀਵਾਰ ਨੂੰ ਗਾਲ੍ਹਾਂ ਕੱਢੀ ਗਿਆ ਸੀ।

ਬੜੀ ਲੰਬੀ ਬਹਿਸ ਛਿੜੀ।

ਵਕੀਲ ਆਪਸ ਵਿਚ ਝਗੜੇ।

ਸਾਨ੍ਹਾਂ ਦਾ ਭੇੜ੍ਹ ਹੋਇਆ।

ਖ਼ੁਰਗੋ ਪੱਟੀ ਗਈ।

ਜੱਜ ਪੁਸ਼ਪਿੰਦਰ ਨਾਲ ਹਮਦਰਦੀ ਰੱਖਦਾ ਸੀ।

ਉਸ ਨੇ ਸਰਕਾਰੀ ਵਕੀਲਾਂ ਅਤੇ ਅਦਾਰੇ ਨਾਲ ਕੋਈ ਸਲਾਹ ਮਸ਼ਬਰਾ ਕਰ ਕੇ ਫ਼ੈਸਲਾ ਸੁਣਾਇਆ।

ਗਿੰਦਰ, ਬਲਬੀਰ ਅਤੇ ਰੁਪਿੰਦਰ ਨੂੰ ਛੇ-ਛੇ ਮਹੀਨੇ ਅਤੇ ਮੁਕੰਦ ਕੌਰ ਅਤੇ ਬਚਨੋਂ ਨੂੰ ਤਿੰਨ-ਤਿੰਨ ਮਹੀਨੇ ਦੀ ਬਾ-ਮੁਸ਼ੱਕਤ ਕੈਦ! ਛੋਟੀ ਬੱਚੀ ਅਤੇ ਪੁਸ਼ਪਿੰਦਰ ਨੂੰ ਦਸ ਹਜ਼ਾਰ ਯੂਰੋ ਮੁਆਵਜ਼ਾ! ਮੁਆਵਜ਼ਾ ਨਾ ਦੇ ਸਕਣ ਦੀ ਸੂਰਤ ਵਿਚ ਛੇ-ਛੇ ਮਹੀਨੇ ਕੈਦ ਹੋਰ! ਤਲਾਕ ਅਤੇ ਸਜ਼ਾ ਕੱਟਣ ਤੋਂ ਬਾਅਦ ਬਲਬੀਰ, ਰੁਪਿੰਦਰ, ਮੁਕੰਦ ਕੌਰ ਅਤੇ ਗਿੰਦਰ ਨੂੰ ਇੰਡੀਆ ਵਾਪਿਸੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਅਤੇ ਬਚਨੋਂ ਨੂੰ ਤਿੰਨ ਸਾਲ ਲਈ ਨੇਕ ਚਾਲ-ਚੱਲਣੀਂ ਉਪਰ ਬੰਨ੍ਹ ਲਿਆ ਗਿਆ।

ਫ਼ੈਸਲੇ ਨੇ ਸਾਰੇ ਦੋਸ਼ੀਆਂ ਦੇ ਚਿਹਰੇ ਫ਼ੱਕ ਕਰ ਦਿੱਤੇ। ਉਹਨਾਂ ਦੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ।

ਫ਼ੈਸਲਾ ਹੋਣ ਤੋਂ ਬਾਅਦ ਫੁੱਫੜ ਜੀਤ ਸਿੰਘ ਹੱਥ ਜੋੜ ਕੇ, ਜੱਜ ਮੂਹਰੇ ਖੜ੍ਹ ਗਿਆ।

-"ਤੁਸੀਂ ਕੀ ਚਾਹੁੰਦੇ ਹੋ?" ਜੱਜ ਨੇ ਦੋਭਾਸ਼ੀਏ ਰਾਹੀਂ ਪੁੱਛਿਆ।

-"ਜੱਜ ਸਾਹਬ! ਮੇਰੀ ਵੀ ਆਹ ਚੁੜੇਲ ਤੀਂਮੀਂ ਤੋਂ ਖ਼ਲਾਸੀ ਕਰਵਾਓ-ਮੈਂ ਵੀ ਬਹੁਤ ਔਖੈਂ!" ਜੀਤ ਸਿੰਘ ਨੇ ਬਚਨੋਂ ਵੱਲ ਉਂਗਲ ਕਰ ਕੇ ਕਿਹਾ।

-"ਤਲਾਕ ਵਾਲੀ ਅਦਾਲਤ ਵਿਚ ਤਲਾਕ ਦੀ ਦਰਖ਼ਾਸਤ ਦੇ ਦਿਓ-ਤਾਰੀਖ ਪੈਣ 'ਤੇ ਵਿਚਾਰ ਕਰਾਂਗੇ।" ਤੇ ਜੱਜ ਚਲਾ ਗਿਆ।

ਸਾਰਿਆਂ ਸਮੇਤ ਜੀਤ ਸਿੰਘ ਵੀ ਅਦਾਲਤ 'ਚੋਂ ਬਾਹਰ ਆ ਗਿਆ।

-"ਗਿੰਦਰ ਸਿਆਂ! ਥੋਡੇ ਪ੍ਰਵਾਰ ਦੇ ਐਥੋਂ ਦਾ ਪਾਣੀ ਫਿੱਟ ਨ੍ਹੀ ਆਇਆ-ਜਾਹ ਲੈ ਜਾਹ ਹੁਣ ਇਹਨਾਂ ਨੂੰ ਇੰਡੀਆ, ਤੇ ਜਾ ਕੇ ਕੱਸੀ ਦਾ ਪਾਣੀ ਲਾਓ ਮੇਰੇ ਬੀਰ-ਖਾਧੀ ਪੀਤੀ ਜਿੰਨਾਂ ਕੰਮ ਤੁਸੀਂ ਕਰਤੈ-ਦੇਖ ਲਿਆ ਮੇਲਾ ਤੁਰ ਫਿਰ ਕੇ ਤੁਸੀਂ।"

ਜੀਤ ਸਿੰਘ ਬੋਲਿਆ।

ਬਚਨੋਂ ਸੜੀ-ਬਲੀ ਖੜ੍ਹੀ ਸੀ। ਪਰ ਚੁੱਪ ਸੀ। ਹੁਣ ਉਸ ਦੀ ਕੋਈ ਪੇਸ਼ ਨਹੀ ਜਾ ਰਹੀ ਸੀ। ਸਾਰਾ ਤਾਣਾ ਪੇਟਾ ਖਿੱਲਰ ਗਿਆ ਸੀ। ਮੋਰ ਉੱਡ ਗਏ ਸਨ। ਤਿੱਤਰ ਉਡਾਰੀਆਂ ਮਾਰ ਚੁੱਕੇ ਸਨ।

-"ਜਾਹ ਤੂੰ ਵੀ ਛਕ ਤਿੰਨ ਮਹੀਨੇ ਸਰਕਾਰੀ ਲੰਗਰ ਬਚਨ ਕੌਰੇ-ਤੇਰਾ ਵੀ ਧਰਤੀ 'ਤੇ ਪੱਬ ਨ੍ਹੀ ਸੀ ਲੱਗਦਾ-ਨਾ ਆਪ ਜਿਉਂਦੀ ਸੀ, ਤੇ ਨਾ ਲੋਕਾਂ ਨੂੰ ਜਿਉਣ ਦਿੰਦੀ ਸੀ-ਅਜੇ ਤਾਂ ਸ਼ੁਕਰ ਐ ਬਈ ਆਪਾਂ ਨੂੰ ਰੱਬ ਨੇ ਕੋਈ ਜੁਆਕ ਨੀ ਦਿੱਤਾ-ਨਹੀਂ ਤਾਂ ਰਗੜਿਆ ਗਿਆ ਸੀ, ਸਾਧ! ਸਾਰੀ ਉਮਰ ਤੇਰੀਆਂ ਲਾਲ੍ਹਾਂ ਈ ਚੱਟਣੀਆਂ ਪੈਂਦੀਆਂ-ਰੱਬ ਵੀ ਬੰਦਾ ਕੁਬੰਦਾ ਦੇਖ ਕੇ ਨਿਆਮਤ ਬਗਸ਼ਦੈ।"

ਪੁਸ਼ਪਿੰਦਰ ਹੱਸ ਪਈ।

ਗੋਰੇ ਉਸ ਨੂੰ ਦੇਖ ਕੇ ਹੱਸਣ ਲੱਗ ਪਏ।

-"ਲੈ ਭਾਈ ਪਿੰਦਰ, ਜਿੰਨਾਂ ਚਿਰ ਮੇਰੀ ਰੋਟੀ ਦਾ ਪ੍ਰਬੰਧ ਨੀ ਹੁੰਦਾ-ਮੈਂ ਤਾਂ ਰੋਟੀ ਤੈਥੋਂ ਈ ਖਾਇਆ ਕਰੂੰ-ਤੈਨੂੰ ਪਤਾ ਈ ਐ ਕੁੜੀਏ-ਫ਼ਕੀਰ ਦੀ ਕੁੱਲੀ 'ਚ ਕੀ ਹੁੰਦੈ? ਮੈਂ ਤਾਂ ਨੰਗ ਬੰਦੈਂ! ਜਿੰਨਾਂ ਕਮਾਉਂਦਾ ਸੀ-ਆਹ ਤੇਰੀ ਭੂਆ ਜੀ ਸਾਰਾ ਈ ਪਤਾ ਨੀ ਕਿੱਧਰ ਖਪਾ ਦਿੰਦੀ ਸੀ? ਆਹ ਦੇਖਲਾ ਜਿਹੜਾ ਹਾਲ ਇਹਨਾਂ ਸਾਰਿਆਂ ਦਾ ਹੋਇਐ-ਰੱਬ ਦੇ ਘਰੇ ਦੇਰ ਐ-ਹਨ੍ਹੇਰ ਨੀ ਭਾਈ।"

ਪੁਲੀਸ ਗਿੰਦਰ ਹੋਰਾਂ ਨੂੰ ਹੱਥਕੜੀਆਂ ਲਾ ਕੇ ਲੈ ਗਈ।

ਜੀਤ ਸਿੰਘ ਵਾਰ ਵਾਰ ਅਸਮਾਨ ਵੱਲ ਹੱਥ ਜੋੜ ਰਿਹਾ ਸੀ।

-ਸਮਾਪਤ-